

# Moving to Indiana?
Contact Ray Dhaliwal @ 317-993-4987
Helpful in Easy and Accessible Home Loans at best Interest Rates.
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
CENTURY 21 SCHEETZ
RAYD@C21Scheetz.com

Twenty-Fifth Year of Publication
ਨਿਊਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 7; February 15, 2025
20451 N. Plum Grove Rd., Palatine, IL 60074
Ph:847-359-0746, Fax:847-705-9388

# ਜਥੇਦਾਰ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਸਮਾਪਤ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਤੋਂ ਆਰਜ਼ੀ ਤੌਰ 'ਤੇ ਹਟਾਏ ਗਏ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਪੱਕੇ ਤੌਰ 'ਤੇ ਖ਼ਤਮ ਕਰ ਦਿੱਤੀਆਂ ਹਨ। ਉਨ੍ਹਾਂ ਨੂੰ ਇਸ ਸੇਵਾ ਤੋਂ ਫਾਰਗ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਥਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਕਾਰਜਕਾਰੀ ਜਥੇਦਾਰ ਲਗਾ ਦਿੱਤਾ ਗਿਆ ਹੈ। ਇਹ ਫ਼ੈਸਲਾ ਸੋਮਵਾਰ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਜਾਂਚ ਲਈ ਗਠਿਤ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ 'ਤੇ ਚਰਚਾ ਮਗਰੋਂ ਲਿਆ ਗਿਆ ਹੈ। ਮੀਟਿੰਗ 'ਚ ਲਏ ਗਏ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ਾਂ ਦੀ ਜਾਂਚ ਲਈ ਗਠਿਤ ਕੀਤੀ ਗਈ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ 'ਤੇ ਮੀਟਿੰਗ 'ਚ ਚਰਚਾ ਕੀਤੀ ਗਈ। ਜਾਂਚ 'ਚ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ ਸਾਬਤ ਹੋਣ ਅਤੇ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਉਣ ਕਾਰਨ ਅੰਤ੍ਰਿੰਗ ਕਮੇਟੀ ਨੇ ਜਾਂਚ ਕਮੇਟੀ ਦੀ ਰਿਪੋਰਟ 'ਤੇ ਬਹੁਸੰਮਤੀ ਨਾਲ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਪੱਕੇ ਤੌਰ 'ਤੇ ਖ਼ਤਮ ਕਰ ਕੇ ਉਨ੍ਹਾਂ ਨੂੰ ਫਾਰਗ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੇ ਤਿੰਨ ਮੈਂਬਰਾਂ ਨੇ ਇਸ ਸਬੰਧ 'ਚ ਆਪਣਾ ਵਿਰੋਧੀ ਨੋਟ ਦਰਜ ਕਰਵਾਇਆ, ਜਦਕਿ ਬਾਕੀ 12 ਮੈਂਬਰਾਂ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕਰਨ ਬਾਰੇ ਸਹਿਮਤੀ ਪ੍ਰਗਟਾਈ।

ਪ੍ਰਤਾਪ ਸਿੰਘ ਨੇ ਦੱਸਿਆ ਕਿ ਕਮੇਟੀ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਥਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ

## ਗਿਆਨੀ ਜਗਤਾਰ ਸਿੰਘ ਬਣੇ ਕਾਰਜਕਾਰੀ ਜਥੇਦਾਰ



ਜਗਤਾਰ ਸਿੰਘ ਨੂੰ ਆਪਣੇ ਕੰਮ ਦੇ ਨਾਲ-ਨਾਲ ਕਾਰਜਕਾਰੀ ਜਥੇਦਾਰ ਵਜੋਂ ਸੇਵਾਵਾਂ, ਜੋ ਉਹ 19 ਦਸੰਬਰ 2024 ਤੋਂ ਪਹਿਲਾਂ ਹੀ ਨਿਭਾ ਰਹੇ ਹਨ, ਜਾਰੀ ਰੱਖਣ ਲਈ ਕਿਹਾ ਗਿਆ ਹੈ।

ਜ਼ਿਕਰਯੋਗ ਹੈ ਕਿ ਲੰਘੇ ਸਾਲ 16 ਦਸੰਬਰ ਨੂੰ ਮੁਕਸਤਰ ਵਾਸੀ ਗੁਰਪ੍ਰੀਤ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸ਼ਿਕਾਇਤ ਦਿੱਤੀ ਸੀ। ਸ਼ਿਕਾਇਤ 'ਚ ਦੋਸ਼ ਲਗਾਇਆ ਗਿਆ ਸੀ ਕਿ ਉਸ ਦਾ ਵਿਆਹ ਜਥੇਦਾਰ ਦੀ ਸਾਲੀ ਨਾਲ ਹੋਇਆ ਹੈ। ਉਨ੍ਹਾਂ ਨੇ ਵਿਆਹੁਤਾ ਜੀਵਨ 'ਚ ਦਖ਼ਲ ਦੇ ਕੇ ਪਤਨੀ ਨੂੰ ਬਹਿਕਾਇਆ ਹੈ। ਇਸ ਕਾਰਨ ਉਨ੍ਹਾਂ ਦਾ ਤਲਾਕ ਹੋ ਗਿਆ। ਸੁਖਬੀਰ ਬਾਦਲ ਦੇ ਕਰੀਬੀ ਵਿਰਸਾ ਸਿੰਘ ਵਲਟੋਹਾ ਨੇ ਵੀ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਸੀ। ਇਹੀ ਨਹੀਂ ਗਿਆਨੀ ਹਰਪ੍ਰੀਤ ਸਿੰਘ ਦੇ ਭਾਜਪਾ ਨੇਤਾਵਾਂ ਨਾਲ ਸਬੰਧ ਰੱਖਣ ਦੇ ਦੋਸ਼ ਵੀ ਲਗਾਏ ਗਏ ਹਨ।

ਹੋਰ ਫ਼ੈਸਲੇ : ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਬੀਤੇ ਦਿਨੀਂ ਗੁਰਦੁਆਰਾਵਿਖੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕਰਦਿਆਂ ਡਿੱਗ ਕੇ ਅਕਾਲ ਚਲਾਣਾ ਕਰ ਗਏ ਸਤਨਾਮ ਸਿੰਘ ਦੇ ਪਰਿਵਾਰ ਨੂੰ ਦੋ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਵੀ ਫ਼ੈਸਲਾ ਕੀਤਾ ਹੈ। ਇਸ ਤੋਂ ਇਲਾਵਾ ਮੀਟਿੰਗ 'ਚ ਵੱਖ-ਵੱਖ ਗੁਰਦੁਆਰਾ ਸਾਹਿਬਾਨ, ਵਿੱਦਿਅਕ ਅਦਾਰਿਆਂ, ਟਰੱਸਟ ਵਿਭਾਗ ਤੇ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਹੋਰ ਕਾਰਜਾਂ ਦੇ ਮਾਮਲੇ ਵਿਚਾਰੇ ਗਏ ਤੇ ਉਨ੍ਹਾਂ ਦੇ ਹੱਲ ਕੀਤੇ ਗਏ। ਸ੍ਰੀ ਕੰਧ ਸਾਹਿਬ ਬਟਾਲਾਵਿਖੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕਰਦਿਆਂ ਡਿੱਗ ਕੇ ਅਕਾਲ ਚਲਾਣਾ ਕਰ ਗਏ ਸਤਨਾਮ ਸਿੰਘ ਦੇ ਪਰਿਵਾਰ ਨੂੰ ਦੋ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਵੀ ਫ਼ੈਸਲਾ ਕੀਤਾ ਹੈ।

ਇਸ ਤੋਂ ਇਲਾਵਾ ਮੀਟਿੰਗ 'ਚ ਵੱਖ-ਵੱਖ ਗੁਰਦੁਆਰਾ ਸਾਹਿਬਾਨ, ਵਿੱਦਿਅਕ ਅਦਾਰਿਆਂ, ਟਰੱਸਟ ਵਿਭਾਗ ਤੇ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਹੋਰ ਕਾਰਜਾਂ ਦੇ ਮਾਮਲੇ ਵਿਚਾਰੇ ਗਏ ਤੇ ਉਨ੍ਹਾਂ ਦੇ ਹੱਲ ਕੀਤੇ ਗਏ।

**(ਬਾਕੀ ਸਫ਼ਾ 6 'ਤੇ)**

## ਵਿਰੋਧੀ ਧਿਰ ਨੇ ਫ਼ੈਸਲੇ ਨੂੰ ਦੱਸਿਆ ਸਿਆਸੀ ਏਜੰਡਾ

ਵਿਰੋਧੀ ਧਿਰ ਦੇ ਦੋ ਮੈਂਬਰ ਜਸਵੰਤ ਸਿੰਘ ਪੁੜੈਣ ਤੇ ਪਰਮਜੀਤ ਸਿੰਘ ਰਾਏਪੁਰ ਦੇ ਨਾਲ ਅਮਰੀਕ ਸਿੰਘ ਵਿਛੋਆ ਨੇ ਵੀ ਗਿਆਨੀ ਹਰਪ੍ਰੀਤ ਸਿੰਘ ਬਾਰੇ ਲਏ ਗਏ ਫੈਸਲੇ ਦਾ ਵਿਰੋਧ ਦਰਜ ਕਰਵਾਇਆ। ਪੁੜੈਣ ਨੇ ਕਿਹਾ ਕਿ ਮੀਟਿੰਗ ਦੇ ਏਜੰਡੇ 'ਚ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਿਆਸਤ ਤੋਂ ਪ੍ਰੇਰਤ ਏਜੰਡਾ ਮੀਟਿੰਗ 'ਚ ਲਿਆਉਣ ਲਈ ਜਾਂਚ ਕਮੇਟੀ ਦੀ ਰਿਪੋਰਟ ਨੂੰ ਅਧਾਰ ਬਣਾਇਆ ਗਿਆ, ਜਿਸ ਦਾ ਤਿੰਨ ਮੈਂਬਰਾਂ ਨੇ ਵਿਰੋਧ ਦਰਜ਼ ਕਰਵਾਇਆ ਹੈ।



**Singh Tax & Accounting Services LLC.**
SINGH AUTO & HOME INSURANCE
Individual & Business Tax related Services
ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036
Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125
Mohan Singh MST
IRS Enrolled agent, Insurance Agent-Casualty & Property
Notary Public
Email: STS2021@SinghTaxServices.com; www.SinghTaxServices.com


Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਚਿੱਤਰ ਕਲਾ ਦੀ ਪ੍ਰਸਿੱਧ ਸ਼ਖਸੀਅਤ ਜਰਨੈਲ ਸਿੰਘ ਆਰਟਿਸਟ ਦਾ ਦੇਹਾਂਤ



**ਸ. ਜਰਨੈਲ ਸਿੰਘ ਆਰਟਿਸਟ 'ਪੰਜਾਬ ਟਾਈਮਜ਼' ਨਾਲ ਸ਼ੁਰੂ ਤੋਂ ਜੁੜੇ ਹੋਏ ਸਨ ਅਤੇ ਸਮੇਂ ਸਮੇਂ 'ਪੰਜਾਬ ਟਾਈਮਜ਼' ਦੀ ਬਿਹਤਰੀ ਲਈ ਸੁਝਾਅ ਵੀ ਦਿੰਦੇ ਰਹਿੰਦੇ ਸਨ। ਅਜੇ ਦੋ-ਤਿੰਨ ਮਹੀਨੇ ਪਹਿਲਾਂ ਉਹ 'ਵਿਪਸਾ' ਵਲੋਂ ਕਰਵਾਈ ਗਈ ਕਾਨਫਰੰਸ ਮੌਕੇ ਆਪਣੇ ਸੁਭਾਅ ਮੁਤਾਬਕ ਬੜੇ ਨਿੱਘ ਨਾਲ ਮਿਲੇ ਸਨ। ਉਨ੍ਹਾਂ ਦੇ ਨਾਲ ਆਏ ਸਾਥੀ ਹਰਦਮ ਮਾਨ ਨੂੰ ਜਦੋਂ ਮੈਂ ਕਿਹਾ ਕਿ ਇਸ ਵਾਰੀ ਤੁਸੀਂ ਆਪਣੀ ਸਾਰੀ ਟੀਮ ਨਾਲ 'ਪੰਜਾਬ ਟਾਈਮਜ਼ ਨਾਈਟ' 'ਤੇ ਆਉਣਾ ਹੈ, ਤਾਂ ਉਹ ਹੱਸ ਕੇ ਕਹਿਣ ਲੱਗਾ, 'ਇਹ 'ਫੌਜਾਂ ਦੇ ਜਰਨੈਲ' 'ਤੇ ਮੁਨੱਸਰ ਕਰਦਾ ਹੈ, ਜਿੱਧਰ ਹਿਕ ਕੇ ਲੈ ਜਾਣਗੇ, ਚਲੇ ਜਾਵਾਂਗੇ' ਅਚਾਨਕ ਉਨ੍ਹਾਂ ਦੇ ਇਸ ਤਰ੍ਹਾਂ ਚਲੇ ਜਾਣ ਨਾਲ ਜਿਥੇ ਉਨ੍ਹਾਂ ਸਾਰੀਆਂ ਸੰਸਥਾਵਾਂ ਦੇ ਮੈਂਬਰਾਂ ਨੂੰ, ਜਿਨ੍ਹਾਂ ਨਾਲ ਉਹ ਜੁੜੇ ਹੋਏ ਸਨ, ਵਡਾ ਘਾਟਾ ਪਿਆ ਹੈ, ਉਥੇ 'ਪੰਜਾਬ ਟਾਈਮਜ਼' ਵੀ ਆਪਣੇ ਇਕ ਸ਼ੁਭਚਿੰਤਕ 'ਤੋਂ ਵਾਂਝਾ ਹੋ ਗਿਆ ਹੈ। ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦੀ ਸਾਰੀ ਟੀਮ ਉਨ੍ਹਾਂ ਦੇ ਸਾਥੀਆਂ ਸਮੇਤ ਪਰਿਵਾਰ ਦੇ ਦੁਖ ਵਿਚ ਸ਼ਰੀਕ ਹੈ।**







ਪੰਜਾਬੀ ਕਲਾ ਅਤੇ ਸਾਹਿਤ ਖੇਤਰ ਦੇ ਪ੍ਰੇਮੀਆਂ ਲਈ ਇਹ ਦੁਖਦਾਈ ਖਬਰ ਹੈ ਕਿ ਸ. ਜਰਨੈਲ ਸਿੰਘ ਆਰਟਿਸਟ ਵਿਛੋੜਾ ਦੇ ਗਏ ਹਨ। ਉਹ ਇੰਨੀਂ ਦਿਨੀਂ ਪੰਜਾਬ ਗਏ ਹੋਏ ਸਨ, ਜਿੱਥੇ ਉਹ ਪਿਛਲੇ ਕੁਝ ਦਿਨਾਂ 'ਤੋਂ ਬਿਮਾਰ ਸਨ ਅਤੇ ਅੱਜ ਇਹ ਦੁਖਦਾਈ ਖਬਰ ਮਿਲੀ ਕਿ ਉਹ ਸੰਸਾਰਕ ਯਾਤਰਾ ਪੂਰੀ ਕਰ ਗਏ ਹਨ। ਪਰਿਵਾਰਿਕ ਸੂਤਰਾਂ ਅਨੁਸਾਰ ਉਹ ਪਿਛਲੇ ਕੁਝ ਦਿਨਾਂ ਤੋਂ ਚੰਡੀਗੜ੍ਹ ਦੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਸਨ, ਜਿੱਥੇ 10 ਫਰਵਰੀ ਦੀ ਸਵੇਰ ਨੂੰ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ, ਜੋ ਜਾਨ ਲੇਵਾ ਸਾਬਤ ਹੋਇਆ। ਇਸ ਤੋਂ ਪਹਿਲਾਂ ਪੀਲੀਏ ਦੀ ਸ਼ਿਕਾਇਤ ਕਾਰਨ ਉਹ ਹਸਪਤਾਲ ਦਾਖਲ ਹੋਏ, ਜਿਸ ਦਾ ਲਿਵਰ ਤੇ ਕਿਡਨੀ 'ਤੇ ਅਸਰ ਸੀ, ਇਲਾਜ ਮਗਰੋਂ ਉਨ੍ਹਾਂ ਨੂੰ ਹਸਪਤਾਲ 'ਤੋਂ ਛੁੱਟੀ ਮਿਲ ਗਈ ਸੀ ਅਤੇ ਘਰੇ ਆ ਗਏ ਸਨ। ਪੰਜਾਬ ਫੇਰੀ ਦੌਰਾਨ ਉਨਾਂ ਦੀ ਸੁਪਤਨੀ ਬੀਬੀ ਬਲਜੀਤ ਕੌਰ ਨਾਲ ਸਨ, ਜਦ ਕਿ ਪੁੱਤਰ ਤੇ ਧੀ ਕੈਨੇਡਾ 'ਤੋਂ ਪੰਜਾਬ ਰਵਾਨਾ ਹੋ ਰਹੇ ਹਨ। ਉਨ੍ਹਾਂ ਦਾ ਸਸਕਾਰ ਚੰਡੀਗੜ੍ਹ ਵਿਖੇ ਕੀਤਾ ਜਾਵੇਗਾ।

ਉਹ 69 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਸੁਪਤਨੀ, ਪੁੱਤਰ, ਧੀ ਅਤੇ ਵੱਡਾ ਸਾਹਿਤਕ ਪਰਿਵਾਰ ਛੱਡ ਗਏ ਹਨ। ਜਰਨੈਲ ਸਿੰਘ ਮਹਾਨ ਚਿੱਤਰਕਾਰ ਸ. ਕਿਰਪਾਲ ਸਿੰਘ ਜੀ ਦੇ ਸਪੁੱਤਰ ਸਨ ਅਤੇ ਉਨਾਂ ਨੇ ਸਮੁੱਚੀ ਜ਼ਿੰਦਗੀ ਸਾਹਿਤ ਅਤੇ ਕਲਾ ਖੇਤਰ ਦੀ ਬੇਮਿਸਾਲ ਸੇਵਾ ਕੀਤੀ। ਆਪ ਦਾ ਜਨਮ ਸੰਨ 1956 ਵਿਖੇ ਜ਼ੀਰਾ ਸ਼ਹਿਰ 'ਚ ਹੋਇਆ ਅਤੇ ਆਪਣੇ ਪਿਤਾ ਕਿਰਪਾਲ ਸਿੰਘ ਜੀ ਤੋਂ ਪੇਂਟਿੰਗ ਦਾ ਗਿਆਨ ਹਾਸਲ ਕੀਤਾ। ਇਸ ਤੋਂ ਇਲਾਵਾ ਉਚ ਕੋਟੀ ਦੇ ਵਿਸ਼ਵ ਵਿਦਿਆਲੇ 'ਤੋਂ ਇਸ ਸਬੰਧੀ ਮੁਹਾਰਤ ਹਾਸਲ ਕੀਤੀ ਅਤੇ ਆਪਣੀ ਯੋਗਤਾ ਨਾਲ ਦੇਸ਼-ਵਿਦੇਸ਼ ਵਿਚ ਨਾਮਣਾ ਖੱਟਿਆ। ਆਪਣੇ ਜੀਵਨ ਦਾ 40 ਸਾਲਾਂ ਤੋਂ ਵੱਧ ਸਮਾਂ ਪੰਜਾਬ ਆਰਟ ਖੇਤਰ ਨੂੰ ਸਮਰਪਿਤ ਕੀਤਾ। 2000 ਵਿਚ ਪਰਿਵਾਰ ਸਮੇਤ ਪੱਕੇ ਤੌਰ 'ਤੇ ਕੈਨੇਡਾ ਟਿਕਾਣਾ ਕੀਤਾ। ਕੈਨੇਡਾ ਵਿਖੇ ਉਹ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੇ ਮੁਢਲੇ ਮੈਂਬਰਾਂ ਵਿਚੋਂ ਸਨ ਅਤੇ ਇਸ ਦੇ ਪ੍ਰਧਾਨ ਰਹਿ ਚੁੱਕੇ ਸਨ ਤੇ ਅੱਜ-ਕੱਲ ਜਨਰਲ ਸਕੱਤਰ ਦੇ ਅਹੁਦੇ 'ਤੇ ਸਨ। ਇਸ ਤੋਂ ਇਲਾਵਾ ਪੰਜਾਬੀ ਲੇਖਕ ਮੰਚ, ਵੈਨਕੂਵਰ ਵਿਚਾਰ ਮੰਚ ਸਮੇਤ ਕਈ ਸਾਹਿਤਕ ਸੰਸਥਾਵਾਂ ਦੀ ਵੀ ਆਪ ਅਗਵਾਈ ਕਰਦੇ ਰਹੇ। ਆਪ ਸਰੀ ਤੋਂ ਪ੍ਰਕਾਸ਼ਤ ਹੁੰਦੇ ਹਫਤਾਵਾਰੀ ਪੰਜਾਬੀ ਅਖਬਾਰ 'ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵੀ ਸਨ।



ਚਿੱਤਰਕਾਰ ਜਰਨੈਲ ਸਿੰਘ ਨੇ ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਅਨੇਕਾਂ ਚਿੱਤਰ ਬਣਾਏ। ਉਨ੍ਹਾਂ ਸਰੀ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿਖੇ ਗਦਰੀ ਬਾਬਿਆਂ ਦੀਆਂ ਯਾਦਗਾਰੀ ਤਸਵੀਰਾਂ ਬਣਾਈਆਂ, ਜੋ ਪਿੱਛੇ ਜਿਹੇ ਦਰਬਾਰ ਸਾਹਿਬ ਅੰਮ੍ਰਿਤਸਰ ਸਥਿਤ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕੀਤੀਆਂ ਗਈਆਂ ਸਨ। ਉਨ੍ਹਾਂ ਦੀਆਂ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਸਬੰਧੀ ਬਣਾਈਆਂ ਪੇਂਟਿੰਗਾਂ ਦੀ ਕੈਨੇਡਾ ਵਿਚ ਥਾਂ ਥਾਂ ਪ੍ਰਦਰਸ਼ਨੀ ਅਤੇ ਉਨ੍ਹਾਂ ਨੂੰ ਬੇਹਦ ਸਤਿਕਾਰ ਮਿਲਿਆ। ਆਪ ਦੀਆਂ ਆਖਰੀ ਪੇਂਟਿੰਗਾਂ ਵਿਚੋਂ ਇੱਕ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਪੇਂਟਿੰਗ ਸੀ, ਜੋ ਮੂਲ ਨਿਵਾਸੀ ਭਾਈਚਾਰੇ ਦੇ ਦਿਹਾੜੇ 'ਤੇ ਰਿਲੀਜ਼ ਕੀਤੀ ਗਈ। ਆਪਣੇ ਕਈ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚ 'ਏ ਜਰਨੀ ਵਿਦ ਦਾ ਐਂਡਲੈਸ ਆਈ', 'ਵਿਸ਼ਵ ਦੇ ਪ੍ਰਸਿੱਧ ਚਿੱਤਰਕਾਰ ਸ਼ਾਹਕਾਰ' ਅਤੇ 'ਪੰਜਾਬੀ ਪੇਂਟਿੰਗਜ਼' ਆਦਿ ਸ਼ਾਮਿਲ ਹਨ। ਪ੍ਰਸਿੱਧ ਲਿਖਾਰੀ ਹਰਭਜਨ ਸਿੰਘ ਹੁੰਦਲ ਵੱਲੋਂ ਆਪ ਬਾਰੇ ਕਿਤਾਬ 'ਚਿਤਰਕਾਰ ਜਰਨੈਲ ਸਿੰਘ' ਲਿਖੀ ਗਈ।

ਸਰੀ ਵਿਚ ਜਰਨੈਲ ਸਿੰਘ ਆਰਟਿਸਟ ਦੀ ਜਰਨੈਲ ਆਰਟਸ ਅਕੈਡਮੀ ਸਾਹਿਤਿਕ ਇਕੱਠਾ ਦਾ ਕੇਂਦਰ ਹੁੰਦੀ, ਜਿੱਥੇ ਵੱਖ ਵੱਖ ਸ਼ਖਸੀਅਤਾਂ ਆਉਂਦੀਆਂ ਅਤੇ ਵਿਚਾਰ ਸਾਂਝੇ ਕਰਦੀਆਂ। ਉਨਾਂ ਦੇ ਮਿਲਾਪੜੇ ਸੁਭਾਅ ਨੇ ਸਾਰਿਆਂ ਦੇ ਦਿਲਾਂ ਨੂੰ ਜੋੜਿਆ ਅਤੇ ਬੇਪਨਾਹ ਮੁਹੱਬਤ ਹਾਸਲ ਕੀਤੀ। ਪੰਜਾਬ ਤੋਂ ਇਲਾਵਾ ਕੈਨੇਡਾ ਵਿਚ ਵੀ ਉਨਾਂ ਨੂੰ ਕਲਾ ਖੇਤਰ ਵਿਚ ਵੱਡੇ ਸਨਮਾਨ ਮਿਲ ਚੁੱਕੇ ਸਨ ਅਤੇ ਸਭ ਤੋਂ ਵੱਡਾ ਸਨਮਾਨ ਜਰਨੈਲ ਸਿੰਘ ਦਾ ਲੋਕ ਦਿਲਾਂ ਵਿਚ ਸਤਿਕਾਰ ਸੀ। ਆਪ ਨੂੰ ਕੈਨੇਡਾ ਸਰਕਾਰ ਵੱਲੋਂ ਕੁਇਨ ਅਲੈਜ਼ਾਬਿਥ ਡਾਇਮੰਡ ਜੁਬਲੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ, ਗਦਰੀ ਬਾਬਿਆਂ ਦੇ ਮੇਲੇ ਅਤੇ ਸਰੀ ਆਰਟਸ ਕੌਂਸਲ ਵੱਲੋਂ ਵੀ ਵਿਸ਼ੇਸ਼ ਅਵਾਰਡ ਦਿੱਤੇ ਗਏ। ਬੀਸੀ ਸਿੱਖ ਕੌਂਸਲ, ਕੈਨੇਡਾ ਵੱਲੋਂ ਸੰਨ 2001 ਵਿਚ ਕੌਮਾਂਤਰੀ ਸਿੱਖ ਕਾਨਫਰੰਸ ਮੌਕੇ ਉਨ੍ਹਾਂ ਨੂੰ ਵਿਸ਼ੇਸ਼ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਸਰਦਾਰ ਜਰਨੈਲ ਸਿੰਘ ਦਾ ਵਿਛੋੜਾ ਦਰਦਨਾਕ ਹੈ। ਵਾਹਿਗੁਰੂ ਪਰਿਵਾਰ ਅਤੇ ਦੋਸਤਾਂ-ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ!

***-ਰਿਪੋਰਟ: ਡਾ. ਗੁਰਵਿੰਦਰ ਸਿੰਘ***

# ਰੇਡੀਓ, ਇਸ ਦੀ ਜਾਦੂਈ ਦੁਨੀਆ ਅਤੇ ਕੌਮਾਂਤਰੀ ਰੇਡੀਓ ਦਿਹਾੜਾ

**ਕੌਮਾਂਤਰੀ ਰੇਡੀਓ ਦਿਹਾੜੇ 'ਤੇ ਵਿਸ਼ੇਸ਼**



**ਗਿਆਨੀ ਗੁਰਪ੍ਰੀਤ ਸਿੰਘ ਬਿਲਿੰਗ**
**ਫੋਨ:75086-98066**

ਅੱਜ ਜਿਸ ਤਰ੍ਹਾਂ ਹਰ ਇਕ ਹੱਥ 'ਚ ਮੋਬਾਈਲ ਫ਼ੋਨ ਨਜ਼ਰ ਆ ਰਿਹਾ ਹੈ, ਠੀਕ ਉਸੇ ਤਰ੍ਹਾਂ ਇੱਕ ਸਮੇਂ ਹਰ ਘਰ 'ਚ ਇੱਕ ਰੇਡੀਓ ਸੈਟ ਜ਼ਰੂਰ ਹੁੰਦਾ ਸੀ। ਰੇਡੀਓ ਦੀ ਬਹੁਤੀ ਥਾਂ ਹੁਣ ਡਿਜੀਟਲ ਆਡੀਓ-ਵੀਡੀਓ ਨੇ ਲੈ ਲਈ ਹੈ ਅਤੇ ਪਿਛਲੇ ਕੁੱਝ ਸਾਲਾਂ ਵਿਚ ਪੌਡਕਾਸਟਾਂ ਦੇ ਜ਼ਰੀਏ ਆਡੀਓ ਸਮੱਗਰੀ ਤੱਕ ਲਗਭਗ ਹਰ ਇਕ ਬੰਦੇ ਦੀ ਪਹੁੰਚ ਵਧੀ ਹੈ। ਰੇਡੀਓ ਦਾ ਇਕ ਅਹਿਮ ਕਿਰਦਾਰ ਦੁਨੀਆ ਨੂੰ ਆਪਸ 'ਚ ਜੋੜਨ ਦਾ ਹੈ। ਰੇਡੀਓ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਸਿੱਖਿਅਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅੱਜ ਦੇ ਦੌਰ ਵਿਚ ਰੇਡੀਓ ਨੇ ਡਿਜੀਟਲ ਪ੍ਰਸਾਰਣ ਤੱਕ ਦਾ ਸਫ਼ਰ ਤੈਅ ਕਰ ਲਿਆ ਹੈ, ਜਿਵੇਂ DAB+, DRM, ਪਰ ਹੁਣ ਤਾਂ ਰੇਡੀਓ ਮੋਬਾਈਲ ਦੀਆਂ ਵੱਖੋ-ਵੱਖ ਐਪਾਂ ਰਾਹੀਂ ਦੇਸ਼-ਵਿਦੇਸ਼ 'ਚ ਬੈਠੇ ਵੀ ਸੁਣਿਆ ਜਾ ਸਕਦਾ ਹੈ। ਭਾਰਤ ਦੇ ਸਰਕਾਰੀ ਅਦਾਰੇ ਪ੍ਰਸਾਰ ਭਾਰਤੀ ਨੇ ਆਕਾਸ਼ਵਾਣੀ ਲਈ ਆਪਣੀ News On AIR ਐਪ ਲਾਂਚ ਕੀਤੀ ਹੋਈ ਹੈ। ਬਾਕੀ ਦੁਨੀਆ ਭਰ 'ਚ ਰੇਡੀਓ ਚੈਨਲ ਸੁਣਨ ਵਾਲਿਆਂ ਵਿਚ V Radio aYp, Garden Radio ਵੈਬਸਾਈਟ ਮਸ਼ਹੂਰ ਹੈ।

ਰੇਡੀਓ ਦੀ ਦੁਨੀਆ 'ਚ ਕੁੱਝ ਸਮਾਂ ਪਹਿਲਾਂ ਖਬਰਾਂ ਦੀ ਜਗ੍ਹਾ ਜ਼ਿਆਦਾ ਮਨੋਰੰਜਨ ਨੇ ਜ਼ਰੂਰ ਲੈ ਲਈ ਸੀ, ਪਰ ਪਿਛਲੇ ਕੁੱਝ ਸਾਲਾਂ ਵਿਚ ਆਡੀਓ ਪੌਡਕਾਸਟਾਂ ਦੇ ਜ਼ਰੀਏ ਕਾਫ਼ੀ ਗੰਭੀਰ ਸਮੱਗਰੀ ਵੀ ਨਜ਼ਰ ਆ ਰਹੀ ਹੈ।

ਜੇ ਗੱਲ ਰੇਡੀਓ ਦੇ ਜਨਮ ਦੀ ਕਰੀਏ, ਤਾਂ ਸਾਇੰਸਦਾਨ ਜੇਮਸ ਕਲਰਕ ਮੈਕਸਵੈੱਲ ਨੇ 1865 ਵਿਚ ਸਿਧਾਂਤਕ ਅਤੇ ਗਣਿਤਿਕ ਰੂਪ ਵਿਚ ਭਵਿੱਖਬਾਣੀ ਕੀਤੀ ਸੀ ਕਿ ਇਲੈਕਟ੍ਰੋ ਮੈਗਨੈਟਿਕ ਰੈਡੀਏਸ਼ਨ (ਤਰੰਗਾਂ) ਬਿਨਾਂ ਤਾਰ 'ਤੋਂ ਇਕ ਤੋਂ ਦੂਜੇ ਥਾਂ ਤੱਕ ਪਹੁੰਚ ਸਕਦੀ ਹੈ। 1880 ਦੇ ਦੌਰ ਦੌਰਾਨ ਹੀ ਡੇਵਿਡ ਐਡਵਰਡ ਹਿਊਗਸ ਨੇ ਵੀ ਇਸੇ ਥਿਊਰੀ 'ਤੇ ਪ੍ਰਯੋਗ ਕੀਤੇ, ਪਰ 1887 ਵਿਚ ਹੇਨਰੀਕ ਰੂਡੋਲਫ ਹਰਟਜ਼ ਨੇ ਮੈਕਸਵੈੱਲ ਦੀ ਇਲੈਕਟ੍ਰੋ ਮੈਗਨੇਟਿਜ਼ਮ ਰੈਡੀਏਸ਼ਨ ਦੀ ਥਿਊਰੀ ਦੀ ਪੂਰੇ ਪ੍ਰਯੋਗ ਨਾਲ ਪੁਸ਼ਟੀ ਕੀਤੀ। ਕਈ ਸਾਲਾਂ ਤੱਕ ਇਤਾਲਵੀ ਖੋਜੀ ਗੁਗਲਿਲੇਮੋ ਮਾਰਕੋਨੀ ਨੇ ਏਅਰਬੋਰਨ ਹਾਰਟਜ਼ਿਅਨ ਵੇਵਜ਼ (ਰੇਡੀਓ ਪ੍ਰਸਾਰਣ) ਤੇ ਕਈ ਪ੍ਰਯੋਗ ਕੀਤੇ ਅਤੇ ਅਖੀਰ 1896 ਵਿਚ ਕਾਮਯਾਬੀ ਨਾਲ ਬੇਤਾਰ ਟੈਲੀਗ੍ਰਾਫੀ ਸਿਸਟਮ ਬਣਾਇਆ। ਇਸ ਤਰਾਂ ਮਾਰਕੋਨੀ ਰੇਡੀਓ ਪ੍ਰਸਾਰਣ ਦਾ ਪਿਤਾਮਾ ਬਣ ਗਿਆ। ਜ਼ਿਕਰਯੋਗ ਹੈ ਕਿ ਭਾਰਤੀ ਸਾਇੰਸਦਾਨ ਸਰ ਜਗਦੀਸ਼ ਚੰਦਰ ਬੋਸ ਨੇ ਵੀ ਰੇਡੀਓ ਤਰੰਗਾਂ ਤੇ ਬਹੁਤ ਕੰਮ ਕੀਤਾ ਸੀ।

ਇਸ ਵਕਤ ਦੁਨੀਆ ਚ ਲਗਭਗ 44,000 ਤੋਂ ਵੱਧ ਰੇਡੀਓ ਚੈਨਲ ਹਨ, ਜੋ ਦੁਨੀਆਂ ਦੀ 70% ਆਬਾਦੀ ਨੂੰ ਕਵਰ ਕਰ ਰਹੇ ਹਨ। ਦੁਨੀਆ ਦਾ ਸਭ ਪਹਿਲਾ ਰੇਡੀਓ ਸਟੇਸ਼ਨ KDKA (ਪ੍ਰਾਈਵੇਟ) 2 ਨਵੰਬਰ,1920 ਵਿਚ ਅਮਰੀਕਾ ਦੇ ਸ਼ਹਿਰ ਪਿਟਸਬਰਗ ਵਿਚ ਸ਼ੁਰੂ ਹੋਇਆ ਸੀ। ਕਿਸੇ ਵੇਲੇ ਦੁਨੀਆ 'ਚ ਕੋਲੰਬਸ, ਓਹਾਇਓ (US) ਸਥਿਤ WLW 700KHz AM (500KW Power) ਪ੍ਰਾਈਵੇਟ ਰੇਡੀਓ ਚੈਨਲ ਐਨਾ ਸ਼ਕਤੀਸ਼ਾਲੀ ਸੀ, ਜੋ ਰਾਤ ਦੇ ਸਮੇਂ ਅੱਧੀ ਦੁਨੀਆਂ ਨੂੰ ਕਵਰ ਕਰਨ ਦੇ ਯੋਗ ਸੀ। ਅੱਜ ਤਾਂ ਹਰ ਰੇਡੀਓ ਚੈਨਲ ਐਪ ਰਾਹੀਂ ਸਾਰੀ ਦੁਨੀਆਂ ਕਵਰ ਕਰ ਰਿਹਾ ਹੈ।

ਜੇ ਭਾਰਤ ਦੀ ਬਾਤ ਪਾਈਏ ਤਾਂ ਇਥੇ ਸਭ ਤੋਂ ਪਹਿਲਾਂ ਨਵੰਬਰ 1923 'ਚ ਦੋ ਪ੍ਰਾਈਵੇਟ ਕੰਪਨੀਆਂ ਬੰਬਈ ਰੇਡੀਓ ਕਲੱਬ ਅਤੇ ਕਲਕੱਤਾ ਰੇਡੀਓ ਕਲੱਬ ਵੱਲੋਂ ਬੰਬਈ ਅਤੇ ਕਲਕੱਤਾ ਵਿਚ ਰੇਡੀਓ ਪ੍ਰਸਾਰਣ ਕੀਤਾ ਗਿਆ, ਜਦੋਂ ਕਿ 23 ਜੁਲਾਈ 1927 ਤੋਂ ਇੰਡੀਅਨ ਬ੍ਰੌਡਕਾਸਟਿੰਗ ਕੰਪਨੀ (IBC) ਵਲੋਂ ਮੀਡੀਅਮਵੇਵ ਪ੍ਰਸਾਰਣ ਸ਼ੁਰੂ ਹੋਇਆ, ਜਿਸ ਨੂੰ 8 ਜੂਨ 1936 ਵਿਚ ਆਲ ਇੰਡੀਆ ਰੇਡੀਓ (AIR) ਦਾ ਨਾਂ ਦਿੱਤਾ ਗਿਆ। ਆਜ਼ਾਦੀ ਤੋਂ ਬਾਅਦ ਫਿਰ ਇਸ ਨੂੰ ਆਕਾਸ਼ਵਾਣੀ ਦਾ ਨਾਮ ਦਿੱਤਾ ਗਿਆ। 1947 ਦੀ ਭਾਰਤ-ਪਾਕਿ ਵੰਡ ਵੇਲੇ 9 ਰੇਡੀਓ ਸਟੇਸ਼ਨ ਸਨ, ਜਿਨ੍ਹਾਂ ਵਿਚੋਂ 3 ਪਾਕਿਸਤਾਨ ਵਿਚ ਅਤੇ 6 ਭਾਰਤ ਵਿਚ ਰਹਿ ਗਏ ਸਨ। ਭਾਰਤ ਵਿਚ 3 ਅਕਤੂਬਰ 1957 ਨੂੰ ਮਨੋਰੰਜਨ ਚੈਨਲ 'ਵਿਵਧ ਭਾਰਤੀ' ਸੇਵਾ ਅਤੇ 23 ਜੁਲਾਈ 1977 ਨੂੰ ਐਫ ਐਮ ਬੈਂਡ ਰੇਡੀਓ ਚੈਨਲ ਦੀ ਸ਼ੁਰੂਆਤ ਹੋਈ ਸੀ।




ਹੁਣ ਗੱਲ ਕਰਦੇ ਹਾਂ 13 ਫ਼ਰਵਰੀ ਵਾਲੇ ਕੌਮਾਂਤਰੀ ਰੇਡੀਓ ਦਿਹਾੜੇ ਦੇ ਇਤਿਹਾਸ ਦੀ। 20ਵੀਂ ਸਦੀ ਦੌਰਾਨ 13 ਫ਼ਰਵਰੀ ਉਹ ਤਾਰੀਖ਼ ਸੀ, ਜਦੋਂ 1946 ਨੂੰ ਸੰਯੁਕਤ ਰਾਸ਼ਟਰ (UN) ਦਾ ਰੇਡੀਓ ਪ੍ਰਸਾਰਣ ਸ਼ੁਰੂ ਹੋਇਆ ਸੀ। ਇਸ ਦਿਨ ਲੋਕਲ ਰੇਡੀਓ (MW) ਅਤੇ ਅੰਤਰਰਾਸ਼ਟਰੀ ਪ੍ਰਸਾਰਣ ਸੇਵਾ (SW) ਦੀ ਸਥਾਪਨਾ ਕੀਤੀ ਗਈ ਸੀ। 21ਵੀਂ ਸਦੀ 'ਚ ਸਪੇਨ ਰੇਡੀਓ ਅਕੈਡਮੀ ਨੇ ਪਹਿਲੀ ਵਾਰ 2010 'ਚ ਰੇਡੀਓ ਦਿਹਾੜੇ ਦਾ ਪ੍ਰਸਤਾਵ ਪੇਸ਼ ਕੀਤਾ ਸੀ। 2011 'ਚ ਯੂਨੈਸਕੋ ਦੀ ਜਨਰਲ ਅਸੈਂਬਲੀ ਦੇ 36ਵੇਂ ਸੈਸ਼ਨ 'ਚ 13 ਫ਼ਰਵਰੀ ਨੂੰ ਕੌਮਾਂਤਰੀ ਰੇਡੀਓ ਦਿਵਸ ਵਜੋਂ ਘੋਸ਼ਿਤ ਕੀਤਾ ਗਿਆ ਅਤੇ ਪਹਿਲਾ ਰੇਡੀਓ ਦਿਹਾੜਾ ਰਸਮੀ ਤੌਰ 'ਤੇ ਸੰਯੁਕਤ ਰਾਸ਼ਟਰ ਵਲੋਂ 2012 'ਚ ਮਨਾਇਆ ਗਿਆ ਸੀ।

ਇਸ ਸਾਲ 2025 ਵਿਚ ਰੇਡੀਓ ਦਿਹਾੜੇ ਮੌਕੇ ਦਾ ਥੀਮ ਹੈ "Radio and Climate Change" ਯਾਨੀ ਕਿ ਰੇਡੀਓ ਅਤੇ ਮੌਸਮੀ ਤਬਦੀਲੀਆਂ। ਰੇਡੀਓ ਦੀ ਸ਼ਕਤੀ ਲੋਕਾਂ ਨੂੰ ਮੌਸਮੀ ਤਬਦੀਲੀਆਂ ਪ੍ਰਤੀ ਜਾਗਰੂਕ ਕਰਕੇ ਇਸ ਚੁਣੌਤੀ 'ਤੇ ਕੰਮ ਕਰਨ ਲਈ ਪ੍ਰੇਰਿਤ ਕਰ ਸਕਦੀ ਹੈ। ਰੇਡੀਓ ਮੌਸਮ ਤਬਦੀਲੀ ਉੱਤੇ ਪੱਕੀਆਂ (ਟਿਕਾਊ) ਕੋਸ਼ਿਸ਼ਾਂ ਕਰਨ ਤੇ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨ ਲਈ ਇੱਕ ਉੱਤਮ ਪਲੇਟਫਾਰਮ ਹੈ। ਇਸ ਮੁੱਦੇ ਸਬੰਧੀ ਵੱਖੋ-ਵੱਖ ਦ੍ਰਿਸ਼ਟੀਕੋਣਾਂ ਅਤੇ ਜ਼ਮੀਨ ਪੱਧਰ 'ਤੇ ਹੋ ਰਹੀਆਂ ਕੋਸ਼ਿਸ਼ਾਂ ਦੀ ਜਾਣਕਾਰੀ ਦੇ ਕੇ ਇਸ ਵਿਸ਼ੇ 'ਤੇ ਉਤਸ਼ਾਹਿਤ ਕਰ ਸਕਦਾ ਹੈ।

ਰੇਡੀਓ ਸਰੋਤਾ ਅਸ਼ੋਕ ਕੁਮਾਰ, ਬਿਜੇਂਦਰ ਜੈਜਾਨ, ਰਵੀ ਕੁਮਾਰ ਰਾਹੁਲ, ਗਿਆਨ ਭੂਸ਼ਨ ਸ਼ਰਮਾ, ਸਤੀਸ਼ ਮਿਗਲਾਨੀ, ਗੁਰਪ੍ਰੀਤ ਸਿੰਘ ਬਿਲਿੰਗ, ਮੁਕੇਸ਼ ਬੱਤਾ ਦਾ ਮੰਨਣਾ ਹੈ ਕਿ ਰੇਡੀਓ ਇੱਕ ਅਜਿਹਾ ਦੋਸਤ ਹੈ ਜੋ ਸਾਨੂੰ ਵਿਭਿੰਨਤਾਵਾਂ 'ਚ ਰਹਿੰਦਿਆਂ ਸਟੀਕ ਜਾਣਕਾਰੀ, ਮਨੋਰੰਜਨ, ਸਿੱਖਿਆ ਦਿੰਦਾ ਹੈ ਅਤੇ ਅਪਣੱਤ ਦਾ ਅਹਿਸਾਸ ਕਰਵਾਉਂਦਾ ਹੋਇਆ ਹਰ ਰੋਜ਼ ਸਾਡੀ ਸੰਗਤ ਕਰਦਾ ਹੈ ਅਤੇ ਸਭ ਨੂੰ ਆਪਸ 'ਚ ਜੁੜਨ ਦਾ ਮੌਕਾ ਵੀ ਦਿੰਦਾ ਹੈ।

ਹੁਣ ਵੀ ਰੇਡੀਓ ਦੀ ਪ੍ਰਸਿੱਧੀ ਲਗਾਤਾਰ ਵੱਧ ਰਹੀ ਹੈ। ਰੇਡੀਓ Free 'ਚ ਆਮ ਚਰਚਾਵਾਂ, ਗੀਤਾਂ, ਨਾਟਕਾਂ, ਕਹਾਣੀਆਂ, ਮੁਸ਼ਾਇਰੇ, ਕਵੀ ਦਰਬਾਰ ਆਦਿ ਮਨੋਰੰਜਕ ਪ੍ਰੋਗਰਾਮਾਂ ਦੇ ਨਾਲ-ਨਾਲ ਦੁਨੀਆ ਭਰ ਦੀਆਂ ਖ਼ਬਰਾਂ ਜਾਣਨ ਦਾ ਇਕ ਖੁੱਲ੍ਹਾ ਤੇ ਅਨੰਤ ਰਸਤਾ ਹੈ। ਇਸ ਦੇ ਨਾਲ ਹੀ ਬਹੁਤ ਸਾਰੇ ਚੈਨਲ ਸਰਕਾਰੀ ਭਲਾਈ ਸਕੀਮਾਂ, ਜਨਤਕ ਮੁਹਿੰਮਾਂ, ਪਿੰਡ ਤੇ ਸ਼ਹਿਰ ਦੀ ਸਫਾਈ ਕਰਨ ਸਬੰਧੀ ਜਾਗਰੂਕ ਕਰਨ, ਟ੍ਰੈਫਿਕ ਕਾਨੂੰਨਾਂ ਦੀ ਜਾਣਕਾਰੀ ਦੇਣ ਵਰਗੀਆਂ ਵਿਸ਼ੇਸ਼ ਮੁਹਿੰਮਾਂ ਚਲਾਉਂਦੇ ਰਹਿੰਦੇ ਹਨ। ਜਿਸ ਕਾਰਨ ਦੇਸ਼ ਦੇ ਲੋਕ ਜਾਗਰੂਕ ਹੋ ਰਹੇ ਹਨ। ਕੁੱਲ ਮਿਲਾ ਕੇ ਰੇਡੀਓ ਦਾ ਮਤਲਬ ਹੈ ਜਾਣਕਾਰੀ, ਸੰਚਾਰ, ਸਿੱਖਿਆ ਅਤੇ ਮਨੋਰੰਜਨ ਦਾ ਭੰਡਾਰ।

# ਫਿਰੌਤੀ ਮੰਗਣ ਦੇ ਮਾਮਲੇ 'ਚ ਕਾਂਗਰਸੀ ਆਗੂ ਗ੍ਰਿਫ਼ਤਾਰ

**ਲੁਧਿਆਣਾ:** 30 ਲੱਖ ਰੁਪਏ ਦੀ ਫਿਰੋਤੀ ਮੰਗਣ ਦੇ ਮਾਮਲੇ 'ਚ ਲੁਧਿਆਣਾ ਪੁਲਿਸ ਨੇ ਸਾਬਕਾ ਯੂਥ ਕਾਂਗਰਸ ਪ੍ਰਧਾਨ ਰਾਜੀਵ ਰਾਜਾ ਨੂੰ ਗ੍ਰਿਫ਼ਤਾਰ ਘਰ ਲਿਆ ਹੈ। ਰਾਜੀਵ ਰਾਜਾ ਕਿਸੇ ਸਮੇਂ ਕਾਂਗਰਸ 'ਚ ਬਹੁਤ ਸਰਗਰਮ ਨੇਤਾ ਸਨ ਤੇ ਗੋਲ ਰਾਜ ਮੰਤਰੀ ਰਵਨੀਤ ਬਿੱਟੂ ਦੇ ਕਰੀਬੀ ਮੰਨੇ ਜਾਂਦੇ ਸਨ।



ਏਡੀਸੀਪੀ ਕਰਾਇਮ ਅਮਨਦੀਪ ਬਰਾੜ ਨੇ ਰਾਜੀਵ ਰਾਜਾ ਦੀ ਇਫ਼ਤਾਰੀ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਰਾਜਾ ਰੀਰੀ ਬ ਭੂਮਿਕਾ ਹੈ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਸਥਾਨਕ ਮਾਲ ਇਨਕਲੇਵ ਵਾਸੀ ਰਵੀਸ਼ ਗੁਪਤਾ 1 ਨੇ ਥਾਣਾ ਡਵੀਜ਼ਨ ਨੰ. 8 ਦੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਨੂੰ ਵਿਦੇਸ਼ੀ ਫੋਨ ਨੰਬਰਾਂ ਤੋਂ 30 ਲੱਖ ਰੁਪਏ ਦੀ ਫਿਰੌਤੀ ਮੰਗੀ ਜਾ ਰਹੀ ਹੈ। ਕਾਲਰ ਕਹਿ ਰਹੇ ਸਨ ਕਿ ਫਿਰੋਤੀ ਨਾ ਦੇਣ ਦੀ ਸੂਰਤ 'ਵਿੱਚ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਗੁਪਤਾ ਨੇ ਇਹ ਵੀ ਦੋਸ਼ ਲਾਇਆ ਸੀ ਕਿ ਕਾਲ ਕਰਨ ਵਾਲੇ ਉਸ ਦੀ ਰੋਜ਼ਾਨਾ ਦੀ ਰੁਟੀਨ, ਉਸ ਦੇ ਪਰਿਵਾਰਕ ਮੈਂਬਰਾਂ ਤੇ ਉਸ ਦੀਆਂ ਸਾਰੀਆਂ ਸਮਾਜਿਕ ਗਤੀਵਿਧੀਆਂ ਤੋਂ ਜਾਣੂ ਸਨ। ਉਸ ਨੇ ਸ਼ੱਕ ਪ੍ਰਗਟਾਇਆ ਕਿ ਇਸ ਸਾਜਿਸ਼ ਪਿੱਛੇ ਕੁਝ ਸਥਾਨਕ ਵਿਅਕਤੀ, ਜੋ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਦਾ ਹੱਥ ਹੋ ਸਕਦਾ ਹੈ। ਪੁਲਿਸ ਨੇ ਸੱਤ ਫਰਵਰੀ ਨੂੰ ਇਸ ਮਾਮਲੇ 'ਚ ਕੇਸ ਦਰਜ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਸੀ। ਪੁਲਿਸ ਨੇ ਮੁੱਢਲੀ ਜਾਂਚ ਦੇ ਆਧਾਰ 'ਤੇ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਤਿੰਨਾਂ ਤੋਂ ਪੁੱਛਗਿੱਛ ਦੌਰਾਨ ਰਾਜੀਵ ਰਾਜਾ ਦਾ ਨਾਂ ਮੁੱਖ ਸਾਜ਼ਿਸ਼ਕਰਤਾ ਦੇ ਤੌਰ 'ਤੇ ਸਾਹਮਣੇ ਆਇਆ ਹੈ।

ਤਿੰਨਾਂ ਮੁਲਜ਼ਮਾਂ ਨੇ ਕਿਹਾ ਹੈ ਕਿ ਉਨ੍ਹਾਂ ਰਾਜੀਵ ਰਾਜਾ ਦੇ ਕਹਿਣ 'ਤੇ ਰਵੀਸ਼ ਗੁਪਤਾ ਨੂੰ ਫਿਰੌਤੀ ਲਈ ਕਾਲਾਂ ਕੀਤੀਆਂ ਸਨ। ਇਸ ਤੋਂ ਬਾਅਦ ਪੁਲਿਸ ਨੇ ਰਾਜੀਵ ਰਾਜਾ ਨੂੰ ਹਿਰਾਸਤ 'ਚ ਲੈ ਲਿਆ ਹੈ। ਉਸ ਨੂੰ ਭਲਕੇ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।


## ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ



ਚਾਹਵਾਨ ਕਾਲ ਕਰੋ:

**ਮਿ. ਸਿੰਘ ਫੋਨ: 515-291-1961**



## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ? ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**

**HOMEOPATHIC NATURAL MEDICINES**




**When Tired of all Treatments, For any Disease, At any Age, Try Alternative Treatment**



Gurdip Singh Sandhu

**Homeopathic Ayurvedic Consultant/Physician Since 1973**
**DHMS-Gold medalist, Ex-Prof, Principal, & CMO Medical Colleges/Hospitals in India**

**Ph: (408) 687-1899**
**(925) 557-9093**

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA







# Matrimonials

## ਲੜਕੇ ਦੀ ਲੋੜ ਹੈ

Sikh parents looking for a suitable match for their daughter, USA born 1992, 5'4" , vegetarian, non-drinker. She has completed B.S. EHS and Paralegal Studies. She is currently working in a reputable law firm. Looking for a Sikh groom who is a USA born, non-drinker, well-educated, respectful, kind heart and compatible with her personality. Caste no bar. Please send biodata and recent photos at 1-248-840-7938 (WhatsApp only). Marriage bureau, please excuse."

6-9

Jat Sikh family is looking for a suitable match for their beautiful daughter 38, 5'4". She has done her Bachelor of Commerce and Charted Accountant degree from India. Currently she is working as Finance Manager for Amazon in Seattle. She belongs to a well settled family in Mohali. Her Father is running his own business in Punjab. She is deeply rooted in strong family values. She has L1 Visa and her Green Card application is in progress. She moved to the USA in 2022. If interested please contact Darshan Dhillon at dhillondans@gmail.com, Phone: (360) 961-4387.

3-6

Jat Sikh parents invite matrimonial alliance for their US born daughter 39, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Contact 669-946-5891

2-5

## ਲੜਕੀ ਦੀ ਲੋੜ ਹੈ

Jatt Sikh SF Bay Area family seeking bride for their USA born Son 25, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

Ramgarhia family seeks a suitable match for their son, born on 35, 5'-6", born in Ludhiana and raised in the US. He is a US citizen, never married, and working in healthcare field. Seeking a kind-hearted, family-oriented, and educated girl, preferably settled in the US or Canada. Please call 1 (312) 217-8849 or 1 262-515-8955

6-9

USA Citizen, handsome, Jatt Sinkh boy, 31, 5'8". Highly educated, high profile job as coordinator in California Govt. education department, Salary $ 12000/- per month. No sibling. Parents are well educated, US citizen, financially sound & contented. No bargaining, no demand, no bar. Whatsapp: +1-661-578-2261

5-8

Well settled U.S. Jatt Sikh parents looking for a compatible match for their 28, 5'7" turbaned diligent, athletic son; has a bachelors of science in computer engineering. Endeavors include Legacy Program Developer/Business Analyst working on the modernization of Mainframe systems for the IRS, and Chief Executive of family business. For inquiries, please contact: 301-653-7029 or E-mail at: Gorayads@yahoo.com

5-8

Sikh Family looking for a professionally qualified match for their 36, 5'8" handsome, turbaned son. Shortly divorced with no kids. Currently working as a Senior Software Engineer in Investment Banking, Owns a house. On H1B with I-140 approved. Caste no bar. Contact us at +1 631-624-8279

5-8

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ 5'10" ਕੈਨੇਡੀਅਨ ਜੰਮਪਲ ਪਗੜੀਧਾਰੀ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿਚ ਕੰਮ ਕਰ ਰਿਹਾ ਹੈ। ਪਰਿਵਾਰਕ ਅਤੇ USA ਦੀ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈ-ਮੇਲ ਕਰੋ gillco1977@gmail.com

5-8

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**847-359-0746**

# ਅਮਰੀਕਾ ਵਿਚ ਜਨਮਜਾਤ ਨਾਗਰਿਕਤਾ ਸਬੰਧੀ ਹੁਕਮ 'ਤੇ ਰੋਕ

## ਭਾਰਤੀਆਂ ਨੂੰ ਹੋਵੇਗਾ ਫ਼ਾਇਦਾ



**ਵਾਸ਼ਿੰਗਟਨ:** ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੂੰ ਜਨਮਜਾਤ ਨਾਗਰਿਕਤਾ ਮਾਮਲੇ 'ਚ ਇਕ ਹੋਰ ਝਟਕਾ ਲੱਗਾ ਹੈ। ਸਿਆਟਲ ਦੇ ਇਕ ਸੰਘੀ ਜੱਜ ਨੇ ਇਸ ਸਬੰਧੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਰੀ ਹੁਕਮ 'ਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਨੇ ਟਰੰਪ 'ਤੇ ਕਾਨੂੰਨ ਦੇ ਸ਼ਾਸਨ ਨੂੰ ਨਜ਼ਰਅੰਦਾਜ਼ ਕਰਨਾ ਦਾ ਦੋਸ਼ ਲਾਇਆ ਹੈ ਤੇ ਜਨਮਜਾਤ ਨਾਗਰਿਕਤਾ ਦੇ ਹੱਕ ਨੂੰ ਖਤਮ ਕਰਨ ਵਾਲੇ ਕਾਰਜਕਾਰੀ ਹੁਕਮ ਨੂੰ ਗ਼ੈਰ-ਸੰਵਿਧਾਨਕ ਐਲਾਨ ਦਿੱਤਾ ਹੈ। ਇਸ ਫ਼ੈਸਲੇ ਨਾਲ ਭਾਰਤੀਆਂ ਨੂੰ ਵੀ ਫ਼ਾਇਦਾ ਹੋਵੇਗਾ, ਜੋ ਵੀਜ਼ਾ 'ਤੇ ਇਸ ਦੇਸ਼ 'ਚ ਰਹਿ ਰਹੇ ਹਨ ਤੇ ਗ੍ਰੀਨ ਕਾਰਡ ਦੀ ਉਡੀਕ 'ਚ ਹਨ। ਟਰੰਪ ਦੇ ਨਾਗਰਿਕਤਾ ਸਬੰਧੀ ਕਾਰਜਕਾਰੀ ਹੁਕਮ 'ਤੇ ਦੋ ਦਿਨ ਪਹਿਲਾਂ ਵੀ ਇਕ ਜੱਜ ਨੇ ਰੋਕ ਲਾਈ ਸੀ। ਇਸ 'ਤੇ ਹੁਣ ਤੱਕ ਕੁਲ ਤਿੰਨ ਜੱਜ ਰੋਕ ਲਾ ਚੁੱਕੇ ਹਨ। ਸਿਆਟਲ 'ਚ ਅਮਰੀਕੀ ਜ਼ਿਲ੍ਹਾ ਜੱਜ ਜਾਨ ਕਫੇਨੌਰ ਨੇ ਵੀਰਵਾਰ ਨੂੰ ਸੰਵਿਧਾਨ ਪ੍ਰਤੀ ਪ੍ਰਸ਼ਾਸਨ ਦੇ ਵਤੀਰੇ ਦੀ ਨਿੰਦਾ ਕੀਤੀ ਤੇ ਕਿਹਾ, ''ਟਰੰਪ ਇਕ ਕਾਰਜਕਾਰੀ ਹੁਕਮ ਨਾਲ ਇਸ ਨੂੰ ਬਦਲਣ ਦੀ ਕੋਸ਼ਿਸ਼ ਕਰ ਰਹੇ ਸਨ। ਉਹ ਸਿਆਸੀ ਤੇ ਨਿੱਜੀ ਫਾਇਦੇ ਲਈ ਕਾਨੂੰਨ ਦੇ ਸ਼ਾਸਨ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਜੱਜ ਦੇ ਫ਼ੈਸਲੇ 'ਤੇ ਕੋਰਟ ਰੂਮ 'ਚ ਹਾਜ਼ਰ ਲੋਕਾਂ ਨੇ ਤਾੜੀਆਂ ਮਾਰੀਆਂ। ਇਹ ਫ਼ੈਸਲਾ ਵਾਸ਼ਿੰਗਟਨ, ਐਰੀਜ਼ੋਨਾ, ਇਲੀਨੋਇਸ ਤੇ ਓਰੇਗਨ ਵਰਗੇ ਡੈਮੋਕ੍ਰੇਟਿਕ ਸੂਬਿਆਂ ਤੇ ਕਈ ਗਰਭਵਤੀ ਔਰਤਾਂ ਵੱਲੋਂ ਦਾਖਲ ਇਕ ਮੁਕੱਦਮੇ 'ਤੇ ਆਇਆ ਹੈ।

# ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵਿਚ ਔਰਤਾਂ ਲਈ 33% ਰਾਖਵੇਂਕਰਨ ਦੀ ਮੰਗ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਗਸਤ 2025 ਵਿਚ ਪ੍ਰਸਤਾਵਿਤ ਆਮ ਚੋਣਾਂ ਪ੍ਰਤੀ ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ ਵਿਰੁੱਧ ਦਿੱਲੀ ਹਾਈਕੋਰਟ 'ਚ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਪਟੀਸ਼ਨ ਵਿਚ 33 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਦੀ ਮੰਗ ਦੇ ਨਾਲ ਹੀ ਚੋਣ ਸੁਧਾਰਾਂ ਦੀ ਵਕਾਲਤ ਕੀਤੀ ਗਈ ਹੈ। ਇਸ ਪਟੀਸ਼ਨ ਨੂੰ ਦਾਖਲ ਕਰਨ ਵਾਲੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਕੌਮੀ ਕੋਰ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਜੀਕੇ ਨੇ ਇਸ ਸਬੰਧੀ ਅਕਾਲੀ ਦਲ ਦਫ਼ਤਰ ਵਿਖੇ ਆਪਣੇ ਵਕੀਲ ਐਡਵੋਕੇਟ ਨਗਿੰਦਰ ਬੇਨੀਪਾਲ ਦੇ ਨਾਲ ਮੀਡੀਆ ਸਾਹਮਣੇ ਕਾਨੂੰਨੀ ਨੁਕਤਿਆਂ ਦੀ ਸਾਂਝ ਪਾਈ। ਜੀਕੇ ਨੇ ਕਿਹਾ ਕਿ ਜਸਟਿਸ ਜੋਤੀ ਸਿੰਘ ਨੇ 4 ਫਰਵਰੀ ਨੂੰ ਉਨ੍ਹਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਚੋਣ ਡਾਇਰੈਕਟੋਰੇਟ, ਦਿੱਲੀ ਸਰਕਾਰ, ਉਪਰਾਜਪਾਲ ਅਤੇ ਦਿੱਲੀ ਕਮੇਟੀ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਮਾਮਲੇ ਦੀ ਅਗਲੀ ਸੁਣਵਾਈ 23 ਮਾਰਚ ਨੂੰ ਹੋਵੇਗੀ। ਜੀਕੇ ਨੇ ਦੱਸਿਆ ਕਿ ਚੋਣ ਡਾਇਰੈਕਟੋਰੇਟ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰ ਰਿਹਾ ਹੈ। ਜਿਸ ਵੋਟਰ ਸੂਚੀ ਰਾਹੀਂ 2021 'ਚ ਚੋਣਾਂ ਹੋਈਆਂ ਸਨ, ਉਹ 1983 ਤੋਂ ਬਾਅਦ ਹਰ ਵਾਰ ਚੋਣਾਂ ਵੇਲੇ ਕੇਵਲ ਸੋਧੀ ਗਈ ਹੈ। ਜਦਕਿ ਦਿੱਲੀ ਹਾਈਕੋਰਟ ਨੇ 2020 'ਚ ਚੋਣ ਡਾਇਰੈਕਟੋਰੇਟ ਨੂੰ ਸਪਸ਼ਟ ਆਦੇਸ਼ ਦਿੱਤਾ ਸੀ ਕਿ 2021 ਦੀਆਂ ਚੋਣਾਂ ਦੇ ਤੁਰੰਤ ਬਾਅਦ ਨਵੀਂ ਫੋਟੋ ਵੋਟਰ ਸੂਚੀ ਬਣਾਉਣ ਦਾ ਕਾਰਜ ਸ਼ੁਰੂ ਕੀਤਾ ਜਾਵੇਗਾ।

ਪਰ ਆਮ ਚੋਣਾਂ ਦੇ ਸਾਢੇ 3 ਸਾਲ ਬਾਅਦ ਵੀ ਚੋਣ ਡਾਇਰੈਕਟੋਰੇਟ ਨੇ ਕੰਮ ਸ਼ੁਰੂ ਨਹੀਂ ਕੀਤਾ ਹੈ। ਇਸ ਕਰਕੇ ਸਾਨੂੰ ਹਾਈਕੋਰਟ ਜਾਣਾ ਪਿਆ ਹੈ।

## ਐੱਚ-1 ਬੀ ਵੀਜ਼ੇ ਲਈ ਰਜਿਸਟ੍ਰੇਸ਼ਨ 7 ਮਾਰਚ ਤੋਂ




**ਨਿਊਯਾਰਕ:** ਵਿੱਤੀ ਸਾਲ 2026 ਲਈ ਭਾਰਤੀ ਆਈਟੀ ਪੇਸ਼ੇਵਰਾਂ ਵੱਲੋਂ ਸਭ ਤੋਂ ਜ਼ਿਆਦਾ ਮੰਗ ਵਾਲੇ ਐੱਚ-1ਬੀ ਵੀਜ਼ੇ ਲਈ ਸ਼ੁਰੂਆਤੀ ਰਜਿਸਟ੍ਰੇਸ਼ਨ ਸੱਤ ਮਾਰਚ ਨੂੰ ਸ਼ੁਰੂ ਹੋ ਕੇ 24 ਮਾਰਚ ਨੂੰ ਖਤਮ ਹੋਵੇਗੀ। ਇਹ ਗ਼ੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਪੇਸ਼ੇਵਰਾਂ ਨੂੰ ਖਾਸ ਕਾਰੋਬਾਰਾਂ ਵਿਚ ਐਡਜਸਟ ਕਰਨ ਦੀ ਇਜਾਜ਼ਤ ਦਿੰਦਾ ਹੈ। ਭਾਰਤੀ ਐੱਚ-1ਬੀ ਵੀਜ਼ਾ ਦੇ ਮੁੱਖ ਲਾਭਪਾਤਰੀ ਹਨ। ਅਮਰੀਕੀ ਨਾਗਰਿਕਤਾ ਤੇ ਇਮੀਗਰੇਸ਼ਨ ਸੇਵਾ ਨੇ ਬੁੱਧਵਾਰ ਨੂੰ ਕਿਹਾ ਕਿ ਵਿੱਤੀ ਸਾਲ 2026 ਲਈ ਐੱਚ-1ਬੀ ਵੀਜ਼ੇ ਲਈ ਸ਼ੁਰੂਆਤੀ ਰਜਿਸਟ੍ਰੇਸ਼ਨ ਮਿਆਦ ਸੱਤ ਮਾਰਚ ਨੂੰ ਸਵੇਰੇ 10.30 ਵਜੇ ਆਈਐੱਸਟੀ 'ਤੇ ਖੁੱਲ੍ਹੇਗੀ ਤੇ 24 ਮਾਰਚ ਨੂੰ ਸਵੇਰੇ 10.30 ਵਜੇ ਆਈਐੱਸਟੀ ਤੱਕ ਚੱਲੇਗੀ।

## 33 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣਾ ਜ਼ਰੂਰੀ



ਮਨਜੀਤ ਸਿੰਘ ਜੀਕੇ ਨੇ ਦਿੱਲੀ ਕਮੇਟੀ ਦੇ ਪ੍ਰਬੰਧ 'ਚ ਸ਼ਰਾਫਤ ਤੇ ਪਾਰਦਰਸ਼ਤਾ ਲਿਆਉਣ ਲਈ 33 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਨੂੰ ਜ਼ਰੂਰੀ ਦੱਸਿਆ। ਜੀਕੇ ਨੇ ਕਿਹਾ ਕਿ ਨਵੀਆਂ ਵੋਟਾਂ ਬਣਾਉਣ ਤੋਂ ਬਾਅਦ ਸਮੂਹ 46 ਵਾਰਡਾਂ ਦੀ ਨਵੀਂ ਹੱਦਬੰਦੀ ਦੀ ਵੀ ਅਸੀਂ ਮੰਗ ਕੀਤੀ ਹੈ। ਜੀਕੇ ਨੇ ਦਿੱਲੀ ਕਮੇਟੀ ਦੇ ਅੰਤ੍ਰਿੰਗ ਬੋਰਡ ਚੋਣ 'ਚ ਇੱਕ ਸਾਲ ਦੀ ਹੋਈ ਦੇਰੀ ਅਤੇ ਆਮ ਚੋਣਾਂ ਲਈ ਵੋਟਾਂ ਬਣਾਉਣ ਦੇ ਮਸਲੇ 'ਤੇ ਦਿੱਲੀ ਕਮੇਟੀ ਪ੍ਰਬੰਧਕਾਂ ਦੀ ਚੁੱਪੀ 'ਤੇ ਹੈਰਾਨੀ ਪ੍ਰਗਟਾਈ ਹੈ। ਐਡਵੋਕੇਟ ਨਰਿੰਦਰ ਬੇਨੀਪਾਲ ਨੇ ਪਟੀਸ਼ਨ ਦੀ ਅਗਾਊਂ ਕਾਪੀ ਸਪਲਾਈ ਕਰਨ ਦੇ ਬਾਵਜੂਦ ਦਿੱਲੀ ਕਮੇਟੀ ਤੇ ਦਿੱਲੀ ਚੋਣ ਡਾਇਰੈਕਟੋਰੇਟ ਦੇ ਵਕੀਲਾਂ ਦੇ ਸੁਣਵਾਈ ਦੌਰਾਨ ਨਾ ਪਹੁੰਚਣ ਨੂੰ ਚੋਣਾਂ 'ਚ ਦੇਰੀ ਕਰਵਾਉਣ ਦੀ ਮੰਸ਼ਾ ਨਾਲ ਜੋੜਿਆ। ਐਡਵੋਕੇਟ ਬੇਨੀਪਾਲ ਨੇ ਦੱਸਦਿਆ ਔਰਤਾਂ ਲਈ 50 ਫੀਸਦੀ ਸੀਟਾਂ 'ਤੇ ਨਿਗਮ ਐਕਟ 'ਚ ਰਾਖਵੇਂਕਰਨ ਦਾ ਹਵਾਲਾ ਵੀ ਦਿੱਤਾ।

# ਮੁਫ਼ਤਖੋਰੀ ਵੀ ਵੋਟਾਂ ਨਾ ਬਟੋਰ ਸਕੀ

**ਨਵੀਂ ਦਿੱਲੀ:** ਦਿੱਲੀ 'ਚ ਲੰਮੇ ਸਮੇਂ ਤੱਕ ਸੱਤਾ 'ਤੇ ਕਾਬਜ਼ ਰਹਿਣ ਮਗਰੋਂ ਆਮ ਆਦਮੀ ਪਾਰਟੀ ਦੇ ਹੱਥ ਹਾਰ ਤੇ ਭਾਰਤੀ ਜਨਤਾ ਪਾਰਟੀ ਨੂੰ 27 ਵਰ੍ਹਿਆਂ ਪਿੱਛੋਂ ਜਿੱਤ ਹਾਸਲ ਹੋਈ ਹੈ। ਇਸ ਜਿੱਤ ਤੋਂ ਬਾਅਦ ਪੂਰੇ ਦੇਸ਼ ਦੇ ਭਾਜਪਾ ਸਮਰਥਕਾਂ 'ਚ ਇਕ ਵੱਖਰੇ ਹੀ ਤਰ੍ਹਾਂ ਦੇ ਜਸ਼ਨ ਦਾ ਮਾਹੌਲ ਹੈ। ਹਾਲਾਂਕਿ ਆਪ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਹੋਰ ਆਗੂਆਂ ਨੂੰ ਇਸ ਤਰੀਕੇ ਹਾਰ ਮਿਲਣ ਦਾ ਬਿਲਕੁਲ ਵੀ ਇਲਮ ਨਹੀਂ ਸੀ। ਦਿੱਲੀ ਦੀਆਂ 70 ਸੀਟਾਂ ਵਿੱਚੋਂ ਭਾਜਪਾ ਨੂੰ 48 ਤੇ ਆਪ ਨੂੰ 22 ਸੀਟਾਂ ਹਾਸਲ ਹੋਈਆਂ ਹਨ। ਦੂਜੇ ਪਾਸੇ ਕਾਂਗਰਸ ਇਸ ਵਾਰ ਫਿਰ ਕੋਈ ਕਮਾਲ ਨਹੀਂ ਕਰ ਸਕੀ।

ਇਸ ਚੋਣ ਦੀ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਵੀ ਹੈ ਕਿ ਆਪ ਦੇ ਦਿੱਗਜ ਨੇਤਾ ਵੀ ਲੋਕਾਂ ਦੇ ਦਿਲਾਂ 'ਚ ਇਸ ਵਾਰ ਥਾਂ ਨਹੀਂ ਬਣਾ ਸਕੇ ਤੇ ਕੇਜਰੀਵਾਲ, ਮਨੀਸ਼ ਸ਼ਿਸ਼ੋਦੀਆ ਤੇ ਸਤੇਂਦਰ ਜੈਨ ਸਣੇ ਹੋਰਾਂ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ ਹੈ। ਫਿਲਹਾਲ ਦਿੱਲੀ ਭਾਜਪਾ ਜਿੱਤ ਦੇ ਜਸ਼ਨ ਵਿਚ ਪੂਰੀ ਤਰ੍ਹਾਂ ਰੰਗੀ ਹੋਈ ਹੈ ਤੇ ਇਹ ਜਸ਼ਨ ਪੰਜਾਬ ਭਾਜਪਾ ਵੱਲੋਂ ਵੀ ਰਾਜਧਾਨੀ ਵਾਂਗ ਹੀ ਮਨਾਇਆ ਜਾ ਰਿਹਾ ਹੈ।



ਪੰਜਾਬ ਦੇ ਬਹੁਤੇ ਆਪ ਆਗੂ ਤੇ ਮੰਤਰੀ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਲਈ ਚੋਣ ਪ੍ਰਚਾਰ ਵਿਚ ਲੱਗੇ ਹੋਏ ਸਨ। ਪਾਰਟੀ ਨੂੰ ਬੇਸ਼ੱਕ ਹਾਰ ਮਿਲੀ ਹੈ ਪਰ ਆਪ ਆਗੂਆਂ ਦੇ ਘਰਾਂ ਤੇ ਦਫ਼ਤਰਾਂ ਵਿਚ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਤੇ ਹਾਰ ਦੇ ਮੁਲਾਂਕਣ ਵੀ ਜਾਰੀ ਹਨ। ਦੂਜੇ ਪਾਸੇ ਬੀਜੇਪੀ ਵੀ ਆਪ ਨੂੰ ਦਿੱਲੀ ਵਿਚ ਹਰਾ ਕੇ ਪੰਜਾਬ ਵਿਚ ਕੋਈ ਨਵਾਂ ਕਮਾਲ ਕਰਨ ਦੀਆਂ ਵਿਉਂਤਾਂ ਘੜਣ ਲੱਗੀ ਹੈ। ਹਾਲਾਂਕਿ ਦਿੱਲੀ ਵਰਗਾ ਕੁਝ ਪੰਜਾਬ ਵਿਚ ਕਰ ਦੇਣਾ ਪਾਰਟੀ ਲਈ ਟੇਢੀ ਖੀਰ ਤੋਂ ਘੱਟ ਨਹੀਂ ਹੈ। ਬੇਸ਼ੱਕ ਆਪ ਨੇ ਦਿੱਲੀ ਦੇ ਬਹੁਤੇ ਮਾਡਲ ਪੰਜਾਬ ਵਿਚ ਲਾਗੂ ਕੀਤੇ ਤੇ ਪੰਜਾਬ ਵਿਚ ਦਿੱਤੀਆਂ ਗਾਰੰਟੀਆਂ ਦਿੱਲੀ ਦੇ ਲੋਕਾਂ ਮੂਹਰੇ ਰੱਖੀਆਂ ਫਿਰ ਵੀ ਆਪ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਪੰਜਾਬ ਵਿਚ ਪਾਰਟੀ ਤੇ ਸਰਕਾਰ ਪ੍ਰਤੀ ਲੋਕਾਂ ਦੇ ਕਈ ਸਵਾਲ ਹਨ ਤੇ ਮੌਜੂਦਾ ਸੂਬਾ ਸਰਕਾਰ ਉਨ੍ਹਾਂ ਦੇ ਹੱਲ ਦਾ ਦਾਅਵਾ ਵੀ ਕਰ ਰਹੀ ਹੈ ਪਰ ਬੀਜੇਪੀ ਨੂੰ ਇਹ ਬਿਲਕੁਲ ਵੀ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਵਿਚ ਸਿਆਸਤ ਤੇ ਲੋਕ ਮੁੱਦਿਆਂ ਦੇ ਸਮੀਕਰਨ ਦੂਜੇ ਸੂਬਿਆਂ ਨਾਲੋਂ ਪੂਰੀ ਤਰ੍ਹਾਂ ਵੱਖਰੇ ਹਨ। ਪੰਜਾਬ ਇਕ ਸਰਹੱਦੀ ਸੂਬਾ ਹੈ ਤੇ ਇਸ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਿੱਲੀ 'ਚ ਜਿੱਤ ਤੋਂ ਬਾਅਦ ਹੋ ਸਕਦਾ ਹੈ ਕਿ ਬੀਜੇਪੀ ਪੰਜਾਬ ਵਿਚ ਆਮ ਆਦਮੀ ਪਾਰਟੀ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰੇ ਪਰ ਇਹ ਸੌਖਾ ਕਾਰਜ ਨਹੀਂ ਹੈ। ਪੰਜਾਬ ਦੇ ਕਈ ਮੁੱਦਿਆਂ 'ਤੇ ਇੱਥੋਂ ਦੀਆਂ ਖੇਤਰੀ ਪਾਰਟੀਆਂ ਵੀ ਫੇਲ੍ਹ ਸਾਬਤ ਹੋਈਆਂ ਹਨ ਤੇ ਆਮ ਆਦਮੀ ਪਾਰਟੀ ਵੀ ਇਨ੍ਹਾਂ ਮੁੱਦਿਆਂ ਦੇ ਪੱਕੇ ਹੱਲ ਦੇ ਵਾਅਦੇ ਨਾਲ ਸੂਬੇ 'ਚ ਆਈ ਸੀ ਪਰ ਹਾਲੇ ਵੀ ਕਈ ਚੁਣੌਤੀਆਂ ਬਰਕਰਾਰ ਹਨ। ਪੰਜਾਬ ਵਿਚ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਹੋਂਦ ਵਿਚ ਆਈਆਂ ਤੇ ਬਗੈਰ ਕੋਈ ਨਵੀਂ ਲੀਕ ਖਿੱਚੇ ਹਾਸ਼ੀਏ ਤੋਂ ਬਾਹਰ ਹੋ ਗਈਆਂ। ਮੁਫ਼ਤ ਯੋਜਨਾਵਾਂ ਕਿਸੇ ਵੀ ਸੂਬੇ ਵਿਚ ਲਾਗੂ ਕੀਤੀਆਂ ਜਾਣ ਤਾਂ ਲੋਕ ਬਿਨਾਂ ਸੋਚੇ ਲਾਹਾ ਲੈ ਹੀ ਲੈਂਦੇ ਹਨ ਪਰ ਵੋਟ ਪਾਉਣ ਵੇਲੇ ਉਨ੍ਹਾਂ ਅੱਗੇ ਕਈ ਸਵਾਲ ਤੇ ਜਵਾਬ ਹੁੰਦੇ ਹਨ। ਲੋਕ ਵਿਕਾਸ, ਰੁਜ਼ਗਾਰ ਤੇ ਖੁਸ਼ਹਾਲੀ ਚਾਹੁੰਦੇ ਹਨ ਤੇ ਇਸ ਤੋਂ ਬਾਹਰ ਉਨ੍ਹਾਂ ਨੂੰ ਜੋ ਮਿਲਦਾ ਹੈ, ਉਹ ਮਨਜ਼ੂਰ ਤਾਂ ਕਰ ਲੈਂਦੇ ਹਨ ਪਰ ਸਰਕਾਰ ਚੁਣਨ ਵੇਲੇ ਕਈ ਵਾਰ ਇਹ ਗੱਲਾਂ ਉਨ੍ਹਾਂ ਲਈ ਮਾਅਨੇ ਨਹੀਂ ਰੱਖਦੀਆਂ। ਇਸ ਲਈ ਪਾਰਟੀ ਚਾਹੇ ਦਿੱਲੀ 'ਚ ਜਿੱਤ ਹਾਸਲ ਕਰਨ ਵਾਲੀ ਭਾਜਪਾ ਹੋਵੇ ਜਾਂ ਪੰਜਾਬ ਦੀ ਸੱਤਾ ਧਿਰ ਤੇ ਜਾਂ ਕੋਈ ਹੋਰ ਖੇਤਰੀ ਪਾਰਟੀ। ਸੂਬੇ ਦੀਆਂ ਚੁਣੌਤਦੀਆਂ ਤੇ ਮਸ਼ਿਆਂ ਦਾ ਜਦੋਂ ਤੱਕ ਕੋਈ ਪੱਕਾ ਹੱਲ ਨਹੀਂ ਮਿਲਦਾ, ਉਦੋਂ ਤੱਕ ਲੋਕ ਨਾ ਤਾਂ ਭਰੋਸਾ ਕਰਨਗੇ ਤੇ ਨਾ ਹੀ ਕਿਸੇ ਦੇ ਹੱਕ ਵਿਚ ਫ਼ਤਵਾ ਦੇਣਗੇ। ਮੁੱਕਦੀ ਗੱਲ ਇਹ ਹੈ ਕਿ, ਦਿੱਲੀ ਦੇ ਇਸ਼ਾਰਿਆਂ ਨੂੰ ਬਹੁਤ ਸੋਚ ਸਮਝ ਕੇ ਭਵਿੱਖ ਵਿੱਚ ਵਰਤਣ ਦੀ ਲੋੜ ਹੈ।

# ਸਰਕਾਰ ਖੇਤੀਬਾੜੀ ਖੇਤਰ 'ਚ ਬੇਨਿਯਮੀਆਂ ਨੂੰ ਬਰਦਾਸ਼ਤ ਨਹੀਂ ਕਰੇਗੀ: ਸ਼ਿਵਰਾਜ



**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮਹਾਰਾਸ਼ਟਰ ਦੇ ਖੇਤੀਬਾੜੀ ਵਿਭਾਗ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚਕਾਰ ਕਿਹਾ ਕਿ ਸਰਕਾਰ ਖੇਤੀਬਾੜੀ ਖੇਤਰ 'ਚ ਬੇਨਿਯਮੀਆਂ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਜੇਕਰ ਕੋਈ ਭ੍ਰਿਸ਼ਟਾਚਾਰ 'ਚ ਸ਼ਾਮਿਲ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਚੌਹਾਨ ਲੋਕ ਸਭਾ ਵਿਚ ਐਨ.ਸੀ.ਪੀ. ਨੇਤਾ ਸੁਪ੍ਰਿਆ ਸੁਲੇ ਵਲੋਂ ਲਗਾਏ ਗਏ ਦੋਸ਼ਾਂ ਦਾ ਜਵਾਬ ਦੇ ਰਹੇ ਸਨ, ਜਿਨ੍ਹਾਂ ਨੇ ਮਹਾਰਾਸ਼ਟਰ ਦੇ ਇਕ ਮੰਤਰੀ ਅਤੇ ਇਕ ਵਿਧਾਇਕ ਦੇ ਹਵਾਲੇ ਨਾਲ ਰਾਜ ਦੇ ਖੇਤੀਬਾੜੀ ਵਿਭਾਗ ਵਿਚ 5,000 ਕਰੋੜ ਰੁਪਏ ਦੇ ਕਥਿਤ ਭ੍ਰਿਸ਼ਟਾਚਾਰ ਬਾਰੇ ਗੱਲ ਕੀਤੀ ਸੀ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਮੈਂ ਸੁਣ ਰਿਹਾ ਹਾਂ। ਮੈਨੂੰ ਨਹੀਂ ਪਤਾ ਕਿ ਅਸਲ ਸਥਿਤੀ ਕੀ ਹੈ ਪਰ ਜੇਕਰ ਕਿਤੇ ਵੀ ਕੋਈ ਬੇਨਿਯਮੀ ਹੁੰਦੀ ਹੈ ਤਾਂ ਅਸੀਂ ਜਾਂਚ ਕਰਾਂਗੇ ਅਤੇ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਚੰਨੀ ਨੇ ਸੰਸਦ 'ਚ ਚੁੱਕਿਆ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦਾ ਮੁੱਦਾ



**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਅੱਜ ਲੋਕ ਸਭਾ ਦੇ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦਾ ਮੁੱਦਾ ਉਠਾਇਆ। ਚੰਨੀ ਨੇ ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਨ 'ਤੇ ਚਰਚਾ 'ਚ ਦਿੱਸਾ ਲੈਂਦਿਆਂ ਸੰਵਿਧਾਨ ਦੀ ਧਾਰਾ 25 (2) ਜਿਸ 'ਚ ਹਿੰਦੂਆਂ ਦੀ ਪਰਿਭਾਸ਼ਾ ਦੇ ਨਾਲ ਹੀ ਸਿੱਖ, ਬੋਧ ਅਤੇ ਜੈਨੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ, 'ਚ ਤਰਸੀਮ ਕਰ ਕੇ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦੀ ਮੰਗ ਕੀਤੀ। ਚੰਨੀ ਨੇ ਕਿਹਾ ਕਿ 22 ਫਰਵਰੀ, 2000 ਨੂੰ ਸਾਬਕਾ ਚੀਫ਼ ਜਸਟਿਸ ਐਮ. ਐਨ. ਵੈਂਕਟਚਲੀਆ ਦੀ ਅਗਵਾਈ ਹੇਠ ਇਕ ਕਮਿਸ਼ਨ ਗਠਿਤ ਕੀਤਾ ਗਿਆ ਸੀ । ਸੰਵਿਧਾਨ ਦੇ ਸੰਚਾਲਨ ਦੀ ਸਮੀਖਿਆ ਲਈ ਰਾਸ਼ਟਰੀ ਕਮਿਸ਼ਨ ਵਲੋਂ ਦਿੱਤੀ ਰਿਪੋਰਟ 'ਚ ਸਿੱਖ, ਬੋਧ ਅਤੇ ਜੈਨੀਆਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦੀ ਸਿਫ਼ਾਰਿਸ਼ ਕੀਤੀ ਸੀ। ਚੰਨੀ ਨੇ ਕਿਹਾ ਕਿ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਨੂੰ ਛੇਤੀ ਤੋਂ ਛੇਤੀ ਲਾਗੂ ਕਰਨਾ ਚਾਹੀਦਾ ਹੈ। ਚਰਨਜੀਤ ਸਿੰਘ ਚੰਨੀ ਨੇ ਆਪਣੇ ਭਾਸ਼ਨ 'ਚ ਮਰਹੂਮ ਡਾ. ਮਨਮੋਹਨ ਸਿੰਘ ਨੂੰ ਦੇਸ਼ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਉਣ ਲਈ ਦੇਸ਼ ਦੇ ਸਰਬਉੱਚ ਸਨਮਾਨ 'ਭਾਰਤ ਰਤਨ' ਨਾਲ ਸਨਮਾਨਿਤ ਕਰਨ ਦੀ ਵੀ ਮੰਗ ਕੀਤੀ।

# ਹਰ ਤਰੀਕੇ ਨਾਲ ਕਰਾਂਗੇ ਦੇਸ਼ ਦੇ ਸਮੁੰਦਰੀ ਹਿੱਤਾਂ ਦੀ ਰਾਖੀ: ਤ੍ਰਿਪਾਠੀ

**ਨਵੀਂ ਦਿੱਲੀ:** ਨੇਵੀ ਮੁਖੀ ਐਡਮਿਰਲ ਦਿਨੇਸ਼ ਕੇ ਤ੍ਰਿਪਾਠੀ ਨੇ ਕਿਹਾ ਹੈ ਕਿ ਨੇਵੀ ਕਿਸੇ ਵੀ ਸਮੇਂ, ਕਿਤੇ ਵੀ ਅਤੇ ਕਿਸੇ ਵੀ ਤਰ੍ਹਾਂ ਨਾਲ ਭਾਰਤ ਦੇ ਸਮੁੰਦਰੀ ਹਿੱਤਾਂ ਦੀ ਰੱਖਿਆ ਕਰਨਾ ਜਾਰੀ ਰੱਖੇਗੀ। ਅਸੀਂ ਆਪਣੀ ਸ਼ਾਨਦਾਰ ਵਿਰਾਸਤ ਨੂੰ ਅੱਗੇ ਵਧਾਉਣ ਲਈ ਪ੍ਰਤੀਬੱਧ ਹਾਂ ਅਤੇ ਭਾਰਤੀ ਨੇਵੀ ਭਾਰਤ ਦੇ ਸਮੁੰਦਰੀ ਹਿੱਤਾਂ ਦੀ ਰੱਖਿਆ ਕਰਨਾ ਜਾਰੀ ਰੱਖੇਗੀ। ਨੇਵੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਸੰਮੇਲਨ ਦਾ ਉਦੇਸ਼, ਸੰਮੇਲਨ 'ਚ ਸ਼ਾਮਲ ਹੋਏ ਅੱਠ ਨੇਵੀ ਮੁਖੀਆਂ ਦੇ ਸਮੂਹਿਕ ਤਜਰਬੇ ਅਤੇ ਗਿਆਨ ਤੋਂ ਲਾਭ ਉਠਾਉਣਾ ਹੈ। ਨੇਵੀ ਦੇ ਬੁਲਾਰੇ ਨੇ ਐਤਵਾਰ ਨੂੰ ਕਿਹਾ ਕਿ ਇਨ੍ਹਾਂ ਸਾਬਕਾ ਮੁਖੀਆਂ ਨੂੰ ਨਵੀ ਦੀ ਨੀਤੀਗਤ ਪਹਿਲ, ਤਕਨੀਕੀ, ਸਮੱਗਰੀ ਅਤੇ ਰਸਦ ਨੂੰ ਲੈ ਕੇ ਅਪਡੇਟ ਦਿੱਤਾ ਗਿਆ।



ਬਿਆਨ 'ਚ ਨੇਵੀ ਮੁਖੀ ਦੇ ਹਵਾਲੇ ਨਾਲ ਕਿਹਾ ਗਿਆ, 'ਅਸੀਂ ਤੁਹਾਡੀ ਸ਼ਾਨਦਾਰ ਵਿਰਾਸਤ ਨੂੰ ਅੱਗੇ ਵਧਾਉਣ ਲਈ ਪ੍ਰਤੀਬੱਧ ਹਾਂ ਅਤੇ ਭਾਰਤੀ ਨੇਵੀ ਭਾਰਤ ਦੇ ਸਮੁੰਦਰੀ ਹਿੱਤਾਂ ਦੀ ਰੱਖਿਆ ਕਰਨਾ ਜਾਰੀ ਰੱਖੇਗੀ, ਕਿਸੇ ਵੀ ਸਮੇ, ਕਿਤੇ ਵੀ, ਕਿਸੇ ਵੀ ਤਰ੍ਹਾਂ। ਮਾਹਰਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਧੁਨਿਕ ਤਕਨੀਕਾਂ ਅਤੇ ਰਣਨੀਤਕ ਖੋਜਾਂ ਨੂੰ ਅਪੇਣਾ ਕੇ ਭਾਰਤੀ ਨੇਵੀ ਨੂੰ ਇਕ ਸ਼ਕਤੀਸ਼ਾਲੀ ਅਤੇ ਆਤਮ ਨਿਰਭਰ ਸਮੁੰਦਰੀ ਬਲ ਦੇ ਰੂਪ 'ਚ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ। ਭਾਰਤੀ ਨੇਵੀ ਮੁਖੀਆਂ ਦਾ ਸੰਮੇਲਨ 2025, ਸੰਸਥਾਗਤ ਲਗਾਤਾਰਤਾ ਅਤੇ ਰਣਨੀਤਕ ਸੋਚ ਦੇ ਮਹੱਤਵ ਨੂੰ ਦਰਸਾਉਂਦਾ ਹੈ।

ਸੰਮੇਲਨ 'ਚ ਇਕ ਸੈਸ਼ਨ 'ਮੰਥਨ' ਕੀਤਾ ਗਿਆ ਜਿਸ ਨਾਲ ਉਭਰਦੇ ਭੂ-ਰਾਜਨੀਤਕ ਹਾਲਾਤ ਅਤੇ ਯੁੱਧ ਤੇ ਸਮੁੰਦਰੀ ਰਣਨੀਤੀ ਦੇ ਭਵਿੱਖ 'ਤੇ ਚਰਚਾ ਹੋਈ। ਸੰਮੇਲਨ 'ਚ 'ਲੀਗੇਸੀ ਆਫ ਲੀਡਰਸ਼ਿਪ : ਨੇਵਲ ਚੀਫਸ ਥਰੂ ਟਾਈਮ' ਨਾਮਕ ਪੁਸਤਕ ਦਾ ਵਿਮੋਚਨ ਕੀਤਾ ਗਿਆ ਜਿਸ 'ਚ ਸਾਬਕਾ ਨੇਵੀ ਮੁਖੀਆਂ ਨਾਲ ਜੁੜੀਆਂ ਪ੍ਰੇਰਕ ਘਟਨਾਵਾਂ ਦਾ ਵਰਣਨ ਕੀਤਾ ਗਿਆ।

# ਸਟੇਜ 'ਤੇ ਨੱਚਦਿਆਂ ਦਿਲ ਦਾ ਦੌਰਾ ਪੈਣ ਨਾਲ ਲੜਕੀ ਦੀ ਮੌਤ

**ਵਿਦਿਸ਼ਾ:** ਮੱਧ ਪ੍ਰਦੇਸ਼ ਦੇ ਵਿਦਿਸ਼ਾ ਜ਼ਿਲ੍ਹੇ 'ਚ ਮੈਰਿਜ ਹਾਲ 'ਚ ਵਿਆਹ ਦੌਰਾਨ ਸਟੇਜ 'ਤੇ ਨੱਚਦੇ ਸਮੇਂ ਇਕ ਕੁੜੀ ਅਚਾਨਕ ਬੇਹੋਸ਼ ਹੋ ਕੇ ਡਿੱਗ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਡਾਕਟਰਾਂ ਅਨੁਸਾਰ ਲੜਕੀ ਨੂੰ ਨੱਚਦੇ ਸਮੇਂ ਦਿਲ ਦਾ ਦੌਰਾ ਪੈ ਗਿਆ ਤੇ ਧੜਕਣ ਰੁਕ ਗਈ।



ਮ੍ਰਿਤਕਾ ਪਰਿਣੀਤਾ ਜੈਨ ਇੰਦੌਰ ਦੀ ਰਹਿਣ ਵਾਲੀ ਸੀ। ਉਹ ਆਪਣੇ ਮਾਮੇ ਦੀ ਧੀ ਦੇ ਵਿਆਹ 'ਚ ਸ਼ਾਮਲ ਹੋਣ ਲਈ ਆਈ ਸੀ।

# ਸੰਵਿਧਾਨਕ ਸਰਹੱਦ 'ਚ ਪਰਤੇ ਪਾਕਿ ਫ਼ੌਜ: ਇਮਰਾਨ



**ਇਸਲਾਮਾਬਾਦ:** ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਐਤਵਾਰ ਨੂੰ ਫ਼ੌਜ ਮੁਖੀ ਜਨਰਲ ਅਸੀਮ ਮੁਨੀਰ ਦੇ ਨਾਂ ਇਕ ਖੁੱਲ੍ਹਾ ਪੱਤਰ ਜਾਰੀ ਕੀਤਾ ਹੈ। ਇਸ ਪੱਤਰ 'ਚ ਇਮਰਾਨ ਨੇ ਫ਼ੌਜ ਦੀਆਂ ਗ਼ੈਰ-ਕਾਨੂੰਨੀ ਸਰਗਰਮੀਆ ਤੇ ਸਿਆਸਤ 'ਚ ਉਸਦੀ ਸ਼ਮੂਲੀਅਤ ਦੀ ਨਿਖੇਧੀ ਕੀਤੀ ਹੈ ਤੇ ਉਸ ਨਾਲ ਆਪਣੇ ਸੰਵਿਧਾਨਕ ਘੇਰੇ 'ਚ ਪਰਤਣ ਦੀ ਅਪੀਲ ਕੀਤੀ ਹੈ। ਇਮਰਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਨੇਤਾ ਉਮਰ ਅਯੂਬ ਖ਼ਾਨ ਨੇ ਸਰਕਾਰ ਨਾਲ ਗੱਲਬਾਤ ਬਹਾਲ ਹੋਣ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਨੈਸ਼ਨਲ ਅਸੈਂਬਲੀ 'ਚ ਵਿਰੋਧੀ ਧਿਰ ਦੇ ਨੇਤਾ ਅਯੂਬ ਨੇ ਕਿਹਾ ਕਿ ਗੱਲਬਾਤ ਦਾ ਅਧਿਆਏ ਬੰਦ ਹੋ ਗਿਆ। ਐਕਸ 'ਤੇ ਪੋਸਟ ਪੱਤਰ 'ਚ ਪੀਟੀਆਈ ਸੰਸਥਾਪਕ ਨੇ ਜੇਲ੍ਹ 'ਚ ਹੋ ਰਹੇ ਮਾੜੇ ਵਿਵਹਾਰ ਦਾ ਦੋਸ਼ ਲਗਾਇਆ ਹੈ। ਜੇਲ੍ਹ 'ਚ ਇਮਰਾਨ ਨੂੰ ਫਾਂਸੀ ਦੀ ਸਜ਼ਾ ਵਾਲੀ ਕੋਠੜੀ 'ਚ ਰੱਖਿਆ ਗਿਆ ਸੀ।

# ਡੰਕੀ ਰੂਟ ਰਾਹੀਂ ਅਮਰੀਕਾ ਜਾ ਰਹੇ ਨੌਜਵਾਨ ਦੀ ਰਾਹ 'ਚ ਮੌਤ

**ਅੰਮ੍ਰਿਤਸਰ:** ਅਜਨਾਲਾ ਵਿਧਾਨ ਸਭਾ ਹਲਕੇ ਦੇ ਰਾਮਦਾਸ ਕਸਬੇ ਦੇ ਵਸਨੀਕ ਗੁਰਪ੍ਰੀਤ ਸਿੰਘ (33) ਦੀ ਡੰਕੀ ਰੂਟ ਰਾਹੀਂ ਅਮਰੀਕਾ ਜਾਂਦੇ ਸਮੇਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਦੋਸ਼ ਹੈ ਕਿ ਟ੍ਰੈਵਲ ਏਜੰਟ ਨੇ ਡੰਕੀ ਲਗਾ ਕੇ ਉਸ ਨੂੰ ਅਮਰੀਕਾ ਭੇਜਣ ਲਈ ਉਸ ਦੇ ਪਰਿਵਾਰ ਤੋਂ 36 ਲੱਖ ਰੁਪਏ ਲਏ ਸਨ। ਘਟਨਾ ਦਾ ਪਤਾ ਲੱਗਦੇ ਹੀ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪੀੜਤ ਪਰਿਵਾਰ ਨੂੰ 'ਮਿਲਣ ਲਈ ਪੁੱਜੇ। ਗੁਰਪ੍ਰੀਤ ਦੇ ਪਿਤਾ ਝਿਰਮਲ ਸਿੰਘ, ਮਾਂ ਪ੍ਰਕਾਸ਼ ਕੌਰ, ਰਿਸ਼ਤੇਦਾਰ ਸਿਤਾਰਾ ਸਿੰਘ ਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਗੁਰਪ੍ਰੀਤ ਰਾਮਦਾਸ ਵਿਖੇ ਮਜ਼ਦੂਰ ਵਜੋਂ ਕੰਮ ਕਰਦਾ ਸੀ। ਉਸ ਦੀਆਂ ਛੇ ਭੈਣਾਂ ਹਨ। ਭੈਣਾਂ ਤੇ ਆਪਣੇ ਵਿਆਹ ਦੀ ਸਾਰੀ ਜ਼ਿੰਮੇਵਾਰੀ ਗੁਰਪ੍ਰੀਤ ਸਿੰਘ 'ਤੇ ਸੀ। ਗੁਰਪ੍ਰੀਤ ਸਿੰਘ ਕਰੀਬ ਇਕ ਸਾਲ ਤੋਂ ਚੰਡੀਗੜ੍ਹ ਦੇ ਬਲਵਿੰਦਰ ਸਿੰਘ ਨਾਂ ਦੇਟ੍ਰੈਵਲ ਏਜੰਟ ਦੇ ਸੰਪਰਕ 'ਚ ਸੀ। ਟ੍ਰੈਵਲ ਏਜੰਟ ਨੇ ਉਸ ਨੂੰ ਕਿਹਾ ਸੀ ਕਿ ਉਹ 36 ਲੱਖ ਰੁਪਏ 'ਚ ਉਸ ਨੂੰ ਡੰਕੀ ਰੂਟ ਰਾਹੀਂ ਅਮਰੀਕੀ ਸਰਹੱਦ ਪਾਰ ਕਰਵਾ ਸਕਦਾ ਹੈ। ਉਹ ਉੱਥੇ ਭਾਰਤੀ ਕਰੰਸੀ ਦੇ ਹਿਸਾਬ ਨਾਲ ਪੰਜ ਤੋਂ ਛੇ ਲੱਖ ਰੁਪਏ ਪ੍ਰਤੀ ਮਹੀਨਾ ਕਮਾ ਸਕਦਾ ਹੈ। ਉਨ੍ਹਾਂ ਕਿਸੇ ਤਰ੍ਹਾਂ ਰਿਸ਼ਤੇਦਾਰਾਂ ਤੇ




ਪੈਸੇ ਇਕੱਠੇ ਕਰ ਕੇ ਏਜੰਟ ਨੂੰ 36 ਲੱਖ ਰੁਪਏ ਦੇ ਦਿੱਤੇ। ਲਗਭਗ ਤਿੰਨ ਮਹੀਨੇ ਪਹਿਲਾਂ ਹਰਪ੍ਰੀਤ ਅਮਰੀਕਾ ਦੀ ਨਿਕਲਿਆ ਸੀ। ਗੁਆਟੇਮਾਲਾ ਪਹੁੰਚਣ ਤੋਂ ਬਾਅਦ ਉਹ ਮੁਹੰਮਦ ਨਾਂ ਦੇ ਏਜੰਟ ਰਾਹੀਂ ਡੰਕੀ ਰੂਟ ਰਾਹੀਂ ਅਮਰੀਕਾ ਜਾ ਰਿਹਾ ਸੀ। ਗੁਆਟੇਮਾਲਾ ਨੇੜੇ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਗੁਰਪ੍ਰੀਤ ਨਾਲ ਅਮਰੀਕਾ ਜਾ ਰਹੇ ਕਪੂਰਥਲਾ ਦੇ ਵਿਅਕਤੀ ਨੇ ਉਸ ਦੀ ਮੌਤ ਦੀ ਜਾਣਕਾਰੀ ਦਿੱਤੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਛੇ ਸਾਲ ਪਹਿਲਾਂ ਵਰਕ ਪਰਮਿਟ ਤੇ ਇੰਗਲੈਂਡ ਗਿਆ ਸੀ। ਪਰ ਸੈਟਂ ਨਾ ਹੋਣ ਕਾਰਨ ਵਾਪਸ ਆ ਗਿਆ। ਹੁਣ ਉਸ ਦਾ ਸੁਪਨਾ ਅਮਰੀਕਾ ਜਾਣ ਦਾ ਸੀ। ਪਰਿਵਾਰ ਨੇ ਗੋਲ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਕਿਸੇ ਤਰ੍ਹਾਂ ਪੁੱਤਰ ਦੀ ਲਾਸ਼ ਭਾਰਤ ਲਿਆ ਕੇ ਦਿੱਤੀ ਜਾਵੇ ਤਾਂ ਜੋ ਉਸ ਦਾ ਅੰਤਿਮ ਸੰਸਕਾਰ ਕੀਤਾ ਜਾ ਸਕੇ।

# ਛੱਤੀਸਗੜ੍ਹ ਵਿਚ 31 ਨਕਸਲੀ ਮਾਰੇ ਗਏ

**ਬੀਜਾਪੁਰ:** ਛੱਤੀਸਗੜ੍ਹ 'ਚ ਸੁਰੱਖਿਆ ਬਲਾਂ ਨੇ ਨਕਸਲੀਆਂ ਦੇ ਸਫ਼ਾਏ ਦੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਇਸੇ ਤਹਿਤ ਬੀਜਾਪੁਰ 'ਚ ਐਤਵਾਰ ਨੂੰ ਸੁਰੱਖਿਆ ਬਲਾਂ ਨੇ 11 ਔਰਤਾਂ ਸਣੇ 31 ਨਕਸਲੀਆਂ ਨੂੰ ਮਾਰ ਦਿੱਤਾ। ਫਰਸੇਗੜ੍ਹ ਥਾਣਾ ਤਹਿਤ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ 'ਚ ਮਹਾਰਾਸ਼ਟਰ ਸਰਹੱਦ ਨੇੜੇ ਛੋਟੇ ਕਾਕਲੇਰ ਤੇ ਲੈਂਦੇੜ ਦੇ ਜੰਗਲ 'ਚ ਹੋਏ ਮੁਕਾਬਲੇ 'ਚ ਮਾਰੇ ਗਏ ਸਾਰੇ ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਮੁਕਾਬਲੇ ਵਾਲੀ ਜਗ੍ਹਾ ਤੋਂ ਏਕੇ-47, ਐਸਐਲਆਰ, ਇੰਸਾਸ ਰਾਈਫਲ, ਰੇਲ ਗਨੇਡ ਲਾਂਚਰ ਸਮੇਤ ਭਾਰੀ ਮਾਤਰਾ 'ਚ ਧਮਾਕਾਖੇਜ਼ ਸਮੱਗਰੀ ਬਰਾਮਦ ਹੋਈ ਹੈ। ਇਸ ਦੌਰਾਨ ਜ਼ਿਲ੍ਹਾ ਰਿਜ਼ਰਵ ਗਾਰਡ (ਡੀਆਰਜੀ) ਦੇ ਹੋਲਦਾਰ ਨਰੇਸ਼ ਧਰੁਵ ਤੇ ਐਸਟੀਐਫ ਦੇ ਜਵਾਨ ਵਸਿਤ ਰਾਵਣੇ ਸ਼ਹੀਦ ਹੋ ਗਏ ਜਦਕਿ ਡੀਆਰਜੀ ਜਵਾਨ ਜੰਗੂ ਤੇਲਮ ਤੇ ਐਸਟੀਐੱਫ ਕਾਂਸਟੇਬਲ ਗੁਲਾਬ ਮੈਡਾਰੀ ਜ਼ਖਮੀ ਹੋਏ ਹਨ। ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਰਾਏਪੁਰ ਦੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਬਣੀ ਹੋਈ ਹੈ।

ਜ਼ਿਕਰਯੋਗ ਹੈ ਕਿ ਅਬੂਝਮਾੜ ਦੇ ਨਾਲ ਲੱਗਦਾ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਨਕਸਲੀਆਂ ਲਈ ਸੁਰੱਖਿਅਤ ਟਿਕਾਣਾ ਮੰਨਿਆ ਜਾਂਦਾ ਹੈ। 2,799.08 ਵਰਗ ਕਿਲੋਮੀਟਰ 'ਚ ਫੈਲਿਆ ਇਹ ਖੇਤਰ ਮਹਾਰਾਸ਼ਟਰ ਦੀ ਸਰਹੱਦ ਦੇ ਨਾਲ ਲੱਗਦਾ ਹੈ। ਪੁਲਿਸ ਅਨੁਸਾਰ ਜੰਗਲ 'ਚ ਨਕਸਲੀਆਂ ਦੀ ਮੌਜੂਦਗੀ ਦੀ ਸੂਚਨਾ 'ਤੇ ਸ਼ੁੱਕਰਵਾਰ ਨੂੰ ਹੀ ਸੰਯੁਕਤ ਟੀਮ ਭੇਜੀ ਗਈ



ਸੀ। ਇਸ 'ਚ ਡੀਆਰਜੀ, ਐੱਸਟੀਐੱਫ ਤੇ ਬਸਤਰ ਫਾਈਟਰ ਦੇ ਲਗਪਗ ਇਕ ਹਜ਼ਾਰ ਜਵਾਨ ਸ਼ਾਮਲ ਸਨ। ਮੰਨੀ ਨੈਸ਼ਨਲ ਪਾਰਕ ਖੇਤਰ 'ਚ ਐਤਵਾਰ ਨੂੰ ਟੀਮ ਦੇ ਪਹੁੰਚਦੇ ਹੀ ਨਕਸਲੀਆਂ ਨਾਲ ਮੁਕਾਬਲਾ ਸ਼ੁਰੂ ਹੋ ਗਿਆ। ਦੁਪਹਿਰ ਤੱਕ ਦੋਵਾਂ ਪਾਸਿਓਂ ਰੁਕ-ਰੁਕ ਕੇ ਗੋਲੀਬਾਰੀ ਹੁੰਦੀ ਰਹੀ। ਸੁਰੱਖਿਆ ਬਲਾਂ ਨੂੰ ਭਾਰੀ ਪੈਂਦਾ ਦੇਖ ਨਕਸਲੀ ਜੰਗਲ 'ਚ ਭੱਜ ਗਏ। ਮੁਕਾਬਲੇ ਵਾਲੀ ਜਗ੍ਹਾ ਦੀ ਤਲਾਸ਼ੀ ਦੌਰਾਨ 31 ਨਕਸਲੀਆਂ ਦੀਆਂ ਲਾਸ਼ਾਂ ਤੇ ਹਥਿਆਰ ਮਿਲੇ। ਮਾਰੇ ਗਏ ਨਕਸਲੀਆਂ ਦੀਆਂ ਲਾਸ਼ਾਂ ਨੂੰ ਬੀਜਾਪੁਰ ਲਿਆਉਣ ਦੀ ਤਿਆਰੀ ਹੈ। ਇਸ ਸਾਲ ਜਨਵਰੀ ਤੋਂ ਹੁਣ ਤੱਕ ਛੱਤੀਸਗੜ੍ਹ 'ਚ ਹੋਏ ਅੱਠ ਮੁਕਾਬਲਿਆਂ 'ਚ ਸੁਰੱਖਿਆ ਬਲਾਂ ਨੇ 87 ਨਕਸਲੀਆਂ ਨੂੰ ਮਾਰ ਦਿੱਤਾ ਹੈ। ਪਿਛਲੇ ਸਾਲ ਵੀ 100 ਤੋਂ ਵੱਧ ਨਕਸਲ ਵਿਰੋਧੀ ਮੁਹਿੰਮ 'ਚ 219 ਨਕਸਲੀਆਂ ਦੀਆਂ ਲਾਸ਼ਾਂ ਤੇ ਵੱਡੀ ਗਿਣਤੀ 'ਚ ਹਥਿਆਰ ਪੁਲਿਸ ਨੂੰ ਮਿਲੇ ਸਨ। ਹਾਲਾਂਕਿ ਨਕਸਲੀਆਂ ਅਨੁਸਾਰ ਸਾਲ 2024 'ਚ 239 ਨਕਸਲੀ ਮਾਰੇ ਗਏ ਸਨ। ਡਬਲ ਇੰਜਣ ਦੀ ਸਰਕਾਰ 'ਚ 13 ਮਹੀਨਿਆਂ 'ਚ 326 ਤੋਂ ਵੱਧ ਨਕਸਲੀ ਮਾਰੇ ਜਾ ਚੁੱਕੇ ਹਨ।

## ਮਾਰਚ 2026 ਤੋਂ ਬਾਅਦ ਨਕਸਲੀ ਹਿੰਸਾ 'ਚ ਨਹੀਂ ਜਾਵੇਗੀ ਕਿਸੇ ਦੀ ਜਾਨ: ਸ਼ਾਹ

### ਦੇਸ਼ ਇਨ੍ਹਾਂ ਸ਼ਹੀਦਾਂ ਦਾ ਸਦਾ ਕਰਜ਼ਾਈ ਰਹੇਗਾ

ਨਕਸਲ ਮੁਕਤ ਭਾਰਤ ਬਣਾਉਣ ਦੀ ਦਿਸ਼ਾ 'ਚ ਸੁਰੱਖਿਆ ਬਲਾਂ ਨੇ ਛੱਤੀਸਗੜ੍ਹ ਦੇ ਬੀਜਾਪੁਰ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ। ਮਨੁੱਖਤਾ ਵਿਰੋਧੀ ਨਕਸਲਵਾਦ ਨੂੰ ਖ਼ਤਮ ਕਰਨ 'ਚ ਅੱਜ ਅਸੀਂ ਆਪਣੇ ਦੋ ਬਹਾਦਰ



ਜਵਾਨਾਂ ਨੂੰ ਗੁਆਇਆ ਹੈ। ਦੇਸ਼ ਇਨ੍ਹਾਂ ਵੀਰਾਂ ਦਾ ਸਦਾ ਕਰਜ਼ਾਈ ਰਹੇਗਾ। ਸ਼ਹੀਦ ਜਵਾਨਾਂ ਦੇ ਪਰਿਵਾਰਕ ਮੈਂਬਰਾਂ ਪ੍ਰਤੀ ਭਾਵਪੂਰਨ ਸੰਵੇਦਨਾਵਾਂ ਪ੍ਰਗਟ ਕਰਦਾ ਹਾਂ। ਨਾਲ ਹੀ ਇਹ ਸੰਕਲਪ ਦੁਹਰਾਉਂਦਾ ਹਾਂ ਕਿ 31 ਮਾਰਚ 2026 ਤੋਂ ਪਹਿਲਾਂ ਅਸੀਂ ਦੇਸ਼ 'ਚੋਂ ਨਕਸਲਵਾਦ ਨੂੰ ਜੜ੍ਹੋਂ ਖ਼ਤਮ ਕਰ ਦਿਆਂਗੇ। ਇਸ ਤੋਂ ਬਾਅਦ ਨਕਸਲੀ ਹਿੰਸਾ 'ਚ ਦੇਸ਼ ਦੇ ਕਿਸੇ ਵੀ ਨਾਗਰਿਕ ਨੂੰ ਜਾਨ ਨਹੀਂ ਗੁਆਉਣੀ ਪਵੇਗੀ।

# ਕੇਜਰੀਵਾਲ ਬਹਾਨੇ ਸੰਜੇ ਰਾਊਤ ਨੇ ਅੰਨਾ ਨੂੰ ਕੀਤੇ ਸਵਾਲ

**ਮੁੰਬਈ:** ਸ਼ਿਵ ਸੈਨਾ (ਯੂਬੀਟੀ) ਦੇ ਆਗੂ ਤੇ ਰਾਜ ਸਭਾ ਮੈਂਬਰ ਸੰਜੇ ਰਾਊਤ ਨੇ ਕਿਹਾ ਹੈ ਕਿ ਸੀਨੀਅਰ ਸਮਾਜਿਕ ਕਾਰਕੁੰਨ ਅੰਨਾ ਹਜ਼ਾਰੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਅਰਵਿੰਦ ਕੇਜਰੀਵਾਲ ਦੀ ਹਾਰ ਤੋਂ ਖ਼ੁਸ਼ ਹਨ। ਰਾਊਤ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵਿਰੁੱਧ ਪਿਛਲੇ ਕੁਝ ਸਾਲਾਂ ਵਿਚ ਲਗਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਹਜ਼ਾਰੇ ਦੀ ਖ਼ਾਮੋਸ਼ੀ 'ਤੇ ਸਵਾਲ ਕੀਤੇ ਹਨ। ਰਾਜ ਸਭਾ ਮੈਂਬਰ ਰਾਊਤ ਨੇ ਐਤਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਜਦੋਂ ਮੋਦੀ ਦੇ ਰਾਜ ਵਿਚ ਭ੍ਰਿਸ਼ਟਾਚਾਰ ਹੋਇਆ, ਉਦੋਂ ਹਜ਼ਾਰੇ ਕਿੱਥੇ ਸਨ? ਕੇਜਰੀਵਾਲ ਦੀ ਹਾਰ 'ਤੇ ਹਜ਼ਾਰੇ ਗਦਗਦ ਹੋ ਰਹੇ ਹਨ। ਜਦੋਂ ਮੁਲਕ ਨੂੰ ਲੁੱਟਿਆ ਜਾ ਰਿਹਾ ਸੀ ਤੇ ਸਾਰੀ ਧਨ ਦੌਲਤ ਇੱਕੋ ਉਦਯੋਗਪਤੀ ਦੇ ਹੱਥਾਂ ਵਿਚ ਜਾ ਰਹੀ ਸੀ, ਅਜਿਹੀ ਸਥਿਤੀ ਵਿਚ ਲੋਕਤੰਤਰ ਕਿਵੇਂ ਬਰਕਰਾਰ ਰਹਿ ਸਕਦਾ ਹੈ? ਅਜਿਹੇ ਸਮੇਂ ਵਿਚ ਹਜ਼ਾਰੇ ਦੀ ਚੁੱਪੀ ਦੇ ਪਿੱਛੇ ਕੀ ਭੇਤ ਹੋ ਸਕਦਾ ਹੈ?



# ਜਥੇਦਾਰ ਹਰਪ੍ਰੀਤ ਸਿੰਘ ਨੂੰ ਅਜਿਹੇ ਫ਼ੈਸਲੇ ਦੀ ਹੀ ਸੀ ਉਡੀਕ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਆਖ਼ਰਕਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ਾਂ ਨੂੰ ਸਹੀ ਮੰਨਦਿਆਂ ਡੇਢ ਘੰਟੇ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ 'ਤੇ ਚੱਲੀ ਬਹਿਸ ਮਗਰੋਂ ਫ਼ੈਸਲਾ ਲੈਂਦਿਆਂ ਸੇਵਾਵਾਂ ਖ਼ਤਮ ਕਰ ਕੇ ਨੌਕਰੀ ਤੋਂ ਫਾਰਗ ਕਰਨ ਦਾ ਜੋ ਫ਼ੈਸਲਾ ਕੀਤਾ ਹੈ, ਗਿਆਨੀ ਹਰਪ੍ਰੀਤ ਸਿੰਘ ਨੂੰ ਇਸੇ ਫ਼ੈਸਲੇ ਦੀ ਉਮੀਦ ਤੇ ਉਡੀਕ ਸੀ।



2 ਦਸੰਬਰ 2024 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਆਗੂਆਂ ਪ੍ਰਤੀ ਲਏ ਗਏ ਸਖਤ ਫ਼ੈਸਲਿਆਂ ਨੂੰ ਲਾਗੂ ਕਰਵਾਉਣ ਲਈ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਅੜੀ ਰੱਖੀ ਸੀ। ਗਿਆਨੀ ਹਰਪ੍ਰੀਤ ਸਿੰਘ ਵੱਲੋਂ 2 ਦਸੰਬਰ ਤੋਂ ਬਾਅਦ ਵੱਖ-ਵੱਖ ਬਿਆਨ ਅਤੇ ਗਤੀਵਿਧੀਆਂ ਵੀ ਉਪਰੋਕਤ ਫ਼ੈਸਲੇ ਵਿਚ ਅਹਿਮ ਰਹੀਆਂ। ਇਸੇ ਦਰਮਿਆਨ ਕਈ ਵਾਰ ਅਕਾਲੀ ਆਗੂਆਂ ਸਮੇਤ ਤਿੰਨ ਮੈਂਬਰੀ ਕਮੇਟੀ ਨੂੰ ਵੀ ਗਿਆਨੀ ਹਰਪ੍ਰੀਤ ਸਿੰਘ ਨੇ ਤਲਖੀ ਭਰੇ ਲਹਿਜ਼ੇ ਵਿਚ ਹੀ ਸੰਬੋਧਨ ਕੀਤਾ ਸੀ।

### 16 ਦਸੰਬਰ ਨੂੰ ਗੁਰਪ੍ਰੀਤ ਸਿੰਘ ਨੇ ਕੀਤੀ ਸੀ ਸ਼ਿਕਾਇਤ

16 ਦਸੰਬਰ 2024 ਨੂੰ ਮੁਕਤਸਰ ਨਿਵਾਸੀ ਗੁਰਪ੍ਰੀਤ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸ਼ਿਕਾਇਤ ਕੀਤੀ ਸੀ। ਸ਼ਿਕਾਇਤ ਵਿਚ ਗੁਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਉਸ ਦਾ ਵਿਆਹ ਜਥੇਦਾਰ ਦੀ ਸਾਲੀ ਨਾਲ ਹੋਇਆ ਸੀ। ਗੁਰਪ੍ਰੀਤ ਸਿੰਘ ਨੇ ਦੋਸ਼ ਲਗਾਇਆ ਸੀ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਉਸ ਦੀ ਵਿਆਹੁਤਾ ਜ਼ਿੰਦਗੀ ਵਿਚ ਦਖ਼ਲ ਦਿੱਤਾ ਅਤੇ ਉਸ ਦੀ ਪਤਨੀ ਨੂੰ ਵਰਗਲਾਇਆ ਜਿਸ ਦੇ ਨਤੀਜੇ ਵੱਜੋਂ ਉਸ ਦਾ ਪਤਨੀ ਨਾਲ ਤਲਾਕ ਹੋ ਗਿਆ। ਉਸ ਦੀਆਂ ਧੀਆਂ ਨੂੰ ਵੀ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਕੋਲ ਰੱਖਿਆ। ਇਸ ਤੋਂ ਇਲਾਵਾ ਹੋਰ ਵੀ ਕਈ ਤਰਾਂ ਦੇ ਦੋਸ਼ ਲਗਾਏ ਗਏ ਸਨ।

### ਗਿਆਨੀ ਹਰਪ੍ਰੀਤ ਸਿੰਘ ਨੂੰ ਅਪ੍ਰੈਲ 2017 ਵਿਚ ਲਗਾਇਆ ਗਿਆ ਸੀ ਜਥੇਦਾਰ

ਅਪ੍ਰੈਲ 2017 ਵਿਚ ਗਿਆਨੀ ਗੁਰਮੁੱਖ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਹਟਾ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਲਗਾਇਆ ਸੀ। ਜਿਸ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਜੋਂ ਅਸਤੀਫਾ ਦੇਣ 'ਤੇ ਅਕਤੂਬਰ 2018 ਵਿਚ ਗਿਆਨੀ ਗੁਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਦਾ ਵਾਧੂ ਚਾਰਜ ਦਿੱਤਾ ਗਿਆ ਸੀ। 16 ਜੂਨ 2023 ਨੂੰ ਗਿਆਨੀ ਹਰਪ੍ਰੀਤ ਸਿੰਘ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਦਾ ਵਾਧੂ ਚਾਰਜ ਵਾਪਸ ਲੈ ਕੇ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਸੀ।

### ਗਿਆਨੀ ਹਰਪ੍ਰੀਤ ਸਿੰਘ ਜਲਦ ਕਰ ਸਕਦੇ ਨੇ ਰਣਨੀਤੀ ਦਾ ਐਲਾਨ

ਪਿਛਲੇ ਦਿਨੀਂ ਦਿੱਤੇ ਬਿਆਨਾਂ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਉਸ ਫ਼ੈਸਲੇ ਦੀ ਉਡੀਕ ਹੈ ਜਿਸ ਵਿਚ ਉਨ੍ਹਾਂ ਉਪਰ ਦੋਸ਼ ਲਗਾ ਕੇ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਸੀ ਕਿ ਜਿਹੜਾ ਫ਼ੈਸਲਾ ਹੋਣਾ ਹੈ, ਉਹ ਪਹਿਲਾਂ ਹੀ ਤੈਅ ਕੀਤਾ ਜਾ ਚੁੱਕਾ ਹੈ। ਜਾਂਚ ਦੇ ਨਾਂ 'ਤੇ ਸਮਾਂ ਖਰਾਬ ਕੀਤਾ ਜਾ ਰਿਹਾ ਹੈ, ਫ਼ੈਸਲਾ ਲਿਖਿਆ ਜਾ ਚੁੱਕਾ ਹੈ, ਉਸ ਉਪਰ ਮੋਹਰ ਲੱਗਣੀ ਬਾਕੀ ਹੈ। ਉਨ੍ਹਾਂ ਕਿਹਾ ਸੀ ਕਿ ਜਲਦ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰੋ ਤਾਂ ਜੋ ਉਹ ਪੰਥ ਨਾਲ ਮਿਲ ਕੇ ਉਨ੍ਹਾਂ ਪ੍ਰਤੀ ਸਾਜ਼ਿਸ਼ ਕਰਨ ਵਾਲਿਆਂ ਖ਼ਿਲਾਫ਼ ਜਵਾਬ ਦੇ ਸਕਣ ਅਤੇ ਸਿੱਖੀ ਦਾ ਪ੍ਰਚਾਰ ਪਸਾਰ ਕਰ ਸਕਣ। ਹੁਣ ਗਿਆਨੀ ਹਰਪ੍ਰੀਤ ਸਿੰਘ ਹਰ ਤਰ੍ਹਾਂ ਦਾ ਫ਼ੈਸਲਾ ਲੈਣ ਲਈ ਆਜ਼ਾਦ ਹੋ ਚੁੱਕੇ ਹਨ। ਜਲਦ ਹੀ ਗਿਆਨੀ ਹਰਪ੍ਰੀਤ ਸਿੰਘ ਆਪਣੀ ਰਣਨੀਤੀ ਦਾ ਐਲਾਨ ਕਰ ਸਕਦੇ ਹਨ।

## ਕਾਲੇ ਦਿਨ ਵਜੋਂ ਜਾਣਿਆ ਜਾਵੇਗਾ ਇਹ ਦਿਨ: ਕਾਲਕਾ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ



ਕਾਲਕਾ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾਉਣ ਦੇ ਫ਼ੈਸਲੇ ਨੂੰ ਬਦਲੇ ਦੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਸਿਰਫ਼ ਸ਼੍ਰੋਮਣੀ ਕਮੇਟੀ ਲਈ ਹੀ ਨਹੀਂ ਸਗੋਂ ਸਮੁੱਚੇ ਸਿੱਖ ਭਾਈਚਾਰੇ ਲਈ ਕਾਲਾ ਦਿਨ ਹੈ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ 'ਤੇ ਲਗਾਏ ਗਏ ਦੋਸ਼ ਬੇਬੁਨਿਆਦ ਹਨ। ਦਰਅਸਲ ਇਸ ਦੀ ਆੜ ਵਿਚ ਸ਼੍ਰੋਮਣੀ ਅਕਾਲੀ ਦਲ ਹਾਈ ਕਮਾਨ ਨੇ 2 ਦਸੰਬਰ ਨੂੰ ਸਿੰਘ ਸਾਹਿਬਾਨ ਵੱਲੋਂ ਲਏ ਗਏ ਫ਼ੈਸਲਿਆਂ ਦਾ ਬਦਲਾ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾ ਦਿੱਤਾ ਹੈ।

## ਮਰਦਮਸ਼ੁਮਾਰੀ 'ਚ ਦੇਰੀ ਉੱਤੇ ਸੋਨੀਆ ਗਾਂਧੀ ਨੇ ਚੁੱਕੇ ਸਵਾਲ

**ਨਵੀਂ ਦਿੱਲੀ:** ਮਰਦਮਸ਼ੁਮਾਰੀ ਵਿਚ ਚਾਰ ਸਾਲ ਦੀ ਹੋ ਚੁੱਕੀ ਦੇਰੀ 'ਤੇ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਮਰਦਮਸ਼ੁਮਾਰੀ ਵਿਚ ਦੇਰ ਹੋਣ ਕਾਰਨ ਮੁਲਕ ਵਿਚ ਕਰੀਬ 14 ਕਰੋੜ ਲੋਕ ਖ਼ੁਰਾਕ ਸੁਰੱਖਿਆ ਕਾਨੂੰਨ ਤਹਿਤ ਮੁਫ਼ਤ ਤੇ ਸਬਸਿਡੀ ਵਾਲੇ ਅਨਾਜ ਦੀ ਪ੍ਰਾਪਤੀ ਤੋਂ ਵਾਂਝੇ ਹੋ ਰਹੇ ਹਨ। ਸੰਸਦ ਵਿਚ ਮਰਦਮਸ਼ੁਮਾਰੀ ਜਲਦੀ ਕਰਵਾਏ ਜਾਣ ਦੀ ਮੰਗ ਕਰਦੇ ਹੋਏ ਸੋਨੀਆ ਗਾਂਧੀ ਨੇ ਕੇਂਦਰ ਸਰਕਾਰ ਨੂੰ ਇਸ ਮੁੱਦੇ 'ਤੇ ਤਸਵੀਰ ਸਾਫ਼ ਕਰਨ ਲਈ ਕਿਹਾ ਹੈ। ਰਾਜ ਸਭਾ ਵਿਚ ਸੋਮਵਾਰ ਨੂੰ ਸਿਫਰਕਾਲ ਦੌਰਾਨ ਇਹ ਮੁੱਦਾ ਚੁੱਕਦੇ ਹੋਏ ਸੋਨੀਆ ਨੇ ਕਿਹਾ ਕਿ ਕੌਮੀ ਖ਼ੁਰਾਕ ਸੁਰੱਖਿਆ ਕਾਨੂੰਨ ਤਹਿਤ ਲਾਭਪਾਤਰੀਆਂ ਦੀ ਸ਼ਨਾਖ਼ਤ 2011 ਦੀ ਮਰਦਮਸ਼ੁਮਾਰੀ ਮੁਤਾਬਕ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਮਰਦਮਸ਼ੁਮਾਰੀ ਕਰਵਾਉਣੀ ਤਾਂ 2021 ਵਿਚ ਨਿਰਧਾਰਤ ਸੀ।



ਪਰ ਸਰਕਾਰ ਨੇ ਹਾਲੇ ਤੱਕ ਸਪੱਸ਼ਟ ਨਹੀਂ ਕੀਤਾ ਕਿ ਇਹ ਕਦੋਂ ਕਰਵਾਈ ਜਾਣੀ ਹੈ। ਕਾਂਗਰਸ ਦੀ ਸੀਨੀਅਰ ਆਗੂ ਨੇ ਕਿਹਾ ਕਿ ਮਰਦਮਸ਼ੁਮਾਰੀ ਇਸ ਸਾਲ ਕਰਵਾਏ ਜਾਣ ਦੇ ਆਸਾਰ ਵੀ ਨਜ਼ਰ ਨਹੀਂ ਆ ਰਹੇ ਕਿਉਂਕਿ ਬਜਟ ਵਿਚ ਇਸ ਦੇ ਲਈ ਕੋਈ ਅਲਾਟਮੈਂਟ ਨਹੀਂ ਹੋਈ ਹੈ।

ਕੋਵਿਡ-19 ਮਹਾਮਾਰੀ ਸੰਕਟ ਦੌਰਾਨ ਲੱਖਾ ਗ਼ਰੀਬ ਪਰਿਵਾਰਾਂ ਲਈ ਖ਼ੁਰਾਕਕਾਨੂੰਨ ਜੀਵਨ ਰੱਖਿਅਕ ਸਾਬਤ ਹੋਇਆ ਹੈ। ਖ਼ੁਰਾਕ ਸੁਰੱਖਿਆ ਦੇ ਲਾਭਪਾਤਰੀਆਂ ਦਾ ਕੋਟਾ ਹਾਲੇ ਵੀ 2011 ਦੀ ਮਰਦਮਸ਼ੁਮਾਰੀ ਮੁਤਾਬਕ ਤੈਅ ਕੀਤਾ ਜਾ ਰਿਹਾ ਹੈ ਜੋ ਕਿ ਹੁਣ ਪ੍ਰਸੰਗਕ ਨਹੀਂ ਹੈ।

ਇਸ ਦੌਰਾਨ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਖ਼ੁਰਾਕ ਸੁਰੱਖਿਆ ਕਾਨੂੰਨ ਵਿਚ ਕੋਈ ਖ਼ਾਸ ਹੱਕ ਨਹੀਂ ਹਨ ਬਲਕਿ ਮੌਲਿਕ ਅਧਿਕਾਰ ਹਨ। ਇਸ ਲਈ ਕੇਂਦਰ ਸਰਕਾਰ ਨੂੰ ਬੇਨਤੀ ਹੈ ਕਿ ਉਹ ਤੁਰੰਤ ਮਰਦਮਸ਼ੁਮਾਰੀ ਕਰਵਾਉਣ ਦੀ ਕਾਰਵਾਈ ਅਰੰਭ ਕਰੇ, ਜਿਸ ਨਾਲ ਸਭ ਤੋਂ ਵੱਧ ਜ਼ਰੂਰਤਮੰਦ ਦੇ ਅਧਿਕਾਰ ਸੁਰੱਖਿਅਤ ਰਹਿ ਸਕਣ।

## ਪੰਜਾਬ 'ਚ ਮੁੱਖ ਮੰਤਰੀ ਬਣਨਾ ਕੇਜਰੀਵਾਲ ਦਾ ਸੁਪਨਾ: ਗਰੇਵਾਲ



**ਚੰਡੀਗੜ੍ਹ:** ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੇ ਦਿੱਲੀ 'ਚ ਪੰਜਾਬ ਦੇ 'ਆਪ' ਵਿਧਾਇਕਾਂ ਦੀ ਅਚਾਨਕ ਮੀਟਿੰਗ 'ਤੇ ਤਿੱਖਾ ਹਮਲਾ ਬੋਲਦਿਆਂ ਦਾਅਵਾ ਕੀਤਾ ਕਿ ਅਰਵਿੰਦ ਕੇਜਰੀਵਾਲ ਹੁਣ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਦੇਖ ਰਹੇ ਹਨ। ਉਨ੍ਹਾਂ ਅਨੁਸਾਰ, ਦਿੱਲੀ ਚੋਣਾਂ 'ਚ ਭਾਰੀ ਹਾਰ ਤੋਂ ਬਾਅਦ ਕੇਜਰੀਵਾਲ ਪੰਜਾਬ 'ਚ ਨਵੀਂ ਸਿਆਸੀ ਚਾਲ ਚੱਲ ਰਹੇ ਹਨ। ਗਰੇਵਾਲ ਨੇ ਕਿਹਾ ਕਿ ਕੇਜਰੀਵਾਲ, ਪੰਜਾਬ ਦੇ ਵਿਧਾਇਕਾਂ ਤੋਂ ਭਗਵੰਤ ਮਾਨ ਵਿਰੁੱਧ ਬੇਭਰੋਸਗੀ ਮਤਾ ਪਾਸ ਕਰਵਾਉਣ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਸਕਦੇ ਹਨ। ਉਹ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ ਕਰਵਾ ਕੇ ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਯੋਜਨਾ ਤੈਅ ਕਰ ਰਹੇ ਹਨ।

ਗਰੇਵਾਲ ਨੇ ਕਿਹਾ ਕਿ ਪੰਜਾਬ ਦੇ ਲੋਕ ਸਿਆਣੇ ਹਨ ਅਤੇ 2027 ਦੀਆਂ ਚੋਣਾਂ 'ਚ, ਆਮ ਆਦਮੀ ਪਾਰਟੀ ਨੂੰ ਆਪਣੇ ਝੂਠ ਅਤੇ ਅਸਫ਼ਲਤਾਵਾਂ ਲਈ ਸਬਕ ਸਿਖਾਉਣ ਲਈ ਤਿਆਰ ਹਨ।

## ਗੁਰਸਿੱਖ ਨੂੰ ਜ਼ਲੀਲ ਕਰਨਾ ਪੰਥਕ ਰਿਵਾਇਤ ਨਹੀਂ: ਕਿਰਨਜੋਤ ਕੌਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ 'ਤੇ ਘਟੀਆ ਤੋਹਮਤ ਲਾ ਕੇ ਜਥੇਦਾਰੀ ਤੋਂ ਫ਼ਾਰਗ ਕਰਨਾ ਨਿਖੇਧੀਯੋਗ ਹੈ.



ਗੁਰਸਿੱਖ ਨੂੰ ਜਾਣਬੁੱਝ ਕੇ ਜ਼ਲੀਲ ਕਰਨਾ ਪੰਥਕ ਰਵਾਇਤ ਨਹੀਂ। ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਅੱਗੇ ਪੇਸ਼ ਹੋਈ ਰਿਪੋਰਟ 'ਚ ਸਭ ਤੋਂ ਦਿਲਚਸਪ ਪਹਿਲੂ ਉਸ ਬੰਦੇ ਦਾ ਬਿਆਨ ਹੈ ਜਿਸ ਨੂੰ ਦਸ ਸਾਲ ਲਈ ਅਕਾਲੀ ਦਲ 'ਚੋਂ ਕੱਢਣ ਦਾ ਹੁਕਮ ਦਿੱਤਾ ਹੋਇਆ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਮਹਾਕੁੰਭ ਭਾਰਤੀ ਵਿਰਾਸਤ ਦਾ ਪ੍ਰਤੀਕ: ਦਰੋਪਦੀ ਮੁਰਮੂ

**ਮਹਾਕੁੰਭ ਨਗਰ:** ਸਨਾਤਨ ਸੰਸਕ੍ਰਿਤੀ ਦੇ ਸਭ ਤੋਂ ਵੱਡੇ ਸਮਾਗਮ ਮਹਾਂਕੁੰਭ 'ਚ ਜੁੜ ਰਹੀ ਆਸਥਾ ਦੇ ਮਹਾਂਸਾਗਰ ਨਾਲ ਸੋਮਵਾਰ ਨੂੰ ਰਾਸ਼ਟਰਪਤੀ ਦਰੌਪਦੀ ਮੁਰਮੂ ਵੀ ਜੁੜ ਗਏ। ਭਾਰਤ ਦੀ ਦੂਜੀ ਔਰਤ ਤੇ ਪਹਿਲੀ ਆਦਿਵਾਸੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਗੰਗਾ, ਯਮੁਨਾ ਤੇ ਅਧਿਆਤਮਕ ਸਰਸਵਤੀ ਦੇ ਤ੍ਰਿਵੇਣੀ 'ਚ ਪੁੰਨ ਦੀ ਡੁਬਕੀ ਲਗਾ ਕੇ ਪੂਰੀ ਦੁਨੀਆ ਨੂੰ ਏਕਤਾ ਤੇ

### ਸ਼ਹਿਰ ਦੇ ਮੇਅਰ ਗਣੇਸ਼ ਕੇਸਰਵਾਨੀ ਨੇ ਨਗਰ ਦੀ ਚਾਬੀ ਸੌਂਪੀ

ਸਮਾਜਿਕ ਭਾਈਚਾਰੇ ਦਾ ਸੰਦੇਸ਼ ਦਿੱਤਾ। ਐਕਸ 'ਤੇ ਲਿਖਿਆ, ਮਾਂ ਗੰਗਾ ਸਾਰਿਆਂ 'ਤੇ ਆਪਣੀ ਕਿਰਪਾ ਬਣਾ ਕੇ ਰੱਖਣ। ਸ਼ਰਧਾ ਤੇ ਭਰੋਸੇ ਦਾ ਇਹ ਵਿਸ਼ਾਲ ਸਮਾਗਮ ਭਾਰਤ ਦੀ ਖੁਸ਼ਹਾਲ ਸੰਸਕ੍ਰਿਤੀ ਵਿਰਾਸਤ ਦਾ ਅਦਭੁੱਤ ਦਾ ਜੀਵੰਤ ਪ੍ਰਤੀਕ ਹੈ।

ਰਾਜਪਾਲ ਆਨੰਦੀ ਬੇਨ ਪਟੇਲ ਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੀ ਰਾਸ਼ਟਰਪਤੀ ਦੇ . ਨਾਲ ਸਨ।ਰਾਸ਼ਟਰਪਤੀ ਪਹਿਲਾਂ ਨਿਰਧਾਰਤ



ਸਮੇਂ ਸਵੇਰੇ 9.50 ਵਜੇ ਤੋਂ ਲਗਪਗ ਅੱਧਾ ਘੰਟਾ ਪਹਿਲਾਂ 9.15 ਵਜੇ ਹੀ ਪ੍ਰਯਾਗਰਾਜ ਏਅਰਪੋਰਟ ਪਹੁੰਚੇ। ਉਨ੍ਹਾਂ ਦੇ ਨਾਲ 50 ਰਾਸ਼ਟਰਪਤੀ ਨੇ ਇਸ਼ਨਾਨ ਕਰ ਕੇ ਪਵਿੱਤਰ ਜਲ 'ਚ ਫੁੱਲ ਮਾਲਾ ਤੇ ਨਾਰੀਅਲ ਅਰਪਿਤ ਕਰ ਕੇ ਸਮੁੱਚੇ ਦੇਸ਼ ਦੀ ਖੁਸ਼ਹਾਲੀ ਤੇ ਸ਼ਾਂਤੀ ਦੀ ਕਾਮਨਾ ਕੀਤੀ। ਇਸ ਤੋਂ ਬਾਅਦ ਭਗਵਾਨ ਸੂਰਜ ਨੂੰ ਅਰਘ ਭੇਟ ਕੀਤਾ। ਫਿਰ ਇਕ ਦੇ ਬਾਅਦ ਇਕ ਕਈ ਡੁਬਕੀਆਂ ਲਗਾਈਆਂ ਤੇ ਵਿਧੀ ਵਿਧਾਨ ਨਾਲ ਪੂਜਾ ਅਰਚਨਾ ਕੀਤੀ। ਵੈਦਿਕ ਮੰਤਰਾਂ ਦੇ ਉੱਚਾਰਣ ਤੇ ਸ਼ਲੋਕਾਂ ਵਿਚਾਲੇ ਸੰਗਮ ਤ੍ਰਿਵੇਣੀ ਦਾ ਦੁੱਧ ਨਾਲ ਅਭਿਸ਼ੇਕ ਕੀਤਾ। ਉਨ੍ਹਾਂ ਨੇ ਅਕਸ਼ਤ, ਨੈਵੇਦਿਆ, ਫੁੱਲ, ਫਲ ਤੇ ਲਾਲ ਚੁੰਨੀ ਭੇਟ ਕਰਨ ਉਪਰੰਤ ਆਰਤੀ ਕੀਤੀ। ਇਸ ਤੋਂ ਪਹਿਲਾਂ ਬਮਰੌਲੀ ਏਅਰਪੋਰਟ 'ਤੇ ਰਾਜਪਾਲ ਤੇ ਮੁੱਖ ਮੰਤਰੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਸ਼ਹਿਰ ਦੇ ਮੇਅਰ ਗਣੇਸ਼ ਕੇਸਰਵਾਨੀ ਨੇ ਨਗਰ ਦੀ ਚਾਬੀ ਸੌਂਪੀ। ਇੱਥੋਂ ਰਾਸ਼ਟਰਪਤੀ ਹੈਲੀਕਾਪਟਰ 'ਚ ਡੀਸੀਐੱਸ ਮੈਦਾਨ ਦੇ ਹੈਲੀਪੈਡ ਪਹੁੰਚੇ। ਫਿਰ ਕਾਰ 'ਚ ਅਰੈਲ ਘਾਟ ਵੀ.ਵੀ.ਆਈ.ਪੀ.ਜੇ.ਟੀ. ਆਏ ਤੇ ਕਰੂਜ਼ 'ਤੇ ਸਵਾਰ ਹੋ ਕੇ ਸੰਗਮ ਗਏ। ਰਾਸ਼ਟਰਪਤੀ ਨੇ ਡੈਕ 'ਤੇ ਖੜ੍ਹੇ ਹੋ ਕੇ ਸਾਇਬੇਰੀਆਈ ਪੰਛੀਆਂ ਨੂੰ ਦਾਣਾ ਖੁਆਇਆ।

# ਦੇਸ਼ 'ਚ ਵੱਖਰੇ ਸਾਈਕਲ ਟ੍ਰੈਕ ਬਾਰੇ ਪਟੀਸ਼ਨ ਖ਼ਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਸੂਬਿਆਂ ਦੇ ਕੋਲ ਕਿਫ਼ਾਇਤੀ ਘਰ ਮੁਹੱਈਆ ਕਰਵਾਉਣ ਲਈ ਪੈਸੇ ਨਹੀਂ ਹਨ, ਲੋਕਾਂ ਕੋਲ ਪੀਣ ਲਈ ਸਵੱਛ ਪਾਣੀ ਨਹੀਂ ਹੈ ਤੇ ਤੁਸੀਂ ਸਾਈਕਲ ਟ੍ਰੈਕ ਬਾਰੇ ਦਿਨ ਵੇਲੇ ਦੇ ਸੁਪਨੇ ਦੇਖ ਰਹੇ ਹੋ। ਸਰਕਾਰੀ ਸਕੂਲ ਬੰਦ ਹੋ ਰਹੇ ਹਨ ਤੇ ਤੁਸੀਂ ਸਾਈਕਲ ਟ੍ਰੈਕ ਚਾਹੁੰਦੇ ਹੋ?

ਸਾਈਕਲਿੰਗ ਨੂੰ ਉਤਸ਼ਾਹ ਦੇਣ ਲਈ ਕੰਮ ਕਰਨ ਵਾਲੇ ਦਵਿੰਦਰ ਸਿੰਘ ਨਾਗੀ ਨੇ ਸੁਪਰੀਮ ਕੋਰਟ ਵਿਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਸੀ। ਇਸ ਪਟੀਸ਼ਨ ਵਿਚ ਪੂਰੇ ਮੁਲਕ ਵਿਚ ਸਾਈਕਲ ਟ੍ਰੈਕ ਬਣਾਉਣ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦੇ ਵਕੀਲ ਨੇ ਦਲੀਲ ਦਿੱਤੀ ਕਿ ਕਈ ਸੂਬਿਆਂ ਵਿਚ ਸਾਈਕਲ ਟ੍ਰੈਕ ਹਨ। ਸੁਪਰੀਮ ਕੋਰਟ ਦੇ ਗੇਟ



ਦੇ ਬਾਹਰ ਵੀ ਸਾਈਕਲ ਟ੍ਰੈਕ ਹੈ। ਉਨ੍ਹਾਂ ਨੇ ਚੋਣਵੇਂ ਸ਼ਹਿਰਾਂ ਤੇ ਕਸਬਿਆਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਧਿਆਨ ਕੇਂਦਰਤ ਕਰਨ ਵਾਲੀ ਅਟਲ ਮਿਸ਼ਨ ਫਾਰ ਰਿਜੂਵੇਨੇਸ਼ਨ ਐਂਡ ਅਰਬਨ ਟ੍ਰਾਂਸਫਾਰਮੇਸ਼ਨ ਯੋਜਨਾ ਦਾ ਹਵਾਲਾ ਦਿੱਤਾ। ਜਸਟਿਸ ਅਭੈ ਐੱਸ ਓਕਾ ਤੇ ਜਸਟਿਸ ਉੱਜਲ ਭੂਈਆਂ ਦਾ ਬੈਂਚ ਮੁਲਕ ਵਿਚ ਵੱਖਰਾ ਸਾਈਕਲ ਟ੍ਰੈਕ ਬਣਾਉਣ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ। ਬੈਂਚ ਨੇ ਪਟੀਸ਼ਨਰ ਨੂੰ ਕਿਹਾ ਕਿ ਉਨ੍ਹਾਂ ਨੂੰ ਆਪਣੀਆਂ ਤਰਜੀਹਾਂ ਸਹੀ ਕਰਨ ਦੀ ਜ਼ਰੂਰਤ ਹੈ ਤੇ ਇਸ ਤੋਂ 'ਵੱਧ ਜ਼ਰੂਰੀ ਮੁੱਦਿਆਂ 'ਤੇ ਧਿਆਨ ਦੇਣ ਦੀ ਜ਼ਰੂਰਤ ਹੈ।

# ਸਿੱਖ ਵਿਰੋਧੀ ਦੰਗਿਆਂ ਬਾਰੇ ਮੁਕੱਦਮੇ ਗੰਭੀਰਤਾ ਨਾਲ ਚਲਾਏ ਜਾਣ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਮਵਾਰ ਨੂੰ1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲਿਆਂ 'ਚ ਬਰੀ ਕੀਤੇ ਗਏ ਲੋਕਾਂ ਖ਼ਿਲਾਫ਼ ਅਪੀਲ ਦਾਖ਼ਲ ਨਾ ਕਰਨ ਲਈ ਦਿੱਲੀ ਪੁਲਿਸ ਨੂੰ ਸਵਾਲ ਕੀਤਾ। ਕੋਰਟ ਨੇ ਕਿਹਾ 'ਮੁਕੱਦਮਾ ਗੰਭੀਰਤਾ ਨਾਲ ਚਲਾਇਆ ਜਾਣਾ ਚਾਹੀਦਾ ਹੈ, ਸਿਰਫ਼ ਦਿਖਾਵੇ ਲਈ ਨਹੀਂ।

ਜਸਟਿਸ ਅਭੈ ਐੱਸ ਓਕਾ ਤੇ ਜਸਟਿਸ ਵੀ ਉੱਜਲ ਭੁਈਆਂ ਦੇ ਬੈਂਚ ਨੇ ਦਿੱਲੀ ਪੁਲਿਸ ਦੀ ਨੁਮਾਇੰਦਗੀ ਕਰ ਰਹੀ ਐਡੀਸ਼ਨਲ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੂੰ 1 ਕਿਹਾ ਕਿ ਬਰੀ ਕੀਤੇ ਗਏ ਲੋਕਾਂ ਖ਼ਿਲਾਫ਼ 5 ਵਿਸ਼ੇਸ਼ ਲੀਵ ਪਟੀਸ਼ਨ ਦਾਖ਼ਲ ਕੀਤੀ ਜਾਣੀ ਚਾਹੀਦੀ ਹੈ ਤੇ ਮਾਮਲਾ ਇਮਾਨਦਾਰੀ ਨਾਲ ਲੜਿਆ ਜਾਣਾ ਚਾਹੀਦਾ ਹੈ। ਬੈਂਚ ਨੇ ਕਿਹਾ, 'ਕਈ ਮਾਮਲਿਆਂ 'ਚ ਤੁਸੀਂ ਦਿੱਲੀ ਹਾਈ ਕੋਰਟ ਵੱਲੋਂ ਪਾਸ ਆਦੇਸ਼ ਨੂੰ ਚੁਣੌਤੀ ਨਹੀਂ ਦਿੱਤੀ। ਸਪਿਸ਼ਟ ਰੂਪ ਨਾਲ ਕਹੀਏ ਤਾਂ ਵਿਸ਼ੇਸ਼ ਲੀਵ ਪਟੀਸ਼ਨ ਦਾਇਰ ਕਰਨ ਨਾਲ ਤਦ ਤੱਕ ਮਕਸਦ ਪੂਰਾ ਨਹੀਂ ਹੁੰਦਾ ਜਦੋਂ ਤੱਕ ਕਿ ਇਸ ਨੂੰ ਗੰਭੀਰਤਾ ਨਾਲ ਦਾਖ਼ਲ ਕਰ ਕੇ ਮੁਕੱਦਮਾ ਨਾ ਚਲਾਇਆ ਜਾਏ। ਤੁਸੀਂ ਸਾਨੂੰ ਦੱਸੋ ਕਿ ਪਹਿਲਾਂ ਜਿਹੜੇ ਮਾਮਲੇ ਦਾਖ਼ਲ ਕੀਤੇ ਗਏ ਸਨ, ਕੀ ਉਨ੍ਹਾਂ 'ਤੇ ਬਹਿਸ ਕਰਨ ਲਈ ਕੋਈ ਸੀਨੀਅਰ ਵਕੀਲ ਨਿਯੁਕਤ ਕੀਤੇ ਗਏ ਸਨ? ਇਸ ਨੂੰ ਗੰਭੀਰਤਾ ਨਾਲ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਸਿਰਫ਼ ਦਿਖਾਵੇ ਲਈ। ਇਸ ਨੂੰ ਇਮਾਨਦਾਰੀ ਤੇ ਜਲਦੀ ਨਾਲ ਕੀਤਾ ਜਾਣਾ ਚਾਹੀਦਾ ਹੈ।

# ਸਾਡੇ ਪੰਜਾਬ ਮਾਡਲ ਨੂੰ ਪੂਰਾ ਦੇਸ਼ ਦੇਖੇਗਾ: ਮਾਨ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੇ ਕਪੂਰਥਲਾ ਹਾਊਸ ਵਿਖੇ ਪੰਜਾਬ ਦੇ ਵਿਧਾਇਕਾਂ, ਮੰਤਰੀਆਂ ਅਤੇ ਸੰਸਦ ਮੈਂਬਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰ ਆਗੂਆਂ ਨੇ ਕੇਜਰੀਵਾਲ ਦੇ ਪੰਜਾਬ ਦੇ ਮੁੱਖ ਮੰਤਰੀ ਬਣਨ ਅਤੇ ਲਗਭਗ 35 ਵਿਧਾਇਕਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ।

ਮੁੱਖ ਮੰਤਰੀ ਭਗਵੰਤ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਆਗੂਆਂ ਦੀ ਸਖ਼ਤ ਮਿਹਨਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਇੱਕ ਰਣਨੀਤੀ ਤਿਆਰ ਕੀਤੀ ਗਈ ਹੈ ਕਿ ਪੰਜਾਬ ਵਿੱਚ ਵਿਕਾਸ ਦਾ ਅਜਿਹਾ ਮਾਡਲ ਤਿਆਰ ਕੀਤਾ ਜਾਵੇਗਾ ਜੋ ਆਮ ਆਦਮੀ ਦੁਆਰਾ ਪੂਰੇ ਦੇਸ਼ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਦੇ ਲਈ ਕੇਜਰੀਵਾਲ ਨੇ ਸਾਰੇ



ਵਿਧਾਇਕਾਂ ਅਤੇ ਮੰਤਰੀਆਂ ਨੂੰ ਇਲਾਕੇ ਦਾ ਦੌਰਾ ਕਰਨ ਅਤੇ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ 'ਤੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਭਗਵੰਤ ਮਾਨ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਦਿੱਲੀ ਦੀ ਟੀਮ ਵੀ ਮੌਜੂਦ ਸੀ। ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਅਜੇ ਦੋ ਸਾਲ ਬਾਕੀ ਹਨ। ਇਨ੍ਹਾਂ ਦੋ ਸਾਲਾਂ ਵਿੱਚ, ਅਸੀਂ ਪੰਜਾਬ ਨੂੰ ਇੱਕ ਅਜਿਹਾ ਮਾਡਲ ਬਣਾਵਾਂਗੇ ਜੋ ਅਸੀਂ ਪੂਰੇ ਦੇਸ਼ ਨੂੰ ਦਿਖਾਵਾਂਗੇ। ਸ਼ਹਿਰ ਤੋਂ ਪਿੰਡ ਤੱਕ, ਕਾਰੋਬਾਰ ਤੋਂ ਕਿਸਾਨਾਂ ਤੱਕ, ਵਿਕਾਸ ਹੋਵੇਗਾ। ਪੰਜਾਬ ਨੂੰ ਵਿਕਾਸ ਦਾ ਮਾਡਲ ਬਣਾਇਆ ਜਾਵੇਗਾ। ਅੱਜ ਦੇਸ਼ ਦੀਆਂ ਵੱਡੀਆਂ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰ ਰਹੀਆਂ ਹਨ, ਜਿਸ ਕਾਰਨ ਲੋਕਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ। ਤਿੰਨ ਸਾਲਾਂ ਵਿੱਚ, 50 ਹਜ਼ਾਰ ਨੌਜਵਾਨਾਂ ਨੂੰ ਬਿਨਾਂ ਕਿਸੇ ਭ੍ਰਿਸ਼ਟਾਚਾਰ ਦੇ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਭਗਵੰਤ ਮਾਨ ਨੇ ਭਾਜਪਾ 'ਤੇ ਦਿੱਲੀ ਚੋਣਾਂ ਵਿੱਚ ਗੁੰਡਾਗਰਦੀ ਅਤੇ ਵੋਟਰਾਂ ਵਿੱਚ ਪੈਸੇ ਵੰਡਣ ਦਾ ਵੀ ਦੋਸ਼ ਲਗਾਇਆ। ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਦੋਸ਼ ਲਗ ਰਿਹਾ ਹੈ ਕਿ ਅਰਵਿੰਦ ਕੇਜਰੀਵਾਲ ਭਗਵੰਤ ਮਾਨ ਨਾਲ ਮਿਲ ਕੇ ਖੁਦ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦੀ ਸਾਜ਼ਿਸ਼ ਰਚ ਰਹੇ ਹਨ। ਇਸ 'ਤੇ ਮਾਨ ਨੇ ਹੱਸਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਕਹਿਣ ਦਿਓ। ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਦੇ ਵਾਅਦੇ 'ਤੇ ਉਨ੍ਹਾਂ ਕਿਹਾ ਕਿ ਅਸੀਂ ਗਰੰਟੀ ਦਿੱਤੀ ਹੈ। ਮੈਂ ਇਸਨੂੰ ਜ਼ਰੂਰ ਪੂਰਾ ਕਰਾਂਗਾ। ਪੰਜਾਬ ਸਰਕਾਰ ਦੇ ਮੰਤਰੀ ਤਨਪ੍ਰੀਤ ਸਿੰਘ ਸ਼ੋਂਧ ਨੇ ਕਿਹਾ ਕਿ ਸਭ ਤੋਂ ਵੱਡੀ ਗੱਲ ਇਹ ਹੈ ਕਿ ਕੇਜਰੀਵਾਲ ਬਹੁਤ ਸਕਾਰਾਤਮਕ ਹਨ। ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਨੂੰ ਬਾਕੀ ਸਾਰੇ ਰਾਜਾਂ ਨਾਲੋਂ ਵੱਧ ਵਿਕਸਤ ਕਿਵੇਂ ਕੀਤਾ ਜਾਵੇ ਤਾਂ ਜੋ ਇਸਦਾ ਮਾਡਲ ਦੇਸ਼ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ। ਇਹ ਬਕਵਾਸ ਹੈ ਕਿ ਕੇਜਰੀਵਾਲ ਆਪਣੇ ਆਪ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਲਈ ਭਗਵੰਤ ਮਾਨ ਵਿਰੁੱਧ ਸਾਜ਼ਿਸ਼ ਰਚ ਰਿਹਾ ਹੈ।

# ਸਹਾਇਤਾ ਪ੍ਰਾਪਤ ਸੰਗਠਨਾਂ ਦੀ ਜਾਂਚ ਕਰਾਉਣ ਦੀ ਮੰਗ

**ਨਵੀਂ ਦਿੱਲੀ:** ਲੋਕ ਸਭਾ ਵਿਚ ਸਿਫਰ ਕਾਲ ਦੌਰਾਨ ਭਾਜਪਾ ਆਗੂ ਨਿਸ਼ੀਕਾਂਤ ਦੂਬੇ ਨੇ ਸਰਕਾਰ ਤੋਂ ਇਹ ਮੰਗ ਕੀਤੀ ਹੈ ਕਿ ਮੁਲਕ



ਵਿਚ ਯੂਐੱਸਏਡ ਵੱਲੋਂ ਵਿੱਤ ਪੋਸ਼ਿਤ ਜਥੇਬੰਦੀਆਂ ਦੀ ਜਾਂਚ ਕੀਤੀ ਜਾਵੇ। ਸਦਨ ਵਿਚ ਇਹ ਮੁੱਦਾ ਚੁੱਕਦੇ ਹੋਏ ਦੂਬੇ ਨੇ ਦਾਅਵਾ ਕੀਤਾ ਕਿ ਯੂ.ਐੱਸ.ਏਡ. ਵੱਲੋਂ ਵਿੱਤ ਪੋਸ਼ਿਤ ਸੰਗਠਨਾਂ ਨੇ ਸਰਕਾਰ ਦੀ ਅਗਨੀਵੀਰ ਪਹਿਲ ਵਿਰੁੱਧ ਰੋਸ ਮੁਜ਼ਾਹਰੇ ਕੀਤੇ ਸਨ, ਜਾਤੀਗਤ ਮਰਦਮਸ਼ੁਮਾਰੀ ਦਾ ਸਮਰਥਨ ਕੀਤਾ ਤੇ ਮੁਲਕ ਵਿਚ ਨਕਸਲਵਾਦ ਦੀ ਵੀ ਹਮਾਇਤ ਕੀਤੀ। ਦੱਸਣਯੋਗ ਹੈ ਕਿ ਕਾਂਗਰਸ ਦੇ ਕਈ ਆਗੂ ਦੂਬੇ ਦੀ ਇਸ ਟਿੱਪਣੀ ਵਿਰੁੱਧ ਖੜ੍ਹੇ ਹੋ ਗਏ ਤੇ ਲੋਕ ਸਭਾ ਵਿਚ ਪੁਆਇੰਟ ਆਫ ਆਰਡਰ (ਵਿਵਸਥਾ ਦਾ ਸਵਾਲ) ਚੁੱਕਣ ਦੀ ਮੰਗ ਕੀਤੀ ਹੈ ਪਰ ਬੈਂਚ ਦੇ ਅਧਿਕਾਰੀ ਸੰਧਿਆ ਰੇਅ ਨੇ ਉਨ੍ਹਾਂ ਨੂੰ ਇਸ ਦੀ ਪ੍ਰਵਾਨਗੀ ਨਹੀਂ ਦਿੱਤੀ।

# ਕਿਰਤ ਵਿਭਾਗ ਦੀਆਂ ਸਾਰੀਆਂ ਸੇਵਾਵਾਂ ਆਨਲਾਈਨ ਹੋਈਆਂ

**ਚੰਡੀਗੜ੍ਹ:** ਕਿਰਤ ਵਿਭਾਗ ਨੇ ਵੱਖ-ਵੱਖ ਐਕਟਾਂ ਤਹਿਤ ਪ੍ਰਦਾਨ ਕੀਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ ਅਤੇ ਉਦਯੋਗਿਕ ਸਕੀਮਾਂ ਨੂੰ ਡਿਜੀਟਲ ਕਰ ਦਿੱਤਾ ਹੈ। ਹੁਣ ਸਾਰੀਆਂ ਸੇਵਾਵਾਂ ਅਤੇ ਯੋਜਨਾਵਾਂ ਦਾ ਲਾਭਇੱਕ ਕਲਿੱਕ ਨਾਲ ਲਿਆ ਜਾ ਸਕਦਾ ਹੈ। ਕਿਰਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਬਿਲਡਿੰਗ ਪਲਾਨ, ਫੈਕਟਰੀਆਂ ਦੀ ਰਜਿਸਟ੍ਰੇਸ਼ਨ, ਲਾਇਸੈਂਸ ਦੀ ਪ੍ਰਵਾਨਗੀ, ਲਾਇਸੈਂਸ ਨਵੀਨੀਕਰਨ, ਲਾਇਸੈਂਸ ਵਿੱਚ ਸੋਧ, ਰਾਤ ਦੀ ਸ਼ਿਫਟ ਵਿੱਚ ਔਰਤਾਂ ਨੂੰ ਨੌਕਰੀ 'ਤੇ ਰੱਖਣ ਦੀ ਇਜਾਜ਼ਤ, ਪ੍ਰਿੰਸੀਪਲ ਰੁਜ਼ਗਾਰਦਾਤਾ ਦੀ ਰਜਿਸਟ੍ਰੇਸ਼ਨ ਅਤੇ ਠੇਕੇਦਾਰ ਲਾਇਸੈਂਸ ਦੀ ਪ੍ਰਵਾਨਗੀ ਹੁਣ ਆਨਲਾਈਨ ਲਈ ਜਾ ਸਕਦੀ ਹੈ। ਇਹ ਸੇਵਾਵਾਂ ਵੈੱਬਸਾਈਟ https://pblabour.gov.in ਤੇ ਉਪਲੱਬਧ ਹੋਣਗੀਆਂ।




ਭਲਾਈ ਫੰਡ ਦੀ ਅਦਾਇਗੀ, ਪੰਜਾਬ ਕਿਰਤ ਭਲਾਈ ਬੋਰਡ ਤੋਂ ਮੁਨਾਫੇ ਨਾਲ ਸਬੰਧਤ ਦਾਅਵੇ, ਉਸਾਰੀ ਵਾਲੀਆਂ ਥਾਵਾਂ ਦੀ ਰਜਿਸਟ੍ਰੇਸ਼ਨ, ਟਰੇਡ ਯੂਨੀਅਨਾਂ ਦੀ ਰਜਿਸਟ੍ਰੇਸ਼ਨ, ਕਿਰਤ ਕਾਨੂੰਨਾਂ ਤਹਿਤ ਸਾਲਾਨਾ ਰਿਟਰਨ, ਪੰਜਾਬ ਬਿਲਡਿੰਗ ਐਂਡ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਤੋਂ ਲਾਭ ਸੰਬੰਧੀ ਦਾਅਵੇ ਅਤੇ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਦੀ ਰਜਿਸਟ੍ਰੇਸ਼ਨ ਵਰਗੀਆਂ ਸੇਵਾਵਾਂ ਵੀ ਇਸ ਵੈੱਬਸਾਈਟ 'ਤੇ ਆਨਲਾਈਨ ਉਪਲਬਧ ਹਨ। ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਭਲਾਈ ਸਕੀਮਾਂ ਦੇ ਨਿਯਮਾਂ ਅਤੇ ਸ਼ਰਤਾਂ ਵਿੱਚ ਵੀ ਢਿੱਲ ਦਿੱਤੀ ਗਈ ਹੈ।

# ਅਮਰੀਕਾ ਤੋਂ ਆਏ ਨੌਜਵਾਨ ਨੇ ਜੀਜੇ ਨਾਲ ਮਿਲ ਕੇ ਮਨੀ ਐਕਸਚੇਂਜਰ ਲੁੱਟਿਆ

**ਜਲੰਧਰ:** ਅਮਰੀਕਾ 'ਚ ਕੰਮ ਨਾ ਮਿਲਣ 'ਤੇ ਭਾਰਤ ਪਰਤੇ ਹਰਪ੍ਰੀਤ ਸਿੰਘ ਨਾਂ ਦੇ ਨੌਜਵਾਨ ਨੇ ਪੈਸੇ ਇਕੱਠੇ ਕਰਨ ਲਈ ਆਪਣੇ ਜੀਜੇ ਤੇ 12ਵੀਂ ਪਾਸ ਦੋਸਤ ਨਾਲ ਮਿਲ ਕੇ ਲੁਟੇਰਾ ਗਰੋਹ ਬਣਾਉਣ ਵਾਲਿਆਂ ਨੂੰ ਪਹਿਲੀ ਵਾਰਦਾਤ ਤੋਂ ਬਾਅਦ ਹੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਲੁੱਟ ਦੀ ਵਾਰਦਾਤ ਨੂੰ ਸੁਲਝਾਉਂਦੇ ਹੋਏ ਪੁਲਿਸ ਨੇ 3 ਮੁਲਜ਼ਮਾਂ ਨੂੰ 135 ਲੱਖ ਰੁਪਏ ਤੇ 28,500 ਥਾਈ ਬਾਠ ਸਮੇਤ ਗ੍ਰਿਫ਼ਤਾਰ ਕੀਤਾ ਹੈ। ਲੁਟੇਰਿਆਂ ਦੀ ਪਛਾਣ ਜੀਜਾ ਗੁਰਬਹਾਰ ਸਿੰਘ ਵਾਸੀ ਪਿੰਡ ਕੋਟ ਕਲਾ, ਗੁਰਬਹਾਰ ਦੇ ਸਾਲੇ ਹਰਪ੍ਰੀਤ ਸਿੰਘ ਪਿੰਡ ਬਾਸਰਪੁਰ ਤੇ 12ਵੀਂ ਪਾਸ ਵਿਦਿਆਰਥੀ ਹਰਸ਼ ਵਰਮਾ ਵਾਸੀ ਕੰਗ ਸਾਹਬੂ, ਜਲੰਧਰ ਵਜੋਂ ਹੋਈ ਹੈ। ਸੰਯੁਕਤ ਪੁਲਿਸ ਕਮਿਸ਼ਨਰ ਸੰਦੀਪ ਸ਼ਰਮਾ ਨੇ ਦੱਸਿਆ ਕਿ 5 ਫਰਵਰੀ 2025 ਨੂੰ ਮੋਤਾ ਨਗਰ ਦੇ ਰਹਿਣ ਵਾਲੇ ਮਨੋਜ ਜੈਨ ਨੇ ਥਾਣਾ 6 ਦੀ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਵੈਸਟਰਨ ਯੂਨੀਅਨ ਤੇ ਮਨੀਗ੍ਰਾਮ ਨਾਲ ਕੰਮ ਕਰਦਾ ਹੈ। ਉਸ ਨੇ ਕਿਹਾ ਸੀ ਕਿ 5 ਫਰਵਰੀ 2025 ਨੂੰ ਸ਼ਾਮ 6 ਵਜੇ ਉਹ ਸਕੂਟਰੀ 'ਤੇ ਘਰ ਜਾ ਰਿਹਾ ਸੀ ਕਿ ਗ੍ਰੀਨ ਪਾਰਕ ਨੇੜੇ ਮੋਟਰਸਾਈਕਲ 'ਤੇ ਸਵਾਰ ਤਿੰਨ ਵਿਅਕਤੀਆਂ ਨੇ ਉਸ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਹਮਲਾਵਰਾਂ ਨੇ ਉਸ 'ਤੇ ਦਾਤਰ ਤੇ ਡੰਡਿਆਂ ਨਾਲ ਹਮਲਾ ਕੀਤਾ, ਜਿਸ ਕਾਰਨ ਉਸ ਨੂੰ ਗੰਭੀਰ ਸੱਟਾਂ ਲੱਗੀਆਂ। ਮੁਲਜ਼ਮਾਂ ਨੇ ਉਸ ਕੋਲੋਂ 13.6 ਲੱਖ ਰੁਪਏ ਦੀ ਨਕਦੀ, 28,500 ਥਾਈ ਬਾਠ ਤੇ ਇਕ ਆਈਫੋਨ ਖੋਹ ਲਿਆ। ਸੰਯੁਕਤ ਪੁਲਿਸ ਕਮਿਸ਼ਨਰ ਸੰਦੀਪ ਸ਼ਰਮਾ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕਰਕੇ ਏ.ਸੀ.ਪੀ. ਪਰਮਜੀਤ ਸਿੰਘ ਦੀ ਅਗਵਾਈ ਹੇਠ ਸੀਆਈਏ ਇੰਚਾਰਜ ਸੁਰਿੰਦਰ ਕੁਮਾਰ ਦੀ ਟੀਮ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ 13.5 ਲੱਖ ਰੁਪਏ ਦੀ ਨਕਦੀ, 28,500 ਥਾਈ ਬਾਠ, ਹਮਲੇ 'ਚ ਵਰਤੀ ਦਾਤਰ ਤੇ ਡੰਡੇ ਤੇ ਲੁੱਟ 'ਚ ਵਰਤਿਆ ਬਾਈਕ ਬਰਾਮਦ ਕੀਤਾ ਹੈ।




## ਕੰਮ ਨਾ ਮਿਲਣ ਕਰਕੇ ਛੇ ਮਹੀਨੇ 'ਚ ਪਰਤਿਆ

ਹਰਪ੍ਰੀਤ ਸਿੰਘ 2024 'ਚ ਅਮਰੀਕਾ ਗਿਆ ਸੀ। ਉਸ ਨੂੰ ਉੱਥੇ ਕੰਮ ਨਾ ਮਿਲਿਆ 'ਤੇ 6 ਮਹੀਨਿਆਂ ਬਾਅਦ ਵਾਪਸ ਆਇਆ। ਲੱਖਾਂ ਰੁਪਏ ਦੇ ਨੁਕਸਾਨ ਦੀ ਭਰਪਾਈ ਲਈ ਕੁਝ ਵੀ ਕਰਨ ਨੂੰ ਉਹ ਤਿਆਰ ਸੀ। ਉਸ ਨੇ 2024 'ਚ ਆਪਣੇ ਜੀਜੇ ਗੁਰਬਹਾਰ ਸਿੰਘ ਤੇ ਦੋਸਤ ਹਰਸ਼ ਨਾਲ ਮਿਲ ਕੇ ਲੁੱਟ ਦੀ ਯੋਜਨਾ ਬਣਾਈ। ਲੁੱਟ ਕਰ ਤਾਂ ਲਈ ਪਰ ਇਹ ਸਭ ਸੀਸੀਟੀਵੀ 'ਚ ਕੈਦ ਹੋ ਗਿਆ। ਉਸ ਦੀ ਪਛਾਣ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ। ਹਰਪ੍ਰੀਤ ਨੇ ਮਨੀ ਐਕਸਚੇਂਜਰ ਤੋਂ ਪੈਸੇ ਬਦਲਵਾ ਕੇ ਹਰਸ਼ ਤੋਂ ਰੇਕੀ ਕਰਵਾਈ ਸੀ। ਉਸ ਨੇ ਦੇਖਿਆ ਕਿ ਮਨੋਜ ਇਕੱਲਾ ਰਹਿੰਦਾ ਹੈ ਤੇ ਸ਼ਾਮ ਨੂੰ ਪੈਸੇ ਲੈ ਕੇ ਚਲਾ ਜਾਂਦਾ ਹੈ। ਤਿੰਨੋਂ ਰਾਤ ਭਰ ਇਕੱਠੇ ਬੈਠ ਕੇ ਲੁੱਟ ਦੀ ਤਿਆਰੀ ਕਰਦੇ ਰਹੇ ਤੇ ਫਿਰ ਵਾਰਦਾਤ ਨੂੰ ਅੰਜਾਮ ਦਿੱਤਾ।

# ਨਾਬਾਲਗ ਬੱਚਿਆਂ ਵਿਚ ਵਧ ਰਹੀ ਹੈ ਅਪਰਾਧੀ ਰੁਚੀ

ਅਪਰਾਧਕ ਮਾਮਲਿਆਂ 'ਚ ਬਹੁਤੀ ਵਾਰ ਅਜਿਹੇ ਮੁਲਜ਼ਮ ਕਾਬੂ ਆ ਜਾਂਦੇ ਹਨ ਜਿਨ੍ਹਾਂ ਵਿਚ ਜਾਂਚ ਦੌਰਾਨ ਬਹੁਤੇ ਨਾਬਾਲਗ ਹੁੰਦੇ ਹਨ। ਨਾਬਾਲਗ ਅਪਰਾਧੀਆਂ ਲਈ ਜੁਵੇਨਾਈਲ ਕੋਰਟਾਂ ਦਾ ਪ੍ਰਬੰਧ ਹੈ ਤੇ ਇਨ੍ਹਾਂ ਨੂੰ ਵਿਸ਼ੇਸ਼ ਨਿਗਰਾਨੀ ਹੇਠ ਸੁਧਰਨ ਦਾ ਮੌਕਾ ਮਿਲਦਾ ਹੈ। ਨਾਬਾਲਗਾਂ ਵੱਲੋਂ ਕੀਤੇ ਗਏ ਕਈ ਅਪਰਾਧ ਅਜਿਹੇ ਵੀ ਸਾਹਮਣੇ ਆਏ ਹਨ ਜੋ ਕਿਸੇ ਵੀ ਕੀਮਤ 'ਤੇ ਮਾਫ਼ੀ ਦੇ ਲਾਇਕ ਨਹੀਂ।

ਇਸੇ ਕੜੀ ਵਿਚ ਜਲੰਧਰ ਤੋਂ ਸਾਹਮਣੇ ਆਇਆ ਮਾਮਲਾ ਹੈਰਾਨ ਅਤੇ ਪਰੇਸ਼ਾਨ ਕਰਨ ਵਾਲਾ ਹੈ। ਇੱਥੇ ਇਕ 10 ਸਾਲਾ ਲੜਕੇ ਨੂੰ ਪਿਸਤੌਲਾਂ ਦੀ ਸਪਲਾਈ ਦੇਣ ਜਾਂਦਿਆਂ ਗ੍ਰਿਫ਼ਤਾਰ ਕੀਤਾ ਗਿਆ ਹੈ। ਹਥਿਆਰਾਂ ਨਾਲ ਫੜਿਆ ਗਿਆ ਇਹ ਬੱਚਾ ਸ਼ਹਿਰ ਦੀ ਘਾਹ ਮੰਡੀ ਵਿਚ ਕਿਸੇ ਨੂੰ ਸਪਲਾਈ ਦੇਣ ਲਈ ਉਡੀਕ ਕਰ ਰਿਹਾ ਸੀ। ਉਸ ਕੋਲੋਂ 10 ਦੇਸੀ ਪਿਸਤੌਲਾਂ (ਕੱਟੇ), ਇਕ ਲੋਹੇ ਦੀ ਕਟਿੰਗ ਮਸ਼ੀਨ, ਇਕ ਡਰਿੱਲ ਮਸ਼ੀਨ, ਪਿਸਤੌਲ ਬਣਾਉਣ 'ਚ ਵਰਤੇ ਜਾਣ ਵਾਲੇ ਕਈ ਸੰਦ ਤੇ ਬਿਨਾਂ ਨੰਬਰ ਪਲੇਟ ਵਾਲੀ ਇਕ ਸਕੂਟਰੀ ਵੀ ਮਿਲੀ ਹੈ। ਫ਼ਿਲਹਾਲ ਇਹ ਗੱਲ ਸਾਹਮਣੇ ਆਈ ਹੈ ਕਿ ਲੜਕੇ ਨੇ ਪਿਸਤੌਲ ਬਣਾਉਣ ਦੀ ਸਿਖਲਾਈ ਆਨਲਾਈਨ ਲਈ ਸੀ। ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਪਿਛਲੇ ਸਾਲ ਬਿਹਾਰ 'ਚ ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਸੀ ਜਿੱਥੇ ਮੁਜ਼ੱਫਰਪੁਰ ਜ਼ਿਲ੍ਹੇ 'ਚ 7 ਤੋਂ 12 ਸਾਲ ਦੀ ਉਮਰ ਦੇ 5 ਛੋਟੇ ਬੱਚੇ ਯੂ-ਟਿਊਬ 'ਤੇ ਵੀਡੀਓ ਦੇਖ ਕੇ ਬੰਬ ਬਣਾਉਣ ਦੀ ਸਿਖਲਾਈ ਲੈ ਰਹੇ ਸਨ। ਇਸ ਗੱਲ ਦਾ ਖੁਲਾਸਾ ਉਦੋਂ ਹੋਇਆ ਜਦੋਂ ਇਕ ਧਮਾਕੇ ਵਿਚ ਇਹ ਸਾਰੇ ਗੰਭੀਰ ਜ਼ਖ਼ਮੀ ਹੋ ਗਏ। ਇਸ ਨਾਲ ਜੁੜਿਆ ਇਕ ਵੀਡੀਓ ਵੀ ਖ਼ੂਬ ਵਾਇਰਲ ਹੋਇਆ ਸੀ।

ਇਸ ਤੋਂ ਇਲਾਵਾ ਨਾਬਾਲਗਾਂ ਨੂੰ ਅਪਰਾਧਕ ਕਾਰਵਾਈਆਂ ਲਈ ਵਰਤਣ ਸਬੰਧੀ ਇਕ ਮਾਮਲੇ 'ਚ ਇਹ ਗੱਲ ਸਾਹਮਣੇ ਆਈ ਸੀ ਕਿ ਧਰਮ ਪਰਿਵਰਤਨ ਦੇ ਮਾਮਲੇ 'ਚ ਉੱਤਰ ਪ੍ਰਦੇਸ਼ ਦੇ ਐਂਟੀ ਟੈਰੇਰਿਸਟ ਸਕੁਐਡ ਨੇ ਦਿੱਲੀ 'ਚ ਦੋ ਨੌਜਵਾਨਾਂ ਨੂੰ ਫੜ ਕੇ ਜਦੋਂ ਪੁੱਛਗਿੱਛ ਕੀਤੀ ਤਾਂ ਸਾਹਮਣੇ ਆਇਆ ਕਿ ਗੂੰਗੇ-ਬੋਲੇ ਬੱਚਿਆਂ ਨੂੰ ਮਨੁੱਖੀ ਬੰਬ ਬਣਾ ਕੇ ਵਰਤਣ ਲਈ ਵੱਡੇ ਪੱਧਰ 'ਤੇ ਰੈਕਟ ਚਲਾਇਆ ਜਾ ਰਿਹਾ ਹੈ।

ਇਸ ਕੰਮ ਲਈ ਵਿਦੇਸ਼ਾਂ ਤੋਂ ਫੰਡਿੰਗ ਵੀ ਆ ਰਹੀ ਹੈ ਤੇ ਇਸ ਪਿੱਛੇ ਪਾਕਿਸਤਾਨ ਸਣੇ ਇਕ ਹੋਰ ਦੇਸ਼ ਵੀ ਸ਼ਾਮਲ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਇਨ੍ਹਾਂ ਘਟਨਾਵਾਂ ਪਿੱਛੇ ਕੌਣ ਹੈ ਜੋ ਇਨ੍ਹਾਂ ਅੱਲ੍ਹੜ ਬਰੇਸ ਦੇ ਬੱਚਿਆਂ ਨੂੰ ਇਹੋ ਜਿਹੀਆਂ ਸਮਾਜ ਵਿਰੋਧੀ ਕਾਰਵਾਈਆਂ ਲਈ ਵਰਤ ਰਿਹਾ ਹੈ। ਅਸਲ ਵਿਚ ਨਾਬਾਲਗਾਂ 'ਤੇ ਛੇਤੀ ਸ਼ੱਕ ਨਹੀਂ ਹੁੰਦਾ ਤੇ ਅਪਰਾਧਕ ਗਤੀਵਿਧੀਆਂ 'ਚ ਸ਼ਾਮਲ ਲੋਕਾਂ ਲਈ ਇਨ੍ਹਾਂ ਨੂੰ ਵਰਤਣਾ ਸੌਖਾ ਹੁੰਦਾ ਹੈ। ਦੂਜੇ ਪਾਸੇ ਕਈ ਹਾਲਾਤ 'ਚ ਇਨ੍ਹਾਂ ਬੱਚਿਆਂ ਦੇ ਮਾਪੇ ਆਰਥਿਕ ਪੱਖੋਂ ਇੰਨੇ ਸਮਰੱਥ ਨਹੀਂ ਹੁੰਦੇ ਕਿ ਆਪਣੇ ਬੱਚਿਆਂ ਦੇ ਵਿਕਾਸ ਲਈ ਉੱਦਮ ਕਰ ਸਕਣ। ਬੱਚੇ ਸਾਰਾ ਦਿਨ ਕੀ ਕਰਦੇ ਹਨ ਤੇ ਉਨ੍ਹਾਂ ਦੇ ਦਿਮਾਗ ਦਾ ਵਿਕਾਸ ਕਿਵੇਂ ਹੋ ਰਿਹਾ ਹੈ, ਕਈ ਵਾਰ ਇਸ ਗੱਲ ਦਾ ਵੀ ਇਲਮ ਨਹੀਂ ਹੁੰਦਾ।

ਅਜਿਹੇ 'ਚ ਬੱਚੇ ਗ਼ਲਤ ਹੱਥਾਂ 'ਚ ਫਸ ਕੇ ਕਿਸੇ ਘਟਨਾ ਨੂੰ ਅੰਜਾਮ ਦੇ ਬਹਿੰਦੇ ਹਨ। ਸੋਸ਼ਲ ਮੀਡੀਆ ਦਾ ਦੁਨੀਆ 'ਤੇ ਇੰਨਾ ਪ੍ਰਭਾਵ ਹੈ ਕਿ ਮੋਬਾਈਲ 'ਤੇ ਹਰ ਕਿਸਮ ਦੀ ਜਾਣਕਾਰੀ ਮੌਜੂਦ ਹੈ। ਕਿਸ ਜਾਣਕਾਰੀ ਨੂੰ ਕਿਵੇਂ ਵਰਤਣਾ ਹੈ, ਇਸ ਦਾ ਵੱਡਿਆਂ ਨੂੰ ਵੀ ਬਹੁਤੀ ਵਾਰ ਪਤਾ ਨਹੀਂ ਹੁੰਦਾ। ਯੂ-ਟਿਊਬ ਤੇ ਹੋਰ ਕਈ ਤਰ੍ਹਾਂ ਦੀਆਂ ਐਪਸ 'ਤੇ ਵੀ ਜਾਣਕਾਰੀਆਂ ਦੀ ਭਰਮਾਰ ਹੈ। ਮਾਪਿਆਂ ਦਾ ਫ਼ਰਜ਼ ਹੈ ਕਿ ਉਹ ਆਪਣੇ ਬੱਚਿਆਂ ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖਣ ਤੇ ਪੁਲਿਸ ਉਨ੍ਹਾਂ ਲੋਕਾਂ 'ਤੇ ਸਖ਼ਤੀ ਕਰੇ ਜੋ ਅਪਰਾਧਾਂ ਲਈ ਬੱਚਿਆਂ ਨੂੰ ਵਰਤਦੇ ਹਨ।

# ਹੋਮਗਾਰਡ ਨੂੰ ਮੁਲਾਜ਼ਮ ਨਹੀਂ ਮੰਨਿਆ ਜਾ ਸਕਦਾ: ਹਾਈ ਕੋਰਟ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਹੋਮਗਾਰਡ ਵਲੰਟੀਅਰਾਂ ਨੂੰ ਤਨਖਾਹ ਨਹੀਂ ਦਿੱਤੀ ਜਾਂਦੀ, ਸਗੋਂ ਉਨ੍ਹਾਂ ਨੂੰ ਸਿਰਫ ਦੌਰਾਨਾ ਭੱਤੇ ਵਜੋਂ ਖਰਚਾ ਦਿੱਤਾ ਜਾਂਦਾ ਹੈ। ਇਸ ਲਈ ਉਨ੍ਹਾਂ ਨੂੰ 1972 ਦੇ ਭੁਗਤਾਨ ਐਕਟ ਤਹਿਤ ਕਰਮਚਾਰੀ ਨਹੀਂ ਮੰਨਿਆ ਜਾ ਸਕਦਾ ਅਤੇ ਉਹ ਗ੍ਰੈਚੂਟੀ ਦੇ ਹੱਕਦਾਰ ਨਹੀਂ ਹਨ। ਜਸਟਿਸ ਹਰਸਿਮਰਨ ਸਿੰਘ ਸੇਠੀ ਨੇ ਕਈ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਜਾਰੀ ਕੀਤੇ। ਪਟੀਸ਼ਨਾਂ ਵਿੱਚ ਮੁੱਖ ਮੁੱਦਾ ਇਹ ਸੀ ਕਿ ਕੀ ਹੋਮਗਾਰਡ ਸੰਗਠਨ ਦੇ ਵਲੰਟੀਅਰ, ਜੋ ਰਾਜ ਸਰਕਾਰ ਦੇ ਕਰਮਚਾਰੀ ਨਹੀਂ ਹਨ, ਭੁਗਤਾਨ ਐਕਟ, 1972 ਤਹਿਤ ਗ੍ਰੈਚੂਟੀ ਦਾ ਲਾਭ ਲੈ ਸਕਦੇ ਹਨ।

ਪਟੀਸ਼ਨ ਕਰਤਾ ਨੇ ਦਲੀਲ ਦਿੱਤੀ ਕਿ ਉਨ੍ਹਾਂ ਨੂੰ ਹੋਮਗਾਰਡ ਸੰਗਠਨ ਦੇ ਨਿਯਮਤ ਕਰਮਚਾਰੀਆਂ ਵਜੋਂ ਮੰਨਿਆ -ਜਾਣਾ ਚਾਹੀਦਾ ਹੈ ਅਤੇ ਉਹ 1972 ਦੇ ਐਕਟ ਤਹਿਤ ਗ੍ਰੈਚੂਟੀ ਦੇ ਹੱਕਦਾਰ ਹਨ। ਪਟੀਸ਼ਨਕਰਤਾਵਾਂ ਨੇ ਦਲੀਲ ਦਿੱਤੀ ਕਿ ਕੁਝ ਹੋਮਗਾਰਡ ਵਲੰਟੀਅਰਾਂ ਨੂੰ ਵੀ 2020 ਅਤੇ 2021 ਵਿੱਚ ਦਿੱਤੀ ਗਈ ਗ੍ਰੈਚੂਟੀ ਦਾ ਉਹੀ ਲਾਭ ਮਿਲਣਾ ਚਾਹੀਦਾ ਹੈ। ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਹੋਮਗਾਰਡ ਵਲੰਟੀਅਰਾਂ ਨੂੰ ਕੋਈ ਨਿਯਮਤ ਤਨਖਾਹ ਨਹੀਂ ਦਿੱਤੀ ਜਾਂਦੀ। ਇਸ ਲਈ 28 ਫਰਵਰੀ, 2020 ਅਤੇ 24 ਅਗਸਤ, 2021 ਨੂੰ ਜਾਰੀ ਕੀਤੇ ਗਏ ਆਦੇਸ਼, ਜਿਨ੍ਹਾਂ ਵਿੱਚ ਗ੍ਰੈਚੂਟੀ ਦੇਣ ਦੀ ਗੱਲ ਕੀਤੀ ਗਈ ਸੀ, ਨੂੰ ਕਾਨੂੰਨ ਦੀਆਂ ਨਜ਼ਰਾਂ ਵਿੱਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਅਤੇ ਰੱਦ ਕੀਤਾ ਜਾਂਦਾ ਹੈ।



# ਡ੍ਰੋਨ ਰਾਹੀਂ ਪਾਕਿਸਤਾਨ ਤੋਂ ਹੈਰੋਇਨ ਮੰਗਵਾਉਣ ਵਾਲੇ ਕਾਬੂ

**ਖਾਲੜਾ:** ਤਰਨਤਾਰਨ ਦੀ ਪੁਲਿਸ ਨੇ ਪਾਕਿਸਤਾਨੀ ਤਸਕਰਾਂ ਕੋਲੋਂ ਡ੍ਰੋਨ ਦੀ ਮਦਦ ਨਾਲ ਹੈਰੋਇਨ ਮੰਗਵਾਉਣ ਵਾਲੇ ਦੋ ਜਣਿਆਂ ਨੂੰ ਕਿੱਲੋ ਤੋਂ ਵੱਧ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਹੈ। ਐੱਸਐੱਸਪੀ ਅਭਿਮੰਨਿਊ ਰਾਣਾ ਨੇ ਦੱਸਿਆ ਕਿ ਥਾਣਾ ਖਾਲੜਾ ਦੇ ਮੁੱਖੀ ਇੰਸਪੈਕਟਰ ਪਰਮਜੀਤ ਸਿੰਘ ਵਿਰਦੀ ਆਪਣੀ ਟੀਮ ਸਮੇਤ ਪਿੰਡ ਵਾਂ ਤਾਰਾ ਸਿੰਘ 'ਚ ਮੌਜੂਦ ਸਨ।



ਇਸੇ ਦੌਰਾਨ ਜਾਣਕਾਰੀ ਮਿਲੀ ਕਿ ਸੰਨੀ ਪੁੱਤਰ ਲਹੌਰਾ ਸਿੰਘ ਤੇ ਬਲਵਿੰਦਰ ਸਿੰਘ ਉਰਫ ਬੱਬੂ ਪੁੱਤਰ ਜੈਮਲ ਸਿੰਘ ਵਾਸੀ ਪਿੰਡ ਡੱਲ ਦੇ ਪਾਕਿਸਤਾਨੀ ਸਮਗੱਲਰਾਂ ਨਾਲ ਸਬੰਧ ਹਨ। ਇਹ ਲੋਕ ਸਰਹੱਦ ਪਾਰੋਂ ਹੈਰੋਇਨ ਮੰਗਵਾ ਕੇ ਤਰਨਤਾਰਨ ਤੇ ਪੰਜਾਬ ਦੇ ਜ਼ਿਲ੍ਹਿਆਂ 'ਚ ਸਪਲਾਈ ਕਰਦੇ ਹਨ। ਉਕਤ ਲੋਕ ਮੋਟਰਸਾਈਕਲ 'ਤੇ ਹੈਰੋਇਨ ਦੀ ਸਪਲਾਈ ਕਰਨ ਲਈ ਪਿੰਡ ਡੱਲ ਨਜ਼ਦੀਕ ਘੁੰਮ ਰਹੇ ਹਨ। ਜਿਸ 'ਤੇ ਥਾਣਾ ਮੁਖੀ ਦੀ ਟੀਮ ਨੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਸ਼ੁਰੂ ਕਰ ਦਿੱਤੀ। ਇਹ ਪੁਲਿਸ ਨੂੰ ਵੇਖ ਪਿੱਛੇ ਮੁੜਨ ਲੱਗੇ ਪਰ ਕਰਮਚਾਰੀਆਂ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ। ਤਲਾਸ਼ੀ ਲੈਣ 'ਤੇ 1 ਕਿੱਲੋ 22 ਗ੍ਰਾਮ ਹੈਰੋਇਨ ਮੋਬਾਈਲ ਤੇ ਬਾਈਕ ਬਰਾਮਦ ਹੋਈ। ਦੋਵਾਂ ਖ਼ਿਲਾਫ਼ ਪਹਿਲਾਂ ਵੀ ਕੇਸ ਦਰਜ ਹੈ।

# ਵਧੇ ਜਹਾਜ਼ ਕਿਰਾਏ ਦਾ ਮੁੱਦਾ ਰਾਜ ਸਭਾ ਵਿੱਚ ਉੱਠਿਆ

**ਨਵੀਂ ਦਿੱਲੀ:** ਕੁੰਭ ਮਹਾਂਪੁਰਬ ਵਿਚ ਸ਼ਾਮਲ ਹੋਣ ਦੇ ਉਤਸ਼ਾਹ ਕਾਰਨ ਜਹਾਜ਼ ਕਿਰਾਇਆਂ ਵਿਚ ਹੋਏ ਵਾਧੇ ਦਾ ਮਾਮਲਾ ਰਾਜ ਸਭਾ ਵਿਚ ਉੱਠਿਆ। ਮੈਂਬਰਾਂ ਨੇ ਇਸ ਕਿਰਾਏ ਦੀ ਤੁਲਨਾ ਆਮ ਦਿਨਾਂ ਵਿਚ ਲੰਡਨ ਤੱਕ ਦੇ ਕਿਰਾਏ ਨਾਲ ਕਰਦੇ ਹੋਏ ਕਿਹਾ ਕਿ ਅੱਜ ਤੱਕ ਘਰੇਲੂ ਯਾਤਰਾ ਵਿਚ ਲੋਕਾਂ ਨੂੰ ਏਨਾ ਭੁਗਤਾਨ ਨਹੀਂ ਕਰਨਾ ਪਿਆ। ਕਾਂਗਰਸੀ ਸੰਸਦ ਮੈਂਬਰ ਪ੍ਰਮੋਦ ਤਿਵਾਰੀ ਨੇ ਪ੍ਰਸ਼ਨਕਾਲ ਵਿਚ ਪੂਰਕ ਸਵਾਲ ਵਿਚ ਕਿਹਾ ਕਿ ਲੰਡਨ ਦੀ ਟਿਕਟ 24,000 ਰੁਪਏ ਵਿਚ ਮਿਲ ਜਾਂਦੀ ਹੈ ਪਰ ਚੇਨਈ ਤੋਂ ਪ੍ਰਯਾਗਰਾਜ ਲਈ ਟਿਕਟ 53,00 ਰੁਪਏ ਤੋਂ ਵੱਧ ਹੈ ਤੇ ਬੈਂਗਲੁਰੂ ਤੋਂ 51,000 ਹਜ਼ਾਰ ਰੁਪਏ ਹੈ। ਚੇਅਰਮੈਨ ਜਗਦੀਪ ਧਨਖੜ ਨੇ ਨਾਗਰਿਕ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਦੇ ਜਵਾਬ ਦੇਣ ਤੋਂ ਪਹਿਲਾਂ ਆਖਿਆ, 'ਇਹ ਪ੍ਰਯਾਗਰਾਜ ਦੀ ਅਹਿਮੀਅਤ ਨੂੰ ਦਰਸਾਉਂਦਾ ਹੈ।



# ਮਜ਼ਬੂਤ ਹੋ ਕੇ ਅਸੀਂ ਬਿਹਤਰ ਕੰਮ ਕਰ ਸਕਾਂਗੇ: ਰਾਜਨਾਥ

**ਬੰਗਲੁਰੂ:** ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਸੁਰੱਖਿਆ ਦੇ ਲਿਹਾਜ਼ ਨਾਲ ਕਮਜ਼ੋਰ ਰਹਿ ਕੇ ਕਦੇ ਵੀ ਸ਼ਾਂਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਸਿਰਫ਼ ਮਜ਼ਬੂਤ ਹੋ ਕੇ ਅਸੀਂ ਬਿਹਤਰ ਸੰਸਾਰ ਲਈ ਕੰਮ ਕਰ ਸਕਦੇ ਹਾਂ। ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਮਹਾਂਕੁੰਭ ਦਾ ਜ਼ਿਕਰ ਕਰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਏਅਰੋ ਇੰਡੀਆ ਦੇ ਰੂਪ ਵਿਚ ਇਕ ਹੋਰ 'ਮਹਾਂਕੁੰਭ' ਸ਼ੁਰੂ ਹੋ ਰਿਹਾ ਹੈ। ਜਿੱਥੇ ਪ੍ਰਯਾਗਰਾਜ ਮਹਾਂਕੁੰਭ 'ਆਤਮ-ਖੋਜ ਦਾ ਕੁੰਭ' ਹੈ ਤਾਂ ਉੱਥੇ ਏਅਰੋ ਇੰਡੀਆ ਦਾ ਮਹਾਂਕੁੰਭ 'ਖੋਜ ਦਾ ਕੁੰਭ' ਹੈ। ਇਹ ਅਨਿਸ਼ਚਿਤਤਾਵਾਂ ਦੀ ਦੁਨੀਆਂ ਵਿਚ ਭਾਰਤੀ ਮਿੱਟੀ ਦੀ ਤਾਕਤ ਨੂੰ ਜ਼ਾਹਰ ਕਰਦਾ ਹੈ। ਕਾਬਿਲੇ ਜ਼ਿਕਰ ਹੈ ਕਿ ਬੈਂਗਲੁਰੂ ਵਿਚ ਸੋਮਵਾਰ ਨੂੰ ਏਅਰ ਇੰਡੀਆ 2025 ਦੇ ਉਦਘਾਟਨ ਮਗਰੋਂ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਵੱਡਾ ਮੁਲਕ ਹੋਣ ਨਾਤੇ ਹਮੇਸ਼ਾਂ ਸ਼ਾਂਤੀ ਤੇ ਸਥਿਰਤਾ ਦਾ ਸਮਰਥਕ ਰਿਹਾ ਹੈ। ਸਾਡੇ ਲਈ ਭਾਰਤ ਦੀ ਸੁਰੱਖਿਆ ਜਾ ਸ਼ਾਂਤੀ ਇਕ-ਦੂਜੇ ਤੋਂ ਵੱਖ ਨਹੀਂ ਹੈ। ਏਅਰ ਇੰਡੀਆ ਵਿਚ ਵੱਖ-ਵੱਖ ਮੁਲਕਾਂ ਤੋਂ ਆਏ ਸਾਡੇ ਮਿੱਤਰਾਂ ਦੀ ਹਾਜ਼ਰੀ ਇਸ ਗੱਲ ਦਾ ਸਬੂਤ ਹੈ ਕਿ ਸਾਡੇ ਸਾਂਝੀਦਾਰ ਇੱਕੋ ਜ਼ਮੀਨ, ਇੱਕੋ ਪਰਿਵਾਰ ਤੇ ਇੱਕੋ ਭਵਿੱਖ ਦੇ ਸਾਡੇ ਨਜ਼ਰੀਏ ਨੂੰ ਸਾਂਝਾ ਕਰਦਾ ਹਨ। ਉਨ੍ਹਾਂ ਕਿਹਾ ਕਿ ਸ਼ਾਂਤੀ ਦਾ ਬੋਹੜ ਤਾਂ ਹੀ ਵੱਡਾ ਹੋ ਸਕਦਾ ਹੈ ਜੇ ਇਹ ਡੂੰਘੀਆਂ ਜੜ੍ਹਾਂ 'ਤੇ ਖੜ੍ਹਾ ਹੋਵੇਗਾ।



# ‘ਮੇਲਾ ਗੀਤਕਾਰਾਂ ਦਾ’ 22 ਫ਼ਰਵਰੀ ਨੂੰ

ਮੇਲਾ ਗੀਤਕਾਰਾਂ ਦਾ 22 ਫ਼ਰਵਰੀ 2025 ਦਿਨ ਸ਼ਨਿਚਰਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਸਵੇਰੇ 11 ਤੋਂ ਸ਼ਾਮ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਵਿਸ਼ਵ ਪੰਜਾਬੀ ਗੀਤਕਾਰ ਪਰਿਵਾਰ ਅਤੇ ਪੰਜਾਬੀ ਗੀਤਕਾਰ ਮੰਚ ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਹਿਯੋਗ ਅਤੇ ਸਮੂਹ ਗੀਤਕਾਰਾਂ ਵੱਲੋਂ ਕੀਤੇ ਸਾਂਝੇ ਉਪਰਾਲੇ ਸਦਕਾ ਇਸ ਮੇਲੇ ਵਿਚ ਪੰਜਾਬ ਦੇ 1000 ਤੋਂ ਵੱਧ ਗੀਤਕਾਰਾਂ ਦੇ



ਪੁੱਜਣ ਦੀ ਸੰਭਾਵਨਾ ਹੈ। ਇਸ ਮੇਲੇ ਵਿਚ ਪੰਜਾਬ ਦੇ ਨਾਮੀ ਗੀਤਕਾਰਾਂ ਤੋਂ ਇਲਾਵਾ ਨਵੇਂ ਗੀਤਕਾਰ ਵੀ ਹਾਜ਼ਰੀ ਭਰਨਗੇ।

ਮੇਲੇ ਬਾਰੇ ਜਾਣਕਾਰੀ ਦੇਂਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਨੇ ਦੱਸਿਆ ਕਿ ਮੇਲੇ ਦਾ ਮੁੱਖ ਮਕਸਦ ਗੀਤਕਾਰਾਂ ਨੂੰ ਇੰਡੀਅਨ ਪ੍ਰਫਾਰਮਿੰਗ ਰਾਈਟ ਸੋਸਾਇਟੀ ਸੰਸਥਾ ਨਾਲ ਜੋੜ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਗੀਤਾਂ ਦੀ ਉਮਰ ਭਰ ਰਾਇਲਟੀ ਦੁਆਉਣਾ, ਗੀਤਾਂ ਦੀ ਚੋਰੀ ਨੂੰ ਰੋਕਣਾ, 60 ਸਾਲ ਤੋਂ ਉੱਪਰ ਬਜ਼ੁਰਗ ਤੇ ਬੀਮਾਰ ਗੀਤਕਾਰਾਂ ਨੂੰ ਸਰਕਾਰ ਤੋਂ ਪੈਨਸ਼ਨ ਅਤੇ ਮੁਫ਼ਤ ਇਲਾਜ ਦਾ ਪ੍ਰਬੰਧ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਮੇਲਾ ਸਮੂਹ ਗੀਤਕਾਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਮੇਲੇ ਦੀ ਪ੍ਰਬੰਧਕ ਟੀਮ ਵਿਚ ਜਸਵੰਤ ਸੰਦੀਲਾ, ਪਾਲੀ ਦੇਤਵਾਲੀਆ, ਸੇਵਾ ਸਿੰਘ ਨੌਰਥ, ਬਲਬੀਰ ਮਾਨ, ਭੱਟੀ ਭੜੀਵਾਲਾ, ਬਿੱਟੂ ਖੰਨੇ ਵਾਲਾ, ਬੂਟਾ ਭਾਈ ਰੂਪਾ, ਬੱਬੂ ਬਰਾੜ, ਨਿੰਮਾ ਲੁਹਾਰਕੇ, ਗੁਰਵਿੰਦਰ ਕੈਂਡੋਵਾਲ, ਅਜੀਤਪਾਲ ਜੀਤੀ ਅਤੇ ਭੰਗੂ ਫਲੇੜੇਵਾਲਾ ਦੇ ਨਾਮ ਜ਼ਿਕਾਰਯੋਗ ਹਨ।

ਮੇਲੇ ਦੇ ਸਰਪ੍ਰਸਤ ਸ. ਬਾਬੂ ਸਿੰਘ ਮਾਨ, ਗੁਰਭਜਨ ਗਿੱਲ, ਸ਼ਮਸ਼ੇਰ ਸੰਧੂ, ਜਰਨੈਲ ਘੁਮਾਣ ਅਤੇ ਅਮਰੀਕ ਸਿੰਘ ਤਲਵੰਡੀ ਹਨ। ਮੇਲੇ ਦੇ ਮੁੱਖ ਪ੍ਰਬੰਧਕ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਹਨ ਜਿਨ੍ਹਾਂ ਦੀ ਰਹਿਨੁਮਾਈ ਹੇਠ ਮੇਲੇ ਦੀ ਕੋਆਰਡੀਨੇਟਰ ਟੀਮ ਅਮਨ ਫੁੱਲਾਂਵਾਲ, ਗਿੱਲ ਦੁੱਗਰੀ, ਅਨੂਪ ਸਿੱਧੂ ਅਤੇ ਦਿਲਬਾਗ ਹੁੰਦਲ ਜ਼ੋਰ ਸ਼ੋਰ ਨਾਲ ਮੇਲੇ ਨੂੰ ਹਰ ਪੱਖੋਂ ਕਾਮਯਾਬ ਬਣਾਉਣ ਲਈ ਮਿਹਨਤ ਕਰ ਰਹੇ ਹਨ। ਸਟੇਜ ਪ੍ਰਬੰਧਕਾਂ ਵਿਚ ਪ੍ਰੋ. ਨਿਰਮਲ ਜੌੜਾ, ਬਿੱਟੂ ਖੰਨੇਵਾਲਾ, ਜਗਤਾਰ ਜੱਗੀ ਅਤੇ ਕਰਨੈਲ ਸਿਵੀਆਂ ਦੇ ਨਾਮ ਸ਼ਾਮਲ ਹਨ।

ਅਸ਼ੋਕ ਬਾਂਸਲ ਮਾਨਸਾ, ਸ਼ਮਸ਼ੇਰ ਸੰਧੂ, ਬਲਬੀਰ ਮਾਨ, ਜਰਨੈਲ ਘੁਮਾਣ ਅਤੇ ਗੁਰਭਜਨ ਗਿੱਲ ਪੰਜਾਬੀ ਗੀਤਕਾਰੀ ਵਿਚ ਆਏ ਨਿੱਘਾਰ ਅਤੇ ਅਜੋਕੀ ਗੀਤਕਾਰੀ ਬਾਰੇ ਵਿਚਾਰ ਪੇਸ਼ ਕਰਨਗੇ। ਇਸ ਦੌਰਾਨ ਪੰਜਾਬ ਦੇ ਸਿਰਕੱਢ ਗਾਇਕ ਗੀਤਕਾਰ ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਦੇਬੀ ਮਖਸੂਸਪੁਰੀ, ਸਰਬਜੀਤ ਚੀਮਾ, ਹਾਕਮ ਬਖ਼ਤੜੀ ਵਾਲਾ, ਆਤਮਾ ਬੁੱਢੇਵਾਲੀਆ, ਬਲਬੀਰ ਬੋਪਾਰਾਏ, ਹਰਿੰਦਰ ਸੰਧੂ, ਵੀਤ ਬਲਜੀਤ, ਹੈਪੀ ਰਾਏਕੋਟੀ, ਬਿੱਟੂ ਖੰਨੇਵਾਲਾ, ਫ਼ਤਹਿ ਸ਼ੇਰਗਿੱਲ, ਬਿੰਦਰ ਨੱਥੂਮਾਜਰਾ, ਪ੍ਰੀਤ ਹਰਪਾਲ, ਕੁਲਦੀਪ ਕੰਡਿਆਰਾ, ਸ਼ਨੀ ਸ਼ਾਹ ਅਤੇ ਸ਼ੇਰ ਰਾਣਵਾਂ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ। ਗੀਤਕਾਰਾਂ ਦੇ ਇਸ ਮੇਲੇ ਵਿਚ ਪੰਜਾਬ ਦੇ ਸਾਰੇ ਗਾਇਕਾਂ, ਸੰਗੀਤਕਾਰਾਂ, ਵੀਡੀਓ ਡਾਇਰੈਕਟਰਾਂ, ਕਵੀਆਂ, ਲੇਖਕਾਂ, ਸਾਹਿਤਕਾਰਾਂ, ਗ਼ਜ਼ਲਗੋਆਂ, ਕਹਾਣੀਕਾਰਾਂ, ਭੰਗੜੇ ਗਿੱਧੇ ਦੇ ਕਲਾਕਾਰਾਂ, ਪੱਤਰਕਾਰਾਂ, ਲੇਖਕਾਂ, ਸ਼ਾਇਰਾਂ, ਬੁੱਧੀਜੀਵੀਆਂ, ਮੀਡੀਆ ਤੇ ਪ੍ਰੈਸ ਨੂੰ ਖੁੱਲ੍ਹਾ ਸੱਦਾ ਹੈ। ਮੇਲੇ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਤੋਂ ਵਿਸ਼ੇਸ਼ ਕਰਕੇ ਗੀਤਕਾਰ ਭਾਗ ਲੈ ਰਹੇ ਹਨ। ਮੇਲੇ ਵਾਲੇ ਦਿਨ ਸਵੇਰ ਤੋਂ ਚਾਹ ਅਤੇ ਲੰਗਰ ਅਟੁੱਟ ਵਰਤੇਗਾ। ਮੇਲੇ ਦਾ ਲਾਈਵ ਪ੍ਰਸਾਰਣ ਅਮਨ ਫੁੱਲਾਂਵਾਲ ਵੱਲੋਂ ‘ਸੋਚ ਪੰਜਾਬ ਦੀ’ ਅਤੇ ਹੋਰ ਚੈਨਲਾਂ ’ਤੇ ਕੀਤਾ ਜਾਵੇਗਾ।

# ‘ਸ੍ਰੀ ਕੰਵਰ ਚੌਹਾਨ ਯਾਦਗਾਰੀ ਗ਼ਜ਼ਲ ਪੁਰਸਕਾਰ-2025’ ਸ਼ਾਇਰ ਅਜੇ ਤਨਵੀਰ ਦੇ ਗ਼ਜ਼ਲ-ਸੰਗ੍ਰਹਿ ‘ਫ਼ਤਵਿਆਂ ਦੇ ਦੌਰ ਵਿਚ’ ਨੂੰ

**ਨਾਭਾ:** ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ ਵਲੋਂ ਵਿਸ਼ੇਸ਼ ਸਨਮਾਨ ਅਤੇ ਪੁਸਤਕ ਰਿਲੀਜ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ‘ਸ੍ਰੀ ਕੰਵਰ ਚੌਹਾਨ ਯਾਦਗਾਰੀ ਨਜ਼ਮ ਪੁਰਸਕਾਰ-2025’ ਉਘੇ ਕਵੀ ਡਾ. ਦਵਿੰਦਰ ਸੈਫ਼ੀ ਦੇ ਕਾਵਿ-ਸੰਗ੍ਰਹਿ ‘ਮੁਹੱਬਤ ਨੇ ਕਿਹਾ’ ਨੂੰ, ‘ਸ੍ਰੀ ਕੰਵਰ ਚੌਹਾਨ ਯਾਦਗਾਰੀ ਗ਼ਜ਼ਲ ਪੁਰਸਕਾਰ-2025’ ਪ੍ਰਸਿੱਧ ਸ਼ਾਇਰ ਅਜੇ ਤਨਵੀਰ ਦੇ ਗ਼ਜ਼ਲ-ਸੰਗ੍ਰਹਿ ‘ਫ਼ਤਵਿਆਂ ਦੇ ਦੌਰ ਵਿਚ’ ਨੂੰ ਅਤੇ ਸ੍ਰੀ ਕੰਵਲ ਚੌਹਾਨ ਯਾਦਗਾਰੀ ਕਾਵਿ-ਪ੍ਰਤਿਭਾ ਪੁਰਸਕਾਰ-2025 ਸ਼ਾਇਰ ਅਵਤਾਰ ਸਿੰਘ ਮਾਨ ਦੇ ਗ਼ਜ਼ਲ-ਸੰਗ੍ਰਹਿ ‘ਪਾਣੀ ’ਤੇ ਮੂਰਤ’ ਨੂੰ ਦਿੱਤਾ ਜਾ ਰਿਹਾ ਹੈ। ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸ਼੍ਰੋਮਣੀ ਕਵਿੱਤਰੀ ਡਾ. ਪਾਲ ਕੌਰ ਨੂੰ ਇਨ੍ਹਾਂ ਦੀ ਇਸ ਪ੍ਰਾਪਤੀ ਲਈ ਵਿਸ਼ੇਸ਼ ਤੌਰ ’ਤੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਕੁਝ ਨਵ-ਪ੍ਰਕਾਸ਼ਿਤ ਪੁਸਤਕਾਂ ਵੀ ਰਿਲੀਜ਼ ਕੀਤੀਆਂ ਜਾਣਗੀਆਂ।

ਇਸ ਸਮਾਗਮ ਦੌਰਾਨ ਜਿੱਥੇ ਰਵੀ ਰਵਿੰਦਰ, ਰਮੇਸ਼ ਕਾਲੀਆ ਅਤੇ ਅਮਰਜੀਤ ਪੇਂਟਰ ਵਲੋਂ ਚਿੱਤਰ ਪ੍ਰਦਰਸ਼ਨੀ ਲਾਈ ਜਾਵੇਗੀ, ਉਥੇ ਹੀ ਪੰਜਾਬ ਦੀਆਂ ਨਾਮਵਰ ਪਬਲਿਕੇਸ਼ਨਜ਼ ਵਲੋਂ ਪੁਸਤਕ ਪ੍ਰਦਰਸ਼ਨੀਆਂ ਵੀ ਲਾਈਆਂ ਜਾਣਗੀਆਂ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਅਹੁਦੇਦਾਰ ਡਾ. ਹਰਜਿੰਦਰ ਸਿੰਘ ਅਟਵਾਲ, ਦੀਪ ਦਵਿੰਦਰ ਸਿੰਘ, ਮਨਜੀਤ ਇੰਦਰਾ, ਬਲਵਿੰਦਰ ਸੰਧੂ, ਦਲਜੀਤ ਸਾਹੀ,





ਭੁਪਿੰਦਰ ਕੌਰ ਪ੍ਰੀਤ, ਸ਼ੈਲਿੰਦਰਜੀਤ ਸਿੰਘ ਰਾਜਨ, ਸੁਰਿੰਦਰ ਪ੍ਰੀਤ ਘਣੀਆਂ, ਮੂਲ ਚੰਦ ਸ਼ਰਮਾ, ਰਾਜਿੰਦਰ ਰਾਜਨ ਅਤੇ ਕਾਰਜਕਾਰਨੀ ਮੈਂਬਰਾਂ ਨੂੰ ਵਿਸ਼ੇਸ਼ ਬੁਲਾਵਾ ਦਿੱਤਾ ਗਿਆ ਹੈ।

ਸਹਿਯੋਗੀ ਸੰਸਥਾਵਾਂ ਵਿਚ ਰੋਟਰੀ ਕਲੱਬ ਨਾਭਾ, ਨਾਭਾ ਸੋਸ਼ਲ ਵੈਲਫੇਅਰ ਐਂਡ ਕਲਚਰਲ ਕਲੱਬ, ਭਾਈ ਕਾਨ੍ਹ ਸਿੰਘ ਨਾਭਾ ਜ਼ਿਲ੍ਹਾ ਲਾਇਬਰੇਰੀ ਪ੍ਰਬੰਧਕ ਕਮੇਟੀ, ਪ੍ਰੀਤ ਪਬਲੀਕੇਸ਼ਨ ਨਾਭਾ, ਅਦਾਰਾ ਮਹਿਰਮ ਨਾਭਾ, ਵਿਸ਼ਵ ਪੰਜਾਬੀ ਸਭਾ ਕੈਨੇਡਾ, ਸਾਹਿਤ ਅਕਾਦਮੀ ਪਟਿਆਲਾ, ਪੰਜਾਬੀ ਸਾਹਿਤ ਸਭਾ ਮੋਹਾਲੀ, ਸਾਹਿਤ ਸਿਰਜਣਾ ਮੰਚ ਅਮਰਗੜ੍ਹ, ਗ੍ਰੈਂਡ ਜੇ ਡੀ ਪੈਲੇਸ ਨਾਭਾ ਰੋਡ ਪਟਿਆਲਾ ਅਤੇ ਜੇ ਕੇ ਮੈਮੋਰੀਅਲ ਗਲੋਬਲ ਸਕੂਲ ਬਾਗੜੀਆਂ ਸ਼ਾਮਲ ਹਨ। ਪ੍ਰੋਗਰਾਮ ਦੀ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਰਵਿੰਦਰ ਰਵੀ, ਅਮਰ ਘੋਲੀਆ, ਰਮੇਸ਼ ਕਾਲੀਆ ਅਤੇ ਮੋਹਨ ਸਿੰਘ ਵਲੋਂ ਅਤੇ ਵਿਸ਼ੇਸ਼ ਕਵਰੇਜ ਨਵਜੀਤ ਗਿੱਲ, ਕੇ ਐਸ ਬਨਵੈਤ ਆਦਿ ਵਲੋਂ ਕੀਤੀ ਜਾਵੇਗੀ।

# ਕਥਿਤ ਮੁਕਾਬਲੇ ਗ਼ੈਰਅਦਾਲਤੀ ਹੱਤਿਆਵਾਂ: ਜਮਹੂਰੀ ਫਰੰਟ

(ਬਿਊਰੋ): ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਆਗੂਆਂ ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ. ਮਲੇਰੀ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਛੱਤੀਸਗੜ੍ਹ ਦੇ ਨੈਸ਼ਨਲ ਪਾਰਕ ਇਲਾਕੇ ਵਿਚ ‘ਮੁਕਾਬਲੇ’ ਦੇ ਨਾਂ ਹੇਠ 31 ਨਕਸਲੀਆਂ, ਜਿਨ੍ਹਾਂ ਵਿਚ 10 ਔਰਤਾਂ ਵੀ ਸ਼ਾਮਲ ਸਨ, ਨੂੰ ਘੇਰਾ ਪਾ ਕੇ ਬੇਰਹਿਮੀ ਨਾਲ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ ’ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ ’ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ ’ਚੋਂ ਉਪਜੀ ਸਮਾਜਿਕ ਬੇਚੈਨੀ ਦਾ ਨਤੀਜਾ ਹੈ। ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈਣ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਦਹਾਕਿਆਂ ਤੋਂ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਆਪਣੇ ਹੀ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ ’ਤੇ ਚੱਲ ਰਹੇ ਹਨ। ਜਨਵਰੀ 2024 ਤੋਂ ਲੈ ਕੇ ਹੁਣ ਤੱਕ ਇਕ ਸਾਲ ਦੇ ਅਰਸੇ ਅੰਦਰ ‘ਓਪਰੇਸ਼ਨ ਕਗਾਰ’ ਤਹਿਤ ਬਸਤਰ ਖੇਤਰ ਅੰਦਰ ਸੁਰੱਖਿਆ ਬਲਾਂ ਵੱਲੋਂ ‘ਮੁਕਾਬਲਿਆਂ’ ਦੇ ਨਾਂ ਹੇਠ 350 ਤੋਂ ਵੱਧ ਗ਼ੈਰਅਦਾਲਤੀ ਹੱਤਿਆਵਾਂ ਕੀਤੀਆਂ ਗਈਆਂ ਹਨ। ਇਹ ਹੋਰ ਵੀ ਚਿੰਤਾਜਨਕ ਹੈ ਕਿ ਆਦਿਵਾਸੀਆਂ ਤੇ ਹੋਰ ਮਿਹਨਤਕਸ਼ ਜਮਾਤਾਂ ਦੇ ਨੌਜਵਾਨਾਂ ਨੂੰ ਸਰਕਾਰੀ ਲਸ਼ਕਰਾਂ ’ਚ ਭਰਤੀ ਕਰਕੇ ‘ਕਾਨੂੰਨ ਵਿਵਸਥਾ ਬਹਾਲ ਕਰਨ’ ਦੇ ਨਾਂ ਹੇਠ ਦੱਬੇ-ਕੁਚਲੇ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਲਹੂ ’ਚ ਡਬੋਣ ਲਈ ਮੋਹਰੇ ਬਣਾ ਕੇ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ‘ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ’ ਦੀ ਭਾਜਪਾ ਦੀ ਨੀਤੀ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਕਥਿਤ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ



ਨੀਤੀ ਹੈ, ਜਿਸ ਦਾ ਮੁਲਕ ਦੇ ਹਿਤਾਂ ਅਤੇ ਲੋਕਾਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਦਰਅਸਲ, ਆਦਿਵਾਸੀ ਦੇ ਜਲ-ਜੰਗਲ-ਜ਼ਮੀਨ ਉੱਪਰ ਕੁਦਰਤੀ ਹੱਕ ਦੀ ਰਾਖੀ ਲਈ ਜਮਹੂਰੀ ਵਿਰੋਧ ਨੂੰ ਕੁਚਲ ਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕੇ ਖਾਲੀ ਕਰਾ ਕੇ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ, ਜਿਸ ਨੂੰ ਕਿਸੇ ਵੀ ਬਹਾਨੇ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸਾਰੀਆਂ ਹੀ ਜਮਹੂਰੀ ਤੇ ਨਿਆਂਪਸੰਦ ਤਾਕਤਾਂ ਨੂੰ ਹੁਕਮਰਾਨਾਂ ਦੇ ਇਨ੍ਹਾਂ ਮਨਸੂਬਿਆਂ ਅਤੇ ਕਤਲੇਆਮ ਮੁਹਿੰਮ ਖ਼ਿਲਾਫ਼ ਆਵਾਜ਼ ਉਠਾਉਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

ਉਨ੍ਹਾਂ ਮੰਗ ਕੀਤੀ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿਚੋਂ ਸਕਿਉਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਹੱਕਾਂ ਦੇ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ।

***-ਜਾਰੀ ਕਰਤਾ: ਡਾ. ਪਰਮਿੰਦਰ 95010-25030, ਪ੍ਰੋਫੈਸਰ ਏ.ਕੇ.ਮਲੇਰੀ 98557-00310, ਬੂਟਾ ਸਿੰਘ ਮਹਿਮੂਦਪੁਰ 94634-74342***

# ਸੋਢੀ ਪਰਿਵਾਰ ਨੂੰ ਸਦਮਾ

ਫ਼ੀਨਿਕਸ: ਐਰੀਜ਼ੋਨਾ ਨਿਵਾਸੀ ਹਰਜੀਤ ਸਿੰਘ ਸੋਢੀ, ਜਸਵਿੰਦਰ ਸਿੰਘ ਸੋਢੀ ਅਤੇ ਰਾਣਾ ਸੋਢੀ ਦੇ ਵੱਡੇ ਭਾਈ ਜਗਜੀਤ ਸਿੰਘ ਸੋਢੀ ਜੋ ਭਾਰਤ ਵਿਚ ਮੈਰਿਜ ਪੈਲੇਸ ਚਲਾਉਂਦੇ ਹਨ ਦੇ ਪੋਤਰੇ ਹਰਦਿੱਤ ਸਿੰਘ ਸਪੁੱਤਰ (ਗੁਰਪ੍ਰੀਤ ਸਿੰਘ ਸੰਨੀ ਅਤੇ ਅਮਨਦੀਪ ਕੌਰ ਸੋਢੀ) ਦਾ ਬੀਤੇ ਦਿਨੀਂ ਕੈਲੀਫੋਰਨੀਆ ਦੇ ਇਕ ਹਸਪਤਾਲ ਵਿਚ ਇਲਾਜ ਦੌਰਾਨ ਕੇਵਲ ਸੱਤ ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਹੈ।



ਹਰਦਿੱਤ ਦਾ ਅੰਤਿਮ ਸੰਸਕਾਰ ਸੈਂਟਾ ਮਾਨਿਕਾ ਬੁਲੇਵਾਰਡ ਹਾਲੀਵੁੱਡ ਵਿਖੇ ਕੀਤਾ ਗਿਆ, ਉਪਰੰਤ ਅੰਤਿਮ ਅਰਦਾਸ ਅਤੇ ਕੀਰਤਨ ਗੁਰਦੁਆਰਾ ਸਾਹਿਬ ਹਾਲੀਵੁੱਡ (ਲਾਸ ਏਂਜਲਸ) ਵਿਚ ਹੋਈ। ਭਾਈ ਭੁਪਿੰਦਰ ਸਿੰਘ ਜੀ ਰੰਗੀਲਾ ਅਤੇ ਗੁਰੂ ਘਰ ਦੇ ਨਿਸ਼ਕਾਮ ਸੇਵਕ ਭਾਈ ਰਾਵਿੰਦਰ ਸਿੰਘ ਰਸੀਆ, ਭਾਈ ਮਨਜਿੰਦਰ ਸਿੰਘ ‘ਤਾਨ’ ਦੇ ਜਥਿਆਂ ਨੇ ਵੈਰਾਗਮਈ ਕੀਰਤਨ ਕੀਤੇ। ਦੂਰ-ਨੇੜੇ ਤੋਂ ਆਏ ਪਰਿਵਾਰ ਦੇ ਸਭ ਰਿਸ਼ਤੇਦਾਰਾਂ, ਸਾਕ ਸਬੰਧੀਆਂ ਅਤੇ ਦੋਸਤਾਂ-ਮਿੱਤਰਾਂ ਨੇ ਸੋਢੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਬੱਚੇ ਦੀ ਆਤਮਿਕ ਸ਼ਾਂਤੀ ਵਾਸਤੇ ਅਰਦਾਸ ਵਿਚ ਸ਼ਾਮਲ ਹੋਏ।

# ਪੰਜਾਬ ਸਰਕਾਰ ਵਲੋਂ ਐਨ.ਆਰ.ਆਈਜ਼. ਲਈ ਵਟਸਐਪ ਨੰਬਰ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਐੱਨਆਰਆਈਜ਼ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਵਟਸਐਪ ਨੰਬਰ 9056009884 ਜਾਰੀ ਕੀਤਾ ਹੈ। ਪ੍ਰਸ਼ਾਸਨਿਕ ਸੁਧਾਰ ਅਤੇ ਐੱਨਆਰਆਈ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਇੱਥੋਂ ਇਹ ਸ਼ਿਕਾਇਤਾਂ ਤੁਰੰਤ ਨਿਪਟਾਰੇ ਲਈ ਸਬੰਧਤ ਵਿਭਾਗਾਂ ਦੇ ਨਾਲ-ਨਾਲ ਪੰਜਾਬ ਪੁਲਿਸ ਦੇ ਐੱਨਆਰਆਈ ਵਿੰਗ ਦੇ ਏਡੀਜੀਪੀ ਨੂੰ ਭੇਜੀਆਂ ਜਾਣਗੀਆਂ ਜਿੱਥੇ ਸ਼ਿਕਾਇਤਾਂ ਦੇ ਨਿਪਟਾਰੇ ਕੀਤੇ ਜਾਣਗੇ।



# ਮਨੀਪੁਰ ਦੇ ਮੁੱਖ ਮੰਤਰੀ ਨੇ ਦਿੱਤਾ ਅਸਤੀਫ਼ਾ

**ਇੰਫਾਲ:** ਵਿਧਾਨ ਸਭਾ ਸੈਸ਼ਨ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਮਨੀਪੁਰ ਦੇ ਮੁੱਖ ਮੰਤਰੀ ਐਨ ਬੀਰੇਨ ਸਿੰਘ ਨੇ ਐਤਵਾਰ ਨੂੰ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਬੀਰੇਨ ਸਿੰਘ ਨੇ ਕੁਝ ਮੰਤਰੀਆਂ ਤੇ ਹੋਰਨਾਂ ਨੇਤਾਵਾਂ ਨਾਲ ਰਾਜਪਾਲ ਅਜੇ ਕੁਮਾਰ ਭੱਲਾ ਨਾਲ ਮੁਲਾਕਾਤ ਕੀਤੀ ਤੇ ਆਪਣਾ ਅਸਤੀਫ਼ਾ 1 ਦੇ ਦਿੱਤਾ। ਰਾਜਪਾਲ ਨੇ ਸਿੰਘ ਨੂੰ ਕਾਰਜਕਾਰੀ ਮੁੱਖ ਮੰਤਰੀ ਦੇ ਤੌਰ ‘ਤੇ ਬਣੇ ਰਹਿਣ ਦੀ




ਅਪੀਲ ਕੀਤੀ ਹੈ। ਇਸ ਤੋਂ ਪਹਿਲਾਂ ਬੀਰੇਨ ਨੇ ਦਿੱਲੀ 5 ‘ਚ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੇ ਕੀਤਾ। ਦਿੱਲੀ ਤੋਂ ਵਾਪਸ ਆਉਣ ਦੇ ਕੁਝ ਘੰਟਿਆਂ ਬਾਅਦ ਹੀ ਉਨ੍ਹਾਂ ਅਸਤੀਫ਼ਾ ਦੇ ਦਿੱਤਾ। 5 ਸ਼ਨਿੱਚਰਵਾਰ ਨੂੰ ਸਿੰਘ ਨੇ ਸੀਐੱਮ ਸਕੱਤਰੇਤ ‘ਚ ਸੱਤਾਧਾਰੀ ਗੱਠਜੋੜ ਦੇ ਵਿਧਾਇਕਾਂ ਨਾਲ ਮੀਟਿੰਗ ਕੀਤੀ ਸੀ। ਇਹ ਮੀਟਿੰਗ ਵਿਰੋਧੀ ਧਿਰ ਤੇ ਕਾਂਗਰਸ ਵੱਲੋਂ ਬੇਭਰੋਸਗੀ ਮਤਾ ਲਿਆਉਣ ਦੇ ਮੱਦੇਨਜ਼ਰ ਬੁਲਾਈ ਗਈ ਸੀ।

ਪੰਜਾਬ ਟਾਈਮਜ਼

*15 ਫਰਵਰੀ, ਸ਼ਨਿਚਰਵਾਰ*

# ਤਿੜਕ ਗਿਆ ਬਦਲਵੀਂ ਰਾਜਨੀਤੀ ਦਾ ਸੁਪਨਾ

*ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਅਣਕਿਆਸੇ ਹਨ। ਕਿਸੇ ਵੀ ਰਾਜਨੀਤਕ ਮਾਹਿਰ ਨੇ ਅਜਿਹੇ ਨਤੀਜੇ ਆਉਣ ਦੇ ਦਿਨ ਤੱਕ ਇਹ ਨਹੀਂ ਸੀ ਸੋਚਿਆ ਕਿ ਆਮ ਆਦਮੀ ਪਾਰਟੀ ਨੂੰ ਏਡੀ ਵੱਡੀ ਹਾਰ ਦਾ ਮੂੰਹ ਵੇਖਣਾ ਪਵੇਗਾ। ਪਰ ਬਹੁਤ ਸਾਲਾਂ ਬਾਅਦ ਇਹ ਵੀ ਪਹਿਲੀ ਵਾਰ ਹੋਇਆ ਕਿ ਐਗਜ਼ਿਟ ਪੋਲ ਦੇ ਅੰਕੜੇ ਨਤੀਜਿਆਂ ਦੇ ਨੇੜੇ-ਤੇੜੇ ਹੀ ਰਹੇ ਹੋਣ।*

*ਲਗਭਗ 14 ਸਾਲ ਪਹਿਲਾਂ 2011 ਵਿਚ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਰਾਮਲੀਲਾ ਮੈਦਾਨ ਤੋਂ ਸ਼ੁਰੂ ਹੋਇਆ 'ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ' ਜਦੋਂ 26 ਨਵੰਬਰ 2012 ਨੂੰ ਬਦਲਵੀਂ ਰਾਜਨੀਤੀ ਦਾ ਸੰਕਲਪ ਲੈ ਕੇ ਆਮ ਆਦਮੀ ਪਾਰਟੀ ਦੇ ਰੂਪ ਵਿਚ ਰਾਜਨੀਤੀ ਦੇ ਚੋਣ ਮੈਦਾਨ ਵਿਚ ਦਾਖਲ ਹੋਇਆ ਤਾਂ ਭਾਰਤ ਦੇ ਲੋਕਾਂ ਨੂੰ ਇੱਕ ਆਸ ਬੱਝੀ ਸੀ ਕਿ ਦੇਸ਼ ਹੁਣ ਨਵਾਂ ਇਤਿਹਾਸ ਸਿਰਜੇਗਾ। ਸਾਫ਼ ਸੁਥਰੀ ਰਾਜਨੀਤੀ ਦੇ ਸੁਪਨੇ ਲੈਣ ਵਾਲੇ ਹਜ਼ਾਰਾਂ ਲੋਕ ਆਪਣੇ ਸੁੱਖ ਸਾਧਨ ਤਿਆਗ ਕੇ, ਆਪਣੀਆਂ ਨੌਕਰੀਆਂ ਨੂੰ ਲੱਤ ਮਾਰ ਕੇ ਬਦਲਵੀਂ ਰਾਜਨੀਤੀ ਦੇ ਲੁਭਾਉਣੇ ਸੁਪਨੇ ਦੇ ਲੜ ਲੱਗ ਗਏ। ਦੇਸ਼ ਵਾਸੀਆਂ ਦੇ ਦਿਲਾਂ ਵਿਚ ਇਮਾਨਦਾਰੀ ਭਰੀ ਨੈਤਿਕ ਰਾਜਨੀਤੀ ਦੀ ਨਵੀਂ ਪਰਿਭਾਸ਼ਾ ਪਨਪਣ ਲੱਗੀ। ਆਮ ਆਦਮੀ ਦੀਆਂ ਅਕਾਂਖਿਆਵਾਂ ਦਾ ਪ੍ਰਤੀਕ ਬਣ ਕੇ ਉੱਭਰੀ ਆਮ ਆਦਮੀ ਪਾਰਟੀ, ਪਹਿਲਾਂ 49 ਦਿਨਾਂ ਲਈ ਕਾਂਗਰਸ ਦੀ ਹਮਾਇਤ ਨਾਲ ਤੇ ਫਿਰ 2015 ਵਿਚ ਪੰਜ ਸਾਲ ਲਈ ਆਪਣੇ ਦਮ ਉੱਤੇ ਦਿੱਲੀ ਦੀ ਸੱਤਾ ਉੱਤੇ ਕਾਬਜ਼ ਹੋ ਗਈ। ਦਿੱਲੀ ਵਿਧਾਨ ਸਭਾ ਦੇ ਇਤਿਹਾਸ ਵਿਚ ਏਨੀ ਬੰਪਰ ਜਿੱਤ ਪਹਿਲਾਂ ਕਦੇ ਕਿਸੇ ਵੀ ਪਾਰਟੀ ਨੂੰ ਹਾਸਲ ਨਹੀਂ ਸੀ ਹੋਈ। ਫੇਰ 2020 ਵਿਚ ਲਗਭਗ ਉਸੇ ਤਰ੍ਹਾਂ ਦੀ ਬੰਪਰ ਜਿੱਤ ਨੇ, ਭਾਰਤੀ ਜਨਤਾ ਪਾਰਟੀ ਸਮੇਤ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਇੱਕ ਵਾਰ ਫਿਰ ਹੈਰਾਨ ਕਰ ਦਿੱਤਾ ਸੀ। ਇਥੋਂ ਤੱਕ ਕਿ 2014, 2019 ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਦਿੱਲੀ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਨੂੰ ਮੁਕੰਮਲ ਰੂਪ ਵਿਚ ਆਪਣੀ ਝੋਲੀ ਪਾਉਣ ਵਾਲੀ, ਭਾਰਤੀ ਜਨਤਾ ਪਾਰਟੀ ਵੀ ਵਿਧਾਨ ਸਭਾ ਦੇ ਤਾਜ਼ਾ ਨਤੀਜਿਆਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਅਜਿਹੀ ਹਾਰ ਦਾ ਸੁਪਨਾ ਲੈਣ ਤੋਂ ਝਿਜਕਦੀ ਸੀ।*

*ਆਪਣੀ ਲੋਕਪ੍ਰੀਅਤਾ ਦੇ ਦਮ ਉੱਤੇ ਦੇਸ਼ ਦੀ ਰਾਜਨੀਤੀ ਦੇ ਵੱਡੇ ਅਹੁਦਿਆਂ ਉੱਤੇ ਸਿੱਧੀ ਚੋਣ ਕਰਾਏ ਜਾਣ ਦੀ ਵਕਾਲਤ ਕਰਨ ਵਾਲਾ ਅਰਵਿੰਦ ਕੇਜਰੀਵਾਲ ਆਪਣੀ ਸੀਟ ਵੀ ਹਾਰ ਜਾਵੇਗਾ, ਇਹ ਖੁਦ ਕੇਜਰੀਵਾਲ ਨੇ ਤਾਂ ਕੀ ਕਿਸੇ ਨੇ ਵੀ ਨਹੀਂ ਸੀ ਸੋਚਿਆ। ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸੌਰਭ ਭਾਰਦਵਾਜ ਅਤੇ ਸੋਮਨਾਥ ਭਾਰਤੀ ਸਮੇਤ 'ਆਪ' ਦੇ ਦਿੱਗਜਾਂ ਦਾ ਹਾਰ ਜਾਣਾ ਅਤੇ ਸਮੁੱਚੀ ਪਾਰਟੀ ਦਾ 62 ਤੋਂ 22 ਸੀਟਾਂ ਉੱਤੇ ਸਿਮਟ ਜਾਣਾ ਕੀ ਦਰਸਾਉਂਦਾ ਹੈ?*

*-ਕੀ ਇਹ ਸੱਤਾ ਦੇ ਹੰਕਾਰ ਦੀ ਹਾਰ ਹੈ?*

*-ਕੀ ਇਹ ਸੱਤਾ ਦੀ ਪ੍ਰਾਪਤੀ ਲਈ ਸਿਰਫ਼ ਚੋਣਾਵੀ ਪਾਰਟੀ ਤੱਕ ਸੀਮਤ ਹੋ ਜਾਣ ਦਾ ਨਤੀਜਾ ਹੈ?*

*-ਕੀ ਇਹ ਕਿਸੇ ਰਾਜਸੀ ਏਜੰਡੇ ਤੋਂ ਬਿਨਾਂ ਰਾਜਨੀਤੀ ਕਰਨ ਕਰਕੇ ਹੈ?*

*-ਕੀ ਇਹ ਇਮਾਨਦਾਰੀ ਦੀ ਸਿਰਫ਼ ਬਿਆਨਬਾਜ਼ੀ ਕਰਨ ਤੱਕ ਸਿਮਟ ਕੇ ਇਮਾਨਦਾਰੀ ਦੀ ਛਵੀ ਵਿਗਾੜ ਲੈਣ ਦੀ ਕਹਾਣੀ ਹੈ?*

*-ਕੀ ਇਹ 'ਸੁਪਰੀਮੋ ਕਲਚਰ' ਵਿਚ ਢਲੇ ਜਥੇਬੰਦਕ ਢਾਂਚੇ ਦਾ ਫਲ ਹੈ?*

*-ਕੀ ਇਹ ਰਾਜਨੀਤੀ ਦੇ ਨੈਤਿਕ ਬਦਲ ਦੀਆਂ ਗੱਲਾਂ ਕਰਨ ਵਾਲੇ ਅਰਵਿੰਦ ਕੇਜਰੀਵਾਲ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਉਪਰੰਤ ਵੀ ਆਪਣੀ ਨੈਤਿਕ ਜ਼ਿੰਮੇਵਾਰੀ ਸਮਝ ਕੇ ਮੁੱਖ ਮੰਤਰੀ ਦੇ ਅਹੁਦੇ ਤੋਂ ਸਮੇਂ ਸਿਰ ਅਸਤੀਫ਼ਾ ਨਾ ਦੇਣ ਦਾ ਖਮਿਆਜ਼ਾ ਹੈ?*

*-ਕੀ ਇਹ 'ਕੱਟੜ ਹਿੰਦੂਤਵ' ਦੀ ਰਾਜਨੀਤੀ ਨੂੰ 'ਨਰਮ ਹਿੰਦੂਤਵ' ਦੇ ਸੰਕਲਪ ਨਾਲ ਮਾਤ ਦੇਣ ਦੀ ਅਸਫ਼ਲਤਾ ਹੈ?*

*-ਕੀ ਇਹ ਧਾਰਾ 370, ਸਮਾਨ ਨਾਗਰਿਕ ਕਾਨੂੰਨ, ਤਿੰਨ ਤਲਾਕ, ਇੱਕ ਦੇਸ਼-ਇੱਕ ਚੋਣ, ਜਾਤੀਗਤ ਜਨਗਣਨਾ ਆਦਿ ਮਸਲਿਆਂ ਉੱਤੇ ਚੁੱਪ ਰਹਿਣ ਦਾ ਨਤੀਜਾ ਹੈ?*

*-ਕੀ ਇਹ ਪਾਰਟੀ ਦੇ ਅੰਦਰ ਪੈਦਾ ਹੋਣ ਵਾਲੀ ਵਿਰੋਧ ਦੀ ਆਵਾਜ਼ ਨੂੰ ਬਾਹਰ ਦਾ ਰਸਤਾ ਦਿਖਾਉਣ ਵਾਲੇ ਵਤੀਰੇ ਦਾ ਪਰਤੌ ਹੈ?*

*ਇਹ ਸਾਰੇ ਨੁਕਤੇ ਗਹਿਰੇ ਧਿਆਨ ਦੀ ਮੰਗ ਕਰਦੇ ਹਨ।*

*ਇਨ੍ਹਾਂ ਚੋਣ ਨਤੀਜਿਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਿੱਧੇ ਮੁਕਾਬਲੇ ਵਿਚ ਟਕਰਾਉਣ ਦੀ ਵੰਗਾਰ ਪੈਦਾ ਕਰਨ ਵਾਲੇ ਅਤੇ ਭਾਜਪਾ ਦੀ ਅੱਖ ਵਿਚ ਬੇਬਸੀ ਦੇ ਕੰਕਰ ਵਾਂਗ ਲਗਾਤਾਰ ਰੜਕਣ ਵਾਲੇ ਅਰਵਿੰਦ ਕੇਜਰੀਵਾਲ ਨੂੰ ਇੱਕ ਵਾਰ ਤਾਂ ਧੋ ਸੁੱਟਿਆ ਹੈ। ਪਰ ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਇਸ ਇਤਿਹਾਸ ਬਿੰਦੂ ਤੋਂ ਅੱਗੇ ਤੁਰਨ ਵਾਲੀ ਸਿਆਸਤ ਕਿਸ ਪਾਸੇ ਨੂੰ ਜਾਵੇਗੀ?*

*ਦਿੱਲੀ ਦਾ ਦੰਗਲ ਜਿੱਥੇ 'ਆਪ' ਲਈ ਉਸ ਦੀ 'ਹੋਂਦ ਦਾ ਸਵਾਲ' ਹੈ, ਉੱਥੇ ਇਹ ਬਦਲਵੀਂ ਰਾਜਨੀਤੀ ਦੀ ਨਵੀਂ ਪਰਿਭਾਸ਼ਾ ਲਿਖਣ ਦਾ ਸਮਾਂ ਵੀ ਹੈ। ਕਿਉਂਕਿ ਇਹ ਝਟਕਾ ਸਿਰਫ਼ ਆਮ ਆਦਮੀ ਪਾਰਟੀ ਲਈ ਹੀ ਨਹੀਂ ਹੈ, ਸਗੋਂ ਨਵੀਂ ਅਤੇ ਬਦਲਵੀਂ ਰਾਜਨੀਤੀ ਦਾ ਸੁਪਨਾ ਲੈਣ ਵਾਲੇ ਉਨ੍ਹਾਂ ਸਭ ਪ੍ਰਾਣੀਆਂ ਲਈ ਵੀ ਹੈ, ਜਿਨ੍ਹਾਂ ਦੇ ਦਿਲਾਂ ਵਿਚ ਵਿਚਾਰਧਾਰਕ ਵਿਰਾਸਤ ਤੋਂ ਵਿਛੁੰਨੀ ਜਾ ਰਹੀ ਰਾਜਨੀਤੀ ਦੇ ਦਰਦ ਦੀ ਕਸਕ ਹੈ। ਇਹ ਘੜੀ ਉਨ੍ਹਾਂ ਸਾਰੇ ਰੌਸ਼ਨ ਦਿਮਾਗ਼ਾਂ ਲਈ ਇੱਕ ਵੰਗਾਰ ਹੈ, ਜਿਨ੍ਹਾਂ ਨੇ ਦੇਸ਼ ਵਿਚ ਸੰਵਿਧਾਨਕ ਢਾਂਚੇ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਨੂੰ ਬਚਾਉਣ ਦਾ ਸੰਕਲਪ ਸਾਧਿਆ ਹੋਇਆ ਹੈ। ਦਿੱਲੀ ਦੇ ਲੋਕਾਂ ਨੇ ਸਿਰਫ਼ ਬਿਆਨਬਾਜ਼ੀ ਕੀਤੇ ਜਾਣ ਦੀ ਨੀਤੀ ਨੂੰ ਜਿਵੇਂ ਨਕਾਰਿਆ ਹੈ, ਉਹ ਸਾਬਤ ਕਰਦਾ ਹੈ ਕਿ ਆਪਣੇ ਹੰਕਾਰ ਨੂੰ ਆਪੇ ਪ੍ਰਚਾਰਨਾ ਅਤੇ ਮੁਫ਼ਤਖੋਰੀ ਦੀ ਰਾਜਨੀਤੀ ਨਾਲ,ਕਰਜ਼ੇ ਚੁੱਕ ਚੁੱਕ ਕੇ ਸੱਤਾ ਦੇ ਸੁੱਖ ਨੂੰ ਮਾਨਣ ਦਾ ਸਦੀਵੀ ਭਰਮ ਪਾਲ ਲੈਣਾ, ਕੁਝ ਸਮੇਂ ਲਈ ਹੀ ਲੁਭਾਉਣਾ ਹੋ ਸਕਦਾ ਹੈ।*

*ਇਹ ਸਮਾਂ ਬਦਲਵੀਂ ਰਾਜਨੀਤੀ ਦੀ ਪਰਿਭਾਸ਼ਾ ਨੂੰ ਨਵੇਂ ਸੰਕਲਪਾਂ ਨਾਲ ਉਜਾਗਰ ਕਰਨ ਦਾ ਹੈ। 'ਆਪ' ਨੂੰ ਪਈਆਂ ਵੋਟਾਂ ਦੀ ਪ੍ਰਤੀਸ਼ਤ ਸਪਸ਼ਟ ਸੰਕੇਤ ਦਿੰਦੀ ਹੈ ਕਿ ਇਹ ਇਕ ਚਿਤਾਵਨੀ ਹੈ। ਜੇਕਰ ਆਪਣੀਆਂ ਗ਼ਲਤੀਆਂ ਤੋਂ ਸਬਕ ਸਿੱਖ ਕੇ ਸਵਰਾਜ ਦੇ ਮੁਢਲੇ ਸੰਕਲਪਾਂ ਉੱਤੇ ਕੇਂਦਰਿਤ ਹੋ ਕੇ ਅੱਗੇ ਵਧਣ ਦਾ ਯਤਨ ਕੀਤਾ ਜਾਵੇ ਤਾਂ ਡੁੱਲ੍ਹੇ ਹੋਏ ਬੇਰ ਮੁੜ ਝੋਲੀ ਵਿਚ ਆ ਸਕਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਦਲਵੀਂ ਰਾਜਨੀਤੀ ਦਾ ਸਿੱਧਾ ਟਕਰਾਓ ਭਾਰਤੀ ਜਨਤਾ ਪਾਰਟੀ ਦੇ ਉਨ੍ਹਾਂ ਰੁਝਾਨਾਂ ਨਾਲ ਹੈ, ਜੋ ਆਪਣੇ ਵਿਰੋਧੀਆਂ ਨੂੰ ਮਸਲ ਕੇ ਰੱਖ ਦੇਣ ਵਿਚ ਯਕੀਨ ਰੱਖਦੇ ਹਨ।*

*ਆਪਣੀ ਹਠਧਰਮੀ ਨੂੰ ਤਿਆਗ ਕੇ, ਆਪਣੇ ਵਤੀਰੇ ਦੀਆਂ ਗਹਿਰਾਈਆਂ ਵਿੱਚੋਂ ਜਮਹੂਰੀ ਕਦਰਾਂ-ਕੀਮਤਾਂ ਨੂੰ ਕਸ਼ੀਦ ਕੇ, ਲਹਿਰ ਨਾਲੋਂ ਵਿਛੁੰਨੇ ਗਏ ਪ੍ਰਸ਼ਾਂਤ ਭੂਸ਼ਣ, ਅਸ਼ੂਤੋਸ਼, ਯੋਗੇਂਦਰ ਯਾਦਵ, ਧਰਮਵੀਰ ਗਾਂਧੀ, ਮਿਅਾਂਕ ਗਾਂਧੀ ਅਤੇ ਕਿਸੇ ਹੱਦ ਤੱਕ ਕੁਮਾਰ ਵਿਸ਼ਵਾਸ ਵਰਗੇ ਵਿਚਾਰਵਾਨਾਂ ਨੂੰ ਨਾਲ ਲੈ ਕੇ, ਰਾਜਨੀਤੀ ਦੀ ਨਾਜ਼ੁਕਤਾ ਨੂੰ ਸਮਝਦੇ ਹੋਏ, ਰਾਜਨੀਤੀ ਦੀ ਨਵੀਂ ਨਿਕੋਰ ਪਰਿਭਾਸ਼ਾ ਲਿਖਣ ਲਈ, ਨਵੇਂ ਸਿਰੇ ਤੋਂ ਪਹਿਲਕਦਮੀ ਕਰਨ ਲਈ, ਕਈ ਅਰਵਿੰਦ ਕੇਜਰੀਵਾਲ ਇੱਕ ਵਾਰ ਫੇਰ ਅੱਗੇ ਆਉਣਗੇ?*

*ਬਦਲਵੀਂ ਰਾਜਨੀਤੀ ਦੇ ਤਿੜਕ ਚੁੱਕੇ ਸੁਪਨੇ ਨੂੰ ਮੁੜ ਤੋਂ ਸੰਕਲਪਣਾ ਬਹੁਤ ਜ਼ਰੂਰੀ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਲੋਟਸ ਦਾ ਕੰਮ ਲੋਟ

*ਉਹ 'ਆਮ' ਨਹੀਂ ਰਹਿੰਦਾ ਫਿਰ ਖਾਸ ਹੁੰਦਾ, ਗੱਦੀ ਬਹਿੰਦਿਆਂ ਮਿਲਣ ਜਦ ਨੋਟ ਯਾਰੋ।*
*ਕੰਮ ਕੋਈ ਵੀ ਅੜਿਆ ਨਹੀਂ ਰਹਿ ਸਕਦਾ 'ਸਾਮ-ਦਾਮ-ਦੰਡ-ਭੇਦ' ਦੀ 'ਓਟ' ਯਾਰੋ।*
*'ਲਾਠੀ' ਜਿਹਦੇ ਹੱਥ 'ਮੱਝ' ਵੀ ਉਸੇ ਦੀ ਹੀ, ਰਾਜਨੀਤੀ ਵਿਚ ਵੱਡਾ ਇਹ 'ਖੋਟ' ਯਾਰੋ।*
*'ਢੋਲ-ਢਮੱਕਾ' ਸੁਣ 'ਚੋਣ-ਪ੍ਰਚਾਰ' ਵਾਲਾ, ਬੱਝੀ ਇੱਕੋ ਥਾਂ ਰਹਿੰਦੀ ਨਹੀਂ ਵੋਟ ਯਾਰੋ।*
*ਹਉਮੈਂ-ਆਕੜ ਨਾਲ ਭਰੀ 'ਇਮਾਨਦਾਰੀ', ਲਾ ਗਈ 'ਇੰਡੀਆ ਟੀਮ' ਨੂੰ ਚੋਟ ਯਾਰੋ।*
*ਤਿੰਨ ਧਿਰਾਂ 'ਚ ਵੋਟਾਂ ਜਦ ਵੰਡ ਹੋਈਆਂ, ਕੰਮ 'ਲੋਟਸ' ਦਾ ਆ ਗਿਆ 'ਲੋਟ' ਯਾਰੋ।*

# ਦਿੱਲੀ ਚੋਣਾਂ ਵਿਚ ਕੇਜਰੀਵਾਲ ਦੀ ਹਾਰ ਅਤੇ ਭਾਜਪਾ ਦੀ ਜਿੱਤ ਦੇ ਮਾਇਨੇ

ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਵੱਲੋਂ 70 ਵਿਚੋਂ 48 ਸੀਟਾਂ ਹਾਸਲ ਕਰ ਲੈਣ ਨਾਲ ਜਿੱਥੇ ਆਮ ਆਦਮੀ ਪਾਰਟੀ ਦਾ ਗੜ੍ਹ ਟੁੱਟਿਆ ਹੈ ਉੱਥੇ ਹੀ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਵਰਗੇ ਵੱਡੇ ਲੀਡਰਾਂ ਦੀ ਹਾਰ ਦਰਸਾਉਂਦੀ ਹੈ ਕਿ ਦਿੱਲੀ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਦੇ ਆਗੂਆਂ ਤੋਂ ਵਿਸ਼ਵਾਸ ਉੱਠ ਗਿਆ ਹੈ।ਸਥਿਤੀ ਇਹ ਬਣ ਗਈ ਹੈ ਕਿ ਦਿੱਲੀ ਵਿਚ 'ਆਪ' ਅਤੇ



ਇਸਦੇ ਕਨਵੀਨਰ ਦੀ ਹਾਰ ਨੇ ਇਸ ਪਾਰਟੀ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਹਨ।ਇਸੇ ਕਾਰਨ ਕੇਜਰੀਵਾਲ ਨੇ ਪੰਜਾਬ ਕੈਬਨਿਟ ਦੀ 10

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਫਰਵਰੀ ਨੂੰ ਹੋਣ ਵਾਲੀ ਮੀਟਿੰਗ ਰੱਦ ਕਰਵਾ ਕੇ 11 ਫਰਵਰੀ ਨੂੰ ਦਿੱਲੀ ਵਿਖੇ ਸੱਦ ਲਈ ਹੈ।

2013 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਜਿਹੜੀ ਪਾਰਟੀ ਦੇਸ਼ ਅੰਦਰ ਬਦਲਵੀਂ ਸਿਆਸਤ ਦਾ ਪ੍ਰਤੀਕ ਬਣ ਕੇ ਉੱਭਰੀ, ਬਾਅਦ ਵਿਚ 2015 ਅਤੇ 2020 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਅਤੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੋਟਰਾਂ ਨੇ ਰਵਾਇਤੀ ਪਾਰਟੀਆਂ ਨੂੰ ਨਕਾਰ ਕੇ ਇਸ ਪਾਰਟੀ ਵਿਚ ਅਥਾਹ ਵਿਸ਼ਵਾਸ ਦਿਖਾਇਆ ਪਰ ਇਹ ਪਾਰਟੀ ਚੋਣ ਵਾਅਦਿਆਂ ਅਨੁਸਾਰ ਸਰਕਾਰੀ ਢਾਂਚੇ ਵਿਚ ਇਕ ਵੀ ਅਜਿਹੀ ਤਬਦੀਲੀ ਨਹੀਂ ਕਰ ਸਕੀ ਜੋ ਇਸਨੂੰ ਰਵਾਇਤੀ ਪਾਰਟੀਆਂ ਤੋਂ ਵੱਖਰਾ ਪੇਸ਼ ਕਰ ਸਕਦੀ।ਮਤਲਬ ਸਾਫ ਹੈ ਕਿ ਪਿਛਲੇ ਕਰੀਬ ਇਕ ਦਹਾਕੇ ਦੌਰਾਨ ਲੋਕਾਂ ਵਿਚ 'ਆਪ' ਦਾ ਬਦਲਾਅ ਲਿਆਉਣ ਵਾਲੀ ਰਾਜਨੀਤਕ ਪਾਰਟੀ ਵਜੋਂ ਪੈਦਾ ਕੀਤਾ ਭਰਮ ਟੁੱਟ ਗਿਆ ਹੈ।

ਕਾਂਗਰਸ ਦੀ ਅਗਵਾਈ ਵਾਲੀ ਯੂਪੀਏ-2 ਸਰਕਾਰ ਖਿਲਾਫ਼ ਭ੍ਰਿਸ਼ਟਾਚਾਰ ਦੇ ਮੁੱਦੇ ਉੱਪਰ ਖੜ੍ਹੇ ਹੋਏ ਅੰਦੋਲਨ ਵਿਚੋਂ ਜਨਮ ਲੈਣ ਵਾਲੀ 'ਆਪ' ਨੇ ਲੋਕਾਂ ਸਾਹਮਣੇ 'ਜਨ ਲੋਕਪਾਲ ਬਿਲ' ਜਿਹੇ ਸੁਧਾਰ ਕਰਕੇ ਭ੍ਰਿਸ਼ਟਾਚਾਰ ਮੁਕਤ ਸ਼ਾਸ਼ਨ ਦੇਣ ਦਾ ਵਾਅਦਾ ਕੀਤਾ ਸੀ।ਇਸ ਪਾਰਟੀ ਨੇ 'ਅਸੀਂ ਰਾਜਨੀਤੀ ਕਰਨ ਨਹੀਂ ਬਲਕਿ ਰਾਜਨੀਤੀ ਬਦਲਣ ਆਏ ਹਾਂ' ਜਿਹੇ ਨਾਅਰੇ ਦੇ ਕੇ ਪੜ੍ਹੇ-ਲਿਖੇ ਨੌਜਵਾਨਾਂ ਅਤੇ ਚਿੰਤਕਾਂ ਦੇ ਵੱਡੇ ਹਿੱਸੇ ਨੂੰ ਆਪਣੇ ਵੱਲ ਖਿੱਚਿਆ ਸੀ ਪਰ ਬਾਅਦ ਵਿਚ ਇਹ ਪਾਰਟੀ ਕਿਸੇ ਵੀ ਸਟੈਂਡ ਉੱਪਰ ਖੜ੍ਹੀ ਵਿਖਾਈ ਨਹੀਂ ਦਿੱਤੀ ਜਿਸਦੇ ਫਲਸਰੂਪ ਇਸ ਪਾਰਟੀ ਵਿਚੋਂ ਚਿੰਤਕਾਂ ਦਾ ਵੱਡਾ ਹਿੱਸਾ ਦੂਰ ਹੋ ਗਿਆ। ਯੋਗਤਾ ਦੀ ਬਜਾਏ ਧਨ ਦੇ ਜ਼ੋਰ ਟਿਕਟਾਂ ਖ਼ਰੀਦਣ ਵਾਲਿਆਂ ਨੂੰ ਤਰਜ਼ੀਹ ਦਿੱਤੀ ਗਈ। ਲੋਕਾਂ ਨਾਲ ਜੁੜਕੇ ਪਾਰਟੀ ਲਈ ਸਖ਼ਤ ਮਿਹਨਤ ਕਰਨ ਵਾਲੇ ਕਾਰਕੁਨਾਂ ਦਾ ਇਕ ਵੱਡਾ ਹਿੱਸਾ ਵੀ ਲੀਡਰਸ਼ਿਪ ਦੇ ਤਾਨਾਸ਼ਾਹ ਵਿਹਾਰ ਅਤੇ ਟਿਕਟਾਂ ਵਿਚ ਭ੍ਰਿਸ਼ਟਾਚਾਰ ਦਾ ਸਤਾਇਆ ਇਸ ਤੋਂ ਕਿਨਾਰਾ ਕਰ ਗਿਆ।

ਇਸ ਪਿਛੋਕੜ 'ਚ ਇਸ ਹਕੀਕਤ ਨੂੰ ਸਮਝਣਾ ਜ਼ਰੂਰੀ ਹੈ ਕਿ ਜਿਵੇਂ ਮੁੱਖ ਧਾਰਾ ਮੀਡੀਆ ਦਿੱਲੀ ਚੋਣਾਂ ਦੇ ਨਤੀਜਿਆਂ ਨੂੰ ਭਾਜਪਾ ਦੀ 27 ਸਾਲ ਬਾਅਦ ਵੱਡੀ ਜਿੱਤ ਦੇ ਰੂਪ ਵਿਚ ਪ੍ਰਚਾਰ ਰਿਹਾ ਹੈ ਉਸ ਤਰ੍ਹਾਂ ਬਿਲਕੁੱਲ ਨਹੀਂ ਹੈ। ਦਰਅਸਲ, ਇਸਨੂੰ ਭਾਜਪਾ ਦੀ ਜਿੱਤ ਦੀ ਬਜਾਏ 'ਆਪ' ਦੀ ਹਾਰ ਦੇ ਰੂਪ ਵਿਚ ਕਹਿਣਾ ਜ਼ਿਆਦਾ ਠੀਕ ਰਹੇਗਾ ਕਿਉਂਕਿ 'ਆਪ' ਨੇ ਲੋਕਾਂ ਸਾਹਮਣੇ 'ਬਦਲਾਅ' ਦਾ ਇਕ ਨਵਾਂ ਮਾਡਲ ਪੇਸ਼ ਕੀਤਾ ਸੀ ਜਿਸਦੀ ਹਕੀਕਤ ਲੋਕਾਂ ਸਾਹਮਣੇ ਨੰਗੀ ਹੋ ਗਈ ਹੈ।ਪੰਜਾਬ,ਦਿੱਲੀ ਸਮੇਤ ਕੁੱਝ ਰਾਜਾਂ ਵਿਚ ਸਥਿਤੀ ਇਹ ਬਣੀ ਕਿ ਲੋਕ ਕਿਸੇ ਨੂੰ ਜਿਤਾਉਣ ਲਈ ਵੋਟਾਂ ਪਾਉਣ ਦੀ ਬਜਾਏ ਸੱਤਾਧਾਰੀ ਧਿਰ ਖਿਲਾਫ ਗੁੱਸਾ ਕੱਢਣ ਲਈ ਵੋਟਾਂ ਪਾਉਣ ਆਉਂਦੇ ਜਿਆਦਾ ਵਿਖਾਈ ਦਿੱਤੇ ਹਨ। ਪੇਸ਼ਕਾਰੀ ਦੇ ਤੌਰ 'ਤੇ ਅਰਵਿੰਦ ਕੇਜਰੀਵਾਲ ਆਪਣੇ ਆਪ ਨੂੰ ਨਰਿੰਦਰ ਮੋਦੀ ਦੇ ਵਿਰੋਧੀ ਚਿਹਰੇ ਵਜੋਂ ਪੇਸ਼ ਕਰਦੇ ਹਨ।2014 ਦੀਆਂ ਲੋਕ ਸਭਾ ਚੋਣਾਂ ਵਿਚ ਵਾਰਾਨਸੀ ਲੋਕ ਸਭਾ ਹਲਕੇ ਤੋਂ ਅਰਵਿੰਦ ਕੇਜਰੀਵਾਲ ਨੇ ਨਰਿੰਦਰ ਮੋਦੀ ਖਿਲਾਫ਼ ਚੋਣ ਲੜ ਕੇ ਵੀ ਇਹੋ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਸੀ।ਅਸਲ ਵਿਚ ਕੇਜਰੀਵਾਲ ਦਾ 'ਬਦਲਾਅ' ਵਾਲਾ ਨਾਅਰਾ ਉਸ ਸਮੇਂ ਤੱਕ ਹੀ ਰਿਹਾ ਜਦ ਤੱਕ ਉਹ ਕਾਂਗਰਸ ਦੀ 'ਸੱਤਾ' ਖਿਲਾਫ਼ ਸੰਘਰਸ਼ ਕਰ ਰਹੇ ਸਨ।ਜਦ ਭਾਜਪਾ ਵੱਲੋਂ ਆਪਣੇ ਫਿਰਕੂ ਪੱਤੇ ਦੇ ਚੱਲਦਿਆਂ ਦੇਸ਼ ਦੀ ਕੇਂਦਰੀ ਸੱਤਾ ਸਮੇਤ ਕਈ ਰਾਜਾਂ ਵਿਚ ਸੱਤਾ ਉੱਪਰ ਕਬਜ਼ਾ ਕਰ ਲਿਆ ਤਾਂ ਕੇਜਰੀਵਾਲ ਭਾਜਪਾ ਦੀ ਬਹੁਗਿਣਤੀਵਾਦ ਦੀ ਸਿਆਸਤ ਦਾ ਬਦਲ ਬਨਣ ਦੀ ਬਜਾਏ ਖੁਦ ਹਿੰਦੂਤਵ ਦੀ ਰਾਜਨੀਤੀ ਵਿਚ ਆਪਣੇ ਲਈ ਜਗ੍ਹਾ ਬਣਾਉਣ ਲਈ ਜੁੱਟ ਗਿਆ।ਦਿੱਲੀ ਸਮੇਤ ਦੇਸ਼ ਵਿਚ ਧਾਰਮਿਕ ਘੱਟਗਿਣਤੀ ਭਾਈਚਾਰਿਆਂ ਖ਼ਾਸ ਕਰਕੇ ਮੁਸਲਮਾਨ ਭਾਈਚਾਰੇ ਖਿਲਾਫ਼ ਭੜਕਾਏ ਮਹੌਲ ਖਿਲਾਫ ਕੇਜਰੀਵਾਲ ਨੇ ਕਦੇ ਵੀ ਬੋਲਣ ਦੀ ਜੁਅਰਤ ਨਹੀਂ ਕੀਤੀ।ਪਿਛਲੇ ਇਕ ਦਹਾਕੇ ਦੀ ਕੇਜਰੀਵਾਲ ਦੀ ਸਿਆਸਤ ਨੂੰ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਫੋਕੇ ਨਾਅਰੇ ਲਾਉਣ ਤੋਂ ਇਲਾਵਾ 'ਆਪ' ਦਾ ਭਾਜਪਾ ਨਾਲੋਂ ਵਿਚਾਰਧਾਰਕ ਰੂਪ ਵਿਚ ਕੋਈ ਬਹੁਤਾ ਵਖਰੇਵਾਂ ਨਹੀਂ ਹੈ।ਬਲਕਿ



ਜੰਮੂ ਕਸ਼ਮੀਰ ਵਿਚੋਂ ਧਾਰਾ 370 ਅਤੇ 35ਏ ਮਨਸੂਖ ਕਰਨ ਸਮੇਤ ਦਰਜਨਾਂ ਅਜਿਹੇ ਮੌਕੇ ਆਏ ਜਦ ਇਸ ਪਾਰਟੀ ਦਾ ਸਟੈਂਡ ਭਾਜਪਾ ਨਾਲ ਮੇਲ ਖਾਂਦਾ ਰਿਹਾ ਹੈ।

ਭਾਵੇਂ ਇਕ ਖਾਸ ਸਥਿਤੀ ਦੇ ਚੱਲਦਿਆਂ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਕੇਜਰੀਵਾਲ ਦੀ ਪਾਰਟੀ 'ਇੰਡੀਆ' ਗੱਠਜੋੜ ਦਾ ਹਿੱਸਾ ਸੀ ਪਰ ਉਨ੍ਹਾਂ ਚੋਣਾਂ ਤੋਂ ਪਹਿਲਾਂ ਅਤੇ ਚੋਣਾਂ ਤੋਂ ਬਾਅਦ ਕੇਜਰੀਵਾਲ ਦੀ ਸਿਆਸਤ ਭਾਜਪਾ ਵਿਰੋਧੀ ਧਿਰਾਂ ਨੂੰ ਇਕਜੁੱਟ ਕਰਨ ਵਾਲੀ ਨਹੀਂ ਸੀ ਬਲਕਿ ਲੰਘੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਸਮੇਤ ਕਈ ਸੂਬਿਆਂ ਵਿਚ ਕੇਜਰੀਵਾਲ ਦੇ ਅਲੱਗ ਚੋਣ ਲੜਣ ਦਾ ਭਾਜਪਾ ਨੂੰ ਅਸਿੱਧਾ ਫ਼ਾਇਦਾ ਪਹੁੰਚਿਆ ਹੈ।

ਆਮ ਆਦਮੀ ਪਾਰਟੀ ਭਾਜਪਾ ਦੀ ਕਾਰਪੋਰੇਟ ਸਰਮਾਏਦਾਰੀ ਪੱਖੀ ਆਰਥਕ ਨੀਤੀ ਦੇ ਪੱਖੋਂ ਕੋਈ ਵੱਖਰੀ ਨੀਤੀ ਨਹੀਂ ਹੈ। ਰਾਜਨੀਤਕ ਤੌਰ 'ਤੇ ਅਹਿਮ ਨੁਕਤਾ ਇਹ ਵੀ ਹੈ ਕਿ ਇਸ ਪਾਰਟੀ ਨੇ ਆਪਣੇ ਜਨਮ ਸਮੇਂ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਉਭਾਰਿਆ ਸੀ, ਜਿਸ ਤੋਂ ਵੱਡੀਆਂ ਉਮੀਦਾਂ ਰੱਖਦਿਆਂ ਦਿੱਲੀ ਦੇ ਲੋਕਾਂ ਨੇ ਬਹੁਤ ਥੋੜ੍ਹੇ ਸਮੇਂ ਵਿਚ ਬਹੁਤ ਵੱਡੇ ਫਤਵੇ ਦਿੱਤੇ ਸਨ।ਇਸ ਲਈ ਇਹਨਾਂ ਕੋਲ 'ਰਾਜਾਂ ਦੇ ਅਧਿਕਾਰਾਂ' ਦੇ ਮਾਮਲੇ ਉੱਪਰ ਭਾਜਪਾ ਖਿਲਾਫ ਸਿਧਾਂਤਕ ਲੜਾਈ ਲੜਣ ਦਾ ਠੋਸ ਅਧਾਰ ਮੌਜੂਦ ਸੀ।ਵੈਸੇ ਇਹ ਉਹ ਦੌਰ ਹੈ ਜਦ ਜੀਐਸਟੀ ਤਹਿਤ ਸੂਬਿਆਂ ਵਿਚੋਂ ਟੈਕਸਾਂ ਦਾ ਸਾਰਾ ਪੈਸਾ ਕੇਂਦਰ ਸਰਕਾਰ ਲੈ ਜਾਂਦੀ ਹੈ ਤੇ ਬਾਅਦ ਵਿਚ ਸੂਬੇ ਆਪਣਾ ਹਿੱਸਾ ਲੈਣ ਲਈ ਕੇਂਦਰੀ ਮੰਤਰੀਆਂ ਅੱਗੇ ਤਰਲੇ ਕੱਢਦੇ ਰਹਿੰਦੇ ਹਨ।ਸਾਡੇ ਦੇਸ਼ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਰਹੀਆਂ ਸਰਕਾਰਾਂ ਨੇ ਰਾਜਾਂ ਦੇ ਅਧਿਕਾਰਾਂ ਉੱਪਰ ਲਗਾਤਾਰ ਕੈਂਚੀ ਫੇਰੀ ਹੈ ਜਿਸਦਾ ਨਤੀਜਾ ਇਹ ਨਿੱਕਲਿਆ ਹੈ ਕਿ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਹੈਸੀਅਤ ਸ਼ਹਿਰਾਂ ਦੇ ਮੇਅਰਾਂ ਵਰਗੀ ਬਣਾ ਦਿੱਤੀ ਗਈ ਹੈ।ਜਦ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਸਥਿਤੀ ਇਹ ਹੈ ਤਾਂ ਦਿੱਲੀ ਵਰਗੀ ਯੂਟੀ ਦੇ ਮੁੱਖ ਮੰਤਰੀ ਦੀ ਸਥਿਤੀ ਕੀ ਹੋਵੇਗੀ ਇਸਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।ਪਰ 'ਆਪ' ਵੱਲੋਂ ਜਿੱਥੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਵਿਸਾਰ ਦਿੱਤਾ ਗਿਆ ਉੱਥੇ ਹੀ ਕੇਂਦਰੀ ਹਕੂਮਤ ਵੱਲੋਂ ਤਾਕਤਾਂ ਦੇ ਕੇਂਦਰੀਕਰਨ ਦੇ ਰੂਪ 'ਚ ਫੈਡਰਲ ਢਾਂਚੇ ਉੱਪਰ ਘਾਤਕ ਹਮਲੇ ਨੂੰ 'ਆਪ' ਵੱਲੋਂ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ।

ਦਿੱਲੀ ਵਿਚ ਲੋਕਾਂ ਦੀ ਚੁਣੀ ਹੋਈ ਸਰਕਾਰ ਦੇ ਮੁਕਾਬਲੇ ਉੱਪ ਰਾਜਪਾਲ ਨੂੰ ਵੱਧ ਤਾਕਤਾਂ ਦੇਣੀਆਂ ਕੇਂਦਰ ਸਰਕਾਰ ਦਾ ਸਿਆਸੀ ਸਟੈਂਡ ਹੈ ਪਰ ਕੇਜਰੀਵਾਲ ਵੱਲੋਂ ਇਸ ਮਾਮਲੇ ਉੱਪਰ ਇਸ ਕਦਰ ਮੌਕਾਪ੍ਰਸਤੀ ਕੀਤੀ ਗਈ ਕਿ ਇਸ ਸਿਆਸੀ ਮੁੱਦੇ ਨੂੰ ਕੇਜਰੀਵਾਲ ਬਨਾਮ ਉਪ ਰਾਜਪਾਲ ਅਤੇ ਕੇਜਰੀਵਾਲ ਬਨਾਮ ਮੋਦੀ ਦੇ ਰੂਪ ਵਿਚ ਵਿਅਕਤੀਗਤ ਬਣਾ ਕੇ ਪੇਸ਼ ਕੀਤਾ ਗਿਆ।

ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਅਤੇ ਕਰੀਬ ਤਿੰਨ ਸਾਲ ਪਹਿਲਾਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਦੇ ਪ੍ਰਚਾਰ ਦਾ ਅਧਾਰ ਕੋਈ 'ਸਿਆਸੀ ਬਦਲਾਅ' ਜਾਂ 'ਵਿਕਾਸ' ਨਹੀਂ ਸੀ ਬਲਕਿ ਔਰਤਾਂ ਸਮੇਤ ਸਮਾਜ ਦੇ ਵੱਖ-ਵੱਖ ਵਰਗਾਂ ਲਈ ਨਿਗੂਣੀਆਂ ਰਿਆਇਤਾਂ ਦਾ ਐਲਾਨ ਸੀ। ਭਾਜਪਾ ਨੇ ਔਰਤਾਂ ਅਤੇ ਵੱਖ-ਵੱਖ ਵਰਗਾਂ ਨੂੰ 'ਆਪ' ਤੋਂ ਵੱਧ ਰਿਆਇਤਾਂ ਦੀ ਫੋਕੀ ਪੇਸ਼ਕਸ਼ ਕਰ ਕੇ 'ਆਪ' ਨੂੰ ਪਿੱਛੇ ਧੱਕ ਦਿੱਤਾ। ਇਸ ਤਰ੍ਹਾਂ ਇਸ ਪਾਰਟੀ ਦੀ ਲੀਡਰਸ਼ਿਪ ਨੇ ਭਾਰਤ ਦੇ ਲੋਕਾਂ ਨੂੰ ਰਾਜਨੀਤਕ ਚੇਤਨਾ ਦੇਣ ਦੀ ਬਜਾਏ ਉਨ੍ਹਾਂ ਦੇ ਬਦਲਾਅ ਦੇ ਸੁਪਨੇ ਨੂੰ ਚਕਨਾਚੂਰ ਕਰਕੇ ਰਾਜਨੀਤਕ ਨਿਰਾਸ਼ਤਾ 'ਚ ਧੱਕਣ ਅਤੇ ਖ਼ੈਰਾਤਾਂ ਦੀ ਸਿਆਸਤ ਨਾਲ ਉਨ੍ਹਾਂ ਦੀ ਰਾਜਨੀਤਕ ਚੇਤਨਾ ਨੂੰ ਧੁੰਦਲਾ ਕਰਨ ਦੀ ਭੂਮਿਕਾ ਹੀ ਨਿਭਾਈ ਹੈ। ਕਥਿਤ ਬਦਲਾਅ ਤੋਂ ਦਿੱਲੀ ਦੇ ਵੋਟਰਾਂ ਦੀ ਨਿਰਾਸ਼ਾ ਘੋਰ ਫਾਸ਼ੀਵਾਦੀ ਭਾਜਪਾ ਨੂੰ ਸੱਤਾ 'ਚ ਲਿਆਉਣ ਦਾ ਸਾਧਨ ਬਣੀ ਹੈ।

'ਆਪ' ਦੀ ਦਿੱਲੀ ਵਿਚ ਹਾਰ ਤੋਂ ਬਾਅਦ ਆਉਣ ਵਾਲੇ ਦਿਨਾਂ ਵਿਚ ਇਸਦੀ 'ਸੱਤਾ' ਵਾਲੇ ਸੂਬੇ ਪੰਜਾਬ ਵਿਚ ਵੀ ਪਾਰਟੀ ਅੰਦਰ ਵੱਡਾ ਸੰਕਟ ਵੇਖਣ ਨੂੰ ਮਿਲ ਸਕਦਾ ਹੈ। ਜਿਸ ਤਰ੍ਹਾਂ ਪੰਜਾਬ ਸਰਕਾਰ ਦੇ ਬਹੁਤੇ ਫੈਸਲੇ ਦਿੱਲੀ ਦੀ ਲੀਡਰਸ਼ਿਪ ਵੱਲੋਂ ਲਏ ਜਾਂਦੇ ਰਹੇ ਹਨ ਉਸ ਕੇਂਦਰਕ੍ਰਿਤ ਰੁਝਾਨ ਵਿਰੁੱਧ ਚੁਣੌਤੀ ਉੱਭਰ ਸਕਦੀ ਹੈ।

ਉਂਝ ਨੈਤਿਕ ਤੌਰ 'ਤੇ ਕੇਜਰੀਵਾਲ ਨੂੰ ਪਾਰਟੀ ਦਾ ਕਨਵੀਨਰ ਬਣੇ ਰਹਿਣ ਦਾ ਵੀ ਅਧਿਕਾਰ ਨਹੀਂ ਹੈ ਕਿਉਂਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ ਕੇਜਰੀਵਾਲ ਨੇ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਇਹ ਕਹਿ ਕੇ ਅਸਤੀਫਾ ਦਿੱਤਾ ਸੀ ਕਿ 'ਜਨਤਾ ਫ਼ੈਸਲਾ ਕਰੇਗੀ ਕਿ ਉਹ ਇਮਾਨਦਾਰ ਹਨ ਜਾਂ ਨਹੀਂ'। ਕੇਜਰੀਵਾਲ ਦੇ ਕਹੇ ਅਨੁਸਾਰ ਸਥਿਤੀ ਸਾਫ਼ ਹੈ ਕਿ ਜਨਤਾ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਹੈ। ਇਸ ਲਈ ਕੇਜਰੀਵਾਲ ਨੂੰ ਹੁਣ ਆਪਣੇ ਕਹੇ ਹੋਏ ਸ਼ਬਦਾਂ ਉੱਪਰ ਪੂਰਾ ਉੱਤਰਦੇ ਹੋਏ ਅਹੁਦਾ ਛੱਡ ਦੇਣਾ ਚਾਹੀਦਾ ਹੈ।

'ਆਪ', ਕਾਂਗਰਸ ਸਮੇਤ ਦੇਸ਼ ਦੇ ਤਮਾਮ ਜਮਹੂਰੀ ਹਲਕਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਭਾਜਪਾ ਹਿੰਦੂਤਵ ਦੇ ਤੈਅਸ਼ੁਦਾ ਏਜੰਡੇ ਤਹਿਤ ਅੱਗੇ ਵਧ ਰਹੀ ਹੈ। ਭਾਜਪਾ ਵੱਲੋਂ ਸਿਰਫ ਖੇਤਰੀ ਪਾਰਟੀਆਂ ਦੀ ਹੋਂਦ ਹੀ ਖਤਮ ਨਹੀਂ ਕੀਤੀ ਜਾ ਰਹੀ ਬਲਕਿ ਦੇਸ਼ ਵਿਚੋਂ ਸਮੁੱਚੀ ਵਿਰੋਧੀ ਧਿਰ ਨੂੰ ਲਗਾਤਾਰ ਕਮਜ਼ੋਰ ਕੀਤਾ ਜਾ ਰਿਹਾ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਸ ਸਮੇਂ ਕਾਂਗਰਸ ਸਮੇਤ ਦੇਸ਼ ਵਿਚ ਕੋਈ ਵੀ ਅਜਿਹੀ ਪਾਰਟੀ ਨਹੀਂ ਹੈ ਜੋ ਭਾਜਪਾ ਵਿਰੁੱਧ ਲੜਨ ਦਾ ਦਮ ਰੱਖਦੀ ਹੋਵੇ, ਇੱਥੋਂ ਤੱਕ ਕਿ ਇਕੱਲਿਆਂ ਭਾਜਪਾ ਦਾ ਚੁਣਾਵੀ ਸਿਆਸਤ ਵਿਚ ਵੀ ਸਾਹਮਣਾ ਕਰ ਸਕੇ। ਸੱਚਾ ਬਦਲ ਪੇਸ਼ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਅਜਿਹੀ ਸਥਿਤੀ ਵਿਚ ਕਾਂਗਰਸ ਸਮੇਤ ਸਾਰੀਆਂ ਵਿਰੋਧੀ ਧਿਰਾਂ ਨੂੰ ਲੋਕ ਸਭਾ ਚੋਣਾਂ ਵਾਂਗ ਸੂਬਿਆਂ ਵਿਚ ਵੀ ਭਾਜਪਾ ਖ਼ਿਲਾਫ ਸਾਂਝਾ ਮੰਚ ਉਸਾਰਨਾ ਪਵੇਗਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਜੇਕਰ ਕਾਂਗਰਸ ਅਤੇ 'ਆਪ' ਹਰਿਆਣਾ ਤੇ ਦਿੱਲੀ ਵਿਚ ਇਕੱਠੇ ਚੋਣ ਲੜਦੇ ਤਾਂ ਦੋਵਾਂ ਹੀ ਸੂਬਿਆਂ ਵਿਚ ਚੋਣ ਨਤੀਜੇ ਹੋਰ ਹੋ ਸਕਦੇ ਸਨ।

# ਪ੍ਰਵਾਸੀਆਂ ਵਿਰੁੱਧ ਟਰੰਪ ਦੀ ਜੰਗ ਅਤੇ ਇਸ ਨਾਲ ਜੁੜੇ ਮਨੁੱਖੀ ਸਰੋਕਾਰ

***ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਟਰੰਪ ਵੱਲੋਂ ਉਨ੍ਹਾਂ ਪ੍ਰਵਾਸੀਆਂ ਵਿਰੁੱਧ ਜ਼ੋਰਦਾਰ ਹਮਲਾ ਸ਼ੁਰੂ ਕਰ ਦਿੱਤਾ ਗਿਆ ਹੈ ਜਿਨ੍ਹਾਂ ਕੋਲ ਅਮਰੀਕਨ ਨਾਗਰਿਕਤਾ ਦੇ ਦਸਤਾਵੇਜ਼ ਨਹੀਂ ਹਨ। ਇਹ ਹਮਲਾ ਮਨੁੱਖੀ ਹੱਕਾਂ ਲਈ ਕਿਵੇਂ ਖ਼ਤਰਨਾਕ ਹੈ, ਇਸ ਵਿਚ ਕਿਸ-ਕਿਸ ਤਰ੍ਹਾਂ ਦੇ ਖ਼ਤਰੇ ਸਮੋਏ ਹੋਏ ਹਨ, ਇਨ੍ਹਾਂ ਵੱਖ-ਵੱਖ ਪੱਖਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ। - ਸੰਪਾਦਕ***

ਅਮਰੀਕਾ ਦੇ ਦੂਜੀ ਵਾਰ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਰਕਾਰ ਵੱਲੋਂ 104 ਭਾਰਤੀਆਂ ਨੂੰ ਬੇਹੱਦ ਖ਼ਤਰਨਾਕ ਮੁਜਰਮਾਂ ਵਾਂਗ ਹੱਥਕੜੀਆਂ ਅਤੇ ਬੇੜੀਆਂ 'ਚ ਨੂੜ ਕੇ ਵਾਪਸ ਭਾਰਤ ਭੇਜੇ ਜਾਣ ਨਾਲ 'ਗ਼ੈਰਕਾਨੂੰਨੀ ਪ੍ਰਵਾਸ' ਇਕ ਵਾਰ ਫਿਰ ਮੀਡੀਆ 'ਚ ਸੁਰਖ਼ੀਆਂ ਬਣ ਗਿਆ ਹੈ। ਜਾਗਦੀ ਜ਼ਮੀਰ ਵਾਲੇ ਭਾਰਤੀ ਲੋਕ ਟਰੰਪ ਦੀ ਇਸ ਜ਼ਲੀਲ ਕਰਨ ਵਾਲੀ ਕਰਤੂਤਾ ਦਾ ਆਪੋ ਆਪਣੇ ਤਰੀਕੇ ਨਾਲ ਵਿਰੋਧ ਕਰਦੇ ਹੋਏ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨਾਲ ਹਮਦਰਦੀ ਜ਼ਾਹਰ ਕਰ ਰਹੇ ਹਨ। ਇਸਦੇ ਉਲਟ, ਮੋਦੀ ਸਰਕਾਰ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਜੈ ਸ਼ੰਕਰ ਨੇ ਪਹਿਲਾਂ ਤਾਂ ਟਰੰਪ ਸਰਕਾਰ ਦੇ ਘਿਣਾਉਣੇ ਸਲੂਕ ਨੂੰ ਇਹ ਕਹਿ ਕੇ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਕਿ ਅਮਰੀਕੀ ਡੀਪੋਰਟੇਸ਼ਨ ਦੀ ਵਿਧੀ ਡੀਪੋਰਟ ਕੀਤੇ ਜਾਣ ਵਾਲਿਆਂ ਨੂੰ ਬੰਨ੍ਹ ਕੇ ਰੱਖਣ ਦੀ ਇਜਾਜ਼ਤ ਦਿੰਦੀ ਹੈ। ਫਿਰ ਉਸਨੇ ਸੰਸਦ ਵਿਚ ਇਹ ਝੂਠ ਬੋਲਿਆ ਕਿ ਔਰਤਾਂ ਤੇ ਬੱਚਿਆਂ ਨੂੰ ਹੱਥਕੜੀਆਂ-ਬੇੜੀਆਂ ਨਹੀਂ ਲਾਈਆਂ ਗਈਆਂ, ਅਤੇ ਇਹ ਵੀ ਕਿ ਅਮਰੀਕੀ ਅਧਿਕਾਰੀਆਂ ਵੱਲੋਂ ਉਸ ਨੂੰ ਅਜਿਹਾ

**ਬੂਟਾ ਸਿੰਘ ਮਹਿਮੂਦਪੁਰ**

ਭਰੋਸਾ ਦਿਵਾਇਆ ਗਿਆ ਸੀ। ਇਸ ਨਾਲ ਕੇਂਦਰ ਸਰਕਾਰ ਦੀ ਮਿਲੀਭੁਗਤ ਹੀ ਨਹੀਂ, ਇਨ੍ਹਾਂ ਦੀ ਕੌਮਾਂਤਰੀ ਹੈਸੀਅਤ ਵੀ ਜੱਗ ਜ਼ਾਹਰ ਹੋ ਗਈ। ਪਰ ਤਿੱਖੇ ਸਵਾਲਾਂ 'ਚ ਘਿਰ ਜਾਣ 'ਤੇ ਬੇਸ਼ਰਮ ਸਰਕਾਰ ਨੂੰ ਇਹ ਭਰੋਸਾ ਦਿਵਾਉਣਾ ਪਿਆ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਇਹ ਮੁੱਦਾ ਟਰੰਪ ਕੋਲ ਉਠਾਇਆ ਜਾਵੇਗਾ।

ਕਿਸੇ ਵੀ ਸਰਕਾਰ ਨੂੰ ਆਪਣੇ ਮੁਲਕ ਵਿਚ ਰਹਿ ਰਹੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਵਾਪਸ ਭੇਜਣ ਦਾ ਅਧਿਕਾਰ ਹੈ ਪਰ ਕੌਮਾਂਤਰੀ ਅਹਿਦਨਾਮਿਆਂ ਤਹਿਤ ਸਰਕਾਰਾਂ ਇਨ੍ਹਾਂ 'ਗ਼ੈਰਕਾਨੂੰਨੀ ਪ੍ਰਵਾਸੀਆਂ' ਦੇ ਮਨੁੱਖੀ ਹੱਕਾਂ ਦਾ ਸਨਮਾਨ ਕਰਨ ਦੀਆਂ ਪਾਬੰਦ ਵੀ ਹਨ। ਇਸੇ ਤਰ੍ਹਾਂ, ਆਪਣੇ ਇਨ੍ਹਾਂ ਲੋਕਾਂ ਨਾਲ ਹਮਦਰਦੀ ਨਾਲ ਪੇਸ਼ ਆਉਣ ਦੇ ਨਾਲ-ਨਾਲ ਉਨ੍ਹਾਂ ਦੇ ਮਨੁੱਖੀ ਹੱਕ ਯਕੀਨੀ ਬਣਾਉਣਾ ਵੀ ਹਰ ਸਰਕਾਰ ਦੀ ਜ਼ਿੰਮੇਵਾਰੀ ਹੈ। ਇਹ ਬਿਲਕੁਲ ਸਪਸ਼ਟ ਹੈ ਕਿ ਟਰੰਪ ਵੱਲੋਂ ਸੱਤਾ ਵਿਚ ਆ ਕੇ 'ਗ਼ੈਰਕਾਨੂੰਨੀ' ਪ੍ਰਵਾਸੀਆਂ ਨੂੰ ਕੱਢਣ ਦੇ ਚੋਣ ਵਾਅਦੇ ਅਨੁਸਾਰ ਹਮਲਾਵਰ ਮੁਹਿੰਮ ਵਿੱਢ ਦਿੱਤੀ ਗਈ ਹੈ। ਇਸ ਮੁਹਿੰਮ ਤਹਿਤ ਅਮਰੀਕੀ ਸਰਕਾਰ ਵੱਲੋਂ ਵੱਖ-ਵੱਖ ਸਰਕਾਰਾਂ ਨੂੰ ਸਰਕਾਰੀ ਪੱਧਰ 'ਤੇ ਬਾਕਾਇਦਾ ਸੰਪਰਕ ਕਰਕੇ ਹੁਕਮ ਸੁਣਾ ਦਿੱਤਾ ਗਿਆ ਕਿ ਅਮਰੀਕੀ ਫ਼ੌਜੀ ਜਹਾਜ਼ 'ਗ਼ੈਰਕਾਨੂੰਨੀ' ਪ੍ਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਮੁਲਕ ਦੇ ਏਅਰਪੋਰਟਾਂ ਉੱਪਰ ਉੱਥੋਂ ਦੀਆਂ ਸਰਕਾਰਾਂ ਦੇ ਹਵਾਲੇ ਕਰਨ ਲਈ ਆ ਰਹੇ ਹਨ। ਨਿੱਕੇ ਜਹੇ ਮੁਲਕ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੇਤਰੋ ਨੇ ਆਪਣੇ ਮੁਲਕ ਦੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਮੁਜਰਮਾਂ ਵਾਂਗ ਜੰਗੀ ਜਹਾਜ਼ ਰਾਹੀਂ ਵਾਪਸ ਭੇਜਣ ਵਿਰੁੱਧ ਸਟੈਂਡ ਲੈਂਦਿਆਂ ਦੋ ਅਮਰੀਕਨ ਜੰਗੀ ਜਹਾਜ਼ਾਂ ਨੂੰ ਆਪਣੀ ਜ਼ਮੀਨ 'ਤੇ ਉਤਰਨ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ (ਇਹ ਗੱਲ ਵੱਖਰੀ ਹੈ ਕਿ ਬਾਅਦ ਵਿਚ ਗੁਸਤਾਵੋ ਸਰਕਾਰ ਸਖ਼ਤ ਟੈਰਿਫ ਥੋਪੇ ਜਾਣ ਸਮੇਤ ਕੋਲੰਬੀਆ ਵਿਰੁੱਧ ਕਈ ਤਰ੍ਹਾਂ ਦੀਆਂ ਸਖ਼ਤ ਪਾਬੰਦੀਆਂ ਲਾਉਣ ਦੀਆਂ ਟਰੰਪ ਦੀਆਂ ਧਮਕੀਆਂ ਅੱਗੇ ਝੁਕ ਗਈ) ਪਰ ਮੋਦੀ ਜੋ ਟਰੰਪ ਨੂੰ ਆਪਣਾ ਲੰਗੋਟੀਆ ਯਾਰ ਦੱਸਦਾ ਹੈ, ਉਸਦੀ ਤਾਂ ਇਹ ਹਿੰਮਤ ਵੀ ਨਹੀਂ ਪਈ ਕਿ ਟਰੰਪ ਦੀ ਇਸ ਬੇਹੂਦਾ ਕਾਰਵਾਈ ਦਾ ਵਿਰੋਧ ਕਰ ਸਕੇ। ਬੇਸ਼ੱਕ ਮੈਕਸੀਕੋ ਅਮਰੀਕਾ ਦੇ ਮੁੱਖ ਗ਼ੈਰ-ਨਾਟੋ ਸੰਗੀਆਂ 'ਚੋਂ ਇਕ ਹੈ ਅਤੇ ਦੱਖਣੀ ਅਮਰੀਕਾ ਵਿਚ ਇਸਦਾ ਸਭ ਤੋਂ ਨਜ਼ਦੀਕੀ ਭਾਈਵਾਲ ਚਲਿਆ ਆ ਰਿਹਾ ਹੈ, ਪਰ ਉੱਥੋਂ ਦੀ ਰਾਸ਼ਟਰਪਤੀ ਕਲਾਦੀਆ ਸ਼ੇਨਬੌਮ ਨੇ ਮੈਕਸੀਕੋ ਦੀ ਖਾੜੀ ਦਾ ਨਾਂ ਬਦਲ ਕੇ 'ਗਲਫ਼ ਆਫ ਅਮੈਰਿਕਾ' ਕਰਨ ਦੇ ਟਰੰਪ ਦੇ ਫ਼ਰਮਾਨ ਅਤੇ ਹੋਰ ਧੌਂਸਬਾਜ਼ੀ ਵਿਰੁੱਧ ਸਖ਼ਤ ਸਟੈਂਡ ਲਿਆ ਹੈ। ਇਸਦੇ ਮੁਕਾਬਲੇ ਭਾਰਤ ਦੀ ਭਗਵਾ ਹਕੂਮਤ ਦੀ ਖ਼ਸਲਤ ਹੀ ਇਹ ਹੈ ਕਿ ਇਹ ਅਮਰੀਕਨ ਹੁਕਮਰਾਨ ਜਮਾਤ ਦੇ ਸਭ ਪਿਛਾਖੜੀ ਹਿੱਸੇ ਦੀ ਪਿਛਲੱਗ ਬਣਨਾ ਪਸੰਦ ਕਰਦੀ ਹੈ।

ਇਨ੍ਹਾਂ ਅਭਾਗੇ ਲੋਕਾਂ ਨੂੰ ਆਮ ਪੈਸੰਜਰ ਫਲਾਈਟ ਦੀ ਬਜਾਏ ਵਿਸ਼ੇਸ਼ ਜੰਗੀ ਜਹਾਜ਼ ਦੁਆਰਾ ਭੇਜਣ ਪਿੱਛੇ ਟਰੰਪ ਸਰਕਾਰ ਦੀ ਮਨਸ਼ਾ ਮੋਦੀ ਸਰਕਾਰ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਉਹ ਜੋ ਚਾਹੇ ਕਰ ਸਕਦੇ ਹਨ, ਕਿਸੇ ਦੀ ਕੀ ਮਜ਼ਾਲ ਹੈ ਉਸ ਅੱਗੇ ਅੜ ਸਕੇ। 'ਗ਼ੈਰਕਾਨੂੰਨੀ' ਪ੍ਰਵਾਸੀਆਂ ਨੂੰ ਉਪਰੋਕਤ ਜ਼ਲੀਲ ਕਰੂ ਢੰਗ ਨਾਲ ਭੇਜਿਆ ਜਾਣਾ ਤੈਅਸ਼ੁਦਾ ਸੀ। ਦਿੱਲੀ ਚੋਣਾਂ ਦੇ ਭਖੇ ਹੋਏ ਮਾਹੌਲ ਦੌਰਾਨ ਜੇਕਰ ਇਹ ਭਾਰਤੀ, ਜਿਨ੍ਹਾਂ ਵਿਚ ਜ਼ਿਆਦਾਤਰ ਪੰਜਾਬ ਤੋਂ ਬਾਹਰਲੇ ਸਨ, ਦਿੱਲੀ ਏਅਰ ਪੋਰਟ ਉੱਪਰ ਉਤਾਰੇ ਜਾਂਦੇ ਤਾਂ ਇਸ ਨੇ ਵੱਡਾ ਰਾਜਨੀਤਕ ਮੁੱਦਾ ਬਣ ਜਾਣਾ ਸੀ। ਇਸ 'ਤੋਂ ਬਚਣ ਲਈ ਚਲਾਕੀ ਨਾਲ ਇਨ੍ਹਾਂ ਪ੍ਰਵਾਸੀਆਂ ਨੂੰ ਅੰਮ੍ਰਿਤਸਰ ਏਅਰ ਪੋਰਟ ਉੱਪਰ ਉਤਾਰਿਆ ਗਿਆ ਤਾਂ ਜੋ ਇਹ ਪ੍ਰਭਾਵ ਜਾਵੇ ਕਿ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਦੀ ਕੋਸ਼ਿਸ਼ ਕਰਨ ਵਾਲੇ ਸਾਰੇ ਲੋਕ ਪੰਜਾਬੀ ਸਨ।

ਅਮਰੀਕੀ ਬਾਰਡਰ ਪੈਟਰੋਲ ਚੀਫ਼ ਮਿਸ਼ੇਲ ਬੈਂਕਸ ਵੱਲੋਂ ਭਾਰਤੀ ਨਾਗਰਿਕਾਂ ਨੂੰ ਹੱਥਕੜੀਆਂ-ਬੇੜੀਆਂ 'ਚ ਨੂੜ ਕੇ ਅਮਰੀਕੀ ਫ਼ੌਜੀ ਜਹਾਜ਼ ਵਿਚ ਸਵਾਰ ਹੋਣ ਲਈ ਜਾਂਦਿਆਂ ਦੀ ਵੀਡੀਓ ਇਸ ਟਿੱਪਣੀ ਸਹਿਤ ਪੋਸਟ ਕੀਤੀ ਗਈ ਕਿ ਇਹ 'ਫ਼ੌਜੀ ਟਰਾਂਸਪੋਰਟ ਦੀ ਵਰਤੋਂ ਕਰਦਿਆਂ ਹੁਣ ਤੱਕ ਦੀ ਸਭ ਤੋਂ ਲੰਮੀ ਦੂਰੀ ਵਾਲੀ ਡੀਪੋਰਟੇਸ਼ਨ ਫਲਾਈਟ ਹੈ'। ਔਰਤਾਂ ਸਮੇਤ ਸਾਰੇ ਭਾਰਤੀਆਂ ਨੂੰ 40 ਘੰਟੇ ਬੇੜੀਆਂ 'ਚ ਜਕੜ ਕੇ ਰੱਖਿਆ ਗਿਆ। ਇਨ੍ਹਾਂ ਸਬੂਤਾਂ ਨੇ ਬਦੇਸ਼ ਮੰਤਰੀ ਜੈ ਸ਼ੰਕਰ ਦੇ ਝੂਠ ਦਾ ਭਾਂਡਾ ਚੁਰਾਹੇ 'ਚ ਭੰਨ ਦਿੱਤਾ।

ਇਸ ਘਟਨਾਕ੍ਰਮ ਨਾਲ ਕੁਲ ਦੁਨੀਆ ਨੇ ਦੇਖ ਲਿਆ ਕਿ 'ਵਿਸ਼ਵ-ਗੁਰੂ' ਬਣਨ ਦੇ ਦਾਅਵੇ ਕਰਨ ਵਾਲੇ ਮੋਦੀ ਨੂੰ ਟਰੰਪ ਕਿੰਨਾ ਕੁ ਮਹੱਤਵ ਦਿੰਦਾ ਹੈ ਜਿਸ ਦੇ ਸਵਾਗਤ ਲਈ ਵਿਸ਼ੇਸ਼ ਇੰਤਜ਼ਾਮਾਂ ਉੱਪਰ ਇਹ ਬੇਹਯਾ ਸਰਕਾਰ ਸਰਕਾਰੀ ਖ਼ਜ਼ਾਨਾ ਪਾਣੀ ਵਾਂਗ ਰੋੜ੍ਹਦੀ ਰਹੀ ਹੈ। ਮੋਦੀ ਤਾਂ ਅਮਰੀਕਾ ਵਿਚ ਜਾ ਕੇ ਟਰੰਪ ਲਈ ਚੋਣ ਪ੍ਰਚਾਰ ਕਰਦਿਆਂ 'ਅਬ ਕੀ ਵਾਰ, ਟਰੰਪ ਸਰਕਾਰ' ਵਰਗੀਆਂ ਵਿਸ਼ੇਸ਼ ਮੁਹਿੰਮਾਂ ਵੀ ਚਲਾਉਂਦਾ ਰਿਹਾ ਹੈ ਜਿਨ੍ਹਾਂ ਵਿਚ ਉੱਥੇ ਸਥਾਪਤ ਹਿੰਦੂਤਵੀ ਜਥੇਬੰਦੀਆਂ ਦੇ ਨਾਲ-ਨਾਲ ਪ੍ਰਵਾਸੀ ਭਾਰਤੀ ਕਾਰੋਬਾਰੀਆਂ ਦਾ ਇਕ ਵੱਡਾ ਹਿੱਸਾ ਵੀ ਸ਼ਾਮਲ ਹੋਣ 'ਚ ਮਾਣ ਮਹਿਸੂਸ ਕਰਦਾ ਰਿਹਾ ਹੈ।

'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਪਹਿਲਾਂ ਵੀ ਵਾਪਸ ਭੇਜਿਆ ਜਾਂਦਾ ਰਿਹਾ ਹੈ ਪਰ ਇਸ ਵਾਰ ਟਰੰਪ ਸਰਕਾਰ ਵੱਲੋਂ ਜਾਣ-ਬੁੱਝ ਕੇ ਜ਼ਲੀਲ ਕਰਨ ਵਾਲਾ ਵਤੀਰਾ ਅਖ਼ਤਿਆਰ ਕਰਨ ਕਰਕੇ ਇਸ ਮੁੱਦੇ ਨੇ ਜ਼ਿਆਦਾ ਧਿਆਨ ਖਿੱਚਿਆ ਹੈ। ਅਮਰੀਕਾ ਵਿਚ 'ਗ਼ੈਰਕਾਨੂੰਨੀ ਪ੍ਰਵਾਸੀ' ਭਾਰਤੀਆਂ ਦੀ ਗਿਣਤੀ ਬਾਰੇ ਵੱਖ-ਵੱਖ ਅੰਦਾਜ਼ੇ ਹਨ। ਇਹ ਗਿਣਤੀ ਸਵਾ ਸੱਤ ਲੱਖ ਤੱਕ ਦੱਸੀ ਜਾ ਰਹੀ ਹੈ। ਇਨ੍ਹਾਂ ਵਿੱਚੋਂ ਇਕ ਛੋਟੇ ਜਿਹੇ ਹਿੱਸੇ ਦੀ ਵਾਪਸੀ ਹੀ ਭਾਰਤ ਵਰਗੇ ਮੁਲਕਾਂ ਲਈ ਵੱਡੀ ਸਿਰਦਰਦੀ ਬਣ ਜਾਵੇਗੀ।

ਗਿਣਤੀ ਨਾਲੋਂ ਵੀ ਵਧੇਰੇ ਮਹੱਤਵਪੂਰਨ ਸਵਾਲ ਇਹ ਹੈ ਕਿ ਆਪਣੀ ਜਾਨਾਂ ਅਤੇ ਆਰਥਕ ਵਸੀਲਿਆਂ ਨੂੰ ਦਾਅ 'ਤੇ ਲਾ ਕੇ ਧੜਾਧੜ 'ਗ਼ੈਰਕਾਨੂੰਨੀ' ਪ੍ਰਵਾਸ ਕਰਨ ਵਾਲਿਆਂ ਲਈ ਸਰਕਾਰਾਂ ਕੀ ਕਰ ਰਹੀਆਂ ਹਨ। ਟਰੈਵਲ ਏਜੰਟਾਂ ਵੱਲੋਂ ਡੌਂਕੀ ਰੂਟ ਦੁਆਰਾ ਜਾਂ ਹੋਰ ਤਰੀਕਿਆਂ ਨਾਲ ਨੌਜਵਾਨਾਂ ਨੂੰ ਬਾਹਰ ਭੇਜਣ ਸਮੇਂ ਬੇਹੱਦ ਅਣਮਨੁੱਖੀ ਹਾਲਾਤਾਂ 'ਚ ਭੁੱਖੇ-ਤਿਹਾਏ ਰਹਿਣ ਲਈ ਮਜਬੂਰ ਕਰਨ, ਗੋਲੀਆਂ ਮਾਰ ਕੇ ਮਾਰ ਦੇਣ, ਕੁੜੀਆਂ ਨਾਲ ਬਲਾਤਕਾਰ ਕਰਨ ਦੀਆਂ ਕਹਾਣੀਆਂ ਅਕਸਰ ਹੀ ਚਰਚਾ ਵਿਚ ਆਉਂਦੀਆਂ ਰਹਿੰਦੀਆਂ ਹਨ। 1996 ਦਾ ਮਾਲਟਾ ਕਿਸ਼ਤੀ ਕਾਂਡ ਹੋਵੇ ਜਾਂ ਜਨਵਰੀ 2022 'ਚ ਕੈਨੇਡਾ-ਅਮਰੀਕਾ ਸਰਹੱਦ ਪਾਰ ਕਰਦਿਆਂ -380 ਸੈਂਟੀਗਰੇਡ ਠੰਡ ਦੀ ਲਪੇਟ 'ਚ ਆ ਕੇ ਮਾਰੇ ਗਏ ਗੁਜਰਾਤੀ ਪਰਿਵਾਰ ਦਾ ਦੁਖਾਂਤ ਜਾਂ 2023 'ਚ ਵਿਸ਼ੇਸ਼ ਚਾਰਟਡ ਫਲਾਈਟਾਂ ਰਾਹੀਂ ਅਮਰੀਕਾ ਜਾਣ ਦੀ ਕਹਾਣੀ, ਅਜਿਹੇ ਦਿਲ-ਕੰਬਾਊ ਕਾਂਡਾਂ ਉੱਪਰ ਕੁਝ ਦਿਨ ਚਰਚਾ ਜ਼ਰੂਰ ਹੁੰਦੀ ਹੈ, ਫਿਰ ਸਮਾਂ ਪਾ ਕੇ ਲੋਕ ਭੁੱਲ ਜਾਂਦੇ ਹਨ। ਤਤਕਾਲੀ ਸਰਕਾਰਾਂ ਜਾਂਚ ਕਰਾਉਣ ਦੀ ਫੋਕੀ ਬਿਆਨਬਾਜ਼ੀ ਕਰਕੇ ਮਾਹੌਲ ਠੰਡਾ ਹੋਣ ਦੀ ਇੰਤਜ਼ਾਰ ਕਰਦੀਆਂ ਹਨ ਅਤੇ ਦੜ ਵੱਟ ਲੈਂਦੀਆਂ ਹਨ। ਚਾਹੇ ਕੋਈ ਵੀ ਪਾਰਟੀ ਸੱਤਾਧਾਰੀ ਹੋਵੇ, ਕਿਸੇ ਵੀ ਸਰਕਾਰ ਨੇ






ਜਾਂਚ ਪ੍ਰਤੀ ਗੰਭੀਰਤਾ ਦਿਖਾ ਕੇ ਇਸ ਗੇਮ ਪਿੱਛੇ ਕੰਮ ਕਰਦੇ ਮਾਫ਼ੀਆ ਅਤੇ ਵੱਡੇ ਮਗਰਮੱਛਾਂ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕੀਤਾ। ਉਨ੍ਹਾਂ ਬੁਨਿਆਦੀ ਕਾਰਨਾਂ ਨੂੰ ਮੁਖ਼ਾਤਬ ਹੋਣਾ ਤਾਂ ਦੂਰ ਰਿਹਾ, ਜਿਨ੍ਹਾਂ ਕਾਰਨ ਲੋਕ ਆਪਣੀ ਜਨਮ-ਧਰਤੀ ਨੂੰ ਛੱਡ ਕੇ ਬਦੇਸ਼ਾਂ ਵਿਚ ਆਪਣਾ ਭਵਿੱਖ ਸੁਰੱਖਿਅਤ ਦੇਖਦੇ ਹਨ। ਸਭ ਤੋਂ ਵੱਧ ਬੇਸ਼ਰਮੀਂ 'ਬਦਲਾਅ' ਲਿਆਉਣ ਦੇ ਸੁਪਨੇ ਦਿਖਾਉਣ ਵਾਲੀ ਭਗਵੰਤ ਮਾਨ ਸਰਕਾਰ ਨੇ ਦਿਖਾਈ ਹੈ ਜੋ ਅਜਿਹਾ 'ਰੰਗਲਾ ਪੰਜਾਬ' ਬਣਾਉਣ ਦੇ ਦਾਅਵੇ ਕਰਦੇ ਰਹੇ ਜਿੱਥੇ ਅੰਗਰੇਜ਼ ਆ ਕੇ ਨੌਕਰੀ ਕਰਿਆ ਕਰਨਗੇ! ਪਰ ਵਾਪਸ ਪ੍ਰਵਾਸੀ ਭਾਰਤੀ ਆ ਰਹੇ ਹਨ!

ਇਕ ਵੱਡੀ ਸਮੱਸਿਆ ਇਹ ਹੈ ਕਿ ਭਾਰਤ ਦੇ ਲੋਕ ਟਰੰਪ ਦੀ ਇਸ ਹਮਲਾਵਰ ਮੁਹਿੰਮ ਨੂੰ ਭਾਰਤ ਨੂੰ ਨੀਵਾਂ ਦਿਖਾਉਣ ਦੀ ਹਰਕਤ ਤੱਕ ਹੀ ਸੁੰਗੇੜ ਕੇ ਦੇਖ ਰਹੇ ਹਨ। ਇਸ ਨੂੰ ਭਾਰਤ ਦੇ ਪ੍ਰਵਾਸੀਆਂ ਤੱਕ ਸੀਮਤ ਕਰਕੇ ਦੇਖਣ ਦੀ ਬਜਾਏ ਇਸ ਹਮਲੇ ਦੀ ਵਿਆਪਕਤਾ ਨੂੰ ਸਮਝਣਾ ਜ਼ਰੂਰੀ ਹੈ। ਟਰੰਪ ਨੇ ਆਪਣਾ ਚੋਣ ਵਾਅਦਾ ਨਿਭਾਉਂਦਿਆਂ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਬਾਹਰ ਕੱਢਣ ਦਾ ਮੁੱਦਾ ਮੁਕੰਮਲ ਫਾਸ਼ੀਵਾਦੀ ਮੁਹਿੰਮ ਦੇ ਹਿੱਸੇ ਵਜੋਂ ਜੰਗੀ ਤਿਆਰੀ ਨਾਲ ਹੱਥ ਲਿਆ ਹੈ। ਅਮਰੀਕੀ ਰਾਜਨੀਤਕ ਨਿਜ਼ਾਮ ਦੀ ਕਰੂਰ ਖ਼ਸਲਤ ਮਨੁੱਖੀ ਜ਼ਿੰਦਗੀ ਅਤੇ ਮਾਣ-ਸਨਮਾਨ ਨੂੰ ਕੁਚਲਣ ਲਈ ਪ੍ਰਵਾਸੀਆਂ, ਟਰੈਂਸ ਜੈਂਡਰ ਲੋਕਾਂ, ਅਬੌਰਸ਼ਨ ਆਦਿ ਨੂੰ ਜੁਰਮ ਬਣਾ ਦੇਣ ਅਤੇ ਘੋਰ ਨਸਲੀ ਨਫ਼ਰਤ ਤੇ ਹਿੰਸਾ ਦੇ ਰੂਪ 'ਚ ਸਾਹਮਣੇ ਆ ਰਹੀ ਹੈ। ਅਮਰੀਕਨ ਸਟੇਟ ਅੰਦਰ ਇਹ ਰਵੱਈਏ ਦੀਆਂ ਡੂੰਘੀਆਂ ਜੜ੍ਹਾਂ ਹਨ ਪਰ ਟਰੰਪ ਦੇ ਘੋਰ ਪਿਛਾਖੜੀ ਏਜੰਡੇ ਨਾਲ ਇਸ ਨੇ ਕਰੂਰਤਾ ਦੀਆਂ ਸਿਖ਼ਰਾਂ ਛੂਹ ਲਈਆਂ ਹਨ।

ਇਨ੍ਹਾਂ ਪ੍ਰਵਾਸੀਆਂ ਨੇ ਕੋਈ ਜੁਰਮ ਨਹੀਂ ਕੀਤਾ, ਉਨ੍ਹਾਂ ਦਾ 'ਗੁਨਾਹ' ਸਿਰਫ਼ ਇਹ ਹੈ ਕਿ ਉਹ 'ਗ਼ੈਰਕਾਨੂੰਨੀ' ਰੂਟ ਰਾਹੀਂ ਅਮਰੀਕਾ 'ਚ ਦਾਖ਼ਲ ਹੋਏ ਸਨ। ਨਿਰਪੱਖ ਟੈਕਸ ਨੀਤੀ ਸੰਸਥਾ, ਇੰਸਟੀਚਿਊਟਿ ਆਨ ਟੈਕਸੇਸ਼ਨ ਐਂਡ ਇਕਨਾਮਿਕ ਪਾਲਿਸੀ ਦੀ ਰਿਪੋਰਟ ਦੱਸਦੀ ਹੈ ਕਿ ਦਸਤਾਵੇਜ਼ਹੀਣ ਪ੍ਰਵਾਸੀਆਂ ਨੇ 2022 'ਚ ਫੈਡਰਲ, ਸਟੇਟ ਅਤੇ ਸਥਾਨਕ ਟੈਕਸਾਂ 'ਚ 96.7 ਅਰਬ ਡਾਲਰ ਭੁਗਤਾਨ ਕੀਤਾ। ਜਿਸ ਵਿੱਚੋਂ 59.4 ਅਰਬ ਡਾਲਰ ਟੈਕਸ ਫੈਡਰਲ ਸਰਕਾਰ ਨੂੰ ਦਿੱਤਾ ਗਿਆ। ਇੰਞ 'ਗ਼ੈਰਕਾਨੂੰਨੀ ਪ੍ਰਵਾਸੀ' ਬੇਹੱਦ ਸਸਤੇ ਮਜ਼ਦੂਰਾਂ ਦੇ ਰੂਪ 'ਚ ਅਮਰੀਕੀ ਆਰਥਿਕਤਾ 'ਚ ਗਿਣਨਯੋਗ ਯੋਗਦਾਨ ਪਾਉਂਦੇ ਹਨ ਪਰ ਟਰੰਪ ਲਈ ਇਹ ਨਸਲੀ ਨਫ਼ਰਤ ਫੈਲਾਉਣ ਅਤੇ ਹੋਰ ਮੁਲਕਾਂ ਉੱਪਰ ਅਮਰੀਕੀ ਧੌਂਸ ਜਮਾਉਣ ਦਾ ਮੁੱਦਾ ਹੈ।

ਸਰਕਾਰਾਂ ਨੂੰ ਆਪੋ ਆਪਣੇ ਮੁਲਕਾਂ ਦੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਵਾਪਸ ਲੈਣ ਲਈ ਧਮਕਾਉਣ ਤੋਂ ਇਲਾਵਾ ਟਰੰਪ ਸਰਕਾਰ ਹੋਰ ਵੀ ਬਹੁਤ ਕੁਝ ਕਰ ਰਹੀ ਹੈ। ਅਮਰੀਕੀ ਫ਼ੌਜ ਨੇ ਡੀਪੋਰਟ ਕੀਤੇ 'ਗ਼ੈਰਕਾਨੂੰਨੀ ਪ੍ਰਵਾਸੀ' ਗੁਆਂਟਾਨਾਮੋ ਦੇ ਬਦਨਾਮ ਤਸੀਹਾ ਕੈਂਪ ਵਿਚ ਰੱਖਣੇ ਸ਼ੁਰੂ ਕਰ ਦਿੱਤੇ ਹਨ। ਡਿਫੈਂਸ ਡਿਪਾਰਟਮੈਂਟ ਅਨੁਸਾਰ ਵੈਨਜ਼ਵੇਲਾ ਦੇ ਡੀਪੋਰਟ ਕੀਤੇ 10 ਨਾਗਰਿਕਾਂ ਨੂੰ 4 ਫਰਵਰੀ ਦੀ ਪਹਿਲੀ ਫਲਾਈਟ ਵਿਚ ਗੁਆਂਟਾਨਾਮੋ ਭੇਜਿਆ ਗਿਆ ਹੈ। ਗੁਆਂਟਾਨਾਮੋ ਖਾੜੀ ਵਿਚ ਲੰਮੇ ਸਮੇਂ ਤੋਂ ਨਜ਼ਰਬੰਦੀ ਕੈਂਪ ਚੱਲ ਰਿਹਾ ਹੈ ਜੋ ਕੈਦੀਆਂ ਨੂੰ ਭਿਆਨਕ ਤਸੀਹੇ ਦੇਣ ਲਈ ਬੇਹੱਦ ਬਦਨਾਮ ਹੈ। ਟਰੰਪ ਚਾਹੁੰਦਾ ਹੈ ਕਿ ਗੁਆਂਟਾਨਾਮੋ ਨੂੰ ਅਜਿਹਾ ਵਿਆਪਕ ਨਜ਼ਰਬੰਦੀ ਕੈਂਪ ਬਣਾ ਲਿਆ ਜਾਵੇ ਜਿੱਥੇ ਹੋਰ ਨਜ਼ਰਬੰਦਾਂ ਤੋਂ ਅਲਹਿਦਾ ਤੌਰ 'ਤੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਰੱਖਿਆ ਜਾ ਸਕੇ। ਸੀਐੱਨਐੱਨ ਦੀ ਰਿਪੋਰਟ ਅਨੁਸਾਰ ਇਸ ਵਕਤ ਗੁਆਂਟਾਨਾਮੋ ਕੈਂਪ ਦੀ 200 ਪ੍ਰਵਾਸੀਆਂ ਨੂੰ ਰੱਖਣ ਦੀ ਸਮਰੱਥਾ ਹੈ, ਟਰੰਪ ਦਾ ਟੀਚਾ ਉੱਥੇ 30 ਹਜ਼ਾਰ ਵਿਅਕਤੀਆਂ ਨੂੰ ਰੱਖਣ ਦਾ ਹੈ। ਇਹ ਮਨਸੂਬਾ ਪੂਰਾ ਕਰਨ ਉੱਪਰ ਇਕ ਅਰਬ ਡਾਲਰ ਤੋਂ ਵੱਧ ਖ਼ਰਚ ਆਉਣ ਦਾ ਅੰਦਾਜ਼ਾ ਹੈ ਜਿਸ ਨੇ ਅਮਰੀਕੀ ਨਾਗਰਿਕਾਂ ਦੇ ਟੈਕਸਾਂ ਦੇ ਧਨ ਦਾ ਹੋਰ ਜ਼ਿਆਦਾ ਉਜਾੜਾ ਕਰਨ ਦਾ ਸੰਦ ਬਣਨਾ ਹੈ। ਭਾਵੇਂ ਡਿਫੈਂਸ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਇਹ ਨਜ਼ਰਬੰਦੀ ਆਰਜ਼ੀ ਹੈ, ਪਰ ਟਰੰਪ ਦੀ ਨੀਤੀ ਦੇ ਮੱਦੇਨਜ਼ਰ ਇਹ ਯਕੀਨ ਕਰਨਾ ਮੁਸ਼ਕਲ ਹੈ ਕਿ 'ਗ਼ੈਰਕਾਨੂੰਨੀ' ਪ੍ਰਵਾਸੀਆਂ ਨੂੰ ਉੱਥੇ ਕਿੰਨਾ ਸਮਾਂ ਰੱਖਿਆ ਜਾਵੇਗਾ।

ਦੱਖਣੀ ਅਮਰੀਕੀ ਸਰਕਾਰਾਂ ਨੂੰ ਵਿਤੀ ਲਾਲਚ ਦੇ ਕੇ ਜਾਂ ਕੂਟਨੀਤਕ ਰਸੂਖ਼ ਨਾਲ ਮਨਾ ਕੇ, ਜਾਂ ਪਾਬੰਦੀਆਂ ਲਾਉਣ ਦੀਆਂ ਧਮਕੀਆਂ ਦੇ ਕੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਆਪਣੀਆਂ ਜੇਲ੍ਹਾਂ ਵਿਚ ਰੱਖਣ ਲਈ ਕਿਹਾ ਜਾ ਰਿਹਾ ਹੈ। ਐਲ ਸਲਵਾਡੋਰ ਦੇ ਨਾਯਿਬ ਬੁਕੇਲੇ, ਗੁਆਟੇਮਾਲਾ ਦੇ ਰਾਸ਼ਟਰਪਤੀ ਬਰਨਾਰਡੋ ਅਰਵੇਲੋ ਅਤੇ ਪਨਾਮਾ ਦੇ ਹੋਜ਼ੇ ਰੌਲ ਮੁਲਿਨੋ ਵਰਗੇ ਕੁਝ ਆਗੂ ਇਨ੍ਹਾਂ ਨੂੰ ਆਪਣੇ ਮੁਲਕਾਂ 'ਚ ਵਾਪਸ ਲੈਣਾ ਅਤੇ ਹੋਰ ਕੌਮਾਂ ਦੇ ਨਾਗਰਿਕਾਂ ਨੂੰ ਵੀ ਆਪਣੀਆਂ ਜੇਲ੍ਹਾਂ ਵਿਚ ਰੱਖਣ ਲਈ ਸਹਿਮਤ ਹੋ ਗਏ ਹਨ। ਬੁਕੇਲੇ ਨੇ ਫ਼ੀਸ ਲੈ ਕੇ ਆਪਣੀ ਜੇਲ੍ਹ ਪ੍ਰਬੰਧ ਦਾ ਇਕ ਹਿੱਸਾ ਅਮਰੀਕੀ ਸਰਕਾਰ ਨੂੰ 'ਮੈਗਾ-ਜੇਲ੍ਹ' (2023 'ਚ ਉਸਾਰਿਆ ਟੈਰਰਿਜ਼ਮ ਕਨਫਾਈਨਮੈਂਟ ਸੈਂਟਰ) ਆਊਟਸੋਰਸ ਕਰਨ ਦੀ ਪੇਸ਼ਕਸ਼ ਕੀਤੀ ਹੈ। ਇਨ੍ਹਾਂ ਮੁਲਕਾਂ 'ਚ ਡੱਕੇ 'ਗ਼ੈਰਕਾਨੂੰਨੀ ਪ੍ਰਵਾਸੀ' ਆਖ਼ਿਰਕਾਰ ਅਮਰੀਕੀ ਖ਼ਰਚ 'ਤੇ ਸੰਬੰਧਤ ਮੁਲਕਾਂ 'ਚ ਭੇਜੇ ਜਾਣਗੇ। ਪਨਾਮਾ ਦਾ ਰਾਸ਼ਟਰਪਤੀ ਮੁਲਿਨੋ ਅਮਰੀਕਾ ਨਾਲ ਆਪਣੇ ਪਹਿਲੇ ਇੰਮੀਗ੍ਰੇਸ਼ਨ ਸਮਝੌਤੇ ਦਾ ਵਿਸਤਾਰ ਕਰਨ ਲਈ ਸਹਿਮਤ ਹੋ ਗਿਆ ਹੈ। ਯਾਨੀ ਕਿ ਪਨਾਮਾ ਵਿਚੋਂ ਦੀ ਹੋ ਕੇ ਅਮਰੀਕਾ ਜਾਣ ਵਾਲੇ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲੈ ਕੇ ਉੱਥੋਂ ਹੀ ਉਨ੍ਹਾਂ ਦੇ ਜੱਦੀ ਮੁਲਕਾਂ 'ਚ ਵਾਪਸ ਭੇਜਿਆ ਜਾ ਸਕੇਗਾ।

ਇਹ ਹਮਲਾ ਜਮਹੂਰੀਅਤ ਦਾ ਮਖੌਟਾ ਲਾਹ ਕੇ ਪੂਰੀ ਤਰ੍ਹਾਂ ਨੰਗੇ ਦਹਿਸ਼ਤੀ ਰੂਪ 'ਚ ਦਣਦਣਾ ਰਿਹਾ ਹੈ ਜਿਸਦੀ ਕੋਈ ਸੀਮਾ ਨਹੀਂ ਹੈ ਕਿ ਇਹ ਕਿੱਥੇ ਜਾ ਕੇ ਰੁਕੇਗਾ। ਵੱਖ-ਵੱਖ ਮੁਲਕਾਂ ਅੰਦਰ ਇਸ ਵਿਰੁੱਧ ਵਿਆਪਕ ਲੋਕ ਰਾਇ ਖੜ੍ਹੀ ਕਰਕੇ ਹੀ ਇਸ ਨੂੰ ਠੱਲ ਪਾਈ ਜਾ ਸਕਦੀ ਹੈ।

ਇਹ ਚੰਗੀ ਗੱਲ ਹੈ ਕਿ ਟਰੰਪ ਸਰਕਾਰ ਦੀ ਇਸ ਧੌਂਸਬਾਜ਼ੀ ਦਾ ਉਸਦੇ ਆਪਣੇ ਮੁਲਕ ਅਤੇ ਕਈ ਹੋਰ ਮੁਲਕਾਂ 'ਚੋਂ ਵਿਰੋਧ ਹੋ ਰਿਹਾ ਹੈ। ਦੱਖਣੀ ਅਮਰੀਕੀ ਖਿੱਤੇ ਦੇ ਕਈ ਮੁਲਕਾਂ ਨੇ ਟਰੰਪ ਦੇ ਏਜੰਡੇ ਦਾ ਸਰੇਆਮ ਵਿਰੋਧ ਕੀਤਾ ਹੈ ਅਤੇ ਆਪਣੇ ਮੁਲਕਾਂ ਦੇ ਪ੍ਰਵਾਸੀਆਂ ਦਾ ਮਨੁੱਖੀ ਮਾਣ-ਸਨਮਾਨ ਯਕੀਨੀ ਬਣਾਉਣ ਲਈ ਕੁਝ ਨਾ ਕੁਝ ਕਦਮ ਚੁੱਕੇ ਹਨ। ਕੁਝ ਸਰਕਾਰਾਂ ਵੱਲੋਂ ਟਰੰਪ ਦੀ ਧੌਂਸ ਮੰਨ ਕੇ ਆਪਣੇ ਮੁਲਕ ਦੀ ਪ੍ਰਭੂਸੱਤਾ ਟਰੰਪ ਦੇ ਹਵਾਲੇ ਕਰਨ ਦਾ ਵੀ ਵਿਰੋਧ ਹੋ ਰਿਹਾ ਹੈ। ਦੱਖਣੀ ਅਮਰੀਕੀ ਮੁਲਕਾਂ ਅਤੇ ਅਮਰੀਕਾ ਵਿਚ ਮਨੁੱਖੀ ਹੱਕਾਂ ਲਈ ਸਰਗਰਮ ਸੰਸਥਾਵਾਂ ਟਰੰਪ ਦੇ ਏਜੰਡੇ ਵਿਰੁੱਧ ਆਵਾਜ਼ ਉਠਾ ਰਹੀਆਂ ਹਨ।

ਅਮਰੀਕਾ ਦੇ ਕਈ ਸ਼ਹਿਰਾਂ ਵਿਚ ਟਰੰਪ ਦੀ ਡਿਪੋਰਟੇਸ਼ਨ ਨੀਤੀ ਅਤੇ ਘੋਰ ਪਿਛਾਖੜੀ ਏਜੰਡੇ ਵਿਰੁੱਧ ਮੁਜ਼ਾਹਰੇ ਹੋ ਰਹੇ ਹਨ। ਇਸ ਵਿਰੋਧ ਦੇ ਮੱਦੇਨਜ਼ਰ ਜਸਟਿਸ ਡਿਪਾਰਟਮੈਂਟ ਨੇ ਪਿਛਲੇ ਦਿਨੀਂ ਤਿੰਨ ਪੰਨੇ ਦਾ ਨਵਾਂ ਮੀਮੋ ਜਾਰੀ ਕੀਤਾ ਜਿਸ ਵਿਚ ਅਮਰੀਕਾ ਦੇ ਰਾਜਾਂ ਦੇ ਅਤੇ ਉਨ੍ਹਾਂ ਸਥਾਨਕ ਅਧਿਕਾਰੀਆਂ ਵਿਰੁੱਧ ਮੁਕੱਦਮਾ ਚਲਾਉਣ ਦਾ ਧਮਕੀ ਦਿੱਤੀ ਗਈ ਹੈ ਜੋ ਪ੍ਰਵਾਸੀਆਂ ਉੱਪਰ ਫੈਡਰਲ ਸਰਕਾਰ ਦੇ ਹਮਲੇ ਦਾ ਵਿਰੋਧ ਕਰ ਰਹੇ ਹਨ। ਇਸ 'ਤੋਂ ਪਤਾ ਲੱਗਦਾ ਹੈ ਕਿ ਟਰੰਪ ਅਮਰੀਕਾ ਦੀ ਪ੍ਰਵਾਸ ਨੀਤੀ 'ਚ ਕਿਸ ਤਰ੍ਹਾਂ ਦੀ ਰੱਦੋਬਦਲ ਕਰ ਰਿਹਾ ਹੈ। ਅਮਰੀਕੀ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਏਜੰਸੀ ਨੂੰ ਤੇਜ਼ੀ ਨਾਲ ਡੀਪੋਰਟੇਸ਼ਨ ਕਰਨ ਦੇ ਨਵੇਂ ਅਧਿਕਾਰ, ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਦੀ ਨੀਤੀ ਖ਼ਤਮ ਕਰਨ ਦੇ ਸੰਕੇਤ, ਅਮਰੀਕੀ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਵੱਲੋਂ ਸੀ.ਬੀ.ਪੀ. ਵੰਨ ਐਪ (ਜੋ ਪ੍ਰਵਾਸੀਆਂ ਨੂੰ ਅਮਰੀਕੀ ਬਾਰਡਰ ਉੱਪਰ ਪਹੁੰਚਣ 'ਤੋਂ ਪਹਿਲਾਂ ਇੰਮੀਗ੍ਰੇਸ਼ਨ ਅਧਿਕਾਰੀਆਂ ਨੂੰ ਆਪਣੀ ਜਾਣਕਾਰੀ ਭੇਜ ਕੇ ਇੰਟਰਵਿਊ ਤੈਅ ਕਰਨ ਦੀ ਸਹੂਲਤ ਦਿੰਦੀ ਸੀ) ਦੀ ਸਡਿਊਲਿੰਗ ਕਾਰਜਕੁਸ਼ਲਤਾ ਹਟਾਉਣ ਅਤੇ ਸਾਰੀਆਂ ਭਵਿੱਖੀ ਸ਼ਰਣਾਰਥੀ ਅਪਾਇੰਟਮੈਂਟਾਂ ਰੱਦ ਦੇ ਐਲਾਨ ਭਾਵੇਂ ਕਾਫ਼ੀ ਕੁਝ ਬਿਆਨ ਕਰ ਰਹੇ ਹਨ, ਪਰ ਬਹੁਤ ਕੁਝ ਅਜੇ ਸਾਹਮਣੇ ਆਉਣਾ ਬਾਕੀ ਹੈ। ਟਰੰਪ ਦੇ ਏਜੰਡੇ ਦੇ ਮੱਦੇਨਜ਼ਰ ਮਨੁੱਖੀ ਹੱਕਾਂ ਦੀਆਂ ਘੋਰ ਉਲੰਘਣਾਵਾਂ ਦੇ ਭਾਰੀ ਖ਼ਦਸ਼ੇ ਬੇ-ਬੁਨਿਆਦ ਨਹੀਂ ਹਨ।

ਜ਼ਰੂਰਤ ਇਸ ਗੱਲ ਦੀ ਹੈ ਕਿ ਹਰ ਮੁਲਕ ਦੇ ਨਾਗਰਿਕ ਟਰੰਪ ਦੇ ਇਸ ਘੋਰ ਪਿਛਾਖੜੀ ਏਜੰਡੇ ਦੇ ਖ਼ਤਰੇ ਦੀ ਗੰਭੀਰਤਾ ਨੂੰ ਸਮਝਣ ਅਤੇ ਇਸ ਵਿਰੁੱਧ ਆਪੋ ਆਪਣੇ ਪੱਧਰ 'ਤੇ ਹਰ ਸੰਭਵ ਆਵਾਜ਼ ਉਠਾਉਂਦੇ ਹੋਏ ਆਪਣੀਆਂ ਸਰਕਾਰਾਂ ਉੱਪਰ ਇਸ ਵਿਰੁੱਧ ਸਟੈਂਡ ਲੈਣ ਲਈ ਦਬਾਅ ਬਣਨ।

# ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਅਤੇ ਸੋਸ਼ਲ ਮੀਡੀਏ ਦੀ ਦਹਿਸ਼ਤਗਰਦੀ!

***ਪਿਛਲੇ ਲੇਖਾਂ ਵਿਚ ਅਸੀਂ 1925 ਦੇ ਗੁਰਦੁਆਰਾ ਐਕਟ ਦੇ ਹੋਂਦ ਵਿਚ ਆਉਣ ਪਿੱਛੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਵਲੋਂ ਵੱਖ-ਵੱਖ ਪੜਾਵਾਂ 'ਤੇ ਨਿਭਾਏ ਰੋਲ; ਸੰਸਥਾ ਬਾਰੇ ਅਹਿਮ ਸਿੱਖ ਚਿੰਤਕਾਂ ਦੇ ਸੰਕਲਪਾਂ ਅਤੇ ਅਜੋਕੇ ਕਥਿਤ ਸੈਕੂਲਰ ਸਮਿਆਂ ਦੀ ਸਿੱਖ ਰਾਜਨੀਤੀ ਵਿਚ ਇਸਦੀ ਭੂਮਿਕਾ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ 'ਤੇ ਚਰਚਾ ਕੀਤੀ ਸੀ। ਇਸ ਲੇਖ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਮੋਹਰੀ ਆਗੂ ਸੁਖਬੀਰ ਸਿੰਘ ਬਾਦਲ ਵਲੋਂ ਆਪਣੀਆਂ ਭੁੱਲਾਂ ਬਖਸ਼ਾਉਣ ਲਈ ਮੁਆਫੀ ਮੰਗਣ; ਪਾਰਟੀ ਅੰਦਰਲੇ ਉਸਦੇ ਵਿਰੋਧੀ ਧੜੇ ਵਲੋਂ ਉਸਦੀ ਲੀਡਰਸ਼ਿਪ ਵਿਰੁੱਧ ਸ਼ਿਕਾਇਤਾਂ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਬੜੇ ਡਰਾਮਈ ਅੰਦਾਜ਼ ਵਿਚ ਪੇਸ਼ ਹੋ ਜਾਣ ਅਤੇ 2 ਦਸੰਬਰ, 2024 ਨੂੰ ਸੁਣਾਏ ਫੈਸਲੇ ਦੇ ਇਰਧ-ਗਿਰਧ ਹੋਈ ਰਾਜਨੀਤੀ ਅਤੇ ਇਸ ਸਮੁੱਚੇ ਸਮੇਂ ਦੌਰਾਨ ਪੰਜਾਬੀ ਸੋਸ਼ਲ ਮੀਡੀਆ ਰਾਹੀਂ ਜਥੇਦਾਰਾਂ ਨੂੰ ਪ੍ਰਭਾਵਿਤ ਕਰਨ ਲਈ ਬੁੱਧੀਜੀਵੀਆਂ ਅਤੇ ਪੱਤਰਕਾਰਾਂ ਵਲੋਂ ਨਿਭਾਏ ਰੋਲ ਦੀ ਚਰਚਾ ਕਰ ਰਹੇ ਹਾਂ।***



ਹਰਚਰਨ ਸਿੰਘ ਪਰਹਾਰ
ਫੋਨ: 403-681-8689

ਸਾਲ 2017 ਦੀਆਂ ਚੋਣਾਂ ਦੌਰਾਨ ਅਕਾਲੀ ਦਲ, ਕਾਂਗਰਸ ਹੱਥੋਂ ਹਾਰ ਗਿਆ, 2022 ਦੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਹਨ੍ਹੇਰੀ ਵਿਚ ਅਕਾਲੀ ਦਲ ਦਾ ਸਫਾਇਆ ਹੋ ਗਿਆ। ਫਿਰ ਵੀ ਵੋਟਰ ਪ੍ਰਤੀਸ਼ਤ ਵਿਚ ਪੰਥਕ ਵੋਟਰਾਂ ਅੰਦਰ ਪਾਰਟੀ ਦੀ ਥੋੜ੍ਹੀ ਬਹੁਤ ਹਾਜ਼ਰੀ ਬਣੀ ਰਹੀ। ਪ੍ਰੰਤੂ ਗੱਲ ਇੱਥੇ ਵੀ ਰੁਕੀ ਨਾ, ਕਹਾਣੀ ਉਸ ਸਮੇਂ ਸਿਰੇ ਲੱਗੀ, ਜਦੋਂ 2024 ਦੀਆਂ ਪਾਰਲੀਮਾਨੀ ਚੋਣਾਂ ਵਿਚ ਅਕਾਲੀ ਦਲ ਦੇ ਉਮੀਦਵਾਰਾਂ ਕੋਲ਼ੋਂ ਜ਼ਮਾਨਤਾਂ ਵੀ ਬਚਾਈਆਂ ਨਾ ਜਾ ਸਕੀਆਂ। ਸਭ ਨੂੰ ਪਤਾ ਹੈ ਕਿ ਲੋਕਾਂ ਵਲੋਂ ਸੁਖਬੀਰ ਬਾਦਲ ਤੇ ਉਸਦੀ ਪਾਰਟੀ ਨੂੰ ਇਕ ਵਾਰ ਨਹੀਂ, ਬਲਕਿ ਵਾਰ-ਵਾਰ ਰੱਦ ਕਰਕੇ ਸਖ਼ਤ ਤੋਂ ਸਖ਼ਤ ਰਾਜਸੀ ਸਜ਼ਾ ਸੁਣਾ ਦਿੱਤੀ ਗਈ ਸੀ। ਸਾਡੇ ਵਲੋਂ ਬਾਦਲਾਂ ਦਾ ਕੋਈ ਡੀਫੈਂਸ ਨਹੀਂ ਹੈ, ਅਤੇ ਇਸ ਲੇਖ ਵਿਚ ਸਾਡਾ ਸੁਖਬੀਰ ਬਾਦਲ ਦਾ ਡੀਫੈਂਸ ਲੈਣ ਦਾ ਕੋਈ ਇਰਾਦਾ ਵੀ ਨਹੀਂ ਹੈ। ਸਾਡਾ ਵਿਸ਼ਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਉਸਦੀ ਹੋਈ ਪੇਸ਼ੀ ਤੋਂ ਪਹਿਲਾਂ ਅਤੇ ਬਾਅਦ ਵਿਚ ਹੋਈ ਪੈਰ ਗੱਡਵੀਂ ਸਿਆਸਤ ਦਾ ਹੈ। ਜੋ ਕਿ ਸ਼ਰ੍ਹੇਆਮ ਜਥੇਦਾਰਾਂ ਦੇ ਫੈਸਲਿਆਂ ਨੂੰ ਪ੍ਰਭਾਵਤ ਕਰਨ ਲਈ ਲਗਾਤਾਰ ਸ਼ਿਸਤ ਲਗਾ ਕੇ ਕੀਤੀ ਗਈ ਹੈ। ਅਸੀਂ ਕੇਵਲ ਇਹ ਦੇਖਣਾ ਹੈ ਕਿ ਇਹ ਸਾਰਾ ਕੁਝ ਕਿਵੇਂ ਹੋਇਆ? ਇਹ ਸਰਬ-ਪ੍ਰਵਾਨਤ ਨਿਯਮ ਹੈ ਕਿ ਕੋਰਟ ਅੰਦਰ ਲੱਗੇ ਕਿਸੇ ਅਹਿਮ ਕੇਸ ਬਾਰੇ ਮੀਡੀਆ ਅੰਦਰ ਅਜਿਹੀ ਕੋਈ ਟਿੱਪਣੀ ਨਾ ਕੀਤੀ ਜਾਵੇ, ਜਿਸਦੇ ਸਿੱਟੇ ਵਜੋਂ ਜੱਜ ਦਾ ਫੈਸਲਾ ਅਸਰ-ਅੰਦਾਜ਼ ਹੋਣ ਦੀ ਸੰਭਾਵਨਾ ਹੋਵੇ। ਸ੍ਰੀ ਅਕਾਲ ਤਖਤ ਸਾਹਿਬ ਵਰਗੀ ਸਨਮਾਨਿਤ ਕਚਹਿਰੀ ਦੇ ਕੇਸ ਵਿਚ ਤਾਂ ਅਜਿਹੀ ਕੋਈ ਇਜਾਜ਼ਤ ਨਹੀਂ ਹੋਣੀ ਚਾਹੀਦੀ। ਵੱਖ-ਵੱਖ ਦੇਸ਼ਾਂ ਦੀਆਂ ਰਵਾਇਤਾਂ ਅਨੁਸਾਰ ਅਹਿਮ ਫੈਸਲਿਆਂ ਵਾਸਤੇ ਕੋਰਟ ਦੇ ਜੱਜਾਂ ਲਈ ਜਿਊਰੀ ਦੀ ਵਿਵਸਥਾ ਹੁੰਦੀ ਹੈ। ਤਖਤਾਂ ਦੇ ਜਥੇਦਾਰ ਵੀ ਕਿਸੇ ਅਹਿਮ ਨਾਜ਼ੁਕ ਮਸਲੇ ਸਬੰਧੀ ਕੋਈ ਫੈਸਲਾ ਲੈਣ ਲਈ ਭਾਈਚਾਰੇ ਦੇ ਮੋਹਤਬਰ ਤੇ ਸਤਿਕਾਰਤ ਵਿਅਕਤੀਆਂ ਨਾ਼ਲ ਸਲਾਹ-ਮਸ਼ਵਰਾ ਕਰ ਸਕਦੇ ਹਨ। ਪ੍ਰੰਤੂ ਕੀ ਅਜਿਹੇ ਸਲਾਹ-ਮਸ਼ਵਰੇ ਸੋਸ਼ਲ ਮੀਡੀਆ 'ਤੇ ਨੰਗੀ ਚਿੱਟੀ ਪ੍ਰਵਚਨੀ ਦਹਿਸ਼ਤਗਰਦੀ ਨਾ਼ਲ ਦਿੱਤੇ ਜਾਣੇ ਚਾਹੀਦੇ ਹਨ? ਜਿਸ ਤਰ੍ਹਾਂ ਕਿ ਇਸ ਵਿਵਾਦ ਦੇ ਸਾਰੇ ਅਰਸੇ ਦੌਰਾਨ ਭਾਂਤ-ਭਾਂਤ ਦੇ ਚੈਨਲਾਂ ਰਾਹੀਂ ਸਾਡੇ ਬੁੱਧੀਜੀਵੀਆਂ ਅਤੇ ਨਾਮਵਰ ਸੀਨੀਅਰ ਪੱਤਰਕਾਰਾਂ ਵਲੋਂ ਜਥੇਦਾਰਾਂ ਨੂੰ ਕਾਰਨਰ ਕਰਨ ਦੀ ਕੋਸ਼ਿਸ਼ ਕਰਦਿਆਂ, ਉਨ੍ਹਾਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਲਈ ਦਿੱਤੇ ਜਾਂਦੇ ਰਹੇ ਹਨ।

ਸ਼ੁਰੂ-ਸ਼ੁਰੂ ਵਿਚ ਇਨ੍ਹਾਂ ਦਾ ਸਾਰਾ ਜ਼ੋਰ ਜਥੇਦਾਰਾਂ ਨੂੰ ਇੱਕੋ ਗੱਲ ਜਚਾਉਣ 'ਤੇ ਲੱਗਾ ਰਿਹਾ ਕਿ ਉਨ੍ਹਾਂ ਕੋ਼ਲ ਦੋ ਹੀ ਰਾਹ ਹਨ: 'ਉਨ੍ਹਾਂ ਨੇ ਅਕਾਲੀ ਫੂਲਾ ਸਿੰਘ ਬਣ ਕੇ ਜੱਸ ਖੱਟਣਾ ਹੈ ਜਾਂ ਜਥੇਦਾਰ ਗੁਰਬਚਨ ਸਿੰਘ ਵਾਂਗੂੰ ਆਪਣਾ ਮੂੰਹ ਕਾ਼ਲਾ ਕਰਾ ਕੇ ਪੰਥਕ ਕਚਹਿਰੀ ਵਿਚੋਂ ਬੇਆਬਰੂ ਹੋ ਕੇ ਬਾਹਰ ਜਾਣਾ ਹੈ'। ਇਨ੍ਹਾਂ ਵਿਚੋਂ ਜ਼ਿਆਦਾ ਜੋਸ਼ੀਲੇ ਸੱਜਣ, ਵਾਰ-ਵਾਰ ਇਹ ਵੀ ਦੁਹਰਾਈ ਜਾਂਦੇ ਸਨ ਕਿ ਅਸੀਂ ਤੁਹਾਨੂੰ ਸਲਾਹਾਂ ਦੇਣ ਵਾ਼ਲੇ ਕੌਣ ਹੁੰਦੇ ਹਾਂ। ਪਰ ਸਥਿਤੀ ਸਾਫ ਹੈ ਕਿ ਤੁਹਾਡੇ ਕੋ਼ਲ ਸਿਰਫ ਦੋ ਹੀ ਰਾਹ ਹਨ, ਬਾਕੀ ਫੈਸਲਾ ਤੁਹਾਡੇ ਹੱਥ ਹੈ। ਚੈਨਲ ਸੁਣਦਿਆਂ ਹੈਰਾਨੀ ਹੁੰਦੀ ਹੈ ਕਿ ਇਹ ਗੱਲ ਇਨ੍ਹਾਂ ਭਲੇਮਾਣਸਾਂ ਵਲੋਂ ਆਪਣੀ ਹਰ ਵੀਡੀਓ ਵਿਚ ਨਹੀਂ ਤਾਂ ਦੂਜੀ-ਤੀਜੀ ਵੀਡੀਓ ਵਿਚ ਜ਼ਰੂਰ ਦੁਹਰਾਈ ਹੋਈ ਹੈ। ਕਈ ਵੀਡੀਓਜ਼ ਤਾਂ ਅਜਿਹੀਆਂ ਹਨ ਕਿ ਯੂਨੀਵਰਸਿਟੀ ਦੇ ਕਿਸੇ ਪ੍ਰੋਫੈਸਰ ਨੂੰ ਆਪਣੇ ਕਿਸੇ ਵਿਦਿਆਰਥੀ ਤੋਂ ਇਸ ਉਪਰ ਥੀਸਸ ਹੀ ਲਿਖਵਾ ਲੈਣਾ ਚਾਹੀਦਾ ਹੈ ਤਾਂ ਕਿ ਸਾਡੀਆਂ ਆਉਣ ਵਾ਼ਲੀਆਂ ਨਸਲਾਂ ਲਈ ਇਨ੍ਹਾਂ ਦੀ ਇਹ ਕਲਾਕਾਰੀ ਸਾਂਭੀ ਰਹੇ। ਦੂਸਰਾ ਅਹਿਮ ਫੰਡਾ ਇਨ੍ਹਾਂ ਸੱਜਣਾਂ ਦੇ ਹੱਥ 2 ਦਸੰਬਰ ਤੋਂ ਬਾਅਦ ਆ ਜਾਂਦਾ ਹੈ ਕਿ ਜਥੇਦਾਰ ਸਾਹਿਬ ਨੇ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੁਕਮਨਾਮਾ ਸੁਣਾਉਂਦਿਆਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੀ ਲੀਡਰਸ਼ਿਪ ਨੂੰ ਇਖਲਾਕੀ ਤੌਰ 'ਤੇ ਅਗਵਾਈ ਕਰਨ ਦੇ ਅਯੋਗ ਕਰਾਰ ਦਿੱਤਾ ਹੈ। ਹੁਕਮਨਾਮਾ-ਹੁਕਮਨਾਮਾ ਹੁੰਦਾ ਹੈ, ਇਹ ਇੰਨ-ਬਿੰਨ ਲਾਗੂ ਹੋਣਾ ਚਾਹੀਦਾ ਹੈ। ਜਥੇਦਾਰਾਂ ਨੂੰ ਵਾਰ-ਵਾਰ ਇਹ ਗੱਲ ਚੇਤੇ ਕਰਾਉਣ ਤੁਰ ਪੈਂਦੇ ਹਨ ਕਿ ਹੁਕਮਨਾਮਾ ਲਾਗੂ ਕਰਾਉਣ ਦੀ ਇਖਲਾਕੀ ਜ਼ਿੰਮੇਵਾਰੀ ਤੋਂ ਉਹ ਹੁਣ ਭੱਜ ਨਹੀਂ ਸਕਦੇ।

ਸੁਖਬੀਰ ਬਾਦਲ ਅਤੇ ਉਸਦੇ ਸਾਥੀ ਆਗੂ ਪਸ਼ਚਾਤਾਪ ਵਜੋਂ ਸ੍ਰੀ ਅਕਾਲ ਤਖਤ ਤੋਂ ਲੱਗੀ ਸਜ਼ਾ ਪੂਰੀ ਕਰ ਲੈਂਦੇ ਹਨ, ਸੌਦਾ ਸਾਧ ਨੂੰ ਦਿੱਤੀ ਮੁਆਫੀ ਨੂੰ ਜਸਟੀਫਾਈ ਕਰਨ ਲਈ ਦਿੱਤੇ ਇਸ਼ਤਿਹਾਰਾਂ ਦਾ ਖਰਚਾ ਵਿਆਜ ਸਮੇਤ ਸ਼੍ਰੋਮਣੀ ਕਮੇਟੀ ਦੇ ਖਾਤੇ ਵਿਚ ਜਮ੍ਹਾਂ ਵੀ ਕਰਾ ਦਿੰਦੇ ਹਨ। ਉਸ ਤੋਂ ਬਾਅਦ ਮੁਕਤਸਰ ਸਾਹਿਬ, ਵਿਖੇ ਮਾਘੀ ਮੇਲੇ ਦੌਰਾਨ ਆਪਣੀ ਕਾਨਫਰੰਸ ਅੰਦਰ ਸ੍ਰੀ ਅਕਾਲ ਤਖਤ ਸਾਹਿਬ ਦੀ ਅਦਾਲਤ 'ਚ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਵਾਪਿਸ ਲਏ 'ਫਖਰ-ਏ-ਕੌਮ' ਅਵਾਰਡ ਦੇ ਫੈਸਲੇ 'ਤੇ ਨਵੇਂ ਸਿਰਿਉਂ ਨਜ਼ਰਸਾਨੀ ਕਰਨ ਲਈ ਸੰਗਤ ਤੋਂ ਹੱਥ ਖੜ੍ਹੇ ਕਰਾ ਕੇ ਦਰਖਾਸਤ ਦਿੰਦੇ ਹਨ। ਹੁਣ ਇਹ ਸੱਜਣ ਇਸ ਅਪੀਲ ਨੂੰ ਅਕਾਲ ਤਖਤ ਤੋਂ ਆਏ ਹੁਕਮਨਾਮੇ ਨੂੰ ਚੁਣੌਤੀ ਦੱਸਣੀ ਸ਼ੁਰੂ ਕਰ ਦਿੰਦੇ ਹਨ। ਅਜਿਹਾ ਪ੍ਰਬੰਧ ਤਾਂ ਦੁਨਿਆਵੀ ਸੁਪਰੀਮ ਕੋਰਟਾਂ ਵਿਚ ਵੀ ਹੁੰਦਾ ਹੈ ਕਿ ਕਥਿਤ ਦੋਸ਼ੀ ਅਪੀਲ ਕਰ ਸਕਦਾ ਹੈ। ਭਾਵੇਂ ਕਿ ਬਾਦਲ ਇਸ ਗੱਲ ਨੂੰ ਉਥੇ ਹੀ ਛੱਡ ਦਿੰਦੇ ਹਨ ਅਤੇ ਮੁੜ ਕਿਤੇ ਜ਼ਿਕਰ ਨਹੀਂ ਕਰਦੇ। ਹੁਣ ਅਕਾਲੀ ਦਲ ਦੀ ਨਵੀਂ ਭਰਤੀ ਦੀ ਨਿਗਰਾਨੀ ਲਈ ਬਣਾਈ 7 ਮੈਂਬਰੀ ਕਮੇਟੀ ਦਾ ਗੁੰਝਲਦਾਰ ਮਸਲਾ ਆ ਜਾਂਦਾ ਹੈ। ਇਸ ਮਸਲੇ 'ਤੇ ਅਕਾਲੀ ਆਗੂ ਜਥੇਦਾਰ ਕੋ਼ਲ ਵਾਰ-ਵਾਰ ਗੁਹਾਰ ਲਗਾਉਂਦੇ ਹਨ ਕਿ ਅਜਿਹਾ ਕਰਨ ਨਾ਼ਲ ਉਨ੍ਹਾਂ ਨੂੰ ਪਾਰਟੀ ਲਈ ਸੰਵਿਧਾਨਕ ਅੜਚਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਦੀ ਇਹ ਆਖਣ ਦੀ ਜ਼ੁਰਅਤ ਨਹੀਂ ਪੈਂਦੀ ਕਿ ਇਸ ਤਰ੍ਹਾਂ ਰਾਜਸੀ ਪਾਰਟੀਆਂ ਅੰਦਰ ਨਾ ਕਦੇ ਏਕਾ ਹੋਇਆ ਹੈ ਅਤੇ ਨਾ ਹੀ ਹੁਣ ਹੋਣਾ ਹੈ।

ਵੇਖਣਾ ਇਹ ਹੈ ਕਿ ਸਿੱਖ ਪੰਥ ਵਿਚ ਇਸ ਵਕਤ ਇੱਕ ਨਹੀਂ ਅਨੇਕ ਪੰਥਕ ਧਿਰਾਂ ਹਨ, ਕੀ ਇਨ੍ਹਾਂ ਸਾਰਿਆਂ ਦੀ ਹੁਕਮਨਾਮਿਆਂ ਰਾਹੀਂ ਧੱਕੇ ਨਾ਼ਲ ਏਕਤਾ ਕਰਾਈ ਜਾ ਸਕਦੀ ਹੈ? ਕੀ ਕਿਸੇ ਵੀ ਪਾਰਟੀ ਦਾ ਕੋਈ ਆਗੂ, ਕਦੇ ਵੀ ਸ਼ਰ੍ਹੇਆਮ ਆਪਣੇ ਰਾਜਨੀਤਕ ਵਿਰੋਧੀ ਨਾ਼ਲ ਇਕੱਠਿਆਂ ਚੱਲ ਸਕਦਾ ਹੈ? ਪਰ ਪੱਤਰਕਾਰਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੈ। ਉਹ ਹੁਕਮਨਾਮਾ-ਹੁਕਮਨਾਮਾ ਹੁੰਦਾ ਹੈ ਅਤੇ ਇਸਦੀ ਸਰਬਉਚਤਾ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋ ਸਕਦਾ; ਜਥੇਦਾਰਾਂ ਨੂੰ ਵਾਰ-ਵਾਰ, ਇਹ ਪ੍ਰਵਚਨੀ ਚਿਤਾਵਨੀਆਂ ਜਾਰੀ ਰੱਖਦੇ ਹਨ ਕਿ ਜਥੇਦਾਰ ਜੇਕਰ ਰਤਾ ਵੀ ਪਿੱਛੇ ਹਟੇ ਤਾਂ ਉਨ੍ਹਾਂ ਨੇ ਸਾਰਾ ਕੇਸ ਦੁਬਾਰਾ ਸੰਗਤਾਂ ਦੀ ਕਚਹਿਰੀ ਵਿਚ ਲੈ ਜਾਣਾ ਹੈ।

ਰਾਜਸੀ ਲੀਡਰਾਂ ਦੀਆਂ ਅਜਿਹੀਆਂ ਏਕਤਾਵਾਂ ਨੂੰ ਸਮਝਣ ਲਈ ਇੰਦਰਾ ਗਾਂਧੀ ਦੇ ਸਮੇਂ ਕਾਂਗਰਸੀ ਲੀਡਰਾਂ ਦੀ ਫੁੱਟ ਤੇ ਏਕਤਾ ਦਾ ਵਰਤਾਰਾ ਸਹਾਈ ਹੋ ਸਕਦਾ ਹੈ। ਸਾਲ 1969 ਦੀਆਂ ਮੱਧਕਾਲੀ ਚੋਣਾਂ ਵਿਚ ਉਸਦੀ ਪਾਰਟੀ ਕਈ ਰਾਜਾਂ ਵਿਚ ਚੋਣਾਂ ਹਾਰ ਗਈ ਤਾਂ ਨਿਜਲਿਨਗੱਪਾ, ਕਾਮਰੇਜ਼, ਅਤੁਲਿਆ ਘੋਸ਼ ਵਰਗੇ ਸਿੰਡੀਕੇਟ ਦੇ ਸੀਨੀਅਰ ਕਾਂਗਰਸੀ ਨੇਤਾਵਾਂ ਨੇ ਉਸਨੂੰ ਪਾਰਟੀ ਵਿਚੋਂ ਕੱਢ ਮਾਰਿਆ ਸੀ। ਪਰ ਇੰਦਰਾ ਗਾਂਧੀ ਨੇ ਹੌਸਲਾ ਨਾ ਛੱਡਿਆ ਅਤੇ ਆਪਣੇ ਨਾਮ 'ਤੇ ਇੰਦਰਾ ਕਾਂਗਰਸ ਨਵੀਂ ਪਾਰਟੀ ਬਣਾਈ। ਸਾਲ 1971-72 ਦੌਰਾਨ ਪਹਿਲਾਂ ਪਾਰਲੀਮਾਨੀ ਤੇ ਫਿਰ ਦੇਸ਼ ਭਰ ਵਿਚ ਸੂਬਾਈ ਚੋਣਾਂ ਦੌਰਾਨ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਇਸ ਤੋਂ ਕੇਵਲ 2-3 ਵਰ੍ਹਿਆਂ ਬਾਅਦ ਹੀ ਲੋਕ ਉਸ ਦੀਆਂ ਨੀਤੀਆਂ ਤੋਂ ਬਦਜ਼ਨ ਹੋ ਗਏ। ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠ ਪੂਰੇ ਦੇਸ਼ ਅੰਦਰ ਉਸ ਵਿਰੁੱਧ ਵਿਸ਼ਾਲ ਅੰਦੋਲਨ ਖੜਾ ਹੋ ਗਿਆ। ਅਜਿਹੇ ਹਾਲਤਾਂ ਵਿਚ ਉਸਨੇ 1975 ਵਿਚ ਐਮਰਜੈਂਸੀ ਲਗਾਉਣ ਦਾ ਫੈਸਲਾ ਕਰ ਲਿਆ। ਐਮਰਜੈਂਸੀ ਤੋਂ ਬਾਅਦ ਉਸਦੀ ਸਥਿਤੀ ਸੁਖਬੀਰ ਬਾਦਲ ਦੀ ਹੁਣ ਵਾ਼ਲੀ ਸਥਿਤੀ ਤੋਂ ਵੀ ਭੈੜੀ ਹੋ ਗਈ ਸੀ। ਫਰਵਰੀ, 1977 ਦੀਆਂ ਚੋਣਾਂ ਵਿਚ ਕਸ਼ਮੀਰ ਤੋਂ ਨਾਗਾਲੈਂਡ ਤੱਕ ਉਸਦਾ ਬੁਰੀ ਤਰ੍ਹਾਂ ਸਫਾਇਆ ਹੋ ਗਿਆ। 1978 ਦੇ ਸ਼ੁਰੂ ਵਿਚ ਹੀ ਬ੍ਰਹਮਾਨੰਦ ਰੈਡੀ, ਵਾਈ ਬੀ ਚੌਹਾਨ, ਸਵਰਨ ਸਿੰਘ ਆਦਿ ਕੱਦਾਵਰ ਆਗੂਆਂ ਨੇ ਉਸਨੂੰ ਪਾਰਟੀ ਵਿਚੋਂ ਮੁੜ ਬਾਹਰ ਦਾ ਰਸਤਾ ਦਿਖਾ ਦਿੱਤਾ। ਇਸ ਮੌਕੇ ਪੱਛਮੀ ਬੰਗਾਲ ਤੋਂ ਉਸਦੇ ਵਿਸ਼ਵਾਸਪਾਤਰ ਆਗੂ ਪ੍ਰੀਆ ਰੰਜਨਦਾਸ ਮੁਣਸ਼ੀ ਨੇ ਉਸਨੂੰ ਪਾਰਟੀ ਅੰਦਰ 'ਕੈਂਸਰ ਦੀ ਗਦੂਦ' ਦੱਸਿਆ ਸੀ, ਜਿਸਨੂੰ ਬਾਹਰ ਕੱਢ ਕੇ ਕੈਂਸਰ ਦਾ ਓਪਰੇਸ਼ਨ ਕਰ ਦਿੱਤਾ ਗਿਆ ਸੀ। ਜਦੋਂ ਉਸਦੀ 'ਇੰਦਰਾ ਕਾਂਗਰਸ' ਦੇ ਵੀ ਤਕਰੀਬਨ ਸਾਰੇ ਵੱਡੇ ਸੀਨੀਅਰ ਆਗੂ ਉਸਦਾ ਸਾਥ ਛੱਡ ਚੁੱਕੇ ਸਨ ਅਤੇ ਉਸ ਦਾ ਪੂਰੇ ਇੰਡੀਆ ਵਿਚ ਲਗਭਗ ਸਫਾਇਆ ਹੋ ਗਿਆ ਸੀ। ਜੇ ਇੰਦਰਾ ਗਾਂਧੀ ਦੀ ਸ਼ਰੂਡ ਰਾਜਨੀਤੀ ਕਿਸੇ ਨੂੰ ਚੰਗੀ ਨਾ ਲੱਗੇ ਤਾਂ ਅਕਾਲੀ ਨੇਤਾਵਾਂ ਲਈ ਆਪਣੀ ਪਾਰਟੀ ਦੇ ਇਤਿਹਾਸ ਵਿਚੋਂ ਮਾਸਟਰ ਤਾਰਾ ਸਿੰਘ ਦੀ ਮਿਸਾਲ ਢੁਕਵੀਂ ਹੋ ਸਕਦੀ ਹੈ। ਉਹ ਅਨੇਕਾਂ ਮੌਕਿਆਂ 'ਤੇ ਇਕੱਲੇ ਰਹਿ ਜਾਂਦੇ ਰਹੇ। ਕਈ ਵਾਰ ਸੀਨੀਅਰ ਨੇਤਾਵਾਂ ਨੇ ਉਨ੍ਹਾਂ ਦਾ ਸਾਥ ਛੱਡਿਆ। ਉਹ ਇਕੱਲੇ ਆਪਣੀ ਵੱਖਰੀ ਅਕਾਲੀ ਪਾਰਟੀ ਬਣਾ ਕੇ ਕਾਮਯਾਬ ਹੁੰਦੇ ਰਹੇ ਸਨ ਕਿ ਨਹੀਂ? ਉਨ੍ਹਾਂ ਵਾਂਗ ਹੀ ਮੈਡਮ ਇੰਦਰਾ ਗਾਂਧੀ ਨੇ ਇੱਕ ਵਾਰ ਨਹੀਂ ਬਲਕਿ ਦੋ ਵਾਰੀ ਆਪਣੇ ਸੀਨੀਅਰ ਨੇਤਾਵਾਂ ਨਾਲੋਂ ਲੀਹਾਂ ਪਾੜ ਕੇ ਵੱਖਰੀ ਪਾਰਟੀ ਬਣਾਈ ਅਤੇ ਹਰ ਵਾਰ ਭਾਰੀ ਬਹੁਮਤ ਨਾਲ ਸਰਕਾਰਾਂ ਬਣਾਉਣ ਵਿਚ ਕਾਮਯਾਬ ਹੁੰਦੀ ਰਹੀ। ਚਾਹੀਦਾ ਤਾਂ ਇਹ ਸੀ ਕਿ ਬਾਦਲ ਅਕਾਲੀ ਦਲ ਦੇ ਬਾਗੀ ਆਗੂ, ਲੋਕਾਂ ਵਲੋਂ ਨਕਾਰੇ ਜਾ ਚੁੱਕੇ ਸੁਖਬੀਰ ਬਾਦਲ ਨਾ਼ਲੋਂ ਵੱਖ ਹੋ ਕੇ ਪੰਥਕ ਕਚਹਿਰੀ ਵਿਚ ਜਾਂਦੇ। ਪਰੰਤੂ ਉਨ੍ਹਾਂ ਅੰਦਰ ਅਜਿਹਾ ਕਰਨ ਲਈ ਲੋੜੀਂਦੀ ਇਖਲਾਕੀ ਜ਼ੁਰਅਤ ਬਿਲਕੁਲ ਨਹੀਂ ਸੀ। ਉਨ੍ਹਾਂ ਨੇ ਆਪਣੀ ਸਾਖ ਬਣਾਈ ਰੱਖਣ ਲਈ ਅਕਾਲ ਤਖਤ ਦਾ ਸਹਾਰਾ ਲੈਣਾ ਹੀ ਬੇਹਤਰ ਸਮਝਿਆ। ਕੀ ਉਨ੍ਹਾਂ ਨੂੰ ਕਹੇ ਜਾਂਦੇ 'ਸੁਖਬੀਰ ਰੂਪੀ ਕੈਂਸਰ' ਨੂੰ ਲਾਂਭੇ ਕਰਕੇ ਆਪਣਾ ਨਵਾਂ ਸ਼੍ਰੋਮਣੀ ਅਕਾਲੀ ਦਲ ਸਥਾਪਿਤ ਕਰਨ ਦਾ ਹੌਸਲਾ ਨਹੀਂ ਕਰਨਾ ਚਾਹੀਦਾ ਸੀ? ਜ਼ਰੂਰ ਇਉਂ ਹੀ ਹੋਣਾ ਚਾਹੀਦਾ ਸੀ।

1978 ਦੇ ਨਿਰੰਕਾਰੀ ਕਾਂਡ ਤੋਂ ਲੈ ਕੇ ਪਿਛਲੇ 50-60 ਵਰ੍ਹਿਆਂ ਤੋਂ ਸਾਡਾ ਭਾਈਚਾਰਾ ਪਹਿਲਾਂ ਹੀ ਅਨੇਕਾਂ ਦੁਸ਼ਵਾਰੀਆਂ, ਖੁਆਰੀਆਂ ਝੱਲ ਚੁੱਕਾ ਹੈ। ਕੀ ਸਿੱਖ ਲੀਡਰਾਂ, ਵਿਦਵਾਨਾਂ, ਬੁੱਧੀਜੀਵੀਨੁਮਾ ਪੱਤਰਕਾਰਾਂ ਦੀ ਸੁਪਨਸਾਜ਼ੀ ਦਾ ਅਮਲ ਛੱਡ ਕੇ ਭੋ਼ਲੀਆਂ-ਭਾ਼ਲੀਆਂ ਸਿੱਖ ਸੰਗਤਾਂ ਨੂੰ ਸਪੱਸ਼ਟ ਅਗਵਾਈ ਦੇਣ ਦੀ ਇਖਲਾਕੀ ਜ਼ਿੰਮੇਵਾਰੀ ਨਹੀਂ ਬਣਦੀ? ਕੀ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਪੂਰੇ ਸੰਜਮ ਤੇ ਦੂਰ-ਅੰਦੇਸ਼ੀ ਨਾ਼ਲ ਨਹੀਂ ਨਿਭਾਉਣੀ ਚਾਹੀਦੀ? ਪ੍ਰੰਤੂ ਉਸ ਤਰ੍ਹਾਂ ਬਿਲਕੁਲ ਨਹੀਂ, ਜਿਸ ਅੰਦਾਜ਼ ਵਿਚ ਜਗਤਾਰ ਸਿੰਘ, ਜਤਿੰਦਰ ਪੰਨੂੰ, ਅਜਮੇਰ ਸਿੰਘ, ਹਮੀਰ ਸਿੰਘ, ਜਸਪਾਲ ਸਿੰਘ ਸਿੱਧੂ, ਹਰਵਿੰਦਰ ਭੱਟੀ, ਜਸਵੀਰ ਸਿੰਘ ਪੱਟੀ ਆਦਿ ਕਾਮਰੇਡੀ ਬਿਰਤੀ ਵਾ਼ਲੇ ਜਿਹਾਦੀ ਪੱਤਰਕਾਰਾਂ ਵਲੋਂ ਪਿਛਲੇ 6-7 ਮਹੀਨਿਆਂ ਦੇ ਵਾਦ-ਵਿਵਾਦ ਦੌਰਾਨ ਨਿਭਾਈ ਜਾ ਰਹੀ ਹੈ। ਕੀ ਇਨ੍ਹਾਂ ਸਾਬਕਾ ਕਾਮਰੇਡਾਂ ਦਾ ਸ੍ਰੀ ਅਕਾਲ ਤਖਤ ਅਤੇ ਅਕਾਲੀ ਰਾਜਨੀਤੀ ਪ੍ਰਤੀ ਅਨੋਖਾ ਹੇਰਵਾ ਦੇਖ ਕੇ ਹੈਰਾਨੀ ਨਹੀਂ ਹੁੰਦੀ? ਵੈਸੇ ਇਸ ਸਾਬਕਾ ਕਾਮਰੇਡੀ ਵਿਆਖਿਆ ਪ੍ਰਣਾ਼ਲੀ ਦਾ ਸ਼੍ਰੀ ਗਣੇਸ਼ 26 ਜਨਵਰੀ, 1986 ਨੂੰ ਸਿਰਮੌਰ ਪੱਤਰਕਾਰ ਭਾਅ ਜੀ ਦਲਬੀਰ ਸਿੰਘ ਵਲੋਂ ਕੀਤਾ ਗਿਆ ਸੀ। ਦਲਬੀਰ ਸਿੰਘ ਦੇ ਇਨ੍ਹਾਂ ਅਜੋਕੇ ਪੈਰੋਕਾਰਾਂ ਦੇ ਜਿਹਾਦੀ ਜੋਸ਼ ਅਤੇ ਉਤਸ਼ਾਹ ਨੂੰ ਵੇਂਹਦਿਆਂ, ਕੀ ਇਹ ਇਉਂ ਨਹੀਂ ਲਗਦਾ, ਜਿਵੇਂ ਕਹਿੰਦੇ ਹੁੰਦੇ ਆ 'ਪਵਿੱਤਰ ਆਇਤਾਂ' ਦੀ ਵਿਆਖਿਆ, 'ਸ਼ੈਤਾਨ' ਕਰ ਰਿਹਾ ਹੈ, 'ਅੱਲਾ ਖ਼ੈਰ' ਕਰੇ!



ਆਓ ਹੁਣ ਇਨ੍ਹਾਂ ਦੀ ਕਲਾਕਾਰੀ ਦੀਆਂ ਵੀਡੀਓਜ਼ ਦੇ ਕੁਝ ਵਿਸ਼ੇਸ਼ ਨਮੂਨੇ ਦੇਖੀਏ। ਸ੍ਰੀ ਅਕਾਲ ਤਖਤ ਸਾਹਿਬ 'ਤੇ ਹਾਜ਼ਰ ਹੋਣ ਤੋਂ ਪਹਿਲਾਂ ਸੁਖਬੀਰ ਬਾਦਲ ਪ੍ਰਧਾਨਗੀ ਤੋਂ ਲਾਂਭੇ ਹੋ ਕੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਐਕਟਿੰਗ ਪ੍ਰਧਾਨ ਬਣਾ ਦਿੰਦਾ ਹੈ। 'ਪੰਜਾਬ ਟੈਲੀਵਿਜਨ' ਉਪਰ 29 ਅਗਸਤ, 2024 ਨੂੰ 'ਪਾਲਿਟਿਕਸ 'ਚ ਭੂਚਾ਼ਲ' ਕਰ ਲਈ ਤਿਆਰੀ ਜਥੇਦਾਰਾਂ; ਰਾਜਨੀਤੀ ਹੇਠ ਪਿਛਾਂਹ ਹਟੇ ਸੁਖਬੀਰ ਬਾਦਲ' ਦੇ ਸਿਰਲੇਖ ਹੇਠ ਇੱਕ ਵੀਡੀਓ ਹੈ। ਚੈਨਲ ਦਾ ਸੂਤਰਧਾਰ ਹਰਜਿੰਦਰ ਰੰਧਾਵਾ ਆਉਂਦੇ ਸਾਰ ਕਹਿੰਦਾ ਹੈ, 'ਅਕਾਲੀ ਦਲ ਦੇ ਪ੍ਰਧਾਨ ਨੇ ਬੜੀ ਚੁਸਤ ਚਾਲ ਚੱਲਦਿਆਂ, ਆਪਣੀ ਜਗ੍ਹਾ 'ਤੇ ਬਲਵਿੰਦਰ ਸਿੰਘ ਭੂੰਦੜ ਨੂੰ ਐਕਟਿੰਗ ਪ੍ਰਧਾਨ ਬਣਾ ਦਿੱਤਾ ਹੈ'। ਸ. ਜਗਤਾਰ ਸਿੰਘ ਜੀ ਮੇਰਾ ਪਹਿਲਾ ਸਵਾਲ ਹੈ ਕਿ ਜੇਕਰ ਸਿੰਘ ਸਾਹਿਬ ਨੇ ਪੰਥਕ ਰਹੁਰੀਤਾਂ ਅਨੁਸਾਰ ਫੈਸਲਾ ਲੈਣਾ ਹੋਵੇ ਤਾਂ ਭਲਾ ਦੱਸਿਓ, ਪੰਥਕ ਰਹੁਰੀਤਾਂ ਕੀ ਹਨ? ਇੱਥੇ ਦੋਸ਼ੀਆਂ ਦੇ ਕੋਰੜੇ ਵੀ ਵੱਜੇ, ਗ਼ਲਾਂ 'ਚ ਤਖਤੀਆਂ ਵੀ ਪਈਆਂ, ਥਮਲਿਆਂ ਨਾ਼ਲ ਵੀ ਬੰਨ੍ਹਿਆ ਗਿਆ। ਹੁਣ ਇੱਥੇ ਜਥੇਦਾਰਾਂ ਵਲੋਂ ਕਿਸ ਕਿਸਮ ਦਾ ਪੈਂਤੜਾ ਲਿਆ ਜਾਵੇਗਾ। ਅੱਗਿਓਂ ਜਗਤਾਰ ਸਿੰਘ ਕਹਿੰਦੇ: ਪੁਰਾਣਾ ਇਤਿਹਾਸ ਹੈ ਕਿ ਮੋਰਚਿਆਂ ਦੌਰਾਨ ਜੇਲ੍ਹਾਂ 'ਚ ਜਾਣ ਸਮੇਂ ਪਾਰਟੀ ਪ੍ਰਧਾਨ ਵਲੋਂ, ਆਪਣੀ ਥਾਂ ਐਕਟਿੰਗ ਪ੍ਰਧਾਨ ਬਣਾ ਕੇ ਜਾਣ ਦੀ ਪ੍ਰਥਾ ਰਹੀ ਹੈ। ਪ੍ਰੰਤੂ ਅੱਜ ਵਾਂਗੂੰ ਕਦੇ ਵੀ ਨਹੀਂ ਸੀ। ਜਦੇ ਹੀ ਉਹ ਅਕਾਲੀ ਪਾਰਟੀ ਦੇ ਸੰਵਿਧਾਨ ਦੀ ਕਾਪੀ ਚੁੱਕ ਕੇ ਉਸ ਵਿਚੋਂ ਛੇਵੀਂ ਕਲਾਜ ਪੜ੍ਹ ਕੇ ਸੁਣਾਉਣੀ ਸ਼ੁਰੂ ਕਰ ਦਿੰਦੇ ਹਨ।

ਇਨ੍ਹਾਂ ਵਲੋਂ 16 ਅਕਤੂਬਰ, 2024 ਨੂੰ 'ਪੰਜਾਬ ਟੈਲੀਵਿਜਨ' 'ਤੇ ਮਾਰੀਆਂ ਕੁਝ ਕਿਲਕਾਰੀਆਂ ਜ਼ਰਾ ਵੇਖੋ; 'ਬਲੰਡਰ ਇੱਕ ਹੋਰ, ਠੁਕਿਆ ਇੱਕ ਹੋਰ ਕਿੱਲ', 'ਹੋਏਗਾ ਆਦੇਸ਼, ਅਸਤੀਫਾ ਨਾ-ਮਨਜ਼ੂਰ ਕਰਨ ਦਾ', ਸਿਰਲੇਖ ਹੇਠਲੇ ਨਾਟਕੀ ਸੀਨ ਵਿਚ ਵਿਰਸਾ ਸਿੰਘ ਵਲਟੋਹਾ ਦੀ ਗੁਸਤਾਖੀ ਅਤੇ ਗਿਆਨੀ ਹਰਪ੍ਰੀਤ ਸਿੰਘ ਵਲੋਂ ਅਸਤੀਫਾ ਦੇਣ ਵਾ਼ਲੀ ਸ਼ਾਮ ਨੂੰ ਇਨ੍ਹਾਂ ਦੀ ਨਾਟਕੀ ਅਦਾਕਾਰੀ ਹਮੇਸ਼ਾਂ ਯਾਦ ਰੱਖੀ ਜਾਣ ਵਾ਼ਲੀ ਸੀ। ਨਾਟਕ ਦਾ ਸੂਤਰਧਾਰ ਹਰਜਿੰਦਰ ਸਿੰਘ ਰੰਧਾਵਾ, ਸੀਨ 'ਤੇ ਆਉਂਦਿਆਂ ਹੀ 'ਗਿਆਨੀ ਹਰਪ੍ਰੀਤ ਸਿੰਘ ਦੀ ਅਸਤੀਫਾ ਦਿੰਦਿਆਂ ਰੂਹ ਕੁਰਲਾ ਰਹੀ ਸੀ', ਸ਼ਬਦ ਬੋਲ ਕੇ ਕਿਸੇ ਮੰਝੇ ਹੋਏ ਗੇਂਦਬਾਜ਼ ਵਾਂਗ ਜਗਤਾਰ ਸਿੰਘ ਅੱਗੇ ਗੁਗਲੀ ਸੁੱਟਦਾ ਹੋਇਆ ਕਹਿੰਦਾ ਹੈ: 'ਕੀ ਇਸ ਅਸਤੀਫੇ ਨੇ ਪੰਥਕ ਸਿਆਸਤ ਵਿਚ ਵੱਡਾ ਸੰਕਟ 'ਤੇ ਨਹੀਂ ਖੜਾ ਕਰ ਦਿੱਤਾ'? ਅੱਗੋਂ ਜਗਤਾਰ ਸਿੰਘ ਫੌਰਮ ਵਿਚ ਆਏ ਬੈਟਸਮੈਨ ਵਾਂਗੂੰ ਗੁਗਲੀ 'ਤੇ ਛੱਕਾ ਮਾਰਦੇ ਹੋਏ ਕਹਿੰਦੇ ਹਨ: 'ਇਸਨੂੰ ਸੰਕਟ ਕਹਿਣਾ ਤਾਂ ਬਹੁਤ ਛੋਟੀ ਗੱਲ ਹੈ, ਪੰਥਕ ਸੰਸਥਾਵਾਂ ਦੇ ਟਕਰਾਅ 'ਚ ਆਉਣ ਨਾ਼ਲ ਇਹ ਤਾਂ ਬਹੁਤ ਵੱਡਾ ਕਹਿਰ ਵਾਪਰ ਗਿਆ ਹੈ, ਟੈਂਕਾਂ ਜਾਂ ਤੋਪਾਂ ਦਾ ਵਾਰ ਤਾਂ ਕੌਮਾਂ ਸਹਾਰ ਲੈਂਦੀਆਂ ਹਨ। ਪਰ ਆਪਣੇ ਅੰਦਰਲੇ ਦੁਸ਼ਮਣਾਂ ਵਲੋਂ ਕੀਤੇ ਜਾਂਦੇ ਵਿਚਾਰਧਾਰਕ ਅਟੈਕਾਂ ਨਾ਼ਲ ਤਾਂ ਕੌਮਾਂ ਕਦੇ ਉਠ ਹੀ ਨੀ ਸਕਦੀਆਂ'। ਇਸੇ ਤਰ੍ਹਾਂ ਉਹ 2 ਦਸੰਬਰ, 2024 ਨੂੰ 'ਪੰਜਾਬ ਟੈਲਵਿਜਨ' 'ਤੇ ਆਪਣੀ ਪੇਸ਼ਕਾਰੀ ਇਸ ਸਨਸਨੀਖੇਜ਼ ਹੈਡਿੰਗ ਨਾ਼ਲ ਕਰਦੇ ਹਨ: 'ਮੁੱਕਿਆ ਦੌਰ ਦਹਾਕਿਆਂ ਤੱਕ ਫੈਲੀ ਪਰਿਵਾਰਕ ਸਿਆਸਤ ਦਾ', 'ਇੱਕ-ਇੱਕ ਨੁਕਤੇ ਤੋਂ ਇਤਿਹਾਸਕ ਹੈ ਫੈਸਲਾ, ਸਿੰਘ ਸਾਹਿਬ ਦਾ'। ਇਸ ਸਿਰਲੇਖ ਹੇਠ ਜਗਤਾਰ ਸਿੰਘ ਦੀ ਖੁਸ਼ੀ ਤੇ ਤਸੱਲੀ ਦਾ ਕੋਈ ਪਾਰਾਵਾਰ ਨਹੀਂ ਸੀ। ਉਹ ਕਹਿੰਦੇ ਹਨ, ਇਸ ਤਰ੍ਹਾਂ ਦੇ ਇਤਿਹਾਸਕ ਫੈਸਲੇ ਦਾ ਜਲਵਾ ਮੈਂ 1979 ਵਿਚ ਉਦੋਂ ਦੇਖਿਆ ਸੀ, ਜਦੋਂ ਅਕਾਲੀ ਲੀਡਰ ਜਗਦੇਵ ਸਿੰਘ ਤਲਵੰਡੀ ਤੇ ਸਾਥੀਆਂ ਦੀ ਪੇਸ਼ੀ ਅਕਾਲ ਤਖਤ 'ਤੇ ਪਈ ਸੀ। ਮੈਨੂੰ ਅੱਜ ਪਤਾ ਲੱਗਾ ਕਿ ਛੇਵੇਂ ਪਾਤਸ਼ਾਹ ਵਲੋਂ ਸਥਾਪਿਤ ਤਖਤ ਦੀ ਪ੍ਰਭੁਸੱਤਾ ਦੀ ਆਨ-ਸ਼ਾਨ ਮੁੜ ਜਥੇਦਾਰਾਂ ਨੇ ਬਹਾਲ ਕਰ ਦਿੱਤੀ ਹੈ। ਜਿਹੜੀ ਪਿਛਲੇ 20-25 ਸਾਲਾਂ ਤੋਂ ਇੱਕ ਪਰਿਵਾਰ ਵਲੋਂ ਰੋ਼ਲੀ ਹੋਈ ਸੀ। ਸਾਡੇ ਇਨ੍ਹਾਂ ਵਿਦਵਾਨਾਂ ਦੀਆਂ ਯੂ-ਟਿਊਬ ਵੀਡੀਓਜ਼ ਦੇ ਸਨਸਨੀਖੇਜ਼ ਹੈਡਿੰਗ ਦੇਖੋ: 'ਉਡਾਤਾ ਹੁਕਮ ਹਵਾ 'ਚ ਸੁਪਰੀਮ ਸੰਸਥਾ ਦਾ', ਲਾਹ 'ਤੇ ਪਾਣੀ 'ਚ ਅਣਖੀ ਆਗੂ ਨੇ', 'ਪਾਤੀ ਹੱਥਾਂ ਪੈਰਾਂ ਦੀ ਸ਼ਰੀਕਾਂ ਨੂੰ; ਖੇਡਤਾ ਮਾਸਟਰ ਸਟਰੋਕ', 'ਦਿਖਾਤੀ ਥਾਂ ਅਕਾਲੀਆਂ ਨੂੰ ਜਥੇਦਾਰਾਂ ਨੇ', 'ਪਾਤੀ ਗੁਗਲੀ, ਕਰਤੇ ਕਲੀਨ ਬੋਲਡ ਘਾਗ ਪਲੇਅਰ ਗੇਮ ਦੇ' ਆਦਿ। ਇਸੇ ਤਰ੍ਹਾਂ 25 ਨਵੰਬਰ, 2024 ਦੀ; 'ਰੌਅ ਸਖਤ; ਹੋਣਗੇ ਬਾਹਰ ਪ੍ਰਧਾਨ ਸਮੇਤ ਵਜ਼ੀਰ ਤੇ ਕੋਰ ਕਮੇਟੀ ਲੀਡਰ; ਕਰਨਗੇ ਇੰਕਸ਼ਾਫ ਤਿੰਨ ਸਾਬਕਾ ਜਥੇਦਾਰ' ਸਿਰਲੇਖ ਹੇਠਲੀ ਵੀਡੀਓ ਵਿਚ ਰੰਧਾਵਾ ਸਵਾਲ ਸੁੱਟਦਾ ਹੈ। ਅੱਗੋਂ ਭੱਟੀ ਸਾਹਿਬ ਕਹਿੰਦੇ ਹਨ: 'ਜਿਸ ਤਰ੍ਹਾਂ ਪਿਛਲੇ ਸਮੇਂ 'ਚ ਅਕਾਲੀਆਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਹਨ। ਪੰਥ ਦੀਆਂ ਤਿੰਨੋਂ ਪ੍ਰਮੁੱਖ ਸੰਸਥਾਵਾਂ ਦੀ ਹਰ ਢੰਗ ਨਾ਼ਲ ਹੇਠੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਹੁਣ ਤਾਂ ਸਪੱਸ਼ਟ ਲੱਗਦਾ ਹੈ ਕਿ ਉਹ ਇਨ੍ਹਾਂ ਦੇ ਜਕੜਜੱਫੇ ਵਿਚੋਂ ਮੁਕਤ ਹੋ ਕੇ ਇੱਕ ਧਿਰ ਦੇ ਪਾ਼ਲੇ 'ਚ ਖੜ ਗਏ ਹਨ। ਸੁਖਬੀਰ ਸਮੇਤ ਸਭ ਨੇਤਾਵਾਂ ਨੂੰ ਅਕਾਲ ਤਖਤ ਉਪਰ ਬੁਲਾ ਲਿਆ ਹੈ। ਇੱਥੋਂ ਨਵੀਂ ਸਿਆਸਤ ਦੀ ਸ਼ੁਰੂਆਤ ਹੋ ਸਕਦੀ ਹੈ, ਜਥੇਦਾਰਾਂ ਨੂੰ ਉਸ ਸਿਆਸਤ ਦਾ ਭੋਗ ਪਾਉਣਾ ਹੀ ਪੈਣਾ ਹੈ, ਜੋ 1996 ਤੋਂ ਆਨਵਰਡ ਚੱਲ ਰਹੀ ਸੀ।

ਇਸ ਚੱਲ ਰਹੀ ਚਰਚਾ ਵਿਚ ਇੱਕ ਹੋਰ ਅਨੁਭਵੀ ਸਿੱਖ ਚਿੰਤਕ ਪ੍ਰੋ. ਕੇਹਰ ਸਿੰਘ ਵੀ ਵੱਖ-ਵੱਖ ਚੈਨਲਾਂ 'ਤੇ ਤਕਰੀਬਨ ਰੋਜ਼ਾਨਾ ਵਿਚਾਰ ਦਿੰਦੇ ਹਨ। ਉਨ੍ਹਾਂ ਦੀ ਸੁਰ ਜਗਤਾਰ ਸਿੰਘ, ਹਮੀਰ ਸਿੰਘ, ਜਤਿੰਦਰ ਪੰਨੂੰ ਆਦਿ ਦੀ ਹੁਕਮਰਾਨਾ ਸੁਰ ਤੋਂ ਬੇਸ਼ੱਕ ਥੋੜ੍ਹੀ ਵੱਖਰੀ ਹੈ। ਪਰ ਉਹ ਵੀ ਵਾਰ-ਵਾਰ ਇੱਕੋ ਰਾਗ ਅਲਾਪਦੇ ਰਹੇ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਸਰਬਉਚ ਹੈ, ਬਖਸ਼ਿੰਦ ਹੈ ਅਤੇ ਉਥੋਂ ਜਾਰੀ ਹੁਕਮਨਾਮਿਆਂ ਨੂੰ ਨਾ ਮੰਨ ਕੇ ਪੰਜਾਬ ਅੰਦਰ ਕਿਸੇ ਪੰਥਕ ਧਿਰ ਦਾ ਗੁਜ਼ਾਰਾ ਹੋ ਹੀ ਨਹੀਂ ਸਕਦਾ। ਉਹ ਵੀ ਇਸ ਗੱਲ ਵੱਲ ਧਿਆਨ ਨਹੀਂ ਦਿੰਦੇ ਕਿ ਕੀ ਅਕਾਲੀ ਧੜਿਆਂ ਦੀ ਅਜਿਹੀ ਜਬਰੀ ਏਕਤਾ ਕਦੇ ਸੰਭਵ ਹੋ ਸਕਦੀ ਹੈ? ਉਹ ਬੜੇ ਸੂਝਵਾਨ ਵਿਦਵਾਨ ਹਨ, ਪਰ ਪਤਾ ਨਹੀਂ ਕਿਸ ਆਧਾਰ 'ਤੇ ਹੁਕਮਨਾਮਿਆਂ ਦੇ ਇੰਨ-ਬਿੰਨ ਲਾਗੂ ਹੋਣ ਦੀ ਮੁਹਾਰਨੀ ਪੜ੍ਹੀ ਜਾਂਦੇ ਹਨ? ਬੜੀ ਹੈਰਾਨੀ ਹੁੰਦੀ ਹੈ ਕਿ ਦਾਨਸ਼ਵਰ ਸਿੱਖ ਚਿੰਤਕ ਅੰਦਰ ਏਨੀ ਗੱਲ ਕਹਿਣ ਦੀ ਵੀ ਇਖਲਾਕੀ ਜ਼ੁਰਅਤ ਨਹੀਂ ਹੈ ਕਿ ਜਥੇਦਾਰਾਂ ਵਲੋਂ ਅਕਾਲੀ ਆਗੂਆਂ ਨੂੰ ਸਖਤ ਧਾਰਮਿਕ ਸਜ਼ਾਵਾਂ ਲਗਾਉਣੀਆਂ ਤਾਂ ਠੀਕ ਹੋ ਸਕਦੀਆਂ ਸਨ, ਪਰ ਇੱਕ ਦੂਜੇ ਦੇ ਜਾਨੀ-ਦੁਸ਼ਮਣ ਬਣੇ ਹੋਏ ਆਗੂਆਂ ਨੂੰ ਇਸ ਤਰੀਕੇ ਧੱਕੇ ਨਾ਼ਲ ਇਕੱਠੇ ਹੋਣ ਲਈ ਮਜਬੂਰ ਕਰਨਾ, ਸੰਭਵ ਨਹੀਂ ਸੀ। ਪ੍ਰੋ. ਕੇਹਰ ਸਿੰਘ ਨੂੰ ਤਾਂ ਸਗੋਂ ਜਥੇਦਾਰਾਂ ਨੂੰ ਇਸ ਰਾਜਸੀ ਸੰਕਟ ਮੌਕੇ ਉਚੀ ਸੁਰ ਵਿਚ ਕਹਿਣਾ ਚਾਹੀਦਾ ਸੀ ਕਿ ਸੋਸ਼ਲ ਮੀਡੀਆ ਅੰਦਰ ਪੱਤਰਕਾਰਾਂ ਦੇ ਪ੍ਰਭਾਵ ਹੇਠ ਆ ਕੇ ਫੈਸਲੇ ਨਾ ਕਰਨ। ਗਿਆਨੀ ਹਰਪ੍ਰੀਤ ਸਿੰਘ ਦੀ ਬਗਾਵਤ ਗਲਤ ਪਿਰਤ ਪਾਵੇਗੀ, ਜੋ ਕਿਸੇ ਵੀ ਸੂਰਤ ਵਿਚ ਨਹੀਂ ਪਾਉਣੀ ਚਾਹੀਦੀ। ਪ੍ਰੋ. ਕੇਹਰ ਸਿੰਘ ਧਰਮ, ਰਾਜਨੀਤੀ ਤੇ ਇਤਿਹਾਸ ਦੇ ਵਿਦਿਆਰਥੀ ਹਨ। ਸ਼ਾਇਦ ਉਨ੍ਹਾਂ ਨੂੰ ਪਤਾ ਹੋਵੇ ਕਿ ਇੰਗਲੈਂਡ ਦੇ ਬਾਦਸ਼ਾਹ ਹੈਨਰੀ ਦੂਜੇ ਵਲੋਂ ਨਿਯੁਕਤ ਕੀਤੇ ਆਪਣੇ ਵਿਸ਼ਵਾਸ ਪਾਤਰ, 'ਆਰਕ ਵਿਸ਼ਵ ਆਫ ਕੈਂਟਰਬਰੀ', ਥਾਮਸ ਬੈਕਟ ਵਿਚਾ਼ਲੇ ਅਜਿਹੇ ਹੀ ਕਿਸੇ ਨੁਕਤੇ 'ਤੇ ਇੱਕ ਦੂਜੇ ਦੇ ਅਧਿਕਾਰਾਂ

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦਾ ਬਾਕੀ)*

ਦੇ ਸਵਾਲ 'ਤੇ 1163 ਤੋਂ 1170 ਤੱਕ ਜਦੋਂ ਰੌਲਾ ਪਿਆ ਰਿਹਾ ਸੀ ਤਾਂ ਅਖੀਰੀ ਸਿੱਟੇ ਕਿਤਨੇ ਭਿਆਨਕ ਨਿਕਲੇ ਸਨ। ਬੇਸ਼ੱਕ ਪ੍ਰੋ. ਸਾਹਿਬ ਨੂੰ ਇਹ ਤਾਂ ਪਤਾ ਹੈ ਕਿ ਜਥੇਦਾਰਾਂ ਨੂੰ ਲਗਾਉਣ ਹਟਾਉਣ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਹੀ ਹੈ, ਫਿਰ ਵੀ ਉਹ ਲੋਕਾਂ ਨੂੰ ਭੁਲੇਖੇ ਜਿਹੇ ਵਿਚ ਪਾਈ ਰੱਖਣ ਲਈ ਕਹਿ ਰਹੇ ਹਨ ਕਿ ਜਥੇਦਾਰ ਦੀ ਪੜਤਾਲ ਦਾ ਹੱਕ ਜਥੇਦਾਰ ਅਕਾਲ ਤਖਤ ਨੂੰ ਦੇ ਦਿੱਤਾ ਜਾਣਾ ਚਾਹੀਦਾ ਹੈ। ਗੁਰਦੁਆਰਾ ਐਕਟ ਵਿਚ ਤਾਂ ਜਥੇਦਾਰਾਂ ਕੋਲ ਅਜਿਹਾ ਕੋਈ ਅਧਿਕਾਰ ਨਹੀਂ ਹੈ। ਲਗਦਾ ਹੈ ਕਿ ਪ੍ਰੋ. ਸਾਹਿਬ ਨੂੰ ਇਹ ਵੀ ਝੋਰਾ ਹੈ ਕਿ ਉਹ ਅਕਾਲੀ ਆਗੂਆਂ ਨੂੰ ਸਿਆਣੇ ਸਮਝਦੇ ਸਨ, ਪਰ ਉਹ ਉਤਨੇ ਸਿਆਣੇ ਨਿਕਲੇ ਨਹੀਂ। ਅਖੀਰ 'ਚ ਉਹ ਵੀ ਇਸ ਗੱਲ 'ਤੇ ਪਹੁੰਚ ਜਾਂਦੇ ਹਨ ਕਿ ਅਕਾਲੀਆਂ ਨੇ ਇਕੱਠੇ ਤਾਂ ਹੋਣਾ ਨਹੀਂ, ਹੁਣ ਸੰਗਤਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹੀ ਫੈਸਲਾ ਕਰਨਗੀਆਂ। ਕੀ ਇਹੋ ਗੱਲ ਹਜ਼ਾਰਾ ਸਿੰਘ ਮਿਸੀਸਾਗਾ ਨੇ 'ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਉਹਲੇ ਚੱਲ ਰਿਹਾ ਰਾਜਸੀ ਖੇਲ' ਸਿਰਲੇਖ ਹੇਠਲੇ ਅਕਾਲ ਤਖਤ ਦੀ ਫਸੀਲ ਤੋਂ 2 ਦਸੰਬਰ ਨੂੰ ਜਾਰੀ ਹੋਏ ਹੁਕਮ ਤੋਂ ਤੁਰੰਤ ਬਾਅਦ ਲਿਖੇ ਲੇਖ ਵਿਚ ਪਹਿਲਾਂ ਹੀ ਬੜੀ ਸਪੱਸ਼ਟਤਾ ਨਾਲ ਨਹੀਂ ਕਹੀ ਹੋਈ?

ਗਿਆਨੀ ਹਰਪ੍ਰੀਤ ਸਿੰਘ ਦੇ ਮੁੱਦੇ 'ਤੇ ਵੀ ਪ੍ਰੋ. ਕੇਹਰ ਸਿੰਘ ਇੱਕ ਵਾਰ ਫਿਰ ਉਸੇ ਤਰ੍ਹਾਂ ਦੀ ਲਿੱਪਾ-ਪੋਚੀ ਕਰੀ ਜਾਂਦੇ ਹਨ। ਉਨ੍ਹਾਂ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਦੀ ਸਭ ਤੋਂ ਵੱਧ ਸਤਿਕਾਰਤ ਸੰਸਥਾ ਹੈ; ਜਿਹੋ-ਜਿਹੀ ਵੀ ਸ਼੍ਰੋਮਣੀ ਕਮੇਟੀ ਹੈ, ਉਹ ਹੀ ਸਰਬਉਚ ਹੋ ਸਕਦੀ ਹੈ ਕਿਉਂਕਿ ਉਹ ਸਿੱਖ ਸੰਗਤਾਂ ਵਲੋਂ ਚੁਣੀ ਹੋਈ ਸਿੱਖਾਂ ਦੀ ਪਾਰਲੀਮੈਂਟ ਹੈ। ਸ਼ਾਇਦ ਉਨ੍ਹਾਂ ਵਿਚ ਇਹ ਕਹਿਣ ਦਾ ਜ਼ੇਰਾ ਨਹੀਂ ਹੈ ਕਿ ਹਰਪ੍ਰੀਤ ਸਿੰਘ ਨੂੰ ਵੀ ਇਸੇ ਕਮੇਟੀ ਨੇ ਨਿਯੁਕਤ ਕੀਤਾ ਸੀ ਅਤੇ ਹੁਣ ਉਨ੍ਹਾਂ ਨੇ ਹੀ ਬਹੁ-ਗਿਣਤੀ ਮੈਂਬਰਾਂ ਦੀ ਰਾਏ ਨਾਲ ਸੇਵਾ ਮੁਕਤ ਕਰਨ ਦਾ ਫੈਸਲਾ ਲੈ ਲਿਆ ਹੈ। ਇਸ ਫੈਸਲੇ ਨਾਲ ਕਿਸੇ ਦੇ ਵੀ ਮੱਤਭੇਦ ਹੋ ਸਕਦੇ ਹਨ, ਪਰ ਕੁਝ ਪੱਤਰਕਾਰਾਂ ਵਲੋਂ ਫੈਲਾਈ ਜਾ ਰਹੀ 'ਬੋ-ਪਾਹਰਿਆ' ਦਾ ਲਾਹਾ ਲੈ ਕੇ ਜਥੇਦਾਰ ਨੂੰ ਕਿਸੇ ਕਿਸਮ ਦੀ ਰਾਜਨੀਤਕ 'ਗੱਤਕੇਬਾਜ਼ੀ' ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਜਿਸ ਤਰ੍ਹਾਂ ਕਿ ਜਥੇਦਾਰ ਹਰਪ੍ਰੀਤ ਸਿੰਘ ਨੇ 11 ਫਰਵਰੀ ਨੂੰ ਸੁਖਬੀਰ ਸਿੰਘ ਬਾਦਲ ਨੂੰ ਉਸ ਦੀ ਖਬਰ ਲੈਣ ਲਈ ਜਲਦੀ ਹੀ ਕਿਸੇ ਭਾਈ ਬਚਿੱਤਰ ਸਿੰਘ ਵਰਗੇ ਯੋਧੇ ਦੇ ਬਹੁੜ ਪੈਣ ਵਰਗੀ ਬਿਆਨਬਾਜ਼ੀ ਨਾਲ ਸ਼ੁਰੂ ਕਰ ਵੀ ਦਿੱਤੀ ਹੋਈ ਹੈ। ਉਥੋਂ, ਦਬੰਗ ਪੱਤਰਕਾਰ ਮਾਲਵਿੰਦਰ ਸਿੰਘ ਮਾਲੀ ਤੋਂ ਵੀ ਜਥੇਦਾਰ ਦੇ ਅਜਿਹੇ ਲਹਿਜ਼ੇ 'ਤੇ ਇਤਰਾਜ਼ ਜਤਾਉਣੋਂ ਰਿਹਾ ਨਹੀਂ ਗਿਆ।

ਅਜਿਹੀ ਰਾਜਨੀਤਕ ਖੇਡ ਖੇਡ ਕੇ ਸਿੱਖਾਂ ਦੀ ਇੱਕੋ-ਇੱਕ ਚੁਣੀ ਹੋਈ ਸੰਸਥਾ ਦੇ ਵਕਾਰ ਨੂੰ ਦਾਅ 'ਤੇ ਨਹੀਂ ਲਗਾਉਣਾ ਚਾਹੀਦਾ। ਆਪਣੇ ਪ੍ਰਵਚਨਾਂ ਦੇ ਤਰਕ ਦੇ ਲੋਰ ਵਿਚ ਸ਼ਾਇਦ ਉਹ ਭੁੱਲ ਜਾਂਦੇ ਹਨ ਕਿ ਪੰਜਾਬ ਦੀਆਂ 5-5 ਸਾਲ ਚੱਲਣ ਵਾਲੀਆਂ ਤਿੰਨ ਮਾੜੀਆਂ-ਚੰਗੀਆਂ ਅਕਾਲੀ ਸਰਕਾਰਾਂ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ 1994 ਵਿਚ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਹੁਕਮਨਾਮੇ ਰਾਹੀਂ ਕਰਾਈ ਗਈ ਜਬਰੀ ਏਕਤਾ ਨੂੰ ਨਜ਼ਰਅੰਦਾਜ਼ ਕਰਕੇ ਹੀ ਸੰਭਵ ਹੋਈਆਂ ਸਨ। ਪ੍ਰੋ. ਕੇਹਰ ਸਿੰਘ ਉਸ ਵਕਤ ਜਥੇਦਾਰ ਪ੍ਰੋ. ਮਨਜੀਤ ਸਿੰਘ ਦੇ ਪ੍ਰਮੁੱਖ ਸਲਾਹਕਾਰ ਸਨ। ਕੀ ਉਨ੍ਹਾਂ ਨੂੰ ਯਾਦ ਨਹੀਂ ਕਿ ਉਹ ਏਕਤਾ ਕਿਤਨੇ ਕੁ ਦਿਨ ਚੱਲੀ ਸੀ।

ਪੱਤਰਕਾਰ ਹਮੀਰ ਸਿੰਘ ਵਲੋਂ ਚਲਾਏ ਜਾ ਰਹੇ ਯੂ ਟਿਊਬ ਚੈਨਲ 'ਪੁਲਾਂਘ-ਇੱਕ ਉਮੀਦ' ਵਿਚ ਪਾਈਆਂ ਜਾ ਰਹੀਆਂ ਵੀਡੀਓਜ਼ ਵੀ ਇਸ ਚਰਚਾ ਨੂੰ ਸਮਝਣ ਲਈ ਸੁਣਨਯੋਗ ਹਨ। ਉਸਦੀ ਪ੍ਰਵਚਨੀ ਵੰਨਗੀ ਦਾ ਨਮੂਨਾ ਵੀ ਦੇਖੋ: 'ਭੰਨਿਆ ਬੁੱਕਲ 'ਚ ਗੁੜ; ਚੱਕ 'ਤੇ ਪਰਦੇ ਗਿਆਨੀ ਹਰਪ੍ਰੀਤ ਸਿੰਘ ਨੇ' ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ, ਪ੍ਰੋ. ਮਨਜੀਤ ਸਿੰਘ ਨੂੰ ਨਾਲ ਬਿਠਾ ਕੇ ਵੀਡੀਓ ਹੈ: 'ਲਾਗੂ ਹੋਏਗਾ, ਹੁਕਮ ਸੁਪਰੀਮ ਸੰਸਥਾ ਦਾ, ਹੱਥ ਲਿਆ ਕੰਟਰੋਲ ਜਥੇਦਾਰਾਂ ਨੇ'। ਇਸ ਵੀਡੀਓ ਵਿਚ ਉਹ ਬੜੇ ਭੋਲੇ ਜਿਹੇ ਅੰਦਾਜ਼ ਵਿਚ ਕਹਿੰਦੇ ਹਨ: '2 ਦਸੰਬਰ ਵਾਲੇ ਅਹਿਮ ਫੈਸਲੇ ਵਿਚ ਜਥੇਦਾਰਾਂ ਨੇ ਅਕਾਲੀ ਫੂਲਾ ਸਿੰਘ ਵਾਂਗ ਫੈਸਲਾ ਲਿਆ, ਪਰ ਸਥਿਤੀ ਅਜੇ ਵੀ ਡਾਵਾਂਡੋਲ ਹੈ; ਸਹਿਮਤੀ ਦਾ ਮਾਹੌਲ ਬਣ ਨਹੀਂ ਰਿਹਾ'। ਅੱਗੋਂ ਪ੍ਰੋ. ਮਨਜੀਤ ਸਿੰਘ, ਸੰਤ ਸਿੰਘ ਮਸਕੀਨ ਵਾਲੇ ਮਾਖਿਓਂ ਮਿੱਠੇ ਅੰਦਾਜ਼ ਵਿਚ, ਆਪਣੀ ਸੁੱਚੀ ਭਾਵਨਾ ਵਾਲਾ ਪ੍ਰਵਚਨ ਸ਼ੁਰੂ ਕਰ ਦਿੰਦੇ ਹਨ: 'ਹਮੀਰ ਸਿੰਘ ਜੀ, ਲੀਡਰਾਂ ਦੀ ਭਾਵਨਾ ਸੁੱਚੀ ਨਹੀਂ, ਪਰ ਇਸ ਵਾਰ ਜਥੇਦਾਰ ਚੇਤੰਨ ਹਨ। ਹੁਣ ਉਨ੍ਹਾਂ ਨੇ ਇਨ੍ਹਾਂ ਨੂੰ ਭੱਜਣ ਨਹੀਂ ਦੇਣਾ'।

ਪਿਛਲੇ ਸਾਲ ਜੁਲਾਈ ਮਹੀਨੇ ਦੌਰਾਨ ਜਦੋਂ ਅਕਾਲੀਆਂ ਦਾ ਬਾਗੀ ਧੜਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੇ ਆਗੂ ਸੁਖਬੀਰ ਬਾਦਲ ਕੋਲੋਂ ਆਪ ਹੋਈਆਂ ਅਤੇ ਉਨ੍ਹਾਂ ਤੋਂ ਕਰਾਈਆਂ ਗਈਆਂ ਬੱਜਰ ਭੁੱਲਾਂ ਲਈ ਸਜ਼ਾ ਦੀ ਜਾਚਨਾ ਸਬੰਧੀ ਮੰਗ ਪੱਤਰ ਦੇ ਕੇ ਆਇਆ ਸੀ ਤਾਂ ਬਾਦਲਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਕਾਇਮ ਰੱਖਣ ਲਈ ਦਰਜਨ ਕੁ ਸਾਬਕਾ ਪਿਛੋਕੜ ਵਾਲੇ ਪੱਤਰਕਾਰ ਮੈਦਾਨ ਵਿਚ ਆਏ, ਉਨ੍ਹਾਂ ਵਿਚੋਂ ਨਵੇਂ ਬਣੇ ਸਿੱਖ ਚਿੰਤਕਾਂ ਹਮੀਰ ਸਿੰਘ ਅਤੇ ਪ੍ਰੋ. ਹਰਵਿੰਦਰ ਸਿੰਘ ਭੱਟੀ ਦੇ ਜੋਸ਼ ਨੂੰ ਦੇਖਦਿਆਂ ਤਾਂ ਨਵੇਂ ਬਣੇ ਮੁਸਲਮਾਨਾਂ ਦੀ ਸ਼੍ਰੇਣੀ ਵਿਚ ਹੀ ਰੱਖਿਆ ਜਾ ਸਕਦਾ ਹੈ। ਉਂਜ ਪ੍ਰੋ. ਭੱਟੀ ਨੂੰ ਅਚਾਰੀਆ ਰਜਨੀਸ਼ ਵਾਂਗ ਸਰੋਤਿਆਂ ਨੂੰ ਆਪਣੇ ਲਤੀਫਿਆਂ ਰਾਹੀਂ ਮੰਤਰ-ਮੁਗਧ ਕਰਨ ਵਾਲੀ ਪ੍ਰਵਚਨ ਸ਼ੈਲੀ ਨਾਲ, ਇਸ ਸਾਰੇ ਨੀਰਸ ਨਾਟਕ ਨੂੰ ਸ਼ਿੰਗਾਰਨ ਦਾ ਸਿਹਰਾ ਜ਼ਰੂਰ ਜਾਂਦਾ ਹੈ। ਪ੍ਰੋ. ਭੱਟੀ ਦੀਆਂ ਇਸੇ ਅਰਸੇ ਦੌਰਾਨ 'ਆਰਬਾਈਡ ਵਰਲਡ ਚੈਨਲ' 'ਤੇ 'ਕੁਦਰਤ ਦੇ ਨਾਲ ਮਨਾਂ ਨੂੰ ਵੀ ਗੰਦਗੀ ਤੋਂ ਬਚਾਉਣ ਦੀ ਲੋੜ', 'ਮਨੁੱਖ ਦੇ ਸਰਵਨਾਸ਼ ਦਾ ਇੱਕ ਵੱਡਾ ਕਾਰਨ ਕ੍ਰੋਧ', 'ਗੁਰਬਾਣੀ 'ਚ ਮਨੂਵਾਦ, ਜਾਤ-ਪਾਤ ਤੇ ਨਿਵਾਰਨ' ਵਰਗੀਆਂ ਕਈ ਸੰਜੀਦਾ ਵੀਡੀਓ ਪਈਆਂ ਹਨ। ਉਥੇ ਪ੍ਰਵਚਨ ਕਰਦਿਆਂ, ਉਹ ਉਚੇ ਮੁਕਾਮ 'ਤੇ ਪਹੁੰਚੇ ਗੁਣੀ ਅਧਿਆਪਕ ਨਜ਼ਰ ਆਉਂਦੇ ਹਨ, ਪਰ ਹੈਰਾਨੀ ਹੁੰਦੀ ਹੈ ਕਿ 'ਪੰਜਾਬ ਟੈਲੀਵਿਜਨ ਚੈਨਲ' ਉਪਰ ਹਰਜਿੰਦਰ ਰੰਧਾਵਾ ਅਤੇ ਜਗਤਾਰ ਸਿੰਘ ਵਿਚਾਲੇ ਬਹਿੰਦਿਆਂ ਸਾਰ ਹੀ ਉਨ੍ਹਾਂ ਵਿਚ ਕਿੱਥੋਂ ਲੋਹੜੇ ਦਾ ਜੋਸ਼ ਆ ਜਾਂਦਾ ਹੈ ਕਿ ਉਨ੍ਹਾਂ ਤੋਂ ਵੀ ਵੱਧ ਉਚੀ ਸੁਰ 'ਚ ਉਨ੍ਹਾਂ ਵਾਲੀ ਮੁਹਾਵਰੀ ਪੜ੍ਹਨ ਲੱਗ ਜਾਂਦੇ ਹਨ। ਸਾਡੇ ਇੱਕ ਦੋਸਤ ਨੇ ਇਨ੍ਹਾਂ ਵਿਦਵਾਨਾਂ ਦੇ ਪਿਛਲੇ 5-6 ਮਹੀਨਆਂ ਤੋਂ ਅਕਾਲੀਆਂ ਤੇ ਅਕਾਲ ਤਖਤ ਦੇ ਮਸਲੇ 'ਤੇ ਦਿਖਾਏ ਜਾ ਰਹੇ ਜਾਹੋ-ਜਲਾਲ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ: 'ਇਹ ਖੜਗਧਾਰੀ ਟੋਲਾ, ਰੋਜ਼ ਸਵੇਰੇ-ਸਵੇਰੇ ਆਪਣੀਆਂ ਘਰ ਵਾਲੀਆਂ ਕੋਲੋਂ ਦਹੀਂ ਨਾਲ ਮੇਥੀ ਵਾਲੀਆਂ ਪਰੌਂਠੀਆਂ ਖਾ ਕੇ ਵੱਖ-ਵੱਖ ਚੈਨਲਾਂ 'ਤੇ ਆ ਬਹਿੰਦਾ ਹੈ। ਮਹੀਨਿਆਂਬੱਧੀ ਇੱਕੋ ਸਾਹੇ ਘਰਾਟ ਰਾਗ ਅਲਾਪਦਿਆਂ, ਇਨ੍ਹਾਂ ਨੂੰ ਆਪਣੇ-ਆਪ 'ਤੇ ਜ਼ਰਾ ਜਿੰਨਾ ਹਾਸਾ ਨਹੀਂ ਆਉਂਦਾ। ਪਤਾ ਨਹੀਂ ਇਨ੍ਹਾਂ ਨੂੰ ਇਸ ਵਿਚੋਂ ਲੱਭਦਾ ਕੀ ਹੈ? ਕਾਲੀ ਮਾਂ ਦੇ ਚਰਨਾਂ 'ਚ ਲੇਟੇ ਪਏ ਸ਼ਿਵ ਜੀ ਵਾਂਗੂ ਸਿੱਖ ਵੋਟਰਾਂ ਦੀ ਕਚਹਿਰੀ ਅੰਦਰ ਚੌਫਾਲ ਢੱਠੇ ਪਏ ਸੁਖਬੀਰ ਬਾਦਲ ਨੂੰ ਦੂ-ਹੋ-ਦੂ ਮਿੱਧਦੇ ਇਹ ਕਿੰਨੇ ਕਹਿਰੀ ਲਗਦੇ ਹਨ'! ਸਾਡੇ ਇਸ ਮਿੱਤਰ ਦਾ ਇਹ ਵੀ ਕਹਿਣਾ ਸੀ ਕਿ ਇਨ੍ਹਾਂ ਹੀ ਦਿਨਾਂ ਦੌਰਾਨ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਿਕਾਸ ਨਾਲ ਪੂਰੀ ਇਨਸਾਨੀਅਤ ਲਈ ਸੰਭਾਵਿਤ ਖਤਰਿਆਂ ਤੋਂ ਜਾਣੂ ਕਰਾਉਂਦੀ ਪ੍ਰੋ. ਜਵਾਲ ਹਰਾਰੀ ਦੀ ਕਿਤਾਬ 'ਨੈਕਸੱਸ' ਆਈ ਹੈ। ਜੋ ਸਾਰੀ ਦੁਨੀਆ ਵਿਚ ਚਿੰਤਾ ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਅਮਰੀਕਾ ਦੀ ਸ਼ਹਿ 'ਤੇ ਇਜ਼ਰਾਈਲ ਦੇ ਜੰਗਬਾਜ਼ਾਂ ਨੇ ਗਾਜ਼ਾ ਦੇ ਨਿਹੱਥੇ ਮਾਸੂਮ ਲੋਕਾਂ ਦੀ ਬੇਸ਼ਰਮੀ ਤੇ ਬੇਦਰਦੀ ਨਾਲ ਇਨ੍ਹਾਂ ਦਿਨਾਂ 'ਚ ਤਬਾਹੀ ਕੀਤੀ ਜਾਂਦੀ ਰਹੀ ਹੈ। ਕੀ ਸਾਡੇ ਇਹ ਮਹਾਨ ਚਿੰਤਕ ਕਦੇ ਮਨੁੱਖਤਾ ਨੂੰ ਦਰਪੇਸ਼ ਅਜਿਹੇ ਖਤਰਿਆਂ ਲਈ ਵੀ ਕੋਈ ਸਮਾਂ ਕੱਢਣਗੇ?

ਪਰ ਕਾਮਰੇਡ ਜਤਿੰਦਰ ਪੰਨੂੰ ਦਾ ਤਾਂ ਰੱਬ ਹੀ ਰਾਖਾ ਹੈ। ਉਸ ਵਲੋਂ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੇ 'ਲੰਗਰ ਵਾਲੇ ਵਿਵਾਦਤ ਹੁਕਮਨਾਮੇ' ਬਾਰੇ ਲੇਖਾਂ 'ਤੇ ਆਧਾਰਤ ਸੰਪਾਦਿਤ ਪੁਸਤਕ 'ਸੰਗਤ ਇੱਕੀ ਵਿਸਵੇ', ਪਾਠਕਾਂ ਨੂੰ ਪੜ੍ਹ ਲੈਣੀ ਚਾਹੀਦੀ ਹੈ ਤਾਂ ਕਿ ਪਤਾ ਚੱਲ ਸਕੇ ਕਿ ਪੰਨੂੰ ਸਾਹਿਬ ਅਕਾਲ ਤਖਤ ਅਤੇ ਜਥੇਦਾਰਾਂ ਦੀ ਪਿਛਲੀ ਕਾਰਗੁਜ਼ਾਰੀ ਦਾ ਕਿਤਨਾ ਕੁ ਕਦਰਦਾਨ ਰਿਹਾ ਹੈ, ਜਦੋਂ ਉਹ ਹੁਕਮਨਾਮਿਆਂ ਨੂੰ 'ਕੂੜਨਾਮੇ' ਕਹਿੰਦਾ ਸੀ। ਇਸ ਪੁਸਤਕ ਦੀਆਂ ਕੁਝ ਲਾਈਨਾਂ ਹਨ: 'ਮੁਕਤਸਰ ਤੋਂ ਇੱਕ ਸੱਜਣ ਨੇ ਮੇਰੇ ਲੇਖਾਂ 'ਤੇ ਇਤਰਾਜ਼ ਕਰਦਿਆਂ ਲਿਖਿਆ ਹੈ; 'ਤਖਤਾਂ ਦੇ ਜਥੇਦਾਰਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਕਿਸੇ ਵੀ ਗੱਲ ਨੂੰ ਨੁਕਤਾਚੀਨੀ ਦਾ ਅਧਾਰ ਨਹੀਂ ਬਣਾਉਣਾ ਚਾਹੀਦਾ'। ਪਰ ਮੈਂ ਦੋਨਾਂ ਧਾਰਨਾਵਾਂ ਨਾਲ ਸਹਿਮਤ ਨਹੀਂ। ਲੰਗਰ ਦੇ ਹੁਕਮਨਾਮੇ ਵਾਲੀ ਸਮੱਸਿਆ ਇੱਕ ਅਜਿਹੇ ਜਨੂੰਨੀ ਵਿਅਕਤੀ ਵਲੋਂ ਖੜੀ ਕੀਤੀ ਗਈ ਹੈ, ਜੋ ਖਾਲਿਸਤਾਨੀ ਤੱਤਾਂ ਦੇ ਹੱਥਾਂ 'ਚ ਖੇਡ ਰਿਹਾ ਹੈ। ਜਿੱਥੇ ਤੱਕ ਤਖਤਾਂ 'ਤੇ ਸੁਸ਼ੋਭਿਤ ਜਥੇਦਾਰਾਂ ਦੇ ਸਤਕਿਾਰ ਦੀ ਗੱਲ ਹੈ, ਇਹ ਉਨ੍ਹਾਂ ਪਦਵੀਆਂ 'ਤੇ ਬੈਠੇ ਵਿਅਕਤੀਆਂ ਦੇ ਆਚਾਰ-ਵਿਹਾਰ ਅਤੇ ਔਕਾਤ 'ਤੇ ਨਿਰਭਰ ਕਰਦਾ ਹੈ। ਤਖਤ 'ਤੇ ਬੈਠ ਜਾਣ ਨਾਲ ਕੋਈ ਸਿਰਮੌਰ ਨਹੀਂ ਹੋ ਜਾਂਦਾ। (ਪੰਨਾ-79)

ਇਸੇ ਕਿਤਾਬ ਵਿਚ ਪੰਨੂੰ ਸਾਹਿਬ ਅੱਗੇ ਲਿਖਦੇ ਹਨ: 'ਅਕਾਲ ਤਖਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਗੁਰਦੁਆਰਾ ਐਕਟ 1925 ਅਨੁਸਾਰ ਚੁਣਦੀ ਹੈ, ਜਥੇਦਾਰ ਸ਼੍ਰੋਮਣੀ ਕਮੇਟੀ ਦਾ ਇੱਕ ਮੁਲਾਜ਼ਮ ਹੈ। ਜੋ ਸ਼੍ਰੋਮਣੀ ਕਮੇਟੀ ਤੋਂ ਤਨਖਾਹ ਲੈਂਦਾ ਹੈ, ਉਹ ਤਾਂ ਆਪ ਤਨਖਾਹੀਆ ਹੈ। ਇਸ ਐਕਟ ਅਨੁਸਾਰ ਜਥੇਦਾਰ ਕੋਲ ਕਿਸੇ ਵਿਅਕਤੀ ਨੂੰ ਸੰਮਣ ਕਰਨ, ਤਨਖਾਹੀਆ ਕਰਾਰ ਦੇਣ ਅਤੇ ਪੰਥ ਵਿਚੋਂ ਛੇਕਣ ਦਾ ਕੋਈ ਅਧਿਕਾਰ ਨਹੀਂ। ਕਿਸੇ ਵਿਅਕਤੀ ਨੂੰ ਆਪੇ ਗੁਨਾਹਗਾਰ ਠਹਿਰਾ ਕੇ 'ਤਨਖਾਹੀਆ' ਕਰਾਰ ਦੇਣਾ, ਭਾਰਤ ਦੇ ਕਾਲੇ ਕਨੂੰਨ 'ਟਾਡਾ' ਤੋਂ ਘੱਟ ਨਹੀਂ, ਜਿਸ ਅਨੁਸਾਰ ਸਰਕਾਰ ਕਿਸੇ ਨੂੰ ਵੀ ਦੋਸ਼ੀ ਐਲਾਨ ਕੇ ਸਾਲਾਂਬੱਧੀ ਜੇਲ੍ਹ ਵਿਚ ਸੁੱਟ ਸਕਦੀ ਹੈ। ਜਦਕਿ ਦੁਨੀਆ ਭਰ ਦੇ ਕਾਨੂੰਨਾਂ ਅਨੁਸਾਰ ਕੋਈ ਵੀ ਵਿਅਕਤੀ ਉਦੋਂ ਤੱਕ ਦੋਸ਼ੀ ਨਹੀਂ ਹੁੰਦਾ, ਜਦੋਂ



ਤੱਕ ਸਬੂਤਾਂ ਸਮੇਤ ਉਸਦੇ ਸਾਰੇ ਦੋਸ਼ ਕੋਰਟ 'ਚ ਸਾਬਿਤ ਨਾ ਹੋ ਜਾਣ'। ਤਖਤਾਂ ਦੇ ਜਥੇਦਾਰਾਂ ਨੂੰ ਇਖਲਾਕੀ ਹੱਲਾਸ਼ੇਰੀ ਦੇਣ ਲਈ ਚੱਲੀ ਇਸ ਮੀਡੀਆ ਮੁਹਿੰਮ ਦੌਰਾਨ ਕਾਮਰੇਡ ਪੰਨੂੰ; ਜਗਤਾਰ ਸਿੰਘ, ਹਰਜਿੰਦਰ ਸਿੰਘ ਰੰਧਾਵਾ ਟੀਮ ਨੂੰ ਵੀ ਪਿੱਛੇ ਛੱਡਦੇ ਨਜ਼ਰ ਆਉਂਦੇ ਹਨ।

ਕੀ ਕੋਈ ਸੂਝਵਾਨ ਵਿਦਵਾਨ ਦੱਸ ਸਕਦਾ ਹੈ ਕਿ ਮਨੁੱਖੀ ਇਤਿਹਾਸ ਵਿਚ ਵਿਟਰ ਗਏ ਦੋ ਰਾਜਸੀ ਧੜੇ ਤਾਂ ਛੱਡੋ, ਪਤੀ-ਪਤਨੀ ਵਿਚ ਵੀ ਇਸ ਤਰ੍ਹਾਂ ਦੀ ਜੋਰੋ-ਜਬਰੀ ਸੁਲਾਹ-ਸਫਾਈ ਹੁੰਦੀ ਕਦੇ ਕਿਸੇ ਨੇ ਦੇਖੀ ਹੈ? ਜਿਸ ਤਰ੍ਹਾਂ ਦੀ ਏਕਤਾ ਸਾਡੇ ਇਹ ਬੁੱਧੀਜੀਵੀਨੁਮਾ ਪੱਤਰਕਾਰ ਅਕਾਲ ਤਖਤ ਦੇ ਡੰਡੇ ਨਾਲ ਕਰਵਾਉਣੀ ਚਾਹੁੰਦੇ ਹਨ? ਅਜਿਹੀ ਏਕਤਾ ਕਿਤਨੀ ਕੁ ਹੰਢਣਸਾਰ ਹੋਵੇਗੀ? ਕੀ ਇਨ੍ਹਾਂ ਮਹਾਂਪੁਰਸ਼ਾਂ ਨੇ ਪਿਛਲੇ 30-40 ਸਾਲਾਂ ਵਿਚ ਜਥੇਦਾਰਾਂ ਵਲੋਂ ਕਰਵਾਈਆਂ ਏਕਤਾਵਾਂ ਦਾ ਹਸ਼ਰ ਨਹੀਂ ਪੜ੍ਹਿਆ? ਲਗਦਾ ਹੈ ਕਿ ਜਿਤਨੀ ਇਨ੍ਹਾਂ ਮੀਡੀਆ ਮਹਾਰਥੀਆਂ ਨੇ ਮਿਹਨਤ ਅਤੇ ਸਿਰ-ਖਪਾਈ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ-ਮਰਿਯਾਦਾ ਦੀ ਰਾਖੀ ਕਰਨ ਲਈ ਕੀਤੀ ਹੈ, ਉਸਦਾ ਦਸਵਾਂ ਹਿੱਸਾ ਵੀ ਜੇ ਪੰਜਾਬ ਦੇ ਲੋਕਾਂ ਦੇ ਆਰਥਿਕ, ਰਾਜਨੀਤਕ ਅਤੇ ਹੋਰ ਮੁੱਦਿਆਂ 'ਤੇ ਖਰਚ ਕਰ ਲੈਂਦੇ ਤਾਂ ਸ਼ਾਇਦ ਉਨ੍ਹਾਂ ਦੀ ਘਾਲਣਾ ਕਿਤੇ ਸਕਾਰਥ ਹੋ ਜਾਂਦੀ। ਇਨ੍ਹਾਂ ਸਾਰੇ ਵਿਦਵਾਨਾਂ ਦੀ ਸ੍ਰੀ ਅਕਾਲ ਤਖਤ ਸਾਹਿਬ ਪ੍ਰਤੀ ਸ਼ਰਧਾ, ਸਤਿਕਾਰ ਜਾਂ ਸ਼ੁੱਭ ਇੱਛਾ 'ਤੇ ਕਿਸੇ ਨੂੰ ਭਲਾ ਕੀ ਇਤਰਾਜ਼ ਹੋ ਸਕਦਾ ਹੈ? ਸਵਾਲ ਇਹ ਹੈ ਕਿ ਇਨ੍ਹਾਂ ਦੀਆਂ ਚਰਚਾਵਾਂ ਵਿਚੋਂ ਸਪੱਸ਼ਟ ਨਹੀਂ ਹੁੰਦਾ ਕਿ ਸਮਕਾਲੀ ਸਮੇਂ ਵਿਚ ਇਨ੍ਹਾਂ ਦੀ ਮੀਰੀ-ਪੀਰੀ ਦੇ ਸੰਕਲਪ ਤੋਂ ਮੁਰਾਦ ਕੀ ਹੈ? ਇਹ ਕਹਿਣਾ ਕੀ ਚਾਹੁੰਦੇ ਹਨ? ਇਨ੍ਹਾਂ ਦੇ ਸੁਪਨਿਆਂ ਨੂੰ ਸਮਕਾਲੀ ਸਿਆਸਤ ਦੇ ਸੰਦਰਭ ਵਿਚ ਇਕਸੁਰਤਾ ਨਾਲ ਕਿਵੇਂ ਉਤਾਰਿਆ ਜਾਵੇ? ਇੱਕ ਪਾਸੇ ਤਕਰੀਬਨ ਸਾਰੇ ਸਿੱਖ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਅਕਾਲ ਤਖਤ ਸਿਰਫ ਅਕਾਲੀਆਂ ਦਾ ਨਹੀਂ, ਸਗੋਂ ਸਾਰੇ ਸਿੱਖਾਂ ਦੀ ਨੁਮਾਇੰਦਗੀ ਕਰਦਾ ਹੈ, ਜੇ ਅਜਿਹਾ ਹੈ ਤਾਂ ਵਿਦਵਾਨ ਇਸ ਮਸਲੇ 'ਤੇ ਚੁੱਪ ਕਿਉਂ ਹਨ ਕਿ ਦੇਸ਼-ਵਿਦੇਸ਼ ਵਿਚ ਵਸਦੇ ਸਾਰੇ ਸਿੱਖ ਭਾਈਚਾਰੇ ਦੀ ਇਸ ਚੋਣ ਵਿਚ ਸ਼ਮੂਲੀਅਤ ਕਿਵੇਂ ਕੀਤੀ ਜਾਵੇ? ਜਿਥੋਂ ਜਥੇਦਾਰ ਵੇਦਾਂਤੀ ਨੇ ਗੱਲ ਛੱਡੀ ਸੀ, ਦੋ ਦਹਾਕੇ ਬਾਅਦ ਵੀ ਗੱਲ ਤਾਂ ਉਥੇ ਹੀ ਖੜੀ ਹੈ, ਇਸ ਬਾਰੇ ਸਾਡੇ ਵਿਦਵਾਨ ਗੱਲ ਕਰਨ ਤੋਂ ਕਿਉਂ ਝਿਜਕਦੇ ਹਨ। ਉਹ ਇਸ ਬਾਰੇ ਕਦੋਂ ਸੰਜੀਦਾ ਵਿਚਾਰ ਕਰਨਗੇ?

ਸ਼੍ਰੋਮਣੀ ਕਮੇਟੀ ਵਿਚ ਹਜ਼ਾਰਾਂ ਖਾਮੀਆਂ ਹੋ ਸਕਦੀਆਂ ਹਨ, ਪਰ ਉਸਦੇ ਮੈਂਬਰਾਂ ਨੂੰ ਸਿੱਖਾਂ ਵਲੋਂ ਲੋਕਤੰਤਰੀ ਢੰਗ ਨਾਲ ਚੁਣਿਆ ਜਾਂਦਾ ਹੈ। ਫਿਰ ਕੀ ਲੋਕਾਂ ਦੁਆਰਾ ਚੁਣੀ ਹੋਈ ਸੰਸਥਾ ਸਿਰਮੌਰ ਹੈ ਜਾਂ ਉਸ ਵਲੋਂ ਚੁਣੇ ਹੋਏ ਜਥੇਦਾਰ ਸਿਰਮੌਰ ਹਨ? ਅੱਜ ਇੱਕ ਵਿਸ਼ੇਸ਼ ਰਾਜਨੀਤਕ ਸਥਿਤੀ ਵਿਚ ਸ਼੍ਰੋਮਣੀ ਕਮੇਟੀ ਬਾਦਲ ਦਲ ਦੇ ਪ੍ਰਭਾਵ ਵਿਚ ਹੈ, ਕੱਲ੍ਹ ਨੂੰ ਲੋਕ ਇਨ੍ਹਾਂ ਨੂੰ ਚੋਣਾਂ ਰਾਹੀਂ ਲਾਂਭੇ ਕਰ ਕੇ ਪੰਥ ਹਿਤੈਸ਼ੀ ਵਿਅਕਤੀਆਂ ਨੂੰ ਵੀ ਚੁਣ ਸਕਦੇ ਹਨ? ਕੀ ਉਸ ਸਰਬਉਚ ਸੰਸਥਾ ਤੋਂ ਲਾਂਭੇ ਹੋ ਕੇ ਸ੍ਰੀ ਅਕਾਲ ਤਖਤ ਦੀ ਸੰਸਥਾ ਦੇ ਸਰਬਉਚ ਹੋਣ ਦਾ ਤਸੱਵਰ ਕੀਤਾ ਜਾ ਸਕਦਾ ਹੈ? ਸਾਡੀ ਸਮਝ ਅਨੁਸਾਰ ਸੁਖਬੀਰ ਬਾਦਲ ਨੇ ਅਕਾਲ ਤਖਤ ਸਾਹਿਬ ਵਲੋਂ ਮਿਲੀ ਸਜ਼ਾ ਕਿਤਨੀ ਕੁ ਦਿਆਨਦਤਦਾਰੀ ਨਾਲ ਭੁਗਤੀ ਹੈ ਜਾਂ ਇਸ ਨਾਲ ਅਕਾਲੀ ਸਿਆਸਤ ਨੂੰ ਕਿਤਨਾ ਕੁ ਫਰਕ ਪੈਂਦਾ ਹੈ? ਜਾਂ ਅਕਾਲ ਤਖਤ ਵਲੋਂ ਸੁਖਬੀਰ ਬਾਦਲ ਨੂੰ ਸਜ਼ਾ ਮਿਲਦੀ ਜਾਂ ਨਾ ਮਿਲਦੀ? ਕੋਈ ਫਰਕ ਨਹੀਂ ਸੀ ਪੈਣਾ, ਉਸਨੂੰ ਤਾਂ ਵੋਟਰਾਂ ਵਲੋਂ ਪਿਛਲੇ ਇੱਕ ਦਹਾਕੇ ਵਿਚ ਕਈ ਵਾਰ ਸਜ਼ਾ ਦਿੱਤੀ ਹੀ ਗਈ ਸੀ। ਉਸਨੇ ਮੰਨੀ ਵੀ ਹੋਈ ਹੈ। ਇਹ ਵੀ ਪਤਾ ਨਹੀਂ ਕਿ ਲੋਕਾਂ ਵਲੋਂ ਇਹ ਸਜ਼ਾ ਅਜੇ ਹੋਰ ਕਿਤਨਾ ਕੁ ਚਿਰ ਜਾਰੀ ਰਹਿਣੀ ਹੈ। ਇਸ ਤੋਂ ਵੱਡੀ ਭਲਾ ਹੋਰ ਕੀ ਸਜ਼ਾ ਹੋ ਸਕਦੀ ਹੈ? ਇਸ ਵਿਚ ਜਥੇਦਾਰਾਂ ਨੂੰ ਘਸੀਟਣ ਨਾਲ ਕੀ ਨਿਕਲਿਆ ਹੈ ਜਾਂ ਭਵਿੱਖ ਵਿਚ ਨਿਕਲੇਗਾ? ਕੀ ਇਸਦਾ ਜਵਾਬ ਕਿਸੇ ਕੋਲ ਹੈ?

ਬਾਦਲਕਿਆਂ ਉਪਰ ਹੋਰ ਦੋਸ਼ਾਂ ਦੇ ਨਾਲ-ਨਾਲ ਸਭ ਤੋਂ ਵੱਡਾ ਦੋਸ਼, ਆਰਥਿਕ ਪੱਖੋਂ ਪੰਜਾਬ



ਦਾ ਭੱਠਾ ਬਿਠਾਉਣ ਦਾ ਵੀ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਅਹਿਦ ਦੌਰਾਨ ਪੰਜਾਬ ਸਿਰ ਲੱਖਾਂ ਕਰੋੜਾਂ ਦਾ ਕਰਜ਼ਾ ਚੜ੍ਹਿਆ। ਆਰਥਿਕ ਮਾਹਿਰ ਦੱਸਦੇ ਹਨ ਕਿ ਹਰਿਆਣਾ ਜਾਂ ਕੇਰਲਾ ਵਰਗੇ ਰਾਜਾਂ ਕੋਲ ਵੀ ਕਰਜ਼ਾ, ਪੰਜਾਬ ਨਾਲੋਂ ਘੱਟ ਨਹੀਂ ਹੈ। ਕੀ ਰਾਜਾਂ ਸਿਰ ਕਰਜ਼ੇ ਵਧਦੇ ਜਾਣ ਦੇ ਕਾਰਨ ਕਿਤੇ ਹੋਰ ਜਗ੍ਹਾ ਛੁਪੇ ਹੋਏ ਤਾਂ ਨਹੀਂ ਹਨ? ਉਂਜ ਵੀ ਬਾਦਲਕੇ ਤਾਂ ਪਿਛਲੇ 8 ਵਰ੍ਹਿਆਂ ਤੋਂ ਸੱਤਾ ਤੋਂ ਲਾਂਭੇ ਹਨ। ਇਨ੍ਹਾਂ ਸਾਲਾਂ ਦੌਰਾਨ ਪੰਜਾਬ ਸਿਰੋਂ ਕਰਜ਼ਾ ਕਿਤਨਾ ਕੁ ਘਟਿਆ ਹੈ? ਮਾਹਿਰਾਂ ਅਨੁਸਾਰ 1990-91 ਵਿਚ ਚੀਨੀਆਂ ਦਾ ਆਰਥਿਕ ਕੰਗਾਲੀ ਪੱਖੋਂ ਹਾਲ, ਪੰਜਾਬ ਜਾਂ ਪੂਰੇ ਭਾਰਤ ਨਾਲੋਂ ਵੀ ਮਾੜਾ ਸੀ, ਪਰ ਉਨ੍ਹਾਂ ਨੇ ਸਾਲ 2000 ਤੱਕ ਅਗਲੇ 8 ਵਰ੍ਹਿਆਂ ਦੌਰਾਨ ਆਪਣੀ ਕੁੱਲ ਆਮਦਨ ਭਾਰਤ ਤੋਂ ਦੁੱਗਣੀ ਕਰ ਲਈ। ਉਨ੍ਹਾਂ ਆਪਣੇ ਚੇਅਰਮੈਨ ਮਾਓ ਵਾਲੀਆਂ ਸੁਪਨੇਸਾਜ਼ ਮਾਰਕੇਬਾਜ਼ ਨੀਤੀਆਂ ਤੋਂ ਖਹਿੜਾ ਛੁਡਾਇਆ; ਜ਼ਬਤ ਸਿਆਣਪ ਅਤੇ ਦੂਰ-ਅੰਦੇਸ਼ੀ ਨਾਲ ਨਵੇਂ ਯੁੱਗ ਦੇ ਹਾਣ ਦੀਆਂ ਨੀਤੀਆਂ ਅਪਨਾ ਕੇ ਆਪਣੇ ਲੋਕਾਂ ਦੀ ਆਮਦਨ, ਸਾਡੇ ਲੋਕਾਂ ਦੇ ਮੁਕਾਬਲੇ 5 ਗੁਣਾਂ ਤੋਂ ਵੀ ਵੱਧ ਕਰ ਲਈ ਹੈ। ਸਾਡੇ ਸਾਬਕਾ ਕਾਮਰੇਡ, ਪੰਜਾਬ ਦੇ ਲੋਕਾਂ ਨੂੰ ਇਹ ਕਿਉਂ ਨਹੀਂ ਦੱਸਦੇ ਕਿ ਚੀਨ ਦੇ ਸਾਬਕਾ ਕਾਮਰੇਡਾਂ ਨੇ ਇਹ ਕ੍ਰਿਸ਼ਮਾ ਕਿਵੇਂ ਕੀਤਾ?

ਲੇਖ ਦੇ ਅਖੀਰ ਵਿਚ ਸਾਡੀ ਸਾਰੇ ਪਾਠਕਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਸਾਰੀਆਂ ਨਹੀਂ ਤਾਂ ਘੱਟ-ਘੱਟ 2 ਜਨਵਰੀ, 2025 ਨੂੰ 'ਹਟਣਗੇ ਪਿਛਾਂਹ, ਸਿੰਘ ਸਾਹਿਬ ਭਾਈ ਰਘਬੀਰ ਸਿੰਘ, ਉਭਰੇ ਨਵੇਂ ਕੌਣ, ਐਨ ਸੱਤਾ ਕੇਂਦਰ ਵਿਚ' ਹੇਠਲੇ ਸਿਰਲੇਖ ਵਾਲੀ ਵੀਡੀਓ ਯੂ-ਟਿਊਬ ਚੈਨਲ 'ਪੰਜਾਬ ਟੈਲੀਵਿਜਨ' 'ਤੇ ਜ਼ਰੂਰ ਦੇਖਣ। ਹੋਸਟ ਹਰਜਿੰਦਰ ਸਿੰਘ ਰੰਧਾਵਾ ਪੂਰਾ ਸੁਆਦ ਲੈਂਦਿਆਂ, ਜਗਤਾਰ ਸਿੰਘ ਅੱਗੇ ਇਹ ਕਹਿ ਕੇ ਗੇਂਦ ਸੁੱਟਦਾ ਹੈ, 'ਕੀ ਜਥੇਦਾਰ, ਸੁਖਬੀਰ ਅਤੇ ਸਾਥੀਆਂ ਦੀ ਈਨ ਮੰਨ ਲੈਣਗੇ-ਕੀ ਫਿਰ ਉਨ੍ਹਾਂ ਦਾ 2 ਦਸੰਬਰ ਵਾਲਾ ਸਾਰਾ ਹੁਕਮਨਾਮਾ ਬੇਮਾਇਨੇ ਨਹੀਂ ਹੋ ਜਾਵੇਗਾ'। ਇਵੇਂ ਲੱਗਦਾ ਸੀ, ਜਿਵੇਂ ਜਗਤਾਰ ਸਿੰਘ, ਸੁੱਟੀ ਹੋਈ ਗੇਂਦ 'ਤੇ ਚੌਕਾ-ਛੱਕਾ ਲਗਉਣ ਲਈ ਪਹਿਲਾਂ ਹੀ ਤਿਆਰ ਸਨ। ਉਹ ਝੱਟ ਜਵਾਬ ਦਿੰਦੇ ਹਨ: 'ਮੈਂ ਇਹੀ ਤਾਂ ਕਹਿੰਨਾਂ ਕਿ ਇਸਦਾ ਮਤਲਬ ਹੋਵੇਗਾ ਕਿ ਸਿੰਘ ਸਾਹਿਬ ਨੇ ਇਨ੍ਹਾਂ ਦੀ ਕਮੇਟੀ ਨੂੰ ਮੰਨ ਲਿਆ। ਇਹ ਤਾਂ ਅਕਾਲ ਤਖਤ ਦੀ ਇਮਾਰਤ ਢੱਠਣ ਤੋਂ ਕਿਤੇ ਵੱਡਾ ਘੱਲੂਘਾਰਾ ਵਾਪਰੇਗਾ। ਜਿਸ ਨਾਲ ਅਕਾਲ ਤਖਤ ਦੀ ਸਰਬਉਚਤਾ ਦਾ ਸਾਰਾ ਸਿਧਾਂਤ ਹੀ ਢਹਿ-ਢੇਰੀ ਹੋ ਜਾਵੇਗਾ'। ਪ੍ਰੋ. ਹਰਵਿੰਦਰ ਭੱਟੀ ਆਪਣੀ ਨਪੀ-ਤੁਲੀ ਸੰਜਮੀ ਸ਼ੈਲੀ ਵਿਚ ਆਪਣੇ ਕਿਸੇ ਸਿਆਣੇ ਮਿੱਤਰ ਦੀ ਚਿੰਤਾ ਦਾ ਹਵਾਲਾ ਦਿੰਦਿਆਂ, ਮੋੜਵਾਂ ਸਵਾਲ ਕਰਦੇ ਹਨ, ਕੀ ਅਕਾਲ ਤਖਤ ਸਿਰਫ ਬਾਦਲ ਅਕਾਲੀ ਦਲ ਦੀ ਜਵਾਬ-ਤਲਬੀ ਤੱਕ ਹੀ ਸੀਮਤ ਹੈ। ਕੀ ਹੋਰ ਪੰਥਕ ਧਿਰਾਂ ਵਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ 'ਤੇ ਚੈਕ ਰੱਖਣ ਦਾ ਵੀ ਜਥੇਦਾਰਾਂ ਦਾ ਕੋਈ ਇਖਲਾਕੀ ਸਰੋਕਾਰ ਹੈ? ਵਿਦਵਾਨ ਪ੍ਰੋ. ਸਾਹਿਬ ਦੇ ਇਨ੍ਹਾਂ ਬੋਲਾਂ ਨੂੰ ਸੁਣਦਿਆਂ, ਵਿਚਾਰ ਚਰਚਾ ਦੇ ਕਿਸੇ ਸਹੀ ਦਿਸ਼ਾ ਵਿਚ ਜਾਣ ਦੀ ਉਮੀਦ ਬੱਝਦੀ ਹੈ। ਫਿਰ ਉਹ ਇੱਕਦਮ ਆਪਣੀ ਸੰਜਮੀ ਧਰਾਤਲ ਨੂੰ ਛੱਡਦਿਆਂ, ਪੁੱਠੀ ਛਲਾਂਗ ਮਾਰਦਿਆਂ, ਜਗਤਾਰ ਸਿੰਘ ਤੋਂ ਵੀ ਪਾਰ ਜਾ ਡਿਗਦੇ ਹਨ ਕਿ ਜਥੇਦਾਰ ਰਘਬੀਰ ਸਿੰਘ ਅਤੇ ਸੁਖਬੀਰ ਬਾਦਲ, ਕਿੱਧਰੇ ਉਨ੍ਹਾਂ ਦੀ ਘੇਰਾਬੰਦੀ ਵਿਚੋਂ ਨਿਕਲ ਨਾ ਜਾਣ। ਉਹ ਉਨ੍ਹਾਂ ਦੀ ਗੁਗਲੀ ਪਿੱਚ 'ਤੇ ਗੇਂਦਾਂ ਦੀ ਬੁਛਾੜ ਲਾ ਦਿੰਦੇ ਹਨ। ਉਹ ਅਜਿਹਾ ਅਲੌਕਿਕ ਨਜ਼ਾਰਾ ਕਿਵੇਂ ਬੰਨ੍ਹਦੇ ਹਨ, ਇਸਦੇ ਵਿਸਥਾਰ ਵਿਚ ਜਾਣ ਦੀ ਇਸ ਲੇਖ ਵਿਚ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਤਿੰਨਾਂ ਮਾਹਿਰਾਂ ਦੀ 'ਗੁਗਲੀ ਕਲਾ' ਦੀ ਕਰਤਾਰੀ ਪ੍ਰਤਿਭਾ ਨੂੰ ਦੇਖਣ ਲਈ ਸਰੋਤਿਆਂ ਨੂੰ ਪੂਰੀ ਵੀਡੀਓ ਦੇਖਣ ਦੀ ਸਿਫਾਰਸ਼ ਹੈ। ਇਸ ਸਾਰੇ ਨਾਟਕ ਵਿਚ ਇਨ੍ਹਾਂ ਪ੍ਰਮੁੱਖ ਪਾਤਰਾਂ ਤੋਂ ਥੋੜੀ ਵਿੱਥ 'ਤੇ, ਪਰ ਇਨ੍ਹਾਂ ਵਾਂਗ ਹੀ ਪੂਰੇ ਜਾਹੋ-ਜਲਾਲ ਨਾਲ ਆਪਣੀ ਭੂਮਿਕਾ ਨਿਭਾਉਣ ਵਾਲੇ ਅਤੇ ਥੋੜੀ ਜਿਹੀ ਕਾਮਰੇਡੀ ਲਾਗ ਵਾਲੇ ਚੰਚਲ ਮਨੋਹਰ ਸਿੰਘ ਬੇਦੀ ਦਾ ਜ਼ਿਕਰ ਨਾ ਕਰਨਾ, ਉਨ੍ਹਾਂ ਨਾਲ ਸ਼ਾਇਦ ਬੇਇਨਸਾਫੀ ਹੋਵੇਗੀ। ਪ੍ਰੰਤੂ ਸ. ਬੇਦੀ, ਇਨ੍ਹਾਂ ਜਿੰਨਾ ਖਤਰਨਾਕ ਗਹਿਰ ਗੰਭੀਰਾ ਨਹੀਂ ਹੈ, ਉਸਦੀ ਪੇਸ਼ਕਾਰੀ ਤੋਂ ਸਾਫ ਪਤਾ ਲਗਦਾ ਹੈ ਕਿ ਉਹ ਢਿੱਡੋਂ ਹੱਸ ਰਿਹਾ ਹੈ। 1978 ਤੋਂ ਬਾਅਦ 'ਸੱਚਾ ਸੌਦਾ' ਵਾਲੇ ਵਿਵਾਦ ਨੇ ਸਾਡੇ ਭਾਈਚਾਰੇ ਦੇ ਵਿਦਵਾਨਾਂ ਨੂੰ ਪਿਛਲੀ ਅੱਧੀ ਸਦੀ ਤੋਂ ਬੁਰੀ ਤਰ੍ਹਾਂ ਉਲਝਾਇਆ ਹੋਇਆ ਹੈ। ਕੀ ਸਾਡੇ ਸਿੱਖ ਵਿਦਵਾਨਾਂ ਨੂੰ ਅਜਿਹੇ ਧਾਰਮਿਕ ਮੁੱਦਿਆਂ ਤੋਂ ਬਿਨਾ ਪੰਜਾਬ ਜਾਂ ਸਿੱਖਾਂ ਦੇ ਭਵਿੱਖ ਲਈ ਕੋਈ ਹੋਰ ਮੁੱਦੇ ਨਹੀਂ ਦਿਸਦੇ? ਜੇ ਵਿਦਵਾਨਾਂ ਨੇ ਸਿਰਫ ਅਜਿਹੇ ਧਾਰਮਿਕ ਮੁੱਦਿਆਂ ਤੱਕ ਹੀ ਸੀਮਤ ਰਹਿਣਾ ਹੈ ਤਾਂ ਕੀ ਇਨ੍ਹਾਂ ਮੁੱਦਿਆਂ ਬਾਰੇ ਵੀ ਦੂਰ-ਅੰਦੇਸ਼ੀ ਵਾਲੀ ਬੈਲੇਂਸ ਅਪਰੋਚ ਨਾਲ ਪੁਨਰ-ਵਿਚਾਰ ਨਹੀਂ ਕਰਨਾ ਚਾਹੀਦਾ? ਕੀ ਅਸੀਂ ਖੁਦਗਰਜ਼ ਰਾਜਸੀ ਨੇਤਾਵਾਂ ਮਗਰ ਲੱਗ ਕੇ ਹਵਾ 'ਚ ਨੰਗੀਆਂ ਤਲਵਾਰਾਂ ਘੁੰਮਾ-ਘੁੰਮਾ ਕੇ ਆਪਣੇ ਲੋਕਾਂ ਨੂੰ ਭੜਕਾਈ ਰੱਖਣ ਦੀ ਖੇਡ ਕਦੀ ਤਿਆਗਣੀ ਹੀ ਨਹੀਂ ਹੈ?

ਤਸੱਲੀ ਵਾਲੀ ਗੱਲ ਇਹ ਹੈ ਕਿ ਪਿਛਲੇ ਅੱਠ ਮਹੀਨਿਆਂ ਤੋਂ ਲਗਾਤਾਰ ਚੱਲਦੀ ਆ ਰਹੀ ਇਸ ਸਾਰੀ ਬਹਿਸ ਚਰਚਾ ਦੌਰਾਨ ਸ. ਚੰਚਲ ਮਨੋਹਰ ਸਿੰਘ ਦੇ 'ਅੰਮ੍ਰਿਤ ਸੰਚਾਰ' ਚੈਨਲ ਉਪਰ ਆਖਰ 11 ਫਰਵਰੀ ਨੂੰ 'ਸਾਬਕਾ ਜਥੇਦਾਰਾਂ ਨੂੰ ਹਾਥੀ 'ਤੇ ਬਿਠਾ ਕੇ ਲਿਆਇਆ ਜਾਂਦਾ' ਸਿਰਲੇਖ ਹੇਠ ਸਾਬਕਾ ਵਾਈਸ ਚਾਂਸਲਰ ਅਤੇ ਨਿਮਰ ਸਿੱਖ ਚਿੰਤਕ ਡਾ. ਐਸ ਪੀ ਸਿੰਘ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਅਕਾਲੀ ਨੇਤਾਵਾਂ ਬਾਰੇ ਸੰਤੁਲਿਤ ਅਤੇ ਰੂਹ ਨੂੰ ਠਾਰਨ ਵਾਲਾ ਪ੍ਰਵਚਨ ਸੁਣਨ ਨੂੰ ਮਿਲਿਆ ਹੈ। ਇਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਸੰਸਥਾ ਦੀ ਸ਼ਾਨ ਦੀ ਰਾਖੀ ਲਈ ਭਾਈਚਾਰੇ ਦੇ ਹਰ ਮੈਂਬਰ ਨੂੰ ਸੁਣਨਾ ਚਾਹੀਦਾ ਹੈ। ਬਿਹਤਰ ਹੈ ਕਿ ਡਾ. ਐਸ ਪੀ ਸਿੰਘ ਦੇ ਇਸ ਮੁੱਲਵਾਨ ਪ੍ਰਵਚਨ ਨੂੰ ਇਸੇ ਦਿਨ 'ਪੰਜਾਬ ਟੈਲੀਵਿਜਨ' ਉਪਰ 'ਚੱਕ ਕੇ ਲਿਹਾਜ਼; ਛੇੜਤਾ ਯੁੱਧ ਜਥੇਦਾਰ ਨੇ' ਸਿਰਲੇਖ ਹੇਠਲੀ ਵੀਡੀਓ ਅੰਦਰ ਸ. ਜਗਤਾਰ ਸਿੰਘ ਅਤੇ ਖਾਸ ਕਰਕੇ ਤਰਲੋਚਨ ਸਿੰਘ ਦਿੱਲੀ ਦੇ ਬੇਸਿਰ ਪੈਰ, ਭੜਕਾਊ ਪ੍ਰਵਚਨਾਂ ਨਾਲ ਜੋੜ ਕੇ ਪੜ੍ਹਿਆ ਜਾਵੇ।

ਕੀ ਉਪਰਲੀ ਸਾਰੀ ਬਹਿਸ ਚਰਚਾ ਦੇ ਪ੍ਰਸੰਗ ਵਿਚ ਪ੍ਰੋ. ਗੋਬਿੰਦਰ ਸਿੰਘ ਦਾ ਇਹ ਕਥਨ ਠੀਕ ਨਹੀਂ ਹੈ: 'ਸਭ ਨੂੰ ਪਤਾ ਹੈ ਕਿ ਅਕਾਲ ਤਖਤ 'ਤੇ ਜਥੇਦਾਰ ਨਹੀਂ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਹਨ। ਅਕਾਲ ਤਖਤ ਦਾ ਜਥੇਦਾਰ ਤਾਂ ਉਨ੍ਹਾਂ ਦਾ ਸੇਵਾਦਾਰ ਹੈ। ਜਿਸਦਾ ਕੰਮ ਪੇਸ਼ ਹੋਏ ਮਸਲੇ 'ਤੇ ਸ਼ਬਦ ਗੁਰੂ ਵਿਚੋਂ ਹੁਕਮਨਾਮਾ ਲੈ ਕੇ, ਇਸਦਾ ਭਾਵ ਦੂਜੇ ਸਿੰਘ ਸਾਹਿਬਾਨ ਦੀ ਮੱਦਦ ਨਾਲ ਪ੍ਰਤੀਆਸ਼ੀ ਨੂੰ ਸਮਝਾ ਦੇਣਾ ਹੈ। ਸਭ ਕੁਝ ਜਾਣਦੇ ਹੋਏ ਵੀ ਸਾਡੇ ਵਿਦਵਾਨ ਅਜਿਹੇ ਕਾਰਜਾਂ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਮਗਰ ਕਿਉਂ ਪਏ ਰਹਿੰਦੇ ਹਨ, ਜੋ ਕਿ ਉਸਦੇ ਅਧਿਕਾਰ ਖੇਤਰ ਵਿਚ ਹੈ ਹੀ ਨਹੀਂ"?

**ਅੰਤਿਕਾ:** 'ਸਾਕਾ ਨੀਲਾ ਤਾਰਾ' ਦੀ ਤ੍ਰਾਸਦੀ ਦੀ ਯਾਦ ਸਿੱਖ ਮਾਨਸਿਕਤਾ ਅੰਦਰ ਸੂਲ ਵਾਂਗੂੰ ਪੁੜੀ ਹੋਈ ਹੈ ਅਤੇ ਅਜੇ ਪਤਾ ਨਹੀਂ ਕਦੋਂ ਤੱਕ ਇਸਨੇ ਇਸੇ ਤਰ੍ਹਾਂ ਚਸਕਦੇ ਰਹਿਣਾ ਹੈ। ਇਸ ਲਈ ਮੈਡਮ ਇੰਦਰਾ ਗਾਂਧੀ ਦੀ ਜ਼ਿਦ ਅਤੇ ਮੁਜਰਮਾਨਾ ਕਾਰਵਾਈ ਨੂੰ ਸਾਡੇ ਆਪਣੇ ਤਾਂ ਕੀ ਵਿਰੋਧੀ ਵੀ ਗਲਤ ਮੰਨਦੇ ਹਨ। ਸੰਤ ਭਿੰਡਰਾਂਵਾਲੇ ਦੀ ਅਗਵਾਈ ਹੇਠ ਉਨ੍ਹਾਂ ਦੇ ਪੈਰੋਕਾਰਾਂ ਨੇ ਪੂਰੀ ਦਲੇਰੀ ਨਾਲ '84 ਤੋਂ ਬਾਅਦ ਹਥਿਆਰਬੰਦ ਲੜਾਈ ਲੜੀ। ਉਨ੍ਹਾਂ ਦੀ ਜਾਂਬਾਜ਼ੀ ਦੇ ਕਿੱਸੇ ਲਿਖੇ ਗਏ ਹਨ ਅਤੇ ਹੋਰ ਬਥੇਰੇ ਲਿਖੇ ਜਾਂਦੇ ਰਹਿਣਗੇ। ਪ੍ਰੰਤੂ ਦੋਹਾਂ ਦੀ ਲੜਾਈ ਨੂੰ ਹਿੰਸਕ ਤੇ ਦੁਖਾਂਤਕ ਸਿਖਰ ਵੱਲ ਧੱਕ ਕੇ ਲਿਜਾਣ ਲਈ ਪੇਸ਼ਾਵਰ ਸੁਪਨਸਾਜ਼ਾਂ ਅਤੇ ਗੁਗਲੀਬਾਜ਼ਾਂ ਦੀ ਅਹਿਮ ਭੂਮਿਕਾ ਅਜੇ ਤੱਕ ਹਨ੍ਹੇਰੇ ਵਿਚ ਹੀ ਰਹੀ ਹੈ। ਪ੍ਰੋ. ਬਲਕਾਰ ਸਿੰਘ ਵਰਗੇ ਇਨਸਾਨ ਤੋਂ ਵੱਧ ਇਸ ਕਿਸਮ ਦੀਆਂ ਫੌਜਾਂ ਦੇ ਖਤਰਨਾਕ ਸ਼ੌਕ ਬਾਰੇ ਸਾਰੀ ਜਾਣਕਾਰੀ ਕਿਸਨੂੰ ਹੋ ਸਕਦੀ ਹੈ? ਇਸ ਕਰਕੇ ਸਿੱਖ ਭਾਈਚਾਰੇ ਨੂੰ ਨਿਰੰਕਾਰੀ ਕਾਂਡ ਤੋਂ ਹੁਣ ਤੱਕ ਦੇ ਦੁਖਾਂਤ ਜਾਂ ਇਤਿਹਾਸ ਵਿਚ ਅਜਿਹੇ ਲੋਕਾਂ ਵਲੋਂ ਨਿਭਾਈ ਭੂਮਿਕਾ ਦਾ ਇਤਿਹਾਸ ਵੀ ਜ਼ਰੂਰ ਲਿਖ ਦੇਣਾ ਚਾਹੀਦਾ ਹੈ। ***(ਸਮਾਪਤ)***

# ਕਾਸ਼ ! ਮਿਟ ਜਾਵਣ ਇਹ ਲੀਕਾਂ



## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਲੀਕਾਂ ਸਾਡੇ ਚਾਰੇ ਪਾਸੇ। ਲੀਕਾਂ ਦਾ ਕੇਹਾ ਧੁੰਦੂਕਾਰਾ, ਕੇਹਾ ਵਰਤਾਰਾ ਕਿ ਇਸ ਵਿਚ ਉਲਝ ਕੇ ਰਹਿ ਗਿਆ ਸਮੁੱਚਾ ਸੰਸਾਰਾ। ਕੁਝ ਸਿੱਧੀਆਂ, ਕੁਝ ਵਿੰਗੀਆਂ, ਕੁਝ ਗੋਲਾਕਾਰ ਅਤੇ ਕੁਝ ਟੁੱਟਵੀਆਂ। ਇਹ ਲੀਕਾਂ ਸਾਡੀ ਜ਼ਿੰਦਗੀ ਨੂੰ ਬਹੁਤ ਸਾਰੇ ਤਰੀਕਿਆਂ ਨਾਲ ਪ੍ਰਭਾਵਿਤ ਕਰਦੀਆਂ।

ਮਸਤਕ ਤੇ ਉੱਕਰੀਆਂ ਲੀਕਾਂ ਨੂੰ ਅਕਸਰ ਕਰਮ-ਰੇਖਾਵਾਂ ਕਿਹਾ ਜਾਂਦਾ। ਪਰ ਕਰਮ-ਰੇਖਾਵਾਂ ਤਾਂ ਮਨੁੱਖ ਵੱਲੋਂ ਆਪਣੇ ਕਰਮ-ਧਰਮ ਰਾਹੀਂ ਸਿਰਜੀਆਂ ਜਾਂਦੀਆਂ। ਕਦੇ ਮੱਥੇ ਦੀਆਂ ਲਿਖੀਆਂ ਨੂੰ ਪੜ੍ਹਨਾ ਅਤੇ ਫਿਰ ਇਸ ਵਿਚੋਂ ਕਿਸੇ ਦੇ ਜੀਵਨ ਨੂੰ ਪ੍ਰਭਾਸ਼ਤ ਕਰਨਾ, ਕੁਝ ਕੁ ਵਿਰਲਿਆਂ ਦਾ ਸਬੱਬ। ਬਹੁਤ ਕਰਮਾਂ ਵਾਲੇ ਉਹ ਹੱਥ ਹੁੰਦੇ ਜੋ ਕਰਮ-ਰੇਖਾਵਾਂ ਦੇ ਸਿਰਜਣਹਾਰੇ। ਇਸ ਤੋਂ ਜ਼ਿਆਦਾ ਵਡਭਾਗੀ ਉਹ ਹੱਥ ਜੋ ਕਰਮਹੀਣਾਂ ਦੇ ਕਰਮਾਂ ਲਈ ਤਰਜ਼ੀਹਾਂ ਬਣਦੇ।

ਕਈ ਵਾਰ ਮੱਥੇ ਤੇ ਉੱਗਣ ਵਾਲੀਆਂ ਲੀਕਾਂ ਈਰਖਾ, ਘ੍ਰਿਣਾ, ਨਫ਼ਰਤ, ਗ਼ੁੱਸਾ, ਅਵੱਗਿਆ ਨੂੰ ਵੀ ਪ੍ਰਗਟਾਉਂਦੀਆਂ। ਇਹ ਲੀਕਾਂ ਮਰਨ-ਮਿੱਟੀ ਵੀ ਬਣਦੀਆਂ, ਸਮਾਜਿਕ ਵਰਤਾਰਿਆਂ ਵਿਚ ਵੰਡੀਆਂ ਪਾਉਣ ਅਤੇ ਰਿਸ਼ਤਿਆਂ, ਸਬੰਧਾਂ ਤੇ ਸਾਝਾਂ ਵਿਚ ਤਿੜਕਣ ਅਤੇ ਚੀਸ ਵੀ ਹੁੰਦੀਆਂ। ਅਜਿਹੀਆਂ ਲੀਕਾਂ ਮੱਥੇ ਦਾ ਵਿਗਾੜ ਅਤੇ ਵਿਅਕਤੀਤਵ ਦਾ ਧੁੰਧਲਕਾ। ਇਸ ਤੋਂ ਬਚਣਾ ਹੀ ਮਾਨਵੀ ਮਾਰਗ ਨੂੰ ਜਾਣ ਦਾ ਉੱਦਮ।

ਮੱਥੇ ਦੀ ਕੇਹੀ ਕਿਸਮਤ ਕਿ ਉਹ ਲੀਕਾਂ ਦੇ ਬਹੁਤ ਸਾਰੇ ਰੰਗਾਂ ਨੂੰ ਆਪਣੀ ਧਰਾਤਲ 'ਤੇ ਉਪਜਾਉਂਦਾ। ਇਨ੍ਹਾਂ ਰੰਗਾਂ ਵਿਚ ਸਭ ਤੋਂ ਉੱਤਮ ਹੈ ਬਜ਼ੁਰਗਾਂ ਦੇ ਚਿਹਰਿਆਂ ਤੇ ਝੁਰੜੀਆਂ ਦੀ ਕਲਾਕਾਰੀ ਜਿਸ ਵਿਚੋਂ ਤੁਸੀਂ ਉਨ੍ਹਾਂ ਦੀ ਹੰਢਾਈ ਜ਼ਿੰਦਗੀ ਦੇ ਨਕਸ਼, ਉਨ੍ਹਾਂ ਦੇ ਜੀਵਨ ਦੀਆਂ ਪ੍ਰਾਪਤੀਆਂ, ਸੁਖਨ, ਜੀਵਨ ਦਾ ਸੱਚ-ਕੱਚ, ਤਜਰਬਿਆਂ ਤੇ ਤਲਖ਼ੀਆਂ ਵਿਚੋਂ ਆਪਣੀ ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ ਅਤੇ ਸੰਦੇਸ਼ਮਈ ਸੰਦੇਸ਼ ਪ੍ਰਾਪਤ ਕਰ ਸਕਦੇ ਹੋ। ਯਾਦ ਰਹੇ ਕਿ ਬਜ਼ੁਰਗਾਂ ਦੀਆਂ ਸੁਮੱਤਾਂ ਹੀ ਸਾਡੇ ਲਈ ਸਭ ਤੋਂ ਮਹੱਤਵਪੂਰਨ ਰਾਹ-ਦਸੇਰਾ। ਬਜ਼ੁਰਗਾਂ ਨੂੰ ਮਿਲਦੇ ਰਹੋ ਅਤੇ ਉਨ੍ਹਾਂ ਦੀ ਸੰਗਤ ਵਿਚੋਂ ਉਹ ਕੁਝ ਪ੍ਰਾਪਤ ਕਰ ਲਵੋਗੇ ਜੋ ਹੋਰ ਕਿਸੇ ਨੇ ਤੁਹਾਨੂੰ ਨਹੀਂ ਦੇਣੀਆਂ?

ਮਿਹਨਤਕਸ਼ ਦੇ ਹੱਥਾਂ 'ਤੇ ਪਏ ਰਟਨ ਅਜਿਹੀਆਂ ਲਕੀਰਾਂ ਹੁੰਦੀਆਂ, ਜਿਨ੍ਹਾਂ ਵਿਚੋਂ ਝਲਕਦਾ ਹੈ ਸਿਰੜ, ਸਾਧਨਾ, ਸਖ਼ਤ, ਮਿਹਨਤ, ਸੁਪਨਸਾਜੀ ਦਾ ਸੱਚ ਅਤੇ ਮੁੜ੍ਹਕੇ ਦੇ ਮੋਤੀ। ਇਹ ਮੁੜ੍ਹਕੇ ਦੀ ਮਹਿਕ ਹੀ ਹੁੰਦੀ ਜੋ ਤੁਹਾਡੇ ਚੌਗਿਰਦੇ ਨੂੰ ਮਹਿਕਾਉਂਦੀ ਤੇ ਤੁਹਾਡੇ ਸਮੁੱਚ ਨੂੰ ਸੁਗੰਧਿਤ ਕਰਦੀ।

ਅੱਡੀਆਂ ਦੀਆਂ ਫੱਟੀਆਂ ਬਿਆਈਆਂ 'ਚੋਂ ਸਪਸ਼ਟ ਹੁੰਦਾ ਕੀਤੇ ਸਫ਼ਰਾਂ ਦਾ ਇਤਿਹਾਸ, ਹੱਲ ਵਾਹੁੰਦਿਆਂ ਖੇਤਾਂ ਵਿਚ ਬੀਜੀ ਆਸ, ਡੰਡੀਆਂ ਨੂੰ ਪਹਿਆਂ ਦਾ ਨਾਮਕਰਨ ਅਤੇ ਸਿਆਲਾਂ 'ਚ ਸੱਪਾਂ ਦੀਆਂ ਸਿਰੀਆਂ ਮਿੱਧਣ ਦੀ ਦਸਤਾਵੇਜ਼।

ਕਈ ਵਾਰ ਮਾਂ ਦੀਆਂ ਕੰਧ 'ਤੇ ਮਾਰੀਆਂ ਦਾ ਰੁਦਨ ਕਾਗ਼ਜ਼ ਨੂੰ ਭਿਉਂ ਦਿੰਦਾ;

ਮਾਂ ਮੇਰੀ ਕੰਧਾਂ ਤੇ ਲੀਕਾਂ ਤਾਂ ਉਲੀਕਦੀ ਹੋਣੀ।
ਖੜਾਕ ਸੁਣ ਬੂਹੇ ਵੰਨੀਂ ਪੈਰ ਧਰੀਕਦੀ ਹੋਣੀ।
ਮੈਥੋਂ ਹੀ ਹੁਣ ਵਾਪਸ ਮੁੜਿਆ ਨਹੀਂ ਜਾਣਾ,
ਉਂਜ ਤਾਂ ਹਰ ਪਲ ਮਾਂ ਮੈਨੂੰ ਉਡੀਕਦੀ ਹੋਣੀ।

ਅਕਸਰ ਹੀ ਬੰਦਾ ਕਈ ਵਾਰ ਕਈ ਲੀਕਾਂ ਵਾਹੁੰਦਾ-ਵਾਹੁੰਦਾ ਖ਼ੁਦ ਵੀ ਇਕ ਲੀਕ ਬਣ ਜਾਂਦਾ;

ਮੈਂ ਬਹੁਤ ਲੀਕਾਂ ਵਾਹੁੰਦਾ ਰਿਹਾ
ਨਾਲ ਹੀ ਲੀਕਾਂ ਮਿਟਾਉਂਦਾ ਰਿਹਾ
ਪਰ
ਫਿਰ ਵੀ ਕੁਝ ਜ਼ਿੱਦੀ ਲੀਕਾਂ
ਮੇਰੇ ਸੋਚ ਸਫ਼ੇ 'ਤੇ
ਸਦਾ ਲਈ ਉੱਕਰੀਆਂ ਗਈਆਂ।

ਧਰਤ ਤੇ ਵਾਹੀਆਂ ਲੀਕਾਂ ਦੇਸ਼ਾਂ ਦੀ ਨਿਸ਼ਾਨਦੇਹੀ। ਦੇਸ਼ ਵਿਚਲੀਆਂ ਲੀਕਾਂ ਸੂਬਿਆਂ ਦਾ ਨਾਮ। ਸੂਬਿਆਂ ਵਿਚਲੀਆਂ ਲੀਕਾਂ ਜ਼ਿਲ੍ਹੇ ਅਤੇ ਜ਼ਿਲ੍ਹੇ ਵਿਚਲੀਆਂ ਪਿੰਡ। ਪਿੰਡ ਵਿਚਲੀਆਂ ਲੀਕਾਂ ਪੱਤੀਆਂ ਵਿਚ ਵੰਡ ਹੋ ਜਾਂਦੀਆਂ ਅਤੇ ਪੱਤੀਆਂ ਵਿਚੋਂ ਹੀ ਘਰ ਉੱਗਦੇ। ਘਰ ਵਿਚਲੀਆਂ ਲੀਕਾਂ ਨਾਲ ਘਰ ਦਲਾਨ, ਵਿਹੜਾ, ਰਸੋਈ, ਗ਼ੁਸਲਖ਼ਾਨਾ, ਕੋਠੜੀ ਆਦਿ ਵਿਚ ਤਕਸੀਮ ਹੋ ਜਾਂਦਾ।

ਬੰਦੇ ਦੀ ਕੇਹੀ ਫ਼ਿਤਰਤ ਕਿ ਉਹ ਲੀਕਾਂ ਵਾਹੁਣ ਵਿਚ ਲੀਨ। ਕਦੇ ਉਹ ਇਹ ਸੋਚਦਾ ਹੀ ਨਹੀਂ ਕਿ ਲੀਕਾਂ ਵਾਹੁਣ ਨਾਲੋਂ ਵੀ ਜ਼ਿਆਦਾ ਅਹਿਮ ਹੁੰਦਾ ਬੇਲੋੜੀਆਂ ਲੀਕਾਂ ਨੂੰ ਮਿਟਾ ਦੇਣਾ। ਸਮਾਜ ਵਿਚ ਬੰਦੇ ਦੀਆਂ ਵਾਹੀਆਂ ਲੀਕਾਂ ਹੀ ਜਾਤ-ਪਾਤ, ਉੱਚ-ਨੀਚ ਅਤੇ ਵਰਨ-ਵੰਡ ਦੀ ਉਪਜ। ਮੰਨੂ ਮਾਨਸਿਕਤਾ ਤੋਂ ਉੱਪਰ ਉੱਠਣਾ ਹੀ ਮਨੁੱਖ ਦਾ ਅਸਲੀ ਧਰਮ। ਮਨੁੱਖੀ ਮਾਨਸਿਕਤਾ ਵਿਚਲੀ ਸੰਕੀਰਨਤਾ ਨੇ ਧਾਰਮਿਕ ਆਸਥਾ ਵਿਚ ਕੇਹੀਆਂ ਲੀਕਾਂ ਵਾਹੀਆਂ ਕਿ ਬੰਦਾ ਹਿੰਦੂ, ਈਸਾਈ, ਮੁਸਲਮਾਨ, ਸਿੱਖ, ਬੋਧੀ, ਜੈਨੀ ਰੂਪਾਂ ਵੰਡਿਆਂ ਗਿਆ। ਬੰਦਾ, ਬੰਦਾ ਹੀ ਨਾ ਰਿਹਾ। ਪਤਾ ਨਹੀਂ ਕਦੋਂ ਬੰਦਾ, ਬੰਦਾ ਬਣੇਗਾ। ਹੁਣ ਤਾਂ ਖ਼ੁਦਾ ਵੀ ਪੁੱਛਦਾ ਕਿ ਮੇਰਾ ਬੰਦਾ ਕਿਧਰ ਗਿਆ? ਪਤਾ ਨਹੀਂ ਧਾਰਮਿਕ ਸੰਕੀਰਨਤਾ ਨੇ ਨਿਗਲ ਲਿਆ ਜਾਂ ਫ਼ਿਰਕਾਪ੍ਰਸਤੀ 'ਚ ਉੱਧਲ ਗਿਆ।

ਕਈ ਵਾਰ ਅਜਿਹਾ ਵੀ ਹੁੰਦਾ ਕਿ ਘਰ 'ਚ ਲੀਕਾਂ ਉੱਗਦੀਆਂ ਤਾਂ ਘਰ ਟੋਟਿਆਂ ਵਿਚ ਵੰਡਿਆ ਨਿੱਕੇ ਨਿੱਕੇ ਮਕਾਨ ਬਣ ਜਾਂਦਾ।

ਬਾਪ ਦੇ ਜਾਣ ਤੋਂ ਇਕ ਦਮ ਬਾਅਦ ਹਾਬੜੀ ਔਲਾਦ ਵੱਲੋਂ ਜਦ ਜ਼ਮੀਨ-ਜਾਇਦਾਦ ਵਿਚ ਲੀਕਾਂ ਵਾਹੁੰਦੀ ਤਾਂ ਖੇਤਾਂ ਅਤੇ ਘਰ ਵਿਚ ਉੱਗਿਆ ਹਉਕਾ ਕਈ ਫ਼ਸਲਾਂ ਅਤੇ ਨਸਲਾਂ ਬਰਬਾਦ ਕਰ ਦਿੰਦਾ।

ਟੁੱਟਦੇ ਤਾਰੇ ਵੱਲੋਂ ਰਾਤ ਦੀ ਹਿੱਕ 'ਚ ਪਾਈ ਚਾਨਣ-ਲੀਕ ਅੰਬਰ ਦੀ ਹਿੱਕ ਵਿਚ ਚੀਰ ਪਾਉਂਦੀ, ਅਸਮਾਨ ਤੜਫ਼ਦਾ। ਪਰ ਅੰਬਰ ਕਦੇ ਵੀ ਦੋਫਾੜ ਨਹੀਂ ਹੁੰਦਾ। ਕਿਉਂਕਿ ਚਾਨਣ ਦੇ ਵਣਜਾਰੇ ਅੰਬਰ ਨੂੰ ਕੌਣ ਵੰਡ ਸਕਦਾ। ਚਾਨਣ ਕਦੇ ਮਰਿਆ ਨਹੀਂ ਕਰਦੇ।

ਪਾਣੀ ਤੇ ਜਿੰਨੀਆਂ ਵੀ ਲੀਕਾਂ ਵਾਹ ਲਓ, ਸਭ ਹੀ ਮਿਟ ਜਾਣੀਆਂ ਕਿਉਂਕਿ ਪਾਣੀ ਵਿਚ ਕੋਈ ਵੀ ਚੀਰ ਨਹੀਂ ਪਾ ਸਕਦਾ। ਨਾ ਹੀ ਇਹ ਲੀਕਾਂ ਪਾਣੀ ਦੀ ਤਾਸੀਰ ਬਦਲ ਸਕਦੀਆਂ ਭਾਵੇਂ ਕਿ ਅੰਗਰੇਜ਼ ਹਾਕਮਾਂ ਨੇ ਬੜਾ ਜ਼ੋਰ ਲਾ ਲਿਆ ਸੀ- ਹਿੰਦੂ ਪਾਣੀ ਅਤੇ ਮੁਸਲਮਾਨ ਪਾਣੀ ਬਣਾ ਕੇ। ਪਰ ਨਾ ਤਾਂ ਪਾਣੀ ਹੀ ਵੰਡਿਆ ਗਿਆ ਅਤੇ ਨਾ ਹੀ ਭਾਈਚਾਰਾ ਟੁਕੜੇ ਟੁਕੜੇ ਹੋਇਆ।

ਬੰਦਾ ਇਹ ਜਾਣਦਾ ਹੋਇਆ ਕਿ ਪਾਣੀ ਨੂੰ ਵੰਡਿਆ ਨਹੀਂ ਜਾ ਸਕਦਾ। ਪਰ ਫਿਰ ਉਹ ਸਮੁੰਦਰਾਂ ਦੀ ਵੰਡ-ਵੰਡਾਈ ਵਿਚ ਉਲਝਿਆ ਹੋਇਆ ਹੈ। ਪਾਣੀ ਨੇ ਬੰਦੇ ਨੂੰ ਕਦੇ ਨਹੀਂ ਦੱਸਣਾ ਕਿ ਉਹ ਕਿਹੜੇ ਸਮੁੰਦਰ ਤੋਂ ਹੋ ਕੇ ਕਿਹੜੇ ਸਮੁੰਦਰ ਨੂੰ ਮਿਲਣ ਗਿਆ। ਪਾਣੀਆਂ ਦੇ ਸੰਗਮ ਹੁੰਦੇ ਨਾ ਕਿ ਹੱਦਬੰਦੀ।

ਬੰਦੇ ਦਾ ਕਰਮ ਹੀ ਲੀਕਾਂ ਵਾਹੋ ਅਤੇ ਲੀਕਾਂ ਮਿਟਾਓ। ਪਰ ਕਿੰਨੀਆਂ ਵੀ ਲੀਕਾਂ ਮਿਟਾ ਦਿਓ, ਕਿਸੇ ਨਾ ਕਿਸੇ ਲਕੀਰ ਦੇ ਨਕਸ਼ ਅਮਿੱਟ ਹੁੰਦੇ। ਇਹ ਅਮਿੱਟ ਲੀਕਾਂ ਹੀ ਨੇ ਜਿਨ੍ਹਾਂ ਨੇ ਮੁਲਕ ਵੰਡੇ ਪਰਿਵਾਰ, ਭਾਈਚਾਰਾ, ਵਿਰਾਸਤ ਅਤੇ ਆਖ਼ਰ ਬੰਦੇ ਨੂੰ ਅਮੀਰ-ਗ਼ਰੀਬ ਵਿਚ ਵੰਡਿਆ।

ਬੰਦੇ ਦੇ ਮਨ ਵਿਚ ਉੱਗੀਆਂ ਇਹ ਕੇਹੀਆਂ ਮਾਨਸਿਕ ਲੀਕਾਂ ਜਿਸ ਨੇ ਬੰਦੇ ਦੀ ਮਾਨਸਿਕਤਾ ਵਿਚ ਬਹੁਤ ਕੁਝ ਭਰ ਦਿੱਤਾ। ਬੰਦਾ ਹਾਲਾਤ, ਮਜਾਜ਼, ਵਰਤਾਰਾ ਅਤੇ ਨਿੱਜੀ ਮੁਫ਼ਾਦ ਦੇਖ ਕੇ ਖ਼ੁਦ ਨੂੰ ਮਨ-ਪਸੰਦ ਲੀਕ ਦੀ ਨਿਸ਼ਾਨਦੇਹੀ ਰਾਹੀਂ ਖ਼ੁਦ ਨੂੰ ਪ੍ਰਗਟ ਕਰਦਾ। ਅਤੇ ਬਾਕੀ ਲੀਕਾਂ ਨੂੰ ਇਕ ਓਹਲੇ ਵਿਚ ਰੱਖਦਾ।

ਕਦੇ ਕਦੇ ਤਾਂ ਇੰਜ ਵੀ ਹੁੰਦਾ;

ਚਾਰੇ ਪਾਸੇ ਲੀਕਾਂ ਵਿਚ ਘਿਰਿਆ ਹੋਇਆ ਬੰਦਾ।
ਹਰ ਦਮ ਲੀਕਾਂ ਵਾਹੀ ਜਾਣਾ ਬੰਦੇ ਦਾ ਹੀ ਧੰਦਾ
ਲੀਕਾਂ ਦਾ ਉਹ ਪੱਛਿਆ ਬਣਿਆ ਦਰਦਾਂ-ਵੰਤਾ।
ਤਾਂ ਹੀ ਉਸ ਦੇ ਸਾਹ ਸੰਤਾਪੇ ਤੇ ਵਿਚ ਗ਼ਲੇ ਦੇ ਫੰਦਾ।

ਕਦੇ ਲੀਕਾਂ ਵਿਚੋਂ ਸੁੰਦਰ ਅਕਾਰਾਂ, ਦ੍ਰਿਸ਼ਾਂ ਅਤੇ ਬਿੰਬਾਂ ਨੂੰ ਚਿਤਾਰਨਾ। ਕਦੇ ਮਾਰੂਥਲ ਦੇ ਪਿੰਡੇ 'ਤੇ ਰੇਤ ਦੀਆਂ ਲਹਿਰਾਂ ਵਿਚੋਂ ਸੁਹਾਵਣੇ ਚਿੱਤਰਾਂ ਨੂੰ ਮਨ ਵਿਚ ਉੱਕਰਨਾ, ਤੁਹਾਨੂੰ ਪਤਾ ਲੱਗੇਗਾ ਕਿ ਬੰਦੇ ਦੇ ਮਨ ਵਿਚ ਕਿਹੜੀ ਕਲਾਕਾਰੀ ਉਸ ਦੇ ਵਿਅਕਤੀਤਵ ਨੂੰ ਪਰਿਭਾਸ਼ਿਤ ਕਰਦੀ। ਕਲਾਕਾਰ ਤਾਂ ਲੀਕਾਂ ਰਾਹੀਂ ਕਿਸੇ ਕੈਨਵਸ ਤੇ ਸ਼ਾਖਸ਼ਾਤ, ਸੁਹਜ ਅਤੇ ਸੰਗਮਰਮਰੀ ਸੂਰਤਾਂ ਦੀ ਸਿਰਜਣਾ ਕਰਦੇ।

ਕਦੇ ਬੱਚੇ ਵੱਲੋਂ ਕੰਧ ਤੇ ਮਾਰੀਆਂ ਬਚਪਨੀ ਲੀਕਾਂ 'ਚੋਂ ਬਚਪਨੀ ਨਕਸ਼ ਚਿਤਾਰਨੇ। ਬੀਤਿਆ ਸਮਾਂ ਸਾਖਸ਼ਾਤ ਨਜ਼ਰ ਆਵੇਗਾ। ਬੱਚੇ ਦੀ ਖ਼ੁਸ਼ੀ ਅਤੇ ਉਸ ਦੀ ਉਹਦੀ ਨੂੰ ਕਿਆਸਿਆ ਜਾ ਸਕਦਾ। ਦਰਅਸਲ ਘਰ ਦੇ ਚੌਗਿਰਦੇ ਵਿਚ ਬੱਚੇ ਦੀ ਅਣਭੋਲਤਾ ਹੀ ਹੁੰਦੀ ਕਿ ਕੰਧਾਂ 'ਤੇ ਕੋਲਿਆਂ, ਪੈਨਸਿਲ ਜਾਂ ਪੈੱਨ ਨਾਲ ਮਨਪਸੰਦ ਚਿੱਤਰਕਾਰੀ ਕਰਨ ਵਿਚ ਅਨੰਦ ਮਹਿਸੂਸ ਕਰਦਾ। ਇਨ੍ਹਾਂ ਵਿਚੋਂ ਹੀ ਬੱਚੇ ਦੀ ਬਾਦਸ਼ਾਹਤ, ਬਹਿਸ਼ਤ ਅਤੇ ਬੇਪਰਵਾਹੀ ਦਾ ਬਿਰਤਾਂਤ ਨਜ਼ਰ ਆਉਂਦਾ।

ਸੱਜ ਵਿਆਹੀ ਨਾਰ ਵੱਲੋਂ ਆਪਣੇ ਪਤੀ ਦੀ ਉਡੀਕ ਵਿਚ ਕੰਧ ਤੇ ਮਾਰੀਆਂ ਲੀਕਾਂ, ਵਿਛੋੜੇ ਵਿਚ ਬਿਹਬਲ ਪਤਨੀ ਦੀ ਪਤੀ ਨੂੰ ਮਿਲਣ ਦੀ ਤਾਂਘ, ਪਲੰਘ ਨੂੰ ਸੇਜ ਬਣਾ ਕੇ ਮਾਣਨ ਦੀ ਕਲਪਨਾ, ਗਲਵੱਕੜੀ ਵਿਚਲੇ ਨਿੱਘ ਨੂੰ ਮਾਣਨ ਦੀ ਲੋਚਾ, ਨੈਣਾਂ ਵਿਚ ਸੰਜੋਏ ਸੰਦਲੀ ਸੁਪਨਿਆਂ ਦਾ ਸੱਚ, ਹਾਣੀ ਦੇ ਸਾਹਾਂ ਦੇ ਸੇਕ ਵਿਚ ਪਿਘਲ ਜਾਣ ਦੀ ਤਮੰਨਾ ਅਤੇ ਜਿਸਮਾਂ ਦੀ ਮਹਿਕ 'ਚ ਮਦਹੋਸ਼ ਹੋਣ ਦੀ ਤਲਬ ਹੁੰਦੀ। ਹੌਲੀ ਹੌਲੀ ਜਦ ਲੀਕਾਂ ਮਿਟ ਜਾਂਦੀਆਂ ਤਾਂ ਉਡੀਕ ਖ਼ਤਮ ਅਤੇ ਆਸ ਪੂਰਨ ਹੋ ਜਾਂਦੀ। ਰੂਹ ਦੇ ਹਾਣੀ ਨੂੰ ਉਡੀਕਦੀ ਜਿੰਦ ਅਪੂਰਨ ਤੋਂ ਸੰਪੂਰਨ ਹੋ ਜਾਂਦੀ।

ਕਈ ਵਾਰ ਇਹ ਲੀਕਾਂ ਵਿਰਲਾਂ ਤੇ ਵਿੱਥਾਂ ਪੈਦਾ ਕਰਦੀਆਂ, ਤਰੇੜਾਂ ਤੇ ਤੰਗ-ਦਿਲੀਆਂ ਦੀ ਅਧਾਰ-ਸਿਲਾ ਅਤੇ ਸੁਖਨ ਤੇ ਸਕੂਨ ਦਾ ਸੰਤਾਪ ਵੀ ਵਣਜ ਜਾਂਦੀਆਂ।

ਬੰਦ ਕਮਰੇ ਵਿਚ ਝੀਤ ਚੋਂ ਆਉਂਦੀ ਚਾਨਣ-ਲੀਕ ਕਮਰੇ ਦੀ ਹੋਂਦ ਅਤੇ ਇਸ ਵਿਚ ਪੈਦਾ ਹੋਰ ਹੀ ਹਲਚਲ ਦੀ ਨਿਸ਼ਾਨਦੇਹੀ ਕਰਦੀ। ਬੰਦੇ ਨੂੰ ਆਪਣੇ ਹੋਣ ਦਾ ਅਹਿਸਾਸ ਪੈਦਾ ਹੁੰਦਾ। ਹਨੇਰੇ ਦੀ ਹਿੱਕ ਵਿਚ ਇਹ ਚਾਨਣ ਦਾ ਛੇਕ ਹੀ ਬੰਦੇ ਨੂੰ ਆਪਣੇ ਅੰਤਰੀਵ ਦੇ ਨੇੜੇ ਕਰਕੇ ਰੂਹ ਵਿਚ ਚਾਨਣ ਬੀਜਣ ਦੀ ਜਾਚ ਸਿਖਾਉਂਦਾ।

ਲੀਕਾਂ ਸਿਰਫ਼ ਲੜਾਉਂਦੀਆਂ, ਮਰਵਾਉਂਦੀਆਂ, ਮਾਤਮ ਵਿਛਾਉਂਦੀਆਂ, ਸਿਵੇ ਮਘਾਉਂਦੀਆਂ ਅਤੇ ਕਬਰਾਂ ਉਗਾਉਂਦੀਆਂ। ਲੀਕਾਂ ਤੋਂ ਬੇਮੁਖਤਾ ਹੀ ਦਰਅਸਲ ਬੰਦੇ ਦੇ ਅੰਦਰ ਦੀ ਯਾਤਰਾ ਤੇ ਤੁਰਨ ਦਾ ਅਹਿਦ ਹੁੰਦਾ।

ਲੀਕਾਂ ਸਿੱਧੀਆਂ ਅਤੇ ਸਪਾਟ ਹੋਣ ਤਾਂ ਮੰਜ਼ਲਾਂ ਦਾ ਮਾਰਗ ਸਪਸ਼ਟ। ਟੇਢੀਆਂ-ਮੇਢੀਆਂ ਹੋਣ ਤਾਂ ਮੰਜ਼ਲਾਂ ਵਲ-ਵਲਾਵਿਆਂ ਵਿਚ ਹੀ ਗਵਾਚ ਜਾਂਦੀਆਂ।

ਕੇਹਾ ਵਕਤ ਕਿ ਲੀਕਾਂ ਹੀ ਲੀਕਾਂ ਅਤੇ ਲੀਕਾਂ ਦੀ ਸਰਦਾਰੀ।
ਲੀਕਾਂ ਸਭ ਨੂੰ ਵਣਜਦੀਆਂ ਤਾਅ-ਉਮਰਾ ਖੱਜਲ ਖ਼ੁਆਰੀ।
ਲੀਕਾਂ ਸੂਲ਼ਾਂ ਤੇ ਸੂਲ਼ੀਆਂ ਬਣਦੀਆਂ ਤੇ ਕਿਸੇ ਲਈ ਸਲੀਬ,
ਪਰ ਤਖ਼ਤਾਂ ਵਾਲੇ ਸਦਾ ਕਰੇਂਦੇ ਲੀਕਾਂ ਦੀ ਅਸਵਾਰੀ।
ਲੀਕਾਂ ਰੂਹ ਤੇ ਰਿਸ਼ਤਿਆਂ 'ਚ ਉੱਗੇ ਹੋਏ ਖੱਡੇ,
ਤਾਂ ਹੀ ਸਾਝਾਂ ਦੀ ਉੱਜੜੀ ਬਸਤੀ ਵੱਸਦੀ ਏ ਦੁਸ਼ਵਾਰੀ।
ਇਹ ਲੀਕਾਂ ਦੇ ਅਜਬ ਵਤੀਰੇ ਕੇਹਾ ਜੱਗ ਭਰਮਾਇਆ,
ਕਿ ਆਪਣੇ ਹੀ ਆਪਣਿਆਂ ਦੀ ਕਰਦੇ ਕਬਰ-ਉਸਾਰੀ।
ਲੀਕਾਂ ਲੀਕਾਂ ਹਰ ਕੋਈ ਆਖੇ ਪਰ ਖ਼ੁਦ ਵੀ ਲੀਕਾਂ ਵਾਹੇ,
ਲੀਕਾਂ ਦਾ ਹੀ ਖੱਟਿਆ ਖਾਂਦੇ ਇਹ ਲੀਕਾਂ ਦੇ ਵਿਉਪਾਰੀ।
ਲੋਕਾ ਵੇ ਹੁਣ ਲੀਕਾਂ ਮੇਟਣ ਲਈ ਖ਼ੁਦ ਹੀ ਉੱਠਣਾ ਪੈਣਾ,
ਤਾਂ ਹੀ ਪੀੜਾਂ ਝੰਬੀ ਧਰਤ ਤੇ ਆਓ ਸੁਖਨ ਦੀ ਵਾਰੀ।

ਕਦੇ ਕਦਾਈਂ ਲੀਕਾਂ ਬਾਰੇ ਸੋਚਣ ਦੇ ਨਾਲ ਨਾਲ, ਇਹ ਜ਼ਰੂਰ ਸੋਚਣਾ ਕਿ ਲੀਕਾਂ ਦੇ ਦਰਮਿਆਨ ਕੀ ਏ? 'ਕੇਰਾਂ ਸੋਚਣਾ, ਸਮਝਣਾ, ਪਹਿਚਾਨਣਾ, ਤੁਹਾਡੇ ਸੋਚ ਕਿਵਾੜ ਖੁੱਲ ਜਾਣਗੇ। ਲੀਕਾਂ ਦੇ ਵਿਚਕਾਰ ਬਹੁਤ ਕੁਝ ਹੁੰਦਾ ਜਿਹੜਾ ਅਸੀਂ ਸਮਝਣ ਤੋਂ ਅਸਮਰਥ। ਇਹੀ ਨਾਸਮਝੀ ਸਾਡੇ ਲਈ ਜੋਖ਼ਮ, ਪੀੜਾ ਅਤੇ ਦਰਦ ਬਣ ਕੇ ਕਹਿਰਵਾਨ ਹੁੰਦੀ। ਲੀਕਾਂ ਵਿਚਲੀ ਸੰਵੇਦਨਾ, ਸਰੋਕਾਰ, ਭਾਵਨਾਵਾਂ, ਮਨੋਵੇਗ ਅਤੇ ਉਥਲ-ਪੁਥਲ ਕਿਹੜੀ ਸੋਚ ਤੇ ਸੰਭਾਵਨਾਵਾਂ ਦਾ ਸੰਦੇਸ਼ ਦਿੰਦੀ, ਇਹ ਸਮਝਣਾ ਅਹਿਮ। ਦਰਅਸਲ ਲੀਕਾਂ ਦੇ ਦਰਮਿਆਨ ਦੇ ਇਹੀ ਸੱਚ ਤੋਂ ਮੁਨਕਰ ਹੈ ਅਜੋਕਾ ਮਨੁੱਖ ਤੇ ਇਹੀ ਉਸ ਦੀ ਤਰਾਸਦੀ। ਤਾਂ ਹੀ ਉਹ ਹਰਦਮ ਲੀਕਾਂ ਵਾਹੁਣ ਲਈ ਕਾਹਲਾ।

ਲੀਕਾਂ ਦਾ ਕਸਬ ਹੀ ਵੰਡਣਾ। ਪਰ ਇਹ ਲੀਕਾਂ ਨਹੀਂ ਵੰਡ ਸਕਦੀਆਂ ਵਗਦੇ ਪਾਣੀ, ਰੁਮਕਦੀ ਹਵਾ, ਉੱਡਦੇ ਬੱਦਲ, ਫੈਲਿਆ ਹੋਇਆ ਅੰਬਰ, ਸੂਰਜ, ਚੰਨ ਤੇ ਤਾਰੇ। ਨਹੀਂ ਵੰਡ ਸਕਦੀਆਂ ਪੰਛੀਆਂ ਦੀ ਪਰਵਾਜ਼, ਬੰਦਿਆਈ ਤੇ ਭਲਿਆਈ ਦਾ ਸੰਦੇਸ਼, ਅਬਲਾ ਦੀ ਹੂਕ, ਪੀੜਤਾਂ ਦੀ ਦਰਦ-ਕਹਾਣੀ, ਕੁਹਰਾਮ ਦੀ ਕੂਕ, ਭੁੱਖੇ ਤੇ ਨੰਗੇ ਢਿੱਡਾਂ ਦਾ ਵਿਰਲਾਪ, ਅੱਲੇ ਫੱਟਾਂ ਦੀ ਚੀਸ, ਭਾਈਚਾਰਕ ਸਾਂਝ, ਭਰਾਤਰੀ ਭਾਵ, ਵਿਰਾਸਤੀ ਖ਼ਜ਼ਾਨੇ, ਸ਼ਾਇਰਾਂ, ਗੁਰੂਆਂ, ਪੀਰਾਂ ਤੇ ਫ਼ਕੀਰਾਂ ਦੀ ਰੂਹੀ ਰਮਜ਼ਾਂ ਅਤੇ ਇਨਸਾਨਾਂ ਅੰਦਰ ਪਨਪਦੀ ਅੰਤਰੀਵੀ ਖਿੱਚ।

## 'ਖੁਸ਼ੀ'



ਕਲਾਕਾਰ ਲੋਕ ਕਾਦਰ ਵੱਲੋਂ ਨਿਵਾਜੇ ਹੋਏ ਲੋਕ ਹੁੰਦੇ ਨੇ, ਨਿਰਾਲੀ ਤੇ ਵਿਲੱਖਣ ਸੂਝ-ਬੂਝ ਤੇ ਨਜ਼ਰੀਆ ਰੱਖਣ ਵਾਲੇ ਇਨਸਾਨ। ਤੁਰਕੀ ਦਾ ਇੱਕ ਪ੍ਰਸਿੱਧ ਕਵੀ, ਓਹਨੇ ਆਪਣੇ ਇੱਕ ਚਿੱਤਰਕਾਰ ਦੋਸਤ ਨੂੰ ਬੇਨਤੀ ਕੀਤੀ ਕਿ ਦੋਸਤ, ਮੇਰੇ ਲਈ ਇੱਕ ਤਸਵੀਰ ਬਣਾ, ਜੀਹਦਾ ਸਿਰਲੇਖ ਹੋਵੇ, 'ਖੁਸ਼ੀ'।

ਚਿੱਤਰਕਾਰ ਦੋਸਤ ਨੇ ਬੇਨਤੀ ਪ੍ਰਵਾਨ ਕਰਦਿਆਂ ਇੱਕ ਤਸਵੀਰ ਬਣਾਈ, ਇੱਕ ਉਮਰ-ਦੱਰਾਜ਼ ਤੀਵੀਂ ਆਦਮੀ, ਇੱਕ ਟੁੱਟੇ-ਫੁੱਟੇ ਕਮਰੇ ਵਿਚ ਬਿਸਤਰੇ 'ਤੇ ਪਏ ਹੋਏ ਨੇ, ਸੁੱਤੇ ਹੋਏ। ਚਿਹਰਿਆਂ ਦੀ ਬੇਪਰਵਾਹੀ ਤੇ ਸਕੂਨ ਦੱਸ ਰਿਹਾ ਏ ਕਿ ਬੜੇ ਆਨੰਦ ਵਿਚ ਨੇ ਓਹ, ਤੇ ਉਨ੍ਹਾਂ ਦੇ ਨਾਲ ਈ ਸੁੱਤਾ ਪਿਆ ਏ ਉਨ੍ਹਾਂ ਦਾ ਪਿਆਰਾ ਜਿਹਾ ਕੁੱਤਾ, ਆਪਣੇ ਮਾਲਕਾਂ ਦੀ ਗੋਦ 'ਚ ਪਿਆ ਹੋਇਆ, ਦੁਨੀਆ ਭਰ ਦੀਆਂ ਚਿੰਤਾਵਾਂ ਤੋਂ ਬੇਲਾਗ, ਨਿਰਲੇਪ। ਪਲੰਘ ਦਾ ਇੱਕ ਪਾਵਾ ਟੁੱਟਿਆ ਹੋਇਆ ਏ, ਜੀਹਨੂੰ ਦੋ ਇੱਟਾਂ ਦੇ ਸਹਾਰੇ ਬੈਲੇਂਸ ਕੀਤਾ ਹੋਇਆ ਏ। ਛੱਤ 'ਚੋਂ ਪਾਣੀ ਟਪਕ ਰਿਹਾ ਏ, ਪਰ ਏਸ ਛੱਤ ਹੇਠ ਪਏ ਹੋਏ ਏਹ ਰੱਬ ਦੇ ਜੀਅ ਨਿਸ਼ਚਿੰਤ ਨੇ, ਕਾਦਰ ਦੀ ਕੁਦਰਤ ਨਾ਼ਲ ਇੱਕ-ਮਿੱਕ, ਘਿਓ-ਖਿਚੜੀ ਹੋਏ। ਇੱਕ ਦੂਜੇ ਦੇ ਕੋ਼ਲ ਹੋਣ ਦੇ ਇਲਾਹੀ ਆਨੰਦ ਨਾਲ ਸਰਾਬੋਰ ਪਿਆਰੀਆਂ ਰੂਹਾਂ।

ਕਹਿੰਦੇ, ਇਹ ਤਸਵੀਰ ਅਮਰ ਹੋ ਗਈ। 'ਖੁਸ਼ੀ' ਸ਼ਬਦ ਦੀ ਆਪਣੇ ਈ ਤਰੀਕੇ ਨਾ਼ਲ ਪੇਸ਼ਕਾਰੀ ਕਰਦੀ ਏਸ ਤਸਵੀਰ ਨੇ ਦੱਸਿਆ ਕਿ ਜ਼ਿੰਦਗੀ ਵਿਚ ਖੁਸ਼ੀ ਏਸ ਕਰਕੇ ਨਹੀਂ ਹੁੰਦੀ ਕਿ ਮੁਸ਼ਕਲ ਨਾਮ ਦਾ ਪੰਛੀ ਫਰ ਨਹੀਂ ਮਾਰਦਾ, ਬਲਕਿ ਜ਼ਿੰਦਗੀ ਵਿਚ ਆਈਆਂ ਮੁਸ਼ਕਲਾਂ ਨੂੰ ਸਵੀਕਾਰ ਕਰਨਾ ਅਤੇ ਔਖੇ ਤੋਂ ਔਖੇ ਹਾਲਾਤਾਂ 'ਚ ਵੀ ਸਕੂਨ, ਸ਼ੁਕਰਾਨੇ ਦਾ ਪੱਲਾ ਨਾ ਛੱਡਣਾ ਹੀ ਜ਼ਿੰਦਗੀ ਦੀ ਅਸਲ ਪਰਿਭਾਸ਼ਾ ਏ।

ਧੰਨ ਨੇ ਓਹ ਲੋਕ ਜੋ ਅਜਿਹਾ ਜੀਵਨ ਜਿਉਂਦੇ ਨੇ, ਨਹੀਂ ਤਾਂ ਬਹੁਤਾਤ ਨਾਸ਼ੁਕਰੇ ਲੋਕਾਂ ਦੀ ਏ, ਜੋ ਝੋਨੇ ਦੇ ਓਸ ਬੂਟੇ ਵਰਗੇ ਨੇ ਜੋ ਦਰਿਆ ਵਿਚ ਰੁੜ੍ਹ ਕੇ ਵੀ 'ਹਾਇ ਤ੍ਰਿਹਾਇਆ' ਦਾ ਰਾਗ ਅਲਾਪਦਾ ਏ।

ਏਹ ਸੀਸ ਝੁਕਾਵਾਂ ਮੈਂ, ਤੇਰੇ ਹਜ਼ੂਰ ਨਾਨਕ।
ਬਣ ਜਾਏ ਜ਼ਿੰਦਗੀ ਦਾ, ਏਹ ਦਸਤੂਰ ਨਾਨਕ।

***-ਪੇਸ਼ਕਸ਼: ਦਵਿੰਦਰ ਸਿੰਘ ਜੌਹਲ***

# ਭੁੱਲ ਜਾਏਗਾ ਕੱਲ੍ਹ-ਪਰਸੋਂ ਤੱਕ

ਦਿਲਚਸਪ ਕਿੱਸੇ



ਵਰਿਆਮ ਸਿੰਘ ਸੰਧੂ
ਫੋਨ: 647-535-1539
ਵਟਸਐਪ-98726-02296

**ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਕਾਲਮ ਰਾਹੀਂ ਅਸੀਂ ਉਨ੍ਹਾਂ ਦੀ ਵਾਰਤਕ ਦੇ ਦਿਲਚਸਪ ਕਿੱਸਿਆਂ ਦੀ ਲੜੀ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।**

ਕੁਝ ਸਾਲ ਪਹਿਲਾਂ ਦੀ ਗੱਲ ਹੈ, ਮੈਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕਾਮਰੇਡ ਰਘਬੀਰ ਸਿੰਘ ਛੀਨਾ ਦੇ 'ਤੁਰ' ਜਾਣ 'ਤੇ ਉਹਦੇ ਸਸਕਾਰ ਮੌਕੇ ਹਾਜ਼ਰ ਸਾਂ ਤਾਂ ਪਤਾ ਨਹੀਂ ਕਿਉਂ ਮਨ ਵਿਚ ਇਹ ਖ਼ਿਆਲ ਆ ਗਿਆ ਕਿ ਕਾਮਰੇਡ ਦੇ ਨੜੋਏ ਪਿੱਛੇ ਸੱਜਣਾ-ਸਨੇਹੀਆਂ ਦੀ ਹਾਜ਼ਰੀ ਹੋਰ ਵੱਧ ਗਿਣਤੀ ਵਿਚ ਹੋਣੀ ਚਾਹੀਦੀ ਸੀ! ਉਹ ਕਈ ਸਾਲ ਨਾਮਵਰ ਸੰਸਥਾ ਦਾ ਟਰੱਸਟੀ ਤੇ ਖ਼ਜ਼ਾਨਚੀ ਰਿਹਾ ਸੀ। ਕਮੇਟੀ ਦੇ ਸੰਗੀਆਂ-ਸਾਥੀਆਂ ਦਾ ਘੇਰਾ ਹੀ ਬੜਾ ਵੱਡਾ ਹੈ। ਪਰ ਹਾਜ਼ਰੀ ਬਿਲਕੁਲ ਨਾ-ਮਾਤਰ!

ਇਹ ਗੱਲ ਉਸ ਵੇਲੇ ਭਾਵੇਂ ਸਾਂਝੀ ਕਰਨ ਵਾਲੀ ਤਾਂ ਨਹੀਂ ਸੀ, ਪਰ ਫਿਰ ਵੀ ਮੈਂ ਕਾਮਰੇਡ ਮੰਗਤ ਰਾਮ ਪਾਸਲਾ ਦੇ ਕੰਨ ਵਿਚ ਹੌਲੀ ਜਿਹੀ ਇਹ ਗੱਲ ਆਖ ਹੀ ਦਿੱਤੀ। ਪਾਸਲਾ ਜੀ ਨੇ ਮੇਰੀ ਹਾਮੀ ਭਰੀ। ਅਸੀਂ ਅਜੇ ਘੁਸਰ-ਮੁਸਰ ਕੇ ਗੱਲ ਕਰ ਹੀ ਰਹੇ ਸਾਂ ਕਿ ਵੇਖਦੇ ਹਾਂ ਇਕ ਅਜਬ ਦ੍ਰਿਸ਼।

ਏਸੇ ਵੇਲੇ ਕੀ ਹੋਇਆ, ਇਕ ਰੇੜ੍ਹੀ 'ਤੇ ਲੱਦ ਕੇ, ਕਿਸੇ ਪਰਵਾਸੀ ਮਜ਼ਦੂਰ ਦੀ ਦੇਹ ਲੈ ਕੇ, ਉਹਦੇ 'ਵਾਰਸ' ਆਣ ਪਹੁੰਚੇ, ਉਹ ਗਿਣਤੀ ਵਿਚ ਪੂਰੇ ਛੇ ਸਨ। ਇਕ ਔਰਤ ਤੇ ਪੰਜ ਬੰਦੇ। ਉਨ੍ਹਾਂ ਵਿਚੋਂ ਵੀ ਇਕ ਪੋਚਵੀਂ ਪੱਗ ਵਾਲਾ ਸਿੱਖ ਨੌਜਵਾਨ ਸੀ। ਹੋ ਸਕਦਾ ਕਿ ਅੰਜ-ਭਲਕ ਇਹ ਪਰਵਾਸੀ ਵੀਰ ਉਹਦੇ ਕੋਲ ਮਜ਼ਦੂਰੀ ਕਰਦਾ ਹੋਵੇ! ਬਾਕੀ ਚਾਰ ਜਾਣ ਵਾਲੇ ਦੇ ਭਾਈਬੰਦ ਸਨ। ਜਾਣ ਵਾਲਾ 'ਖ਼ੁਸ਼ ਕਿਸਮਤ' ਸੀ ਕਿ ਉਹਦੇ ਨਾਲ 'ਚਾਰ ਬੰਦਿਆਂ' ਤੋਂ ਦੋ ਵੱਧ ਸਨ। ਇਨ੍ਹਾਂ ਵਿਚ ਵੀ ਸ਼ਾਇਦ ਇਕ ਰੇੜ੍ਹੀ ਵਾਲਾ ਹੋਵੇ। ਉਸ ਚੁੱਪ-ਚਾਪ ਪੱਥਰ ਬਣੀ ਖਲੋਤੀ ਔਰਤ ਦਾ ਉਹ ਕੀ ਲੱਗਦਾ ਸੀ?

-ਕੋਈ ਰੋਣ-ਧੋਣ ਨਹੀਂ, ਕੋਈ ਪਾਠ-ਪੂਜਾ ਨਹੀਂ, ਦੇਹ 'ਤੇ ਕੋਈ ਨਵਾਂ ਕੱਪੜਾ ਨਹੀਂ। ਇਕ ਮੈਲਾ ਕੰਬਲ ਦੇਹ 'ਤੇ ਪਿਆ ਸੀ। ਉਨ੍ਹਾਂ ਤੁਰਤ ਰੇੜ੍ਹੀ ਤੋਂ ਫੱਟਾ ਲਾਹਿਆ। ਉਹਨੂੰ ਸਿੜ੍ਹੀ 'ਤੇ ਰੱਖਿਆ ਤੇ ਅੱਗ ਵਿਖਾ ਦਿੱਤੀ। ਜਿਵੇਂ ਬੜੇ ਕਾਹਲੀ ਵਿਚ ਹੋਣ। ਜਾ ਕੇ ਕੋਈ ਹੋਰ ਬਹੁਤ ਜ਼ਰੂਰੀ ਕੰਮ ਕਰਨਾ ਹੋਵੇ।

-ਮੇਰਾ ਹਾਉਕਾ ਨਿਕਲ ਗਿਆ। ਮੈਨੂੰ ਕਾਮਰੇਡ ਛੀਨਾ ਪਿੱਛੇ ਆਈ ਹਾਜ਼ਰੀ ਦਾ ਝੋਰਾ ਭੁੱਲ ਗਿਆ। 'ਪਰਵਾਸ' ਵਿਚ 'ਖੱਟੀ ਕਮਾਈ ਕਰਨ' ਆਏ ਇਸ ਕਾਮੇ ਦੀ ਸਦੀਵੀ ਵਿਦਾਇਗੀ ਦਾ ਇਹ ਦ੍ਰਿਸ਼ ਮਨ ਨੂੰ ਡੰਗ ਗਿਆ। ਸਾਡੇ ਮੁਢਲੇ ਪਰਵਾਸੀ ਭਰਾਵਾਂ ਨੂੰ ਵੀ ਕਨੇਡਾ-ਅਮਰੀਕਾ ਵਿਚ ਅਜਿਹੀ ਹੀ ਹੋਣੀ ਦਾ ਸਾਹਮਣਾ ਕਰਨਾ ਪਿਆ ਸੀ।

ਉਸ ਪ੍ਰਵਾਸੀ ਵੀਰ ਦੇ ਅੰਤਮ ਸਸਕਾਰ ਦਾ ਦ੍ਰਿਸ਼ ਅਜੇ ਵੀ ਚੇਤੇ ਵਿਚ ਸਥਿਰ ਹੋਇਆ ਪਿਆ ਏ। ਭਲਾ ਮੇਰਾ ਉਹ ਕੀ ਲੱਗਦਾ ਸੀ? ਮੈਂ ਕਿਉਂ ਭਾਵਕ ਹਾਂ? ਅਜਿਹੀ ਭਾਵੁਕਤਾ ਦਾ 'ਵਿਖਾਲਾ' ਕਰ ਕੇ ਢੌਂਗ ਤਾਂ ਨਹੀਂ ਕਰ ਰਿਹਾ?

- ਪਰ ਉਹ ਕਿੰਨਾ ਕੁ ਚਿਰ ਯਾਦ ਰਹੇਗਾ! ਭੁੱਲ ਜਾਏਗਾ ਕੱਲ੍ਹ ਪਰਸੋਂ ਤੱਕ। ਕਿੰਨਾ ਕੁਝ ਵੇਖਦੇ ਹਾਂ ਰੋਜ਼ ਤੇ ਝੱਟ ਭੁੱਲ-ਭੁਲਾ ਜਾਂਦੇ ਹਾਂ!

# 'ਡਿਪੋਰਟੇਸ਼ਨ-ਇਹ ਸਾਡੇ ਧੀਆਂ-ਪੁੱਤਰ ਹਨ, ਪ੍ਰਗਰਿਹੀ ਪ੍ਰਾਣੀ ਨਹੀਂ'

ਅਮਰੀਕਾ ਦਾ ਦੂਜੀ ਵਾਰ ਰਾਸ਼ਟਰਪਤੀ ਬਣਿਆ ਡੋਨਲਡ ਟਰੰਪ ਭੂਸਰ ਕੇ ਬੁਰਛਾਗਰਦੀ ਕਰ ਰਿਹੈ। 104 ਭਾਰਤੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਵਿਚ ਨੂੜ ਕੇ ਇੱਕ ਸਮਾਨ ਢੋਣ ਵਾਲੇ ਫੌਜੀ ਹਵਾਈ ਜਹਾਜ਼ ਵਿਚ ਤੂੜ ਕੇ ਅੰਮ੍ਰਿਤਸਰ ਹਵਾਈ ਅੱਡੇ ਉੱਪਰ ਛੱਡ ਕੇ ਜਾਣਾ ਇਸ ਦੀ ਉਦਾਹਰਨ ਹੈ। ਗੱਲ ਇਹ ਨਹੀਂ ਕਿ ਭਾਰਤੀ ਡਿਪੋਰਟ ਕਿਉਂ ਕੀਤੇ ਗਏ, ਗੱਲ ਨਮੋਸ਼ੀਜਨਕ ਢੰਗ ਦੀ ਹੈ ਜੋ ਇਹ ਕਾਰਵਾਈ ਕਰਨ ਲਈ ਅਪਣਾਇਆ ਗਿਆ।



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਪਰ ਇਹ ਸਾਡੇ ਧੀਆਂ-ਪੁੱਤਰ ਹਨ, ਕੋਈ ਪ੍ਰਗਰਿਹੀ ਪ੍ਰਾਣੀ ਨਹੀਂ ਤੇ ਨਾ ਹੀ ਅਪਰਾਧੀ। ਬੜਾ ਦੁੱਖ ਹੋਇਆ ਜਦ ਦੇਖਿਆ ਕਿ

'ਮਾਂ ਧਰਤੀਏ ਤੇਰੇ ਧੀਆਂ-ਪੁੱਤਰ,
'ਉੱਤਰੇ' ਵਾਂਗ ਬੇਗਾਨਿਆਂ ਦੇ।
ਹੱਥਕੜੀਆਂ ਤੇ ਪੈਰੀਂ ਬੇੜੀਆਂ,
ਕੰਨੀਂ ਸ਼ੋਰ ਨੇ ਤਾਅਨਿਆਂ ਦੇ।
ਗਾਨਿਆਂ ਉਮਰੇ ਹੱਥਕੜੀਆਂ,
ਝਾਂਜਰ ਬਰੇਸੇ ਬੇੜੀਆਂ ਪੈਰੀਂ।
ਪਰਾਇਆਂ ਹੱਥੋਂ ਖੱਜਲ-ਖੁਆਰੀ,
ਆਪਣਿਆਂ ਦੇ ਬੋਲ ਬੇਗਾਨਿਆਂ ਦੇ।

ਮੰਨਿਆ ਕਿ ਅਮਰੀਕਾ ਨੂੰ ਹੱਕ ਹੈ ਕਿ ਉਹ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਜਾਂ ਘੁਸ ਰਹੇ ਲੋਕਾਂ ਨੂੰ ਵਾਪਿਸ ਭੇਜ ਸਕੇ। ਸਗੋਂ ਇਹ ਹੱਕ ਹਰ ਮੁਲਕ ਨੂੰ ਹੈ। ਪਰ ਹਾਲਾਤ ਦੇ ਮਾਰੇ, ਫਰਜ਼ੀ ਏਜੰਟਾਂ ਦੇ ਲੁੱਟੇ, ਡੰਕੀ-ਰੂਟਾਂ 'ਚ ਜੰਗਲੀ ਮਾਫੀਆ ਦੁਆਰਾ ਲੁੱਟੇ-ਕੁੱਟੇ, ਅੱਧ-ਭੁੱਖੇ, ਮੀਲਾਂ-ਬੱਧੀ ਜੰਗਲੀ ਰਾਹਾਂ 'ਤੇ 4-4 ਦਿਨ ਪੈਦਲ ਤੁਰ-ਤੁਰ ਅਮਰੀਕਾ ਅਪੜੇ ਲੋਕ, ਜੋ ਨਾ ਤਾਂ ਮੁਜਰਮ ਹਨ ਤੇ ਨਾ ਹੀ ਮਾੜੇ, ਨੂੰ ਪਹਿਲਾਂ 'ਡਿਟੈਂਸ਼ਨ ਸੈਂਟਰਾਂ' ਵਿਚ ਕੈਦ ਕਰਕੇ ਅਤੇ ਫਿਰ ਜਾਨਵਰਾਂ ਵਾਂਗ ਨੂੜ ਕੇ, 40 ਘੰਟੇ ਦੀ ਲੰਮੀ ਉਡਾਣ ਦੌਰਾਨ ਸੀਟਾਂ ਤੋਂ ਹਿੱਲਣ ਵੀ ਨਾ ਦੇ ਕੇ, ਬਾਥਰੂਮ ਜਾਣ ਲੱਗਿਆਂ ਵੀ ਹੱਥ-ਕੜੀਆਂ ਅਤੇ ਬੇੜੀਆਂ ਨਾ ਖੋਲ੍ਹਣ ਦੇਣ ਅਤੇ ਮਾੜਾ-ਮੋਟਾ ਮਿਲਦਾ ਖਾਣਾ ਵੀ ਬੰਨ੍ਹੇ ਹੱਥੀਂ ਹੀ ਖਾਣ ਲਈ ਮਜਬੂਰ ਕਰਨਾ, ਅਤਿਅੰਤ ਅਣਮਨੁੱਖੀ ਵਰਤਾਰਾ ਤਾਂ ਹੈ ਹੀ ਬਲਕਿ ਇਹ ਮਾਨਵੀ ਅਧਿਕਾਰਾਂ ਦੀ ਘੋਰ ਉਲੰਘਣਾ ਵੀ ਹੈ।

ਇਹ ਉਲੰਘਣਾ ਹੋਰ ਵੀ ਵਧੇਰੇ ਦੁਖਦਾਈ ਬਣ ਜਾਂਦੀ ਹੈ ਜਦੋਂ ਅਮਰੀਕਾ ਆਪਣੇ-ਆਪ ਨੂੰ ਮਾਨਵੀ ਅਧਿਕਾਰਾਂ ਦਾ ਰਾਖਾ ਸਮਝਦੈ ਅਤੇ ਆਪਣੇ 'ਸਟੈਚੂ ਆਫ ਲਿਬਰਟੀ' ਉੱਪਰ ਬੜਾ ਨਾਜ਼ ਕਰਦੈ। ਅਮਰੀਕਾ ਦੇ ਇਸ ਅਣਮਨੁੱਖੀ ਵਰਤਾਰੇ ਕਾਰਨ ਇਸ 'ਸਟੈਚੂ' ਦੀ ਉੱਚੀ ਉੱਠੀ ਬਾਂਹ ਵੀ ਜ਼ਰੂਰ ਸ਼ਰਮਸਾਰ ਹੋਈ ਹੋਵੇਗੀ।

ਮੁਸ਼ਕਾਂ 'ਚ ਬੱਝੇ ਘਿਸਰ-ਘਿਸਰ, ਪੈਰ ਘਸੀਟ-ਘਸੀਟ ਅਮਰੀਕੀ ਫੌਜੀ ਜਹਾਜ਼ ਵੱਲ ਸਿਰਕਦੇ ਮਰਦ-ਔਰਤਾਂ ਦੀਆਂ ਟੀ.ਵੀ. ਚੈਨਲਾਂ ਉੱਪਰ ਬਾਰ-ਬਾਰ ਫਲੈਸ਼ ਕੀਤੀਆਂ ਜਾ ਰਹੀਆਂ ਤਸਵੀਰਾਂ ਦੇਖ ਕੇ ਦਿਲ ਵਲੂੰਧਰੇ ਜਾਂਦੇ ਹਨ। ਸਾਡੇ ਆਪਣੇ ਹੀ ਧੀਆਂ-ਪੁੱਤਰਾਂ ਨਾਲ 'ਪ੍ਰਗਰਿਹੀ ਪ੍ਰਾਣੀਆਂ' (ਏਲੀਅਨਜ਼) ਵਾਲਾ ਸਲੂਕ ਰੂਹ ਕੰਬਾ ਦਿੰਦੈ! (ਅਮਰੀਕੀ ਬਾਰਡਰ ਪੈਟਰੋਲ ਨੇ ਉਨ੍ਹਾਂ ਲਈ 'ਏਲੀਅਨਜ਼' ਸ਼ਬਦ ਦਾ ਹੀ ਪ੍ਰਯੋਗ ਕੀਤਾ ਹੈ ਅਤੇ ਸਾਡੀ ਕੇਂਦਰੀ ਸਰਕਾਰ ਨੇ ਵੀ ਅਮਰੀਕਾ ਦੀ ਇਸ ਅਮਾਨਵੀ ਨੀਤੀ ਦੀ ਵਕਾਲਤ ਜਿਹੀ ਹੀ ਕੀਤੀ ਹੈ।)

ਅਮਰੀਕਾ ਨੇ ਜਾਣ-ਬੁਝ ਕੇ ਦਿਉ-ਕੱਦ ਫੌਜੀ ਜਹਾਜ਼ ਭੇਜਿਆ। ਕਮਰਸ਼ੀਅਲ ਉਡਾਣ ਜਾਂ ਚਾਰਟਡ ਫਲਾਈਟ ਸਸਤੀ ਪੈਣ ਦੇ ਬਾਵਜੂਦ ਵੀ ਉਸ ਨੇ ਮਹਿੰਗਾ ਪੈਣ ਵਾਲਾ ਫੌਜੀ ਜਹਾਜ਼ ਭੇਜਿਆ। ਭਲਾ ਕਿਉਂ? ਆਪਣਾ ਸ਼ਕਤੀ-ਪ੍ਰਦਰਸ਼ਨ ਕਰਨ ਲਈ। ਆਪਣੀ ਤਾਕਤ ਦਰਸਾਉਣ ਲਈ। ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲਿਆਂ ਅੰਦਰ ਦਹਿਸ਼ਤ ਪੈਦਾ ਕਰਨ ਲਈ, ਉਨ੍ਹਾਂ ਨੂੰ ਸਬਕ ਸਿਖਾਉਣ ਲਈ। ਇਹ ਇਸ ਲਈ ਵੀ ਕੀਤਾ ਗਿਆ ਕਿਉਂਕਿ ਡੋਨਲਡ ਟਰੰਪ ਆਪਣੇ ਵੋਟਰਾਂ ਅਤੇ ਸਪੋਰਟਰਾਂ ਨੂੰ ਵੀ ਇਹ ਦਰਸਾਉਣਾ ਚਾਹੁੰਦਾ ਸੀ ਕਿ ਜਿਸ ਮੁੱਦੇ ਉੱਪਰ ਉਸ ਨੇ ਚੋਣ ਲੜੀ ਸੀ ਉਹ ਉਸ ਨੂੰ ਪੂਰਾ ਕਰਨ ਲਈ ਕਿੰਨਾ ਗੰਭੀਰ ਹੈ (ਇਹ ਮੁੱਦਾ ਗੈਰ-ਕਾਨੂੰਨੀ ਪਰਵਾਸ ਨੂੰ ਠੱਲ੍ਹ ਪਾਉਣ ਦਾ ਸੀ)।

ਕਿਹਾ ਜਾ ਰਿਹੈ ਕਿ ਕੁੱਲ 18000 ਹੋਰ ਭਾਰਤੀ ਵਾਪਿਸ ਭੇਜੇ ਜਾਣੇ ਹਨ।

ਹੁਣ ਭਾਰਤੀ ਵਿਦੇਸ਼ ਸਕੱਤਰ ਦੇ ਬਿਆਨ ਅਨੁਸਾਰ ਅਮਰੀਕਾ ਨੇ 487 ਹੋਰ ਡਿਪੋਰਟ ਕੀਤੇ ਜਾਣ ਵਾਲੇ ਭਾਰਤੀਆਂ ਦੀ ਸੂਚੀ ਤਿਆਰ ਕੀਤੀ ਹੈ। ਇਸ 'ਚੋਂ 298 ਭਾਰਤੀਆਂ ਦੀ ਡਿਟੇਲ ਵੀ ਸਾਂਝੀ ਕੀਤੀ ਹੈ।

ਵੈਸੇ ਅਮਰੀਕਾ ਵਿਚ ਕਰੀਬ ਸਵਾ ਸੱਤ ਲੱਖ ਗੈਰ-ਕਾਨੂੰਨੀ ਜਾਂ ਬਿਨ-ਕਾਗਜ਼-ਪੱਤਰੇ ਭਾਰਤੀ ਰਹਿ ਰਹੇ ਹਨ। ਇਹ ਗਿਣਤੀ ਸੈਂਟਰਲ ਅਮਰੀਕੀ ਦੇਸ਼ਾਂ ਐਲ ਸੈਲਵੇਡੋਰ ਅਤੇ ਗੋਇਟੇਮਾਲਾ ਵਰਗਿਆਂ ਦੇ ਬਰਾਬਰ ਹੈ। ਉਂਝ ਅਮਰੀਕਾ ਵਿਚ ਦੁਨੀਆ ਭਰ ਤੋਂ ਗੈਰ-ਕਾਨੂੰਨੀ ਢੰਗ ਨਾਲ ਰਹਿਣ ਵਾਲਿਆਂ ਦੀ ਕੁੱਲ ਸੰਖਿਆ ਇੱਕ ਕਰੋੜ ਦੇ ਕਰੀਬ ਹੈ!

ਟਰੰਪ ਨੇ ਆਪਣੇ ਮਨਸੂਬੇ 20 ਜਨਵਰੀ ਨੂੰ ਅਹੁਦਾ ਸੰਭਾਲਣ ਉਪਰੰਤ ਹੀ ਸਪਸ਼ਟ ਕਰ ਦਿਤੇ ਸਨ। ਉਸ ਨੇ ਤੁਰੰਤ ਆਪਣੀ ਫੌਜ ਦੇ ਦਸਤੇ ਮੈਕਸੀਕੋ ਦੇ ਬਾਰਡਰ ਉਪਰ ਤਇਨਾਤ ਕਰ ਦਿਤੇ ਸਨ, ਕਿਉਂਕਿ ਮੈਕਸੀਕੋ ਰਾਹੀਂ ਹੀ ਲੋਕਾਂ ਦਾ ਅਮਰੀਕਾ ਵਿਚ ਪ੍ਰਵੇਸ਼ ਹੁੰਦਾ ਹੈ। ਧੜਾ-ਧੜ ਫੜੋ-ਫੜੀ ਹੋਣ ਲੱਗ ਪਈ, ਕੈਂਪਾਂ ਵਿਚ ਸੁਨਹਿਰੇ ਭਵਿੱਖ ਦੇ ਸੁਪਨੇ ਕੈਦ ਹੋਣ ਲੱਗ ਪਏ, 104 ਜਣਿਆਂ ਦੇ ਸੁਪਨੇ ਤਾਂ ਚਕਨਾਚੂਰ ਹੋ ਕੇ ਹੰਝੂਆਂ 'ਚ ਰਲ ਗਏ।

ਸਵਾਲ ਤਾਂ ਇਹ ਵੀ ਹੈ ਕਿ ਟਰੰਪ ਤਾਂ ਸਾਡੇ ਪ੍ਰਧਾਨ ਸੇਵਕ ਦਾ ਲੰਗੋਟੀਆ ਯਾਰ ਹੈ। ਦੋਸਤੀ ਨਿਭਾਉਣ ਲਈ ਇਹ ਤਾਂ ਕਰ ਹੀ ਸਕਦਾ ਸੀ ਕਿ ਭਾਰਤ ਸਰਕਾਰ ਨੂੰ ਕਹਿੰਦਾ ਕਿ ਆਪਣਾ ਜਹਾਜ਼ ਭੇਜ ਕੇ ਆਪਣੇ ਬੰਦੇ ਲੈ ਜਾਓ। ਹੋਰ ਤਾਂ ਹੋਰ, ਉਸ ਨੇ ਤਾਂ ਇਹ ਅਪਮਾਨਜਨਕ ਕਾਰਵਾਈ ਕਰਨ ਲਈ ਇੱਕ ਹਫਤਾ ਉਡੀਕਣਾ ਵੀ ਮੁਨਾਸਿਬ ਨਹੀਂ ਸਮਝਿਆ ਕਿ ਚਲੋ ਉਸ ਦਾ 'ਪਰਮ-ਮਿੱਤਰ' 12-13 ਫਰਵਰੀ ਨੂੰ ਅਮਰੀਕਾ ਆ ਹੀ ਰਿਹੈ, ਉਸ ਨਾਲ ਬਗਲਗੀਰ ਹੋਣ ਮਗਰੋਂ ਇਹ ਮਸਲਾ ਚਰਚਾ ਉਪਰੰਤ ਕਾਰਵਾਈ ਅਧੀਨ ਲਿਆਂਦਾ ਜਾਵੇਗਾ। ਯਾਰੋ, 'ਅਬ ਕੀ ਬਾਰ, ਟਰੰਪ ਸਰਕਾਰ', 'ਨਮਸਤੇ ਟਰੰਪ' ਦੇ ਜੈ ਘੋਸ਼ ਲਗਾਉਣ ਵਾਲੇ ਅਤੇ ਅਹਿਮਦਾਬਾਦ ਵਿਚ ਹਜ਼ਾਰਾਂ ਦੇ ਇਕੱਠ ਵਿਚ ਟਰੰਪ ਦੇ ਗੁਣਗਾਣ ਕਰਨ ਵਾਲੇ 'ਯਾਰ-ਬੇਲੀ' ਲਈ ਐਨਾ ਕੁ ਕਰਨਾ ਤਾਂ ਬਣਦਾ ਸੀ। ਪਰ ਅਜਿਹਾ ਨਾ ਕਰਕੇ ਟਰੰਪ ਵਲੋਂ ਦੋਸਤੀ ਦੇ ਇਸ ਕੱਚ-ਸੱਚ ਨੂੰ ਜੱਗ-ਜ਼ਾਹਿਰ ਕਰ ਦਿਤਾ ਗਿਆ।

ਇਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਜਹਾਜ਼ ਅੰਮ੍ਰਿਤਸਰ ਉਤਾਰਿਆ ਗਿਆ ਤਾਂ ਕਿ ਪੰਜਾਬ ਬਦਨਾਮ ਹੋਵੇ ਅਤੇ ਸਾਰੇ ਮਸਲੇ ਦਾ ਫੋਕਸ ਸਾਡੇ ਪ੍ਰਾਂਤ ਉਪਰ ਹੀ ਰਹੇ। ਵਰਨਾ 33-33 ਬੰਦੇ ਤਾਂ ਗੁਜਰਾਤ ਅਤੇ ਹਰਿਆਣੇ ਦੇ ਸੀ, ਪੰਜਾਬ ਦੇ ਤਾਂ 30 ਹੀ ਸਨ। ਜਹਾਜ਼ ਗੁਜਰਾਤ ਜਾਂ ਹਰਿਆਣੇ ਕਿਉਂ ਨਹੀਂ ਉਤਾਰਿਆ ਗਿਆ? ਚਲੋ! ਪ੍ਰਾਂਤਾਂ ਨੂੰ ਛੱਡੋ, ਅਸੂਲਨ ਜਹਾਜ਼ ਮੁਲਕ ਦੀ ਰਾਜਧਾਨੀ ਦਿੱਲੀ ਉਤਰਨਾ ਚਾਹੀਦਾ ਸੀ। ਉਥੋਂ ਇਹ ਲੋਕ ਆਪੋ-ਆਪਣੇ ਪ੍ਰਾਂਤ ਭੇਜੇ ਜਾਂਦੇ।

ਪਰ ਅਜਿਹਾ ਨਹੀਂ ਕੀਤਾ ਗਿਆ ਕਿਉਂਕਿ ਦਿੱਲੀ ਵਿਚ ਕੌਮਾਂਤਰੀ ਮੀਡੀਆ ਹੋਣ ਕਾਰਨ ਵਿਸ਼ਵ ਭਰ ਵਿਚ ਰੌਲਾ ਪੈ ਜਾਣਾ ਸੀ, ਪਰ ਰੌਲਾ ਪੈਣੋਂ ਤਾਂ ਫਿਰ ਵੀ ਨਹੀਂ ਰੁਕਿਆ। ਸੰਸਦ ਦਾ ਬੱਜਟ ਸੈਸ਼ਨ ਚਲ ਰਿਹਾ ਹੋਣ ਕਾਰਨ ਵਿਰੋਧੀ ਧਿਰ ਨੇ ਇਸ ਮੁੱਦੇ ਨੂੰ ਬਹੁਤ ਉਭਾਰਿਆ। ਕਈ ਵਿਰੋਧੀ ਸਾਂਸਦਾਂ ਨੇ ਹੱਥ-ਕੜੀਆਂ ਪਾ ਕੇ ਸੰਸਦ ਬਾਹਰ ਰੋਸ ਪ੍ਰਗਟਾਇਆ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਰੋਸ-ਮੁਜ਼ਾਹਰੇ ਕੀਤੇ ਗਏ। ਸ਼ੋਰ-ਸ਼ਰਾਬੇ ਕਾਰਨ ਸੰਸਦ ਦੀ ਕਾਰਵਾਈ ਰੋਕਣੀ ਪਈ। ਵਿਦੇਸ਼ ਮੰਤਰੀ ਨੂੰ ਬਿਆਨ ਦੇਣਾ ਪਿਆ। ਪ੍ਰਧਾਨ ਮੰਤਰੀ ਨਾਲ ਮਿਲਣ ਉਪਰੰਤ ਦਿਤੇ ਇਸ ਬਿਆਨ ਵਿਚ ਅਮਰੀਕਾ ਦੀ ਨੀਤੀ ਨੂੰ ਜਾਇਜ਼ ਹੀ ਠਹਿਰਾਇਆ ਗਿਆ। 2009 ਤੋਂ ਲੈ ਕੇ 5 ਫਰਵਰੀ 2025 ਤਕ ਡਿਪੋਰਟ ਹੋਏ ਲੋਕਾਂ ਦੀ ਸਾਲਾਨਾ ਗਿਣਤੀ ਦਸੀ ਗਈ। ਉਨ੍ਹਾਂ ਅਨੁਸਾਰ ਇਸ ਸਮੇਂ ਦੌਰਾਨ 15,668 ਗੈਰ-ਕਾਨੂੰਨੀ ਭਾਰਤੀਆਂ ਦੀ ਵਾਪਸੀ ਹੋ ਚੁਕੀ ਹੈ।

ਸੰਨ 2009 ਇਸ ਲਈ ਚੁਣਿਆ ਗਿਆ ਤਾਂ ਕਿ ਇਹ ਦਸਿਆ ਜਾ ਸਕੇ ਕਿ ਇਹ ਵਰਤਾਰਾ ਮੋਦੀ ਸਰਕਾਰ ਬਣਨ ਤੋਂ ਪਹਿਲਾਂ ਦਾ ਹੈ ਅਤੇ ਟਰੰਪ ਤੋਂ ਇਲਾਵਾ ਬਾਕੀ ਅਮਰੀਕੀ ਰਾਸ਼ਟਰਪਤੀਆਂ ਵੇਲੇ ਵੀ ਹੁੰਦਾ ਰਿਹਾ ਹੈ। ਅਮਰੀਕਾ ਦੇ ਇਮੀਗਰੇਸ਼ਨ ਬਾਰੇ ਨਿਯਮਾਂ ਵਿਚ 2012 ਨੂੰ ਹੋਈਆਂ ਤਬਦੀਲੀਆਂ ਦਾ ਜ਼ਿਕਰ ਵੀ ਕੀਤਾ ਗਿਆ, ਜਿਸ ਤਹਿਤ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿਣ ਵਾਲਿਆਂ ਪ੍ਰਤੀ ਸਖਤ ਰੁਖ ਅਪਣਾਇਆ ਗਿਆ। ਵਿਦੇਸ਼ ਮੰਤਰੀ ਨੇ ਕੁਝ ਪਿੜ-ਪੱਲੇ ਨਹੀਂ ਪਾਇਆ। ਦਬਵੀਂ ਜ਼ੁਬਾਨੇ ਇੰਨਾ ਕੁ ਜ਼ਰੂਰ ਕਿਹਾ ਕਿ ਉਹ ਇਸ ਸਬੰਧੀ ਸਬੰਧਤ ਧਿਰ ਨਾਲ ਸੰਪਰਕ ਕਰਨਗੇ ਕਿ ਗੈਰ-ਕਾਨੂੰਨੀ ਪਰਵਾਸੀ ਭਾਰਤੀਆਂ ਨਾਲ ਦੁਰਵਿਹਾਰ ਨਾ ਕੀਤਾ ਜਾਵੇ।

ਭਲਾ ਕੋਈ ਵਿਦੇਸ਼ ਮੰਤਰੀ ਤੋਂ ਪੁੱਛੇ ਕਿ ਉਹ ਪਿਛਲੇ 4 ਮਹੀਨਿਆਂ ਵਿਚ 3 ਵਾਰ ਅਮਰੀਕਾ ਜਾ ਆਏ ਹਨ ਤੇ ਉਨ੍ਹਾਂ ਦਾ ਆਖਰੀ ਦੌਰਾ ਜਨਵਰੀ 'ਚ ਸੀ। ਕੀ ਅਮਰੀਕਾ ਨੇ ਉਨ੍ਹਾਂ ਨੂੰ ਇਨ੍ਹਾਂ 104 ਭਾਰਤੀਆਂ ਦੀ ਡਿਪੋਰਟੇਸ਼ਨ ਬਾਰੇ ਦਸਿਆ ਸੀ? ਜਾਂ ਉਹ ਇਸ ਬਾਰੇ ਜਾਣਦੇ ਸਨ?

ਬਸ ਜੈਸ਼ੰਕਰ ਜੀ ਤਾਂ ਇਹ ਗੋਗਾ ਹੀ ਗਾਈ ਜਾ ਰਹੇ ਹਨ ਕਿ ਟਰੰਪ ਦੇ ਅਹੁਦਾ ਸੰਭਾਲਣ ਦੇ ਇਕ ਮਹੀਨੇ ਦੇ ਅੰਦਰ ਸਾਡੇ ਮੋਦੀ ਜੀ ਦੁਨੀਆਂ ਦੇ ਪਹਿਲੇ 3 ਨੇਤਾਵਾਂ 'ਚੋਂ ਇੱਕ ਹੋਣਗੇ, ਜੋ ਟਰੰਪ ਨੂੰ ਮਿਲਣਗੇ (ਪਹਿਲੇ ਦੋ 'ਚ ਇਜ਼ਰਾਈਲ ਦੇ ਨੇਤਨਯਾਹੂ ਤੇ ਜਾਪਾਨ ਦੇ ਈਸ਼ਬਾ ਸ਼ਾਮਲ ਹਨ)।

ਪਹਿਲਾਂ ਤਾਂ ਕਿਸੇ ਨੇ ਵੀ ਆਉਣ ਵਾਲੇ ਔਰਤਾਂ, ਮਰਦਾਂ, ਬੱਚਿਆਂ ਦੀ ਮਦਦ ਕਰਨ ਦੀ ਗੱਲ ਨਹੀਂ ਕੀਤੀ। 35-40 ਤੋਂ 60-65 ਲੱਖ ਰੁਪਿਆ (ਇਕ ਕੇਸ ਵਿਚ ਕਰੋੜ ਤੋਂ ਵੀ ਵਧੇਰੇ) ਫਰਜ਼ੀ ਏਜੰਟਾਂ ਤੋਂ ਠਗਾ ਕੇ ਮੰਦੇਹਾਲ ਘਰੀਂ ਪੁਜੇ ਲੋਕਾਂ ਦੇ ਪੁਨਰ-ਵਸੇਬੇ ਬਾਰੇ ਕਿਸੇ ਨੇ ਇਕ ਬੋਲ ਨਹੀਂ ਬੋਲਿਆ। ਹਾਂ! ਸਾਡੇ ਪ੍ਰਾਂਤ ਦੇ ਪਰਵਾਸੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਆਉਣ ਵਾਲਿਆਂ ਨੂੰ ਹੱਲਾਸ਼ੇਰੀ ਜ਼ਰੂਰ ਦਿਤੀ, ਉਨ੍ਹਾਂ ਦਾ ਹੌਸਲਾ ਵੀ ਵਧਾਇਆ ਅਤੇ ਢਾਰਸ ਵੀ ਬੰਧਾਈ। ਠੱਗ-ਏਜੰਟਾਂ ਵਿਰੁਧ ਕਾਰਵਾਈ ਦਾ ਭਰੋਸਾ ਵੀ ਦਿਤਾ। ਕਾਰਵਾਈ ਸ਼ੁਰੂ ਵੀ ਹੋ ਗਈ ਹੈ, ਅੰਮ੍ਰਿਤਸਰ ਵਿਚ ਇਕ ਟਰੈਵਲ ਏਜੰਟ ਵਿਰੁਧ ਕੇਸ ਦਰਜ ਹੋਣ ਉਪਰੰਤ ਉਸ ਦਾ ਦਫਤਰ ਸੀਲ ਕੀਤਾ ਗਿਐ। ਪਰ ਧਾਲੀਵਾਲ ਨੇ ਜਲਦ ਹੋਣ ਵਾਲੀ ਕੈਬਨਿਟ ਮੀਟਿੰਗ ਵਿਚ ਮੁੱਖ ਮੰਤਰੀ ਨਾਲ ਵਾਪਸ ਪਰਤੇ ਪੰਜਾਬੀਆਂ ਦੇ ਮੁੜ ਵਸੇਬੇ ਬਾਰੇ ਗੱਲ ਕਰਨ ਦੀ ਗੱਲ ਕਹੀ ਹੈ। ਪੰਜਾਬ ਦੇ ਪੁਲਿਸ ਮੁਖੀ ਨੇ ਵੀ ਮਨੁੱਖੀ ਤਸਕਰੀ ਨੂੰ ਰੋਕਣ ਸਬੰਧੀ ਇਕ ਚਾਰ-ਮੈਂਬਰੀ 'ਸਿਟ' ਦਾ ਗਠਨ ਕੀਤਾ।



ਇਕ ਗੱਲ ਨੇ ਬੜਾ ਹੈਰਾਨ ਕੀਤਾ। ਚਲੋ, ਪੰਜਾਬੀਆਂ ਦੇ ਤਾਂ ਪਰਵਾਸ ਹੱਡਾਂ ਵਿਚ ਰਚਿਐ, ਪੰਜਾਬ ਦੀ ਆਰਥਿਕਤਾ ਵੀ ਡਾਂਵਾਂ-ਡੋਲ ਹੈ ਪਰ ਗੁਜਰਾਤ ਅਤੇ ਹਰਿਆਣੇ ਨੂੰ ਕੀ ਮਾਰ ਵਗ ਗਈ ਕਿ ਉਹ ਗੈਰ-ਕਾਨੂੰਨੀ ਪਰਵਾਸ 'ਚ ਪੰਜਾਬ ਨੂੰ ਵੀ ਮਾਤ ਪਾ ਗਏ! ਗੁਜਰਾਤ ਵਿਚ ਤਾਂ ਸਾਢੇ ਬਾਰਾਂ ਸਾਲ ਤਕ ਮੋਦੀ ਜੀ ਆਪ ਮੁੱਖ ਮੰਤਰੀ ਰਹੇ ਅਤੇ ਬਾਅਦ ਵਿਚ ਵੀ ਉਥੇ ਭਾਜਪਾ ਦੀ ਹੀ ਸਰਕਾਰ ਹੈ। ਮੋਦੀ ਜੀ ਬਾਰ-ਬਾਰ ਵਿਕਾਸ ਦੇ 'ਗੁਜਰਾਤ ਮਾਡਲ' ਦੇ ਗੁਣ-ਗਾਣ ਕਰਦੇ ਨਹੀਂ ਥਕਦੇ, ਹਰਿਆਣੇ ਵਿਚ ਵੀ ਭਾਜਪਾ ਦੀ ਹੀ ਸਰਕਾਰ ਹੈ ਅਤੇ ਹਰਿਆਣਾ ਵੀ ਆਪਣੇ ਵਿਕਾਸ ਦੇ ਕਸੀਦੇ ਪੜ੍ਹਦਾ ਰਹਿੰਦੈ, ਫਿਰ ਇਨ੍ਹਾਂ ਸੂਬਿਆਂ ਵਿਚੋਂ ਕਿਉਂ ਇੰਨੇ ਲੋਕ ਡੰਕੀ-ਰੂਟਾਂ ਦੇ ਖਤਰੇ ਮੁੱਲ ਲੈ ਕੇ, ਲੱਖਾਂ-ਕਰੋੜਾਂ ਰੁਪਏ ਠੱਗ-ਏਜੰਟਾਂ ਨੂੰ ਦੇ ਕੇ ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵੇਸ਼ ਕਰ ਰਹੇ ਹਨ?

ਭਲਾ ਉਹ ਪਲਟਵਾਂ-ਪਰਵਾਸ ('ਰਿਵਰਸ ਮਾਈਗ੍ਰੇਸ਼ਨ') ਕਿਹੜਾ ਹੈ ਜਿਸ ਬਾਰੇ ਕੇਂਦਰ ਅਤੇ ਸਾਡੀ ਰਾਜ ਸਰਕਾਰ ਅਕਸਰ ਚਰਚਾ ਕਰਦੀਆਂ ਰਹਿੰਦੀਆਂ ਹਨ? ਕਿਧਰੇ ਆਹ 'ਟਰੰਪਗੀਰੀ' ਹੀ ਤਾਂ ਇਹ ਪਰਵਾਸ ਨਹੀਂ? ਮੌਲਾ ਖੈਰ ਕਰੇ, ਅਜਿਹਾ ਨਾ ਹੋਵੇ! ਇਸ ਵਰਤਾਰੇ ਨੇ ਤਾਂ ਜਿਥੇ ਅਮਰੀਕਾ ਵਿਚ ਦਹਾਕਿਆਂ ਤੋਂ ਵਸ ਰਹੇ 50 ਲੱਖ ਦੇ ਕਰੀਬ ਭਾਰਤੀ ਮੂਲ ਦੇ ਵਾਸੀਆਂ ਦੀ ਹੀ ਨਹੀਂ, ਸਗੋਂ ਇਧਰ ਰਹਿੰਦੇ ਕਰੋੜਾਂ ਦੇਸ਼ ਵਾਸੀਆਂ ਦੀ ਵੀ ਹੇਠੀ ਕੀਤੀ ਹੈ।

ਪਹਿਲਾਂ ਕੈਨੇਡਾ ਅਤੇ ਹੁਣ ਅਮਰੀਕਾ ਸਾਡੇ ਨੌਜਵਾਨਾਂ ਲਈ ਹਾਲ ਦੀ ਘੜੀ 'ਸੁਪਨਿਆਂ ਦੇ ਦੇਸ਼' ਨਹੀਂ ਰਹੇ। ਹਾਂ, ਕਾਨੂੰਨੀ ਤੌਰ 'ਤੇ ਜਾਣ ਵਾਲਿਆਂ ਲਈ ਕੋਈ ਰੁਕਾਵਟ ਨਹੀਂ, ਪਰ ਸਿਲਸਿਲਾ ਲੰਮਾ ਹੈ।

ਅਮਰੀਕਾ ਦੇ ਇਸ ਨਮੋਸ਼ੀਜਨਕ ਵਰਤਾਰੇ ਤੋਂ ਕਈ ਸਬਕ ਮਿਲਦੇ ਹਨ। ਪਹਿਲਾ ਸਬਕ ਤਾਂ ਇਹੀ ਮਿਲਦੈ ਕਿ ਜੇ ਜਾਣਾ ਹੀ ਹੈ ਤਾਂ ਕਾਨੂੰਨੀ ਢੰਗ-ਤਰੀਕਿਆਂ ਰਾਹੀਂ ਜਾਓ। ਦੂਸਰਾ, ਗੈਰ-ਕਾਨੂੰਨੀ ਪਰਵਾਸ ਲਈ ਹੁਣ ਓਥੇ ਕੋਈ ਥਾਂ ਨਹੀਂ। ਪਤਾ ਨਹੀਂ ਹੋਰ ਕਿੰਨਿਆਂ ਉਪਰ ਡਿਪੋਰਟੇਸ਼ਨ ਦੀ ਤਲਵਾਰ ਲਟਕਦੀ ਹੋਊ? ਤੀਸਰਾ, ਪੰਜਾਬ ਨੂੰ ਜੇ ਪੰਜਾਬ ਰਖਣੈ ਤਾਂ ਬੇਲੋੜੇ ਪਰਵਾਸ ਜਾਂ ਭੇਡ-ਚਾਲੀ ਪਰਵਾਸ ਨੂੰ ਠੱਲ੍ਹ ਪਾਉਣੀ ਪਊ। ਇਹ ਠੱਲ੍ਹ ਗੱਲਾਂ ਜਾਂ ਕਾਵਿਕ ਬੋਲ-ਬਚਨਾਂ ਨਾਲ ਨਹੀਂ ਪੈਣੀ, ਇਸ ਲਈ ਠੋਸ ਕਦਮ ਚੁਕਣੇ ਪੈਣਗੇ। ਇਨ੍ਹਾਂ ਕਦਮਾਂ ਵਿਚ ਸਭ ਤੋਂ ਪਹਿਲਾ ਅਤੇ ਅਤਿਅੰਤ ਜ਼ਰੂਰੀ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਅਤੇ ਟੈਲੇਂਟ/ਲਿਆਕਤ ਅਨੁਸਾਰ ਢੁਕਵੇਂ ਅਵਸਰ ਪ੍ਰਦਾਨ ਕਰਨਾ ਹੈ। ਦੂਸਰਾ, ਆਪਣੇ ਭ੍ਰਿਸ਼ਟ ਪ੍ਰਬੰਧ, ਲਾਲ ਫੀਤਾਸ਼ਾਹੀ/ਬਾਬੂਗੀਰੀ ਅਤੇ ਦਫਤਰੀ ਗੇੜੀਮਾਰ ਚਲਨ ਨੂੰ ਇਕ ਸਿਰਿਓਂ ਹੀ ਸਮਾਪਤ ਕਰਨਾ ਪਵੇਗਾ। ਰਵਾਇਤੀ ਕਾਰੋਬਾਰਾਂ, ਖਾਸ ਕਰਕੇ ਖੇਤੀਬਾੜੀ, ਨੂੰ ਲਾਹੇਵੰਦ ਬਣਾਉਣਾ ਪਵੇਗਾ ਤਾਂ ਕਿ ਸਾਡੇ ਨੌਜਵਾਨ ਇਨ੍ਹਾਂ ਵਲ ਆਕਰਸ਼ਕ ਹੋਣ।

ਠੱਗ-ਏਜੰਟਾਂ ਵਿਰੁੱਧ ਸਿਰਫ ਸੰਕੇਤਕ ਕਾਰਵਾਈ ਹੀ ਨਹੀਂ, ਸਗੋਂ ਵੱਧ ਤੋਂ ਵੱਧ ਅਜਿਹੇ ਠੱਗਾਂ ਨੂੰ ਜਲਦ ਤੋਂ ਜਲਦ ਸਲਾਖਾਂ ਪਿਛੇ ਬੰਦ ਕਰਨਾ ਬਹੁਤ ਹੀ ਜ਼ਰੂਰੀ ਹੈ। ਕਿਉਂਕਿ ਇਨ੍ਹਾਂ ਠੱਗਾਂ ਦਾ ਨੈੱਟਵਰਕ ਦਿੱਲੀ, ਦੁਬਈ ਅਤੇ ਹੋਰ ਬਾਹਰਲੇ ਮੁਲਕਾਂ ਵਿਚ ਹੈ, ਇਸ ਲਈ ਇਨ੍ਹਾਂ 'ਚੋਂ ਅਨੇਕਾਂ ਤਾਂ ਪਹਿਲਾਂ ਹੀ ਸੁਰੱਖਿਅਤ ਟਿਕਾਣਿਆਂ ਉਪਰ ਬੈਠੇ ਹੋਣਗੇ, ਬਾਕੀ ਪੁੱਜ ਗਏ ਹੋਣਗੇ ਪਰ ਅਜੇ ਵੀ ਕਈ ਕਾਬੂ ਕੀਤੇ ਜਾ ਸਕਦੇ ਹਨ ਅਤੇ ਕਾਬੂ ਕਰਨੇ ਵੀ ਬਣਦੇ ਹਨ। ਜੇ ਹੁਣ ਵੀ ਢਿੱਲ-ਮੱਠ ਕਰਾਂਗੇ ਤਾਂ ਗੁਨਹਗਾਰ ਬਣਾਂਗੇ। ਸਵਾਲ ਕੀਤੇ ਜਾਣਗੇ ਕਿ:

'ਤੂੰ ਇਧਰ-ਉਧਰ ਕੀ ਬਾਤ ਨਾ ਕਰ,
ਯੇਹ ਬਤਾ ਕਾਰਵਾਂ ਕੈਸੇ ਲੁਟਾ
ਹਮੇਂ ਰਹਿਜਨੋਂ ਸੇ ਗਰਜ਼ ਨਹੀਂ,
ਤੇਰੀ ਰਹਿਬਰੀ ਕਾ ਸਵਾਲ ਹੈ'।

# ਭਾਰਤੀ ਜੇਲ੍ਹਾਂ ਦਾ ਨਰਕ ਭੋਗਦੀਆਂ ਔਰਤਾਂ ਦੀ ਤ੍ਰਾਸਦਿਕ ਦਸ਼ਾ

ਸੁਧਾ ਭਾਰਦਵਾਜ ਦੀ ਪੁਸਤਕ 'ਫਾਂਸੀ ਅਹਾਤੇ ਤੋਂ ਯੇਰਵੜਾ ਦੀਆਂ ਔਰਤਾਂ ਨਾਲ ਗੁਜ਼ਾਰਿਆ ਇੱਕ ਵਰ੍ਹਾ' ਪੰਜਾਬੀ ਦੇ ਪ੍ਰਸਿੱਧ ਅਨੁਵਾਦਕ ਬੂਟਾ ਸਿੰਘ ਮਹਿਮੂਦਪੁਰ ਦੁਆਰਾ ਪੰਜਾਬੀ ਪਾਠਕਾਂ ਲਈ ਅਨੁਵਾਦ ਕੀਤੀ ਗਈ ਹੈ। ਇਸ ਪੁਸਤਕ ਨੂੰ ਬਾਬਾ ਬੂਝਾ ਸਿੰਘ ਪ੍ਰਕਾਸ਼ਨ ਨੇ ਪ੍ਰਕਾਸ਼ਿਤ ਕੀਤਾ ਹੈ ਤੇ ਇਸ ਦੇ ਵਿਕਰੇਤਾ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਹਨ। ਦੋ ਸੌ ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 300 ਰੁਪਏ ਰੱਖੀ ਗਈ ਹੈ।

ਐਡਵੋਕੇਟ ਸੁਧਾ ਭਾਰਦਵਾਜ ਭੀਮਾ-ਕੋਰੇਗਾਓਂ ਕਥਿਤ ਸਾਜ਼ਿਸ਼ ਕੇਸ 'ਚ ਫਸਾਏ ਸਿਰਮੌਰ ਬੁੱਧੀਜੀਵੀਆਂ/ਹੱਕਾਂ ਦੇ ਕਾਰਕੁਨਾਂ 'ਚੋਂ ਇਕ ਹੈ। ਨਵੰਬਰ 2018 ਤੋਂ ਲੈ ਕੇ ਫਰਵਰੀ 2020 ਤੱਕ ਯੇਰਵੜਾ ਜੇਲ੍ਹ ਦੇ ਫਾਂਸੀ ਅਹਾਤੇ 'ਚ ਬੰਦ ਰਹਿਣ ਸਮੇਂ ਉਨ੍ਹਾਂ ਨੇ ਜੇਲ੍ਹ ਜ਼ਿੰਦਗੀ ਦੀ ਕਰੂਰਤਾ ਨੂੰ ਬਹੁਤ ਨੇੜਿਓਂ ਦੇਖਿਆ ਅਤੇ ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਅਨੁਭਵਾਂ ਨੂੰ ਰੇਖਾ-ਚਿੱਤਰਾਂ ਦੇ ਰੂਪ 'ਚ ਕਲਮਬੱਧ ਕੀਤਾ। ਇਹ ਜੇਲ੍ਹ ਜ਼ਿੰਦਗੀ ਬਾਰੇ ਗਰਮਜੋਸ਼ੀ, ਹਮਦਰਦੀ ਅਤੇ ਖੁਸ਼ਮਿਜ਼ਾਜੀ ਨਾਲ ਲਿਖੀ ਕਿਤਾਬ ਹੈ।

**ਡਾ. ਤਜਿੰਦਰ ਵਿਰਲੀ**
**ਫੋਨ: 94647-97400**

ਪੁਸਤਕ ਵਿਚ ਬੂਟਾ ਸਿੰਘ ਨੇ ਲਿਖਿਆ ਹੈ ਕਿ ਇਹ ਸੁਧਾ ਭਾਰਦਵਾਜ ਦਾ ਆਪਣੇ ਨਾਲ ਬੰਦ ਰਹੀਆਂ ਔਰਤਾਂ ਨੂੰ ਸਤਿਕਾਰ ਵੀ ਹੈ, ਜਿਨ੍ਹਾਂ ਨੇ ਉਸ ਨੂੰ ਹਰ ਦਿਨ ਇਹ ਸਿਖਾਇਆ ਕਿ 'ਅਨਿਆਂ ਤੋਂ ਕਿਵੇਂ ਬਚਣਾ ਹੈ, ਕਿਵੇਂ ਆਸਵੰਦ ਰਹਿਣਾ ਹੈ, ਇੱਥੋਂ ਤੱਕ ਕਿ ਸੀਖ਼ਾਂ ਦੇ ਪਿੱਛੇ ਵੀ ਕਿਵੇਂ ਜੀਣਾ, ਪਿਆਰ ਕਰਨਾ, ਲੜਨਾ ਅਤੇ ਹੱਸਦੇ ਰਹਿਣਾ ਹੈ।

ਸੰਸਾਰ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਇਸ ਪੁਸਤਕ ਬਾਰੇ ਲਿਖਿਆ ਹੈ: 'ਜੇਲ੍ਹ ਅੰਦਰਲੀ ਜ਼ਿੰਦਗੀ ਨੂੰ ਖ਼ੂਬਸੂਰਤੀ ਨਾਲ ਘੋਖ ਕੇ, ਹਮਦਰਦੀ ਨਾਲ ਲਿਖੀ ਗਈ ਇਹ ਕਿਤਾਬ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ। ਇਹ ਲਾਜ਼ਮੀ ਪੜ੍ਹੀ ਜਾਣੀ ਚਾਹੀਦੀ ਹੈ। ਮੈਂ ਸੁਧਾ ਭਾਰਦਵਾਜ ਦਾ ਲਿਖਿਆ ਕੁਝ ਵੀ ਪੜ੍ਹਾਂਗੀ, ਕਿਉਂਕਿ ਉਹ ਅਸਾਧਾਰਨ ਔਰਤ ਹੈ ਅਤੇ ਉਸਨੇ ਅਸਾਧਾਰਨ ਜ਼ਿੰਦਗੀ ਜੀਵੀ ਹੈ। ਇਸੇ ਤਰ੍ਹਾਂ ਸੰਸਾਰ ਪ੍ਰਸਿੱਧ ਅਰਥ-ਸ਼ਾਸਤਰੀ ਅਮ੍ਰਿਤਿਆ ਸੇਨ ਨੇ ਇਸ ਨੂੰ 'ਵੱਡੇ ਮਹੱਤਵ ਵਾਲੀ ਕਿਤਾਬ' ਕਿਹਾ ਹੈ।

ਆਪਣੀ ਕੈਦ ਦੌਰਾਨ ਮਿਲੇ ਕੈਦੀਆਂ ਦੇ 76 ਸਕੈਚਾਂ ਰਾਹੀਂ, ਸਮਾਜਕ ਕਾਰਕੁਨ ਸੁਧਾ ਭਾਰਦਵਾਜ ਆਪਣੇ ਫਾਂਸੀ ਯਾਰਡ ਤੋਂ ਜੇਲ੍ਹ ਦੇ ਸਮੁੱਚੇ ਵਰਤਾਰੇ ਨੂੰ ਦੇਖਦੀ ਹੈ। ਇਸ ਵਰਤਾਰੇ ਨੂੰ ਪੁਨਰ ਬਿਆਨ ਕਰਦੀ ਉਹ ਦੋਹਰਾ ਕਾਰਜ ਨਿਭਾਉਂਦੀ ਹੈ ਜਿਸ ਤਰ੍ਹਾਂ ਉਹ ਜੇਲ੍ਹ ਦੇ ਬਾਹਰ ਇੱਕ ਸਮਾਜਿਕ ਕਾਰਜ-ਕਰਤਾ ਸੀ, ਉਸੇ ਤਰ੍ਹਾਂ ਜੇਲ੍ਹ ਦੇ ਅੰਦਰ ਵੀ ਇੱਕ ਸਮਾਜਿਕ ਕਾਰਕੁਨ ਦੀ ਅੱਖ ਨਾਲ ਵੇਖਦੀ ਸਭ ਕੁਝ ਬਿਆਨ ਕਰਦੀ ਹੈ। ਜੇਲ੍ਹ ਵਿਚ ਭੌਤਿਕ ਸਥਿਤੀਆਂ-ਭੋਜਨ, ਜਸ਼ਨਾਂ ਅਤੇ ਜ਼ਿੰਦਗੀ ਦੀਆਂ ਬੇਇੱਜ਼ਤੀਆਂ ਨੂੰ ਦੇਖਣਾ, ਦੇਖਣ ਨੂੰ ਬਹੁਤ ਸਹਿਜ ਲੱਗਦਾ ਹੈ, ਪ੍ਰੰਤੂ ਜਿਨ੍ਹਾਂ ਨਾਲ ਇਹ ਵਾਪਰ ਰਿਹਾ ਹੈ, ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਉਸਨੂੰ ਸਮਝਣਾ ਤੇ ਬਿਆਨਣਾਂ ਇੱਕ ਜਟਿਲ ਵਰਤਾਰਾ ਸੀ।

1980 ਦੇ ਸ਼ੁਰੂ ਵਿਚ ਜਦੋਂ ਸੁਧਾ ਭਾਰਦਵਾਜ ਆਈ.ਆਈ.ਟੀ. ਕਾਨਪੁਰ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ, ਆਪਣੀ ਅਮਰੀਕੀ ਨਾਗਰਿਕਤਾ ਤਿਆਗਣ ਲਈ ਦਿੱਲੀ ਵਿਚ ਅਮਰੀਕੀ ਕੌਂਸਲੇਟ ਕੋਲ ਗਈ, ਤਾਂ ਕੌਂਸਲਰ ਹੈਰਾਨ ਰਹਿ ਗਏ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਸੀ ਕਿ ਕਿਸੇ ਨੇ ਅਮਰੀਕੀ ਨਾਗਰਿਕਤਾ ਠੁਕਰਾਈ ਹੋਵੇ। ਅਜਿਹੀ ਚੀਜ਼ ਆਮ ਨਹੀਂ ਹੈ, ਖਾਸ ਕਰ ਭਾਰਤੀ ਆਈ.ਆਈ.ਟੀ. ਗ੍ਰੈਜੂਏਟਾਂ ਲਈ, ਜਿਨ੍ਹਾਂ ਦੇ ਜੀਵਨ ਦਾ ਟੀਚਾ ਨਿੱਜੀ ਵਿਕਾਸ ਹੁੰਦਾ ਹੈ। ਉਹ ਲੋਭੀ ਮਾਨਸਿਕਤਾ ਨਾਲ ਅਮਰੀਕਾ ਵਰਗੀ ਧਰਤੀ ਦੀ ਤਲਾਸ਼ ਵਿਚ ਜੁਟ ਜਾਂਦੇ ਹਨ। ਅਮਰੀਕੀ ਪਾਸਪੋਰਟ ਅਤੇ ਨਾਗਰਿਕਤਾ ਨੂੰ ਤਿਆਗਣ ਵਾਲੇ ਕੋਈ ਵਿਰਲੇ ਟਾਵੇਂ ਹੀ ਹੁੰਦੇ ਹਨ, ਜਿਨ੍ਹਾਂ 'ਚੋਂ ਇਕ ਸੀ ਸੁਧਾ ਭਾਰਦਵਾਜ। ਅਧਿਕਾਰੀਆਂ ਨੂੰ ਸਹੀ ਫਾਰਮ ਲੱਭਣ ਵਿਚ ਕੁਝ ਸਮਾਂ ਲੱਗਾ। ਉਸ ਸਮੇਂ, ਸੁਧਾ ਸ਼ਾਇਦ ਬਿਲਕੁਲ ਉਸੇ ਤਰ੍ਹਾਂ ਮੁਸਕਰਾਈ ਸੀ, ਜਿਸ ਤਰ੍ਹਾਂ ਉਹ ਤਸਵੀਰ ਵਿਚ ਕਰਦੀ ਹੈ ਜੋ ਇਸ ਕਿਤਾਬ ਦੇ ਪਿਛਲੇ ਪੰਨੇ ਨੂੰ ਸ਼ਿੰਗਾਰਦੀ ਹੈ, ਜੋ ਸਮਾਜਿਕ ਤਬਦੀਲੀ ਲਈ ਉਸਦੀ ਵਚਨਬੱਧਤਾ ਦੀ ਗੱਲ ਕਰਦੀ ਹੈ। ਇਹ ਵਚਨਬੱਧਤਾ, ਚਿਹਰੇ ਦੀ ਮੁਸਕਾਨ ਉਸ ਦੇ ਕਾਰਜ ਨਾਲ ਜੁੜੀ ਹੋਈ ਹੈ। ਇਹ ਕਾਰਜ ਵੀ ਸਦੀਵੀ ਹੈ ਤੇ ਉਸਦੇ ਚਿਹਰੇ ਦੀ ਮੁਸਕਾਨ ਵੀ, ਜਿਹੜੀ ਮੁਸਕਾਨ ਜੇਲ੍ਹ ਵੀ ਉਸਦੇ ਕੋਲੋਂ ਖੋਹ ਨਹੀਂ ਸਕੀ। ਇਸ ਵਚਨਬੱਧਤਾ ਦੀ ਪੂਰਤੀ ਲਈ, ਜਦੋਂ ਉਸ ਨੂੰ ਤਿੰਨ ਸਾਲ ਲਈ ਪਹਿਲੀ ਵਾਰ ਗ੍ਰਿਫਤਾਰ ਕੀਤਾ ਗਿਆ, ਉਦੋਂ ਵੀ ਉਹ ਉਸੇ ਤਰ੍ਹਾਂ ਮੁਸਕਰਾ ਰਹੀ ਸੀ ਜਿਵੇਂ ਯੇਰਵੜਾ ਜੇਲ੍ਹ, ਪੁਣੇ, ਮਹਾਰਾਸ਼ਟਰ ਅਤੇ ਫਿਰ ਬਾਈਕਲਾ ਜੇਲ੍ਹ, ਮੁੰਬਈ ਵਿਚ, ਉਸ ਦੇ ਹੋਠਾਂ 'ਤੇ ਮੁਸਕਰਾਹਟ ਸੀ। ਇਸ ਨੂੰ ਉਹ ਇਸ ਤਰ੍ਹਾਂ ਬਿਆਨ ਕਰਦੀ ਹੈ:

'ਮੇਰਾ ਜਨਮ 1 ਨਵੰਬਰ 1961 ਨੂੰ ਬੋਸਟਨ (ਯੂ.ਐਸ.ਏ.) ਵਿਚ ਹੋਇਆ, ਜਿੱਥੇ ਮੇਰੇ ਮਾਤਾ-ਪਿਤਾ ਕ੍ਰਿਸ਼ਨਾ ਅਤੇ ਰੰਗਾਨਾਥ ਭਾਰਦਵਾਜ, ਅਰਥ-ਸ਼ਾਸਤਰ ਵਿਚ ਪੋਸਟ-ਡਾਕਟਰੇਟ ਫੈਲੋ ਸਨ। ਮੈਂ ਸ਼ਾਇਦ ਇਕ ਅਣਵਿਉਂਤਿਆ ਬੱਚਾ ਸੀ ਕਿਉਂਕਿ ਮੇਰੇ ਮਾਤਾ-ਪਿਤਾ ਕੋਲ ਖ਼ਰਚਣ ਲਈ ਪੈਸਿਆਂ ਦੀ ਥੁੜ੍ਹ ਸੀ। ਅਮਰੀਕਨ ਨਾਗਰਿਕਤਾ ਜਨਮ ਦੇ ਆਧਾਰ 'ਤੇ ਮੈਨੂੰ ਮਿਲੀ। ਜਦੋਂ ਮੈਂ ਸਾਲ ਕੁ ਦੀ ਸੀ ਤਾਂ ਅਸੀਂ ਭਾਰਤ ਵਾਪਸ ਆ ਗਏ, ਇਸ ਲਈ ਅਮਰੀਕਾ ਦੀਆਂ ਯਾਦਾਂ ਮੇਰੇ ਚੇਤਿਆਂ 'ਚ ਨਹੀਂ ਹਨ। ਪਰ ਸਾਡੇ ਗੁਆਂਢੀ ਪਰਿਵਾਰ, ਇਕ ਰੂਸੀ ਆਵਾਸੀ ਜੋੜੇ ਅਤੇ ਉਨ੍ਹਾਂ ਦੇ ਪੁੱਤਰ ਗਰੇਗੋਰੀ ਨਾਲ ਮੇਰੇ ਬਚਪਨ ਦੀਆਂ ਤਸਵੀਰਾਂ ਹਨ, ਜੋ ਮੇਰੇ ਮਾਪਿਆਂ ਦੇ ਉਥੇ ਰਹਿਣ ਸਮੇਂ ਮੇਰੀ ਸਾਂਭ-ਸੰਭਾਲ ਕਰਦੇ ਸਨ।'(ਪੰਨਾ 5)

-ਸਰਕਾਰ ਨੇ ਉਸ ਦੀ ਪਛਾਣ ਨੂੰ ਸ਼ਹਿਰੀ ਨਕਸਲੀ ਵਜੋਂ ਦਰਸਾਇਆ ਹੈ, ਜੋ ਰਾਸ਼ਟਰ ਵਿਰੁੱਧ ਮੁਸੀਬਤ ਪੈਦਾ ਕਰਦਾ ਹੈ, ਉਹ ਭੀਮਾ ਕੋਰੇਗਾਓਂ ਕੇਸ ਦੇ ਵਿਚ ਗ੍ਰਿਫਤਾਰ ਕੀਤੇ 16 ਸਮਾਜਿਕ ਕਾਰਕੁਨਾਂ/ਬੁੱਧੀਜੀਵੀਆਂ ਵਿਚੋਂ ਇੱਕ ਹੈ ਜਿਸ 'ਤੇ ਭਾਰਤ ਵਿਰੁੱਧ ਲੜੀਵਾਰ ਜੰਗ ਛੇੜਨ, ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਅਤੇ ਹਿੰਸਕ ਘਟਨਾਵਾਂ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਹਾਲਾਂਕਿ, ਇਸ ਵਿਚ ਕੋਈ ਸਚਾਈ ਨਹੀਂ। ਇਹ ਸਾਰੇ ਦੋਸ਼ ਬੇ-ਬੁਨਿਆਦ ਹਨ। ਜਿਨ੍ਹਾਂ ਦੋਸ਼ਾਂ ਲਈ ਉਹ ਤੇ ਉਸ ਦੇ ਸਾਥੀ ਜੇਲ੍ਹ ਕੱਟਦੇ ਹਨ।

ਉਹ ਇੱਕ ਪ੍ਰਵਾਸੀ ਰੂਸੀ ਜੋੜੇ ਦੁਆਰਾ ਪਾਲੀ ਗਈ ਸੀ। ਉਸ ਦੇ ਮਾਤਾ-ਪਿਤਾ ਅਲੱਗ-ਅਲੱਗ ਹੋ ਗਏ। ਉਸਦੀ ਮਾਂ, ਕ੍ਰਿਸ਼ਨਾ ਨੂੰ ਬਾਅਦ ਵਿਚ ਐਂਟੋਨੀਓ ਗ੍ਰਾਮਸੀ ਦੇ ਨਜ਼ਦੀਕੀ ਸਹਿਯੋਗੀ, ਪਿਏਰੋ ਸਫਾ ਨੇ ਕੈਂਬ੍ਰਿਜ ਯੂਨੀਵਰਸਿਟੀ, ਯੂ.ਕੇ. ਵਿਚ ਬੁਲਾਇਆ ਸੀ, ਜੋ ਉਸਦੀ ਕਲਾਸਿਕ ਕਿਤਾਬ, 'ਕਮੋਡਿਟੀਜ਼ ਦੁਆਰਾ ਵਸਤੂਆਂ ਦੇ ਉਤਪਾਦਨ' ਦੀ ਸਮੀਖਿਆ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਸੁਧਾ ਨੇ ਕਈ ਸਾਲ ਕੈਂਬ੍ਰਿਜ ਸਕੂਲ ਵਿਚ ਬਿਤਾਏ ਅਤੇ ਹੋਰ ਚੀਜ਼ਾਂ ਦੇ ਨਾਲ, ਆਪਣੀ ਮਾਂ ਦੀ ਆਪਣੀ ਮਸ਼ਹੂਰ ਕਿਤਾਬ 'ਭਾਰਤੀ ਖੇਤੀ ਵਿਚ ਉਤਪਾਦਨ' ਦੀਆਂ ਸਥਿਤੀਆਂ ਨੂੰ ਸੰਪਾਦਿਤ ਕਰਨ ਵਿਚ ਮਦਦ ਕੀਤੀ।




ਬਾਅਦ ਵਿਚ, ਉਸਦੀ ਮਾਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਨਵੇਂ ਸਥਾਪਿਤ ਸੈਂਟਰ ਫਾਰ ਇਕਨਾਮਿਕ ਸਟੱਡੀਜ਼ ਐਂਡ ਪਲੈਨਿੰਗ ਵਿਚ ਸ਼ਾਮਲ ਹੋ ਗਈ, ਜੋ ਹੌਲੀ-ਹੌਲੀ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਹੋ ਗਿਆ। ਇਹ ਉਹ ਥਾਂ ਹੈ ਜਿੱਥੇ ਉਸਨੇ ਆਪਣਾ ਸੁਹਾਵਣਾ ਬਚਪਨ ਇੱਕ ਵਿਸ਼ਾਲ ਕੈਂਪਸ ਵਿਚ ਬਿਤਾਇਆ। ਉਸ ਦਾ ਵਿਅਕਤੀਤਵ ਸਖਤ ਮਾਂ, ਕਿਤਾਬਾਂ ਅਤੇ ਸੈਂਟਰਲ ਸਕੂਲ, ਆਈ.ਆਈ.ਟੀ. ਦਿੱਲੀ ਵਿਚ ਕਲਾਸਾਂ, ਜਿੱਥੇ ਕਰਮਚਾਰੀਆਂ ਦੇ ਬੱਚੇ ਪੜ੍ਹਦੇ ਸਨ, ਨੇ ਘੜਿਆ। ਉਹ ਆਈ.ਆਈ.ਟੀ. ਕਾਨਪੁਰ ਵਿਚ ਗਣਿਤ ਦਾ ਅਧਿਐਨ ਕਰਨ ਗਈ ਅਤੇ ਉੱਥੇ ਹੀ ਵਿਦਿਆਰਥੀਆਂ ਅਤੇ ਮਾਰਕਸਵਾਦੀ ਅਧਿਆਪਕਾਂ ਦੇ ਸਮੂਹ ਨੂੰ ਮਿਲੀ ਤੇ ਟੈਕਸਟਾਈਲ ਵਰਕਰਾਂ, ਕਿਸਾਨਾਂ ਅਤੇ ਕੈਂਪਸ ਵਰਕਰਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। 1982 ਵਿਚ ਦਿੱਲੀ ਦੀਆਂ ਏਸ਼ੀਆਡ ਖੇਡਾਂ ਨਾਲ ਸਬੰਧਤ ਉਸਾਰੀਆਂ ਦੇ ਦੌਰ, ਮਜ਼ਦੂਰਾਂ ਦੇ ਭਿਆਨਕ ਦੁੱਖਾਂ ਅਤੇ ਅਣ-ਰਿਪੋਰਟ ਹੋਈਆਂ ਮੌਤਾਂ ਉਸ ਨੂੰ ਯੂਨੀਅਨ ਆਗੂ ਸ਼ੰਕਰ ਗੁਹਾ ਨਿਯੋਗੀ ਦੇ ਸੰਪਰਕ ਵਿਚ ਲਿਆਈਆਂ ਅਤੇ ਉਹ ਛੱਤੀਸਗੜ੍ਹ ਮੁਕਤੀ ਮੋਰਚਾ ਵਿਚ ਸ਼ਾਮਲ ਹੋਣ ਲਈ ਛੱਤੀਸਗੜ੍ਹ ਚਲੀ ਗਈ। ਗੁਹਾ ਦੀ ਹੱਤਿਆ ਤੋਂ ਪਹਿਲਾਂ ਇਸ ਖੇਤਰ ਵਿਚ ਆਦਿਵਾਸੀ ਅਤੇ ਹੋਰ ਖਾਣ ਮਜ਼ਦੂਰ ਸਨ। ਛੱਤੀਸਗੜ੍ਹ ਵਿਚ ਉਸਦਾ ਡਾ. ਬਿਨਾਇਕ ਸੇਨ ਨਾਲ ਸੰਪਰਕ ਹੁੰਦਾ ਹੈ, ਜੋ ਸਰਕਾਰ ਦੇ ਗੁੱਸੇ ਦਾ ਸਾਹਮਣਾ ਕਰ ਰਿਹਾ ਸੀ। ਇਨ੍ਹਾਂ ਸਾਰੇ ਵਿਅਕਤੀਆਂ ਨੇ ਵਿਸ਼ੇਸ਼ ਅਧਿਕਾਰ ਤਿਆਗ ਦਿੱਤੇ ਅਤੇ ਭਾਰਤ ਦੇ ਕੁਝ ਗਰੀਬਾਂ ਦੀ ਮਦਦ ਕਰਨ ਲਈ ਗਰੀਬੀ ਨੂੰ ਅਪਣਾਇਆ। ਅੰਦੋਲਨ ਦੇ ਵਿਭਾਜਨ ਤੋਂ ਬਾਅਦ ਵੀ, ਭਾਰਦਵਾਜ ਲਗਭਗ ਤਿੰਨ ਦਹਾਕੇ ਇਥੇ ਰਹੇ, ਇੱਕ ਬੱਚੇ ਨੂੰ ਗੋਦ ਲਿਆ ਅਤੇ ਸਭ ਤੋਂ ਗਰੀਬ ਖਾਣ ਮਜ਼ਦੂਰਾਂ ਵਿਚ ਰਹਿੰਦੀ ਰਹੀ।

ਇੱਕ ਲੰਮੀ ਇੰਟਰਵਿਊ ਵਿਚ, ਜੋ ਇਸ ਜੇਲ੍ਹ ਦੀ ਯਾਦ ਨੂੰ ਦਰਸਾਉਂਦੀ ਹੈ, ਉਸਨੇ ਦੱਸਿਆ ਕਿ ਕਿਵੇਂ ਉਹ ਗ੍ਰਿਫਤਾਰ ਕੀਤੇ ਜਾਣ ਤੋਂ ਪਹਿਲਾਂ, ਨੈਸ਼ਨਲ ਲਾਅ ਯੂਨੀਵਰਸਿਟੀ ਵਿਚ ਪੜ੍ਹਾਉਣ ਲਈ ਆਖਰਕਾਰ ਦਿੱਲੀ ਵਾਪਸ ਆਈ। ਵਰਵਰਾ ਰਾਓ, ਅਰੁਣ ਫਰੇਰਾ ਅਤੇ ਵਰਨੋਨ ਗੋਨਸਾਲਵਿਸ ਸਮੇਤ ਉਸਦੇ ਕੁਝ ਸਾਥੀ, ਮੌਜੂਦਾ ਸ਼ਾਸਨ ਤੋਂ ਪਹਿਲਾਂ ਹੀ ਬਿਨਾ ਕਿਸੇ ਦੋਸ਼ ਦੇ ਸਾਲਾਂ ਤੱਕ ਜੇਲ੍ਹ ਵਿਚ ਬੰਦ ਸਨ।

ਕਿਤਾਬ ਦੇ ਮੁੱਖ ਭਾਗ ਵਿਚ, ਉਹ ਆਪਣੇ ਜੇਲ੍ਹ ਦੇ ਅਨੁਭਵ ਪੇਸ਼ ਕਰਦੀ ਹੈ, ਜਿਸ ਵਿਚ ਉਸਦੀ ਪਹਿਲੀ ਗ੍ਰਿਫਤਾਰੀ, ਪੁਣੇ ਵਿਚ ਤਾਲਾਬੰਦੀ ਵਿਚ ਉਸਦਾ ਅਨੁਭਵ ਅਤੇ ਯਰਵੜਾ ਅਤੇ ਮੁੰਬਈ ਵਿਚ ਉਸਦੇ ਬਾਅਦ ਦੇ ਕੰਮ ਸ਼ਾਮਲ ਹਨ।

76 ਛੋਟੀਆਂ ਜੀਵਨੀਆਂ ਜਾਂ ਕੈਦੀਆਂ ਦੇ ਸਕੈਚਾਂ ਅਤੇ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਉਹ ਜੇਲ੍ਹ ਦੀਆਂ ਭੌਤਿਕ ਸਥਿਤੀਆਂ, ਭੋਜਨ, ਜਸ਼ਨਾਂ ਅਤੇ ਅਪਮਾਨ ਬਾਰੇ ਲਿਖਦੀ ਹੈ। ਬੇਸ਼ੱਕ, ਭਾਰਤ ਵਿਚ ਮਹਿਲਾ ਰਾਜਨੀਤਕ ਕੈਦੀਆਂ ਦੁਆਰਾ ਜੇਲ੍ਹ ਦੀਆਂ ਯਾਦਾਂ ਦੀ ਇੱਕ ਲੰਮੀ ਪਰੰਪਰਾ ਹੈ ਅਤੇ ਮੈਰੀ ਟਾਈਲਰ ਦੀ ਕਲਾਸਿਕ, ਮਾਈ ਡੇਜ਼ ਇਨ ਐਨ ਇੰਡੀਅਨ ਜੇਲ੍ਹ, ਮਸ਼ਹੂਰ ਕੰਨੜ ਅਦਾਕਾਰਾ ਸਨੇਹਲਤਾ ਰੈਡੀ ਦੀ ਡਾਇਰੀ, ਜਿਸਦੀ ਐਮਰਜੈਂਸੀ ਦੌਰਾਨ ਜੇਲ੍ਹ ਵਿਚ ਮੌਤ ਹੋ ਗਈ ਸੀ, ਅਤੇ ਅੰਜੁਮ ਹਬੀਬ ਦਾ ਕੈਦੀ ਨੰਬਰ 100: 'ਭਾਰਤੀ ਜੇਲ੍ਹ ਵਿਚ ਮੇਰੀ ਰਾਤਾਂ ਅਤੇ ਦਿਨਾਂ ਦਾ ਲੇਖਾ ਜੋਖਾ,' ਆਦਿ ਪੁਸਤਕਾਂ ਸਾਡੇ ਕੋਲ ਪਹਿਲਾਂ ਵੀ ਮੌਜੂਦ ਹਨ, ਅਤੇ ਜੇਲ੍ਹਾਂ ਵਿਚ ਰਹਿ ਕੇ ਸਮਕਾਲੀ ਕੈਦੀਆਂ ਬਾਰੇ ਲਿਖਣ ਦਾ ਸਿਲਸਿਲਾ ਵੀ ਭਾਵੇਂ ਬਹੁਤ ਪੁਰਾਣਾ ਹੈ ਪ੍ਰੰਤੂ ਸੁਧਾ ਭਾਰਦਵਾਜ ਇਸ ਸਾਰੇ ਵਰਤਾਰੇ ਨੂੰ ਨਵੇਂ ਅਰਥ ਉਦੋਂ ਪ੍ਰਦਾਨ ਕਰਦੀ ਹੈ ਜਦੋਂ ਉਹ ਨਿੱਕੀਆਂ ਨਿੱਕੀਆਂ ਚੀਜ਼ਾਂ ਨੂੰ ਬੜੀ ਬਰੀਕੀ ਨਾਲ ਦੇਖਦੀ ਤੇ ਬਿਆਨ ਕਰਦੀ ਹੋਈ ਆਪਣੇ ਦ੍ਰਿਸ਼ਟੀਕੋਣ ਦਾ ਪੱਲਾ ਨਹੀਂ ਛੱਡਦੀ ਤੇ ਨਾ ਹੀ ਆਪਣੀ ਵਿਚਾਰਧਾਰਾ ਨੂੰ ਭਾਰੂ ਹੋਣ ਦਿੰਦੀ ਹੈ।

ਸੁਧਾ ਭਾਰਦਵਾਜ ਨੇ ਜੇਲ੍ਹ ਵਿਚ ਕੱਪੜੇ ਉਤਾਰਨ ਦੀ ਆਪਣੀ ਪਹਿਲੀ ਰਸਮ ਦਾ ਵਰਣਨ ਕੀਤਾ ਹੈ, ਜੋ ਕਿ ਆਮ ਵਾਂਗ ਹੈ, "ਮੈਨੂੰ ਕਿਹਾ ਗਿਆ ਹੈ ਕਿ ਇੱਕ ਗੰਦੇ ਪਾਸੇ ਵਾਲੇ ਕਮਰੇ ਵਿਚ ਜਾ ਕੇ ਕੱਪੜੇ ਉਤਾਰ ਦਿਓ- 'ਹਾਂ, ਸਭ ਕੁਝ ਉਤਾਰ ਦਿਓ,' 'ਸਕੂਟ,' 'ਆਪਣੇ ਵਾਲ ਖੋਲ੍ਹੋ'।

ਪੀਆਈਟੀਏ, ਅਨੈਤਿਕ ਤਸਕਰੀ ਦੀ ਰੋਕਥਾਮ ਐਕਟ ਨਾਲ ਉਸਦੀ ਪਹਿਲੀ ਮੁਲਾਕਾਤ ਪੰਜ ਨੇਪਾਲੀ ਔਰਤਾਂ ਨਾਲ ਹੁੰਦੀ ਹੈ, ਜੋ ਸਾਲਾਂ ਤੋਂ ਆਪਣੇ ਪਰਿਵਾਰਾਂ ਦਾ ਸਮਰਥਨ ਕਰ ਰਹੀਆਂ ਸਨ। ਉਹ ਇੱਕ ਅੰਬੇਡਕਰਵਾਦੀ ਦਲਿਤ ਨਰਸ ਨੂੰ ਮਿਲਦੀ ਹੈ, ਜੋ ਰਾਖਵੇਂਕਰਨ ਦੀ ਮੰਗ ਕਰਨ ਵਾਲੇ ਮਰਾਠਿਆਂ ਦਾ ਮਜ਼ਾਕ ਉਡਾਉਂਦੀ ਹੈ ਅਤੇ ਆਪਣੀ ਧੀ ਨੂੰ ਪੁਲਿਸ ਅਫ਼ਸਰ ਬਣਾਉਣ ਦੇ ਸੁਪਨੇ ਲੈਂਦੀ ਹੈ। ਮਰਾਠੀ ਸਮੂਹ ਅਤੇ ਬੰਗਾਲੀ ਸਮੂਹ ਅਕਸਰ ਝਗੜਾ ਕਰਦੇ ਹਨ, ਪਰ ਉਨ੍ਹਾਂ ਦੇ ਵਿਚਕਾਰ ਇੱਕ ਜਵਾਨ, ਜੋਸ਼ੀਲੀ ਔਰਤ ਵੀ ਹੈ ਜੋ ਚੁਟਕਲੇ ਸੁਣਾਉਂਦੀ ਹੈ ਅਤੇ ਬੇਝਿਜਕ ਬਿਆਨ ਕਰਦੀ ਹੈ ਕਿ ਕਿਵੇਂ ਉਸਨੂੰ ਇੱਕ ਗੈਂਗਸਟਰ ਨਾਲ ਪਿਆਰ ਹੋ ਗਿਆ, ਜਿਸ ਦੇ ਕਤਲ ਦੇ ਦੋਸ਼ ਵਿਚ ਦੋਵਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਹੈ। ਉਸ ਨੂੰ ਅਜੇ ਵੀ ਉਸ ਵਿਚ ਵਿਸ਼ਵਾਸ ਹੈ। ਬੇਸ਼ੱਕ, ਬਹੁਤ ਸਾਰੀਆਂ ਔਰਤਾਂ ਹਨ ਜੋ ਆਪਣੇ ਦੁਰਵਿਵਹਾਰ ਕਰਨ ਵਾਲੇ ਜੀਵਨ ਸਾਥੀ ਦੀ ਹੱਤਿਆ ਦੇ ਦੋਸ਼ ਵਿਚ ਜੇਲ੍ਹ ਵਿਚ ਹਨ।

ਅਫਰੀਕੀ-ਅਮਰੀਕਨ ਨਾਗਰਿਕ ਅਧਿਕਾਰ ਕਾਰਕੁਨ ਐਂਜੇਲਾ ਡੇਵਿਸ ਅਤੇ ਹੋਰ ਜੇਲ੍ਹ ਸੁਧਾਰਕਾਂ ਵਲੋਂ ਲੰਬੇ ਸਮੇਂ ਤੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਘਰੇਲੂ ਸ਼ੋਸ਼ਣ ਦੀਆਂ ਸ਼ਿਕਾਰ ਔਰਤਾਂ ਨਾਲ ਵੱਖਰਾ ਸਲੂਕ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਨਾਖੁਸ਼ ਔਰਤਾਂ, ਜ਼ਿਆਦਾਤਰ ਹਾਲਾਤਾਂ ਦਾ ਸ਼ਿਕਾਰ ਹੁੰਦੀਆਂ ਹਨ। ਇਹ ਬਦਲਾ ਲੈਣ ਲਈ ਆਪਣੇ ਦੋਸ਼ੀਆਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ, ਅਤੇ ਕਈ ਵਾਰ ਆਪਣੀ ਜਾਨ ਵੀ ਲੈ ਲੈਂਦੀਆਂ ਹਨ। ਪਰ ਕਾਨੂੰਨ ਉਨ੍ਹਾਂ ਅਤੇ ਉਨ੍ਹਾਂ ਦੇ ਦੁੱਖਾਂ ਵਿਚਕਾਰ ਦਖਲਅੰਦਾਜ਼ੀ ਕਰਦਾ ਹੈ!

ਯੇਰਵੜਾ ਜੇਲ੍ਹ ਵਿਚ ਬਹੁਤ ਸਾਰੀਆਂ ਮਾਵਾਂ ਹਨ, ਜਿਸ ਵਿਚ ਇੱਕ ਸਕੂਲ ਅਤੇ ਇੱਕ ਤਰ੍ਹਾਂ ਦੀ ਕ੍ਰੈਚ ਹੈ। ਬੱਚੇ ਪੰਜ ਸਾਲ ਦੀ ਉਮਰ ਤੱਕ ਆਪਣੀਆਂ ਮਾਵਾਂ ਦੇ ਨਾਲ ਰਹਿੰਦੇ ਹਨ। ਭਾਰਦਵਾਜ ਨੇ ਪੋਕਸੋ (ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੁਅਲ ਆਫੈਂਸ ਐਕਟ) ਦੇ ਤਹਿਤ ਦੋਸ਼ੀ ਠਹਿਰਾਈ ਗਈ ਇੱਕ ਲੰਬੀ ਮਹਿਲਾ ਬਾਰੇ ਲਿਖਿਆ। ਜਦੋਂ ਉਹ ਇੱਕ ਵਾਧੂ ਵਿਆਹੁਤਾ ਰਿਸ਼ਤਾ ਨਿਭਾ ਰਹੀ ਸੀ, ਉਸਦੀ ਭੈਣ ਦੀ ਨਾਬਾਲਗ ਧੀ ਨੇ ਆਪਣੇ ਪ੍ਰੇਮੀ ਦੇ ਦੋਸਤ ਨਾਲ ਰਿਸ਼ਤਾ ਬਣਾ ਲਿਆ। ਪਰਿਵਾਰਕ ਦਬਾਅ ਹੇਠ, ਲੜਕੀ ਨੇ ਆਪਣੀ ਮਾਸੀ 'ਤੇ ਦੋ ਵਿਅਕਤੀਆਂ ਨਾਲ ਮਿਲੀਭੁਗਤ ਕਰਨ ਦਾ ਦੋਸ਼ ਲਗਾਇਆ, ਜਿਨ੍ਹਾਂ ਨੇ ਦਾਅਵਾ ਕੀਤਾ ਕਿ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ।

ਭਾਰਦਵਾਜ ਲਿਖਦੀ ਹੈ, 'ਇਹ ਇੱਕ ਦੁਖੀ ਵਿਆਹ, ਸਮਾਜਿਕ ਤੌਰ 'ਤੇ ਅਸਵੀਕਾਰਨਯੋਗ ਪ੍ਰੇਮ ਸਬੰਧਾਂ ਅਤੇ ਵਿਨਾਸ਼ਕਾਰੀ ਕਾਨੂੰਨੀ ਬਦਲੇ ਦੀ ਦੁਖਦਾਈ ਕਹਾਣੀ ਹੈ ... ਇਹ ਉਨ੍ਹਾਂ ਮਾਮਲਿਆਂ ਵਿਚੋਂ ਇੱਕ ਹੈ ਜਿਸ ਵਿਚ ਮੇਰੇ ਵਰਗੀ ਨਾਰੀਵਾਦੀ ਵਕੀਲ ਨੂੰ ਵੀ ਬਲਾਤਕਾਰ ਦੇ ਕਾਨੂੰਨਾਂ ਨੂੰ ਗੰਭੀਰਤਾ ਨਾਲ ਦੇਖਣ ਲਈ ਮਜਬੂਰ ਕੀਤਾ ਜਾਂਦਾ ਹੈ ਜੋ ਸਿਰਫ਼ ਸਰਕਾਰੀ ਵਕੀਲ ਦੇ ਸਬੂਤਾਂ 'ਤੇ ਨਿਰਭਰ ਕਰਦੇ ਹਨ।"

ਭੀਮਾ ਕੋਰੇਗਾਓਂ ਕੇਸ ਵਿਚ ਗ੍ਰਿਫ਼ਤਾਰ ਕਾਰਕੁਨ-ਵਕੀਲ ਸੁਧਾ ਭਾਰਦਵਾਜ ਨੇ ਜੇਲ੍ਹ ਜੀਵਨ ਦੀ ਡਾਇਰੀ ਵੀ ਲਿਖੀ ਹੈ। 2021 ਵਿਚ ਰਿਹਾਅ ਹੋਈ, ਉਹ ਯੇਰਵੜਾ ਜੇਲ੍ਹ ਵਿਚ ਆਪਣੇ ਅਨੁਭਵ ਬਾਰੇ ਲਿਖਦੀ ਹੈ, 'ਇਸ ਕਿਤਾਬ ਵਿਚ, ਮੈਂ ਯੇਰਵੜਾ ਜੇਲ੍ਹ ਦੀਆਂ ਕੁਝ ਔਰਤਾਂ ਦੀਆਂ ਕਹਾਣੀਆਂ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਵੇਂ ਮੈਂ ਉਨ੍ਹਾਂ ਨੂੰ ਉੱਥੇ ਰਹਿੰਦਿਆਂ ਇਕ ਸਾਲ ਅਤੇ ਦੋ ਮਹੀਨਿਆਂ ਵਿਚ ਦੇਖਿਆ। ਜਿਵੇਂ ਮੈਂ ਕਿਹਾ ਹੈ, ਉੱਥੇ ਦਿਨ ਇਕ ਦੂਜੇ ਵਿਚ ਵਿਲੀਨ ਹੋ ਜਾਂਦੇ ਹਨ, ਪਰ ਮੌਸਮ ਜਿਨ੍ਹਾਂ ਨੂੰ ਤੁਸੀਂ ਦੇਖਦੇ ਅਤੇ ਅਨੁਭਵ ਕਰਦੇ ਹੋ, ਉਹ ਤੁਹਾਡੀਆਂ ਔਕੜਾਂ ਨੂੰ ਹੋਰ ਵੀ ਬਦਤਰ ਬਣਾ ਦਿੰਦੇ ਹਨ, ਤੁਹਾਨੂੰ ਕੀਮਤੀ ਪਾਣੀ ਲਈ ਸੰਘਰਸ਼ ਕਰਨ, ਪੱਖੇ ਲਈ ਦਰਖ਼ਾਸਤ ਦੇਣ ਜਾਂ ਸੀਖ਼ਾਂ ਵਿਚੋਂ ਦੀ ਹੋ ਕੇ ਆਉਣ ਵਾਲੀ ਸਰਦ ਹਵਾ ਤੋਂ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਲਈ ਮਜਬੂਰ ਕਰਦੇ ਹਨ। ਉਹ ਤੁਹਾਨੂੰ ਸ਼ਾਂਤ ਵੀ ਕਰਦੇ ਹਨ, ਤੁਹਾਨੂੰ ਤਰੋ ਤਾਜ਼ਾ ਕਰਦੇ ਹਨ ਅਤੇ ਤੁਹਾਨੂੰ ਕੁਦਰਤੀ ਸੰਸਾਰ ਬਾਰੇ ਉਸ ਨਾਲੋਂ ਵਧੇਰੇ ਜਾਗਰੂਕ ਬਣਾਉਂਦੇ ਹਨ, ਜਿੰਨਾ ਤੁਸੀਂ 'ਬਾਹਰ' ਰਹਿੰਦਿਆਂ ਹੁੰਦੇ ਹੋ। ਮੈਂ ਕਿਤਾਬ ਦੇ ਹਰੇਕ ਭਾਗ ਦਾ ਆਗਾਜ਼ ਇਕ ਰੁੱਤ ਤੋਂ ਅਗਲੀਰੁੱਤ ਤੱਕ ਆਪਣੇ ਤਜਰਬਿਆਂ 'ਤੇ ਆਧਾਰਤ ਕੁਝ ਪੈਰਿਆਂ ਨਾਲ ਕੀਤਾ ਹੈ, ਜਿਸ ਤੋਂ ਬਾਅਦ ਮੇਰੇ ਜੇਲ੍ਹ ਨੋਟਸ ਸ਼ੁਰੂ ਹੁੰਦੇ ਹਨ।'

# ਦਿੱਲੀ (ਆਪ) ਕਿਉਂ ਹਾਰੀ

'ਆਪ' ਲੋਕਾਂ ਦੇ ਦਿਲ ਤੋਂ ਉਤਰ ਗਈ ਹੈ? ਜਿਸ ਚਮਤਕਾਰ ਨਾਲ 'ਆਪ' ਰਾਜਨੀਤੀ ਵਿਚ ਆਈ ਸੀ, ਉਸੇ ਚਮਤਕਾਰ ਨਾਲ ਹੀ ਵਾਪਸ ਜਾ ਰਹੀ ਹੈ? ਉਹ ਰਾਜਨੀਤੀ ਦੇ ਜਿਸ ਉਜਲੇ ਪੱਖ ਨੂੰ ਫੜ ਕੇ ਸੱਤਾ ਵਿਚ ਆਏ ਸਨ, ਉਸ ਉਤੇ ਟਿਕੇ ਰਹਿੰਦੇ ਤਾਂ ਐਤਕਾਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਗੱਲ ਕੁੱਝ ਹੋਰ ਹੀ ਹੁੰਦੀ। ਇਸ ਸੰਦਰਭ 'ਚ ਸਮਾਜਿਕ ਕਾਰਜਕਰਤਾ ਅੰਨਾ ਹਜ਼ਾਰੇ, ਜੋ ਕਿ ਅਰਵਿੰਦ ਕੇਜਰੀਵਾਲ ਦੇ ਗੁਰੂ ਰਹਿ ਚੁੱਕੇ ਹਨ, ਦੇ ਉਹ ਸ਼ਬਦ ਸਮਝਣ ਵਾਲੇ ਹਨ, ਜਿਹੜੇ ਉਨ੍ਹਾਂ ਦਿੱਲੀ 'ਚ ਭਾਜਪਾ ਦੀ 27 ਸਾਲਾਂ ਬਾਅਦ ਸੱਤਾ ਵਾਪਸੀ 'ਤੇ ਕਹੇ ਹਨ, 'ਆਪ ਸ਼ਰਾਬ ਨੀਤੀ ਤੇ ਪੈਸੇ ਕਾਰਨ ਡੁੱਬੀ ਹੈ।'



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਅੰਨਾ ਹਜ਼ਾਰੇ ਨੇ ਕੇਜਰੀਵਾਲ 'ਤੇ ਵਿਅੰਗ ਕਰਦੇ ਹੋਏ ਕਿਹਾ ਕਿ ਉਮੀਦਵਾਰ ਦਾ ਚਰਿੱਤਰ ਸਾਫ਼ ਸੁਥਰਾ ਹੋਣਾ ਚਾਹੀਦਾ ਹੈ ਤੇ ਉਸ 'ਚ ਤਿਆਗ ਦੀ ਭਾਵਨਾ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ਼ਰਾਬ ਨੀਤੀ ਨਾਲ ਆਏ ਪੈਸੇ 'ਚ 'ਆਪ' ਡੁੱਬ ਗਈ ਸੀ। 'ਆਪ' ਦੀ ਸ਼ਾਖ ਕਲੰਕਿਤ ਹੋ ਗਈ ਸੀ। 'ਆਪ' ਇਸ ਲਈ ਹਾਰੀ, ਕਿਉਂਕਿ ਇਹ ਲੋਕਾਂ ਦੀ ਨਿਰਸਵਾਰਥ ਸੇਵਾ ਕਰਨ ਦੀ ਲੋੜ ਨੂੰ ਸਮਝਣ 'ਚ ਅਸਫ਼ਲ ਰਹੀ ਤੇ ਗਲਤ ਰਸਤੇ 'ਤੇ ਚਲ ਪਈ।

ਬਿਨਾਂ ਸ਼ੱਕ 'ਆਪ' ਨੂੰ ਹਰਾਉਣ ਵਾਲੀ ਭਾਜਪਾ ਨੇ ਰਿਓੜੀਆਂ ਦੇ ਵੱਡੇ ਪੈਕਟ ਵੰਡੇ। ਕਿਹਾ ਜਾ ਰਿਹਾ ਹੈ ਕਿ ਦਿੱਲੀ ਦੇ ਦਿਲਵਾਲਿਆਂ ਨੇ ਇਸੇ ਕਰਕੇ, ਮਨ ਬਦਲੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖੁਦ ਚੋਣ ਮੰਚਾਂ 'ਤੋਂ ਐਲਾਨ ਕੀਤਾ ਕਿ ਮੁਫ਼ਤ ਬਿਜਲੀ-ਪਾਣੀ ਦੀ ਕਿਸੇ ਵੀ ਯੋਜਨਾ ਨੂੰ ਬੰਦ ਨਹੀਂ ਕੀਤਾ ਜਾਏਗਾ। ਔਰਤਾਂ ਨੂੰ ਹਰ ਮਹੀਨੇ 2500 ਰੁਪਏ, 500 ਰੁਪਏ 'ਚ ਰਸੋਈ ਗੈਸ ਸਿਲੰਡਰ ਅਤੇ ਅੱਟਲ ਕੰਟੀਨ ਦੇ ਰਾਹੀਂ 5 ਰੁਪਏ 'ਚ ਭੋਜਨ ਦਿੱਤਾ ਜਾਏਗਾ। ਆਮ ਬਜਟ ਵਿਚ 12 ਲੱਖ ਤੱਕ ਦੀ ਆਮਦਨ ਕਰ 'ਤੇ ਟੈਕਸ 12 ਲੱਖ ਤੱਕ ਦੀ ਆਮਦਨ ਕਰ 'ਤੇ ਟੈਕਸ ਫ੍ਰੀ ਛੋਟ ਕਰਕੇ ਅਤੇ 8ਵੇਂ ਤਨਖ਼ਾਹ ਆਯੋਗ ਦਾ ਐਲਾਨ ਕਰਕੇ ਉਨ੍ਹਾਂ ਨੇ ਮੱਧਵਰਗੀ ਲੋਕਾਂ ਦਾ ਦਿਲ ਜਿੱਤ ਲਿਆ। ਪਰ ਕਈ ਹੋਰ ਅਜਿਹੇ ਕਾਰਨ ਹਨ, ਜਿਹੜੇ 'ਆਪ' ਦੀ ਹਾਰ ਦਾ ਕਾਰਨ ਬਣੇ।

ਅੰਨਾ ਹਜ਼ਾਰੇ ਦੇ ਅੰਦੋਲਨ 'ਤੋਂ ਬਾਅਦ ਕੇਜਰੀਵਾਲ ਨੇ ਸਾਫ਼-ਸੁਥਰੀ ਰਾਜਨੀਤੀ ਅਤੇ ਅਲੱਗ ਤਰ੍ਹਾਂ ਦੀ ਰਾਜਨੀਤੀ ਦਾ ਬੇੜਾ ਚੁੱਕਿਆ, ਇਹ ਕੁੱਝ ਸਾਲ ਚੱਲਿਆ ਵੀ। ਲੋਕਾਂ ਨੇ ਇਸਦਾ ਸਵਾਗਤ ਵੀ ਕੀਤਾ। ਕਿਉਂਕਿ ਦਲਦਲੀ ਸਿਆਸਤ ਨੇ ਹਿੰਦੋਸਤਾਨ ਦਾ ਚਿਹਰਾ-ਮੋਹਰਾ ਵਿਗਾੜ ਦਿੱਤਾ ਹੋਇਆ ਸੀ। ਪਰ ਕੁੱਝ ਸਮੇਂ ਬਾਅਦ ਹੀ 'ਆਪ' ਇਸੇ ਦਲਦਲੀ ਸਿਆਸਤ ਦਾ ਸ਼ਿਕਾਰ ਹੋ ਗਈ। ਰਵਾਇਤੀ ਪਾਰਟੀਆਂ ਦੀ ਤਰ੍ਹਾਂ ਹੀ ਵਿਵਹਾਰ ਕਰਨ ਲੱਗੀ। ਕੇਜਰੀਵਾਲ ਨੇ ਆਪਣੀ ਹੀ ਪਾਰਟੀ 'ਚ ਬੈਠੇ ਕੱਦਵਾਰ ਨੇਤਾਵਾਂ ਨੂੰ ਹੌਲੀ-ਹੌਲੀ ਕਰਕੇ ਬਾਹਰ ਧੱਕ ਦਿੱਤਾ ਅਤੇ 'ਆਪ' ਦੇ ਸਰਵੋ-ਸਰਵਾ ਹੋ ਬੈਠੇ, ਜਿਥੇ ਕੋਈ ਉਨ੍ਹਾਂ ਨੂੰ ਸਵਾਲ ਨਹੀਂ ਕਰ ਸਕਦਾ।

ਇਸ ਤਰ੍ਹਾਂ ਬਾਕੀ ਦਲਾਂ ਵਾਂਗਰ ਵਿਵਹਾਰ ਕਰਨ ਨਾਲ 'ਆਪ' ਦਾ ਪਤਨ ਸ਼ੁਰੂ ਹੋ ਗਿਆ। 'ਆਪ' ਦੇ ਆਗੂ ਐਕਸਾਈਜ਼ ਪਾਲਿਸੀ ਘੁਟਾਲੇ, ਸ਼ੀਸ਼ ਮਹਿਲ ਘੁਟਾਲਿਆਂ 'ਚ ਫਸ ਗਏ। 2024 'ਚ ਦੇਸ਼ ਵਿਆਪੀ 'ਇੰਡੀਆ ਗੱਠਜੋੜ' ਦਾ ਹਿੱਸਾ ਬਣ ਕੇ ਵੀ 'ਆਪ' ਨੇ ਕੁਝ ਸੂਬਿਆਂ 'ਚ ਆਪਣੀ ਵੱਖਰੀ ਡੱਫਲੀ ਵਜਾਈ। ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨਾਲ ਸਾਂਝ ਭਿਆਲੀ ਨਾ ਪਾ ਕੇ, ਇਕੱਲਿਆਂ ਚੋਣ ਲੜੀ ਅਤੇ ਕਾਂਗਰਸ ਦੀ ਹਾਰ ਦਾ ਕਾਰਨ ਬਣੀ। ਦਿੱਲੀ ਵਿਚ ਵੀ ਕਾਂਗਰਸ ਨਾਲ ਰਲ ਕੇ ਚੋਣ ਲੜਨ ਦੀ ਬਜਾਇ, ਇਕੱਲਿਆਂ ਚੋਣ ਲੜੀ।

ਚੋਣ ਨਤੀਜੇ ਦੱਸਦੇ ਹਨ ਕਿ ਕਾਂਗਰਸ ਦਾ ਵੋਟ ਬੈਂਕ ਦਿੱਲੀ 'ਚ ਦੋ ਪ੍ਰਤੀਸ਼ਤ ਵਧਣ ਨਾਲ 'ਆਪ' ਨੂੰ ਢਾਅ ਲੱਗੀ ਅਤੇ ਉਹ 13 ਸੀਟਾਂ ਉਤੇ ਕਾਂਗਰਸ

(ਬਾਕੀ ਅਗਲੇ ਸਫੇ ਤੇ)



# ਕੁੰਭ ਦੇ ਦਰਸ਼ਨ ਕਰੀਏ



## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪ੍ਰਯਾਗਰਾਜ ਵਿਚ ਅੱਜ ਕਲ੍ਹ 13 ਜਨਵਰੀ ਤੋਂ 45 ਦਿਨ ਤੱਕ ਚੱਲਣ ਵਾਲੇ ਕੁੰਭ ਮੇਲੇ ਦਾ ਖੂਬ ਧੂਮ-ਧੜੱਕਾ ਹੈ। ਇਹ ਮੇਲਾ ਗੰਗਾ, ਜਮਨਾ ਅਤੇ ਸਰਸਵਤੀ ਦੀ ਤ੍ਰਿਵੇਣੀ ਦੇ ਆਸ-ਪਾਸ ਮਨਾਇਆ ਜਾਂਦਾ ਹੈ। ਮੇਲੇ ਦਾ ਦਿਨ ਬਿਕਰਮੀ ਸੰਮਤ ਅਤੇ ਜੋਤਿਸ਼ ਦੇ ਹਿਸਾਬ ਨਾਲ ਗ੍ਰਹਿਆਂ ਦੀ ਦਸ਼ਾ ਤੋਂ ਨਿਰਧਾਰਤ ਕੀਤਾ ਜਾਂਦਾ ਹੈ। ਏਥੇ ਵੰਨ-ਸਵੰਨੇ ਸਾਧੂਆਂ, ਸੰਨਿਆਸੀਆਂ, ਸੰਤਾਂ, ਨੇਤਾਵਾਂ ਅਤੇ ਕਰੋੜਾਂ ਦੀ ਗਿਣਤੀ ਵਿਚ ਪੁੱਜ ਰਹੇ ਸ਼ਰਧਾਲੂਆਂ ਦੀ ਖੂਬ ਗਹਿਮਾ-ਗਹਿਮੀ ਹੈ। ਪਾਪ 'ਤੇ ਪਾਪ ਧੋਤੇ ਜਾ ਰਹੇ ਹਨ ਤੇ ਨਾਲੋ ਨਾਲ ਰਾਜਨੀਤੀ ਵੀ ਚੱਲ ਰਹੀ ਹੈ। ਭਾਰਤ ਵਿਚ ਵਿਸ਼ਾਲ ਪੱਧਰ 'ਤੇ ਮਨਾਏ ਜਾਂਦੇ ਕੁੰਭ-ਪੁਰਬਾਂ ਦੌਰਾਨ ਦੇਸ਼ ਭਰ ਦੀ ਆਬਾਦੀ 'ਚ ਵਿਚਰਦੀ ਧਰਮ, ਜਾਤ, ਰੰਗ, ਨਸਲ, ਲਿੰਗ ਆਦਿ ਦੀ ਅਨੇਕਤਾ ਦੇ ਭਰਪੂਰ ਦਰਸ਼ਨ ਹੁੰਦੇ ਹਨ ਪਰ ਇਸ ਵਾਰ ਰਾਜ ਕਰਦੀ ਪਾਰਟੀ ਵਲੋਂ ਆਪਣੇ ਨੇਤਾਵਾਂ ਦੇ ਨਾ ਸਿਰਫ਼ ਪਹਿਲ ਦੇ ਆਧਾਰ 'ਤੇ ਇਸ਼ਨਾਨ ਕਰਾਏ ਜਾ ਰਹੇ ਹਨ ਸਗੋਂ ਉਨ੍ਹਾਂ ਦਾ ਪ੍ਰਚਾਰ ਵੀ ਖੂਬ ਹੋ ਰਿਹਾ ਹੈ। ਇਸ ਨਾਲ ਆਮ ਸ਼ਰਧਾਲੂਆਂ ਨੂੰ ਢੇਰ ਅੜਚਣਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਟੇ ਵਜੋਂ ਭਗਦੜ ਦੌਰਾਨ ਕਿੰਨੇ ਲੋਕ ਮਾਰੇ ਗਏ ਤੇ ਹੋਰ ਕਿੰਨੇ ਜ਼ਖਮੀ ਹੋ ਗਏ। ਮੇਲੇ 'ਤੇ ਵੱਧ ਤੋਂ ਵੱਧ ਲੋਕਾਂ ਨੂੰ ਖਿੱਚਣ ਲਈ ਹਰ ਵਾਰੀ ਕੋਈ ਨਾ ਕੋਈ ਵਿਲੱਖਣਤਾ ਕੱਢ ਕੇ ਇਸ ਨੂੰ ਮਹਾਂਕੁੰਭ ਦੱਸ ਦਿੱਤਾ ਜਾਂਦਾ ਹੈ। ਇਸ ਕੁੰਭ ਦੀ ਵਿਸ਼ੇਸ਼ਤਾ ਦੱਸੀ ਗਈ ਕਿ ਇਸ ਵਾਰੀ ਸੂਰਜ, ਚੰਦ, ਸ਼ਨੀ ਅਤੇ ਬ੍ਰਹਸਪਤੀ ਗ੍ਰਹਿ 144 ਸਾਲ ਬਾਅਦ ਇੱਕ ਸੇਧ ਵਿਚ ਹਨ। ਅਤੀਤ ਵਿਚ ਸਭਿਅਤਾਵਾਂ ਪਾਣੀਆਂ ਦੇ ਕੰਢਿਆਂ 'ਤੇ ਵਸੀਆਂ, ਇਸ ਲਈ ਜਲ-ਸਥਾਨਾਂ ਦਾ ਤੀਰਥ ਸਥਾਨ ਬਣ ਜਾਣਾ, ਖਾਸ ਤੌਰ 'ਤੇ ਭਾਰਤ ਜਿਹੇ ਦੇਸ਼ ਵਿਚ, ਕੋਈ ਅਲੋਕਾਰ ਗੱਲ ਨਹੀਂ। ਤੀਰਥ ਸ਼ਬਦ ਦਾ ਸ਼ਾਬਦਿਕ ਅਰਥ ਹੀ ਪਾਣੀ ਦੇ ਕੰਢੇ 'ਤੇ ਬਣਿਆ ਇਸ਼ਨਾਨ ਘਰ ਹੈ।

ਭਾਰਤ ਵਿਚ ਹਰ ਬਾਰਾਂ ਸਾਲਾਂ ਬਾਅਦ ਲਗਦੇ ਚਾਰ ਕੁੰਭ ਮੇਲੇ ਮਸ਼ਹੂਰ ਹਨ: ਪ੍ਰਯਾਗਰਾਜ, ਹਰਿਦਵਾਰ, ਨਾਸਿਕ ਅਤੇ ਉਜੈਨ। ਇੱਕ ਮੇਲੇ ਦਾ ਦੂਜੇ ਮੇਲੇ ਤੋਂ ਤਿੰਨ ਸਾਲ ਦਾ ਫਰਕ ਹੁੰਦਾ ਹੈ। ਇਸ ਤਰ੍ਹਾਂ ਹਰ ਤਿੰਨਾਂ ਸਾਲਾਂ ਬਾਅਦ ਕਿਤੇ ਨਾ ਕਿਤੇ ਕੁੰਭ ਲੱਗਾ ਹੀ ਹੁੰਦਾ ਹੈ। ਉਂਜ ਬ੍ਰਾਹਮਣਵਾਦ ਦੀ ਸਾਡੇ 'ਤੇ ਖੂਬ ਕਿਰਪਾ ਹੈ ਕਿ ਇਨ੍ਹਾਂ ਕੁੰਭਾਂ ਦੀ ਲੋਕਪ੍ਰਿਅਤਾ ਦੇਖ ਕੇ ਅਰਧ-ਕੁੰਭ ਵੀ ਮਨਾਏ ਜਾਣ ਲੱਗ ਪਏ ਹਨ। ਸਾਰੇ ਧਾਰਮਿਕ ਸਮਾਗਮਾਂ ਵਾਂਗ ਹੀ ਕੁੰਭ ਮੇਲੇ ਦੇ ਅਰੰਭ ਬਾਰੇ ਮਿਥਿਹਾਸਕ ਪ੍ਰਪੰਚ ਜੋੜੇ ਗਏ ਹਨ। ਸਕੰਦ ਪੁਰਾਣ ਅਨੁਸਾਰ ਦੇਵਾਂ ਤੇ ਦੈਂਤਾਂ ਨੇ ਮਿਲ ਕੇ ਸਮੁੰਦਰ ਰਿੜਕਿਆ ਤਾਂ ਨਿਕਲੇ ਚੌਦਾਂ ਰਤਨਾਂ ਵਿਚੋਂ ਅੰਮ੍ਰਿਤ ਦਾ ਕੁੰਭ ਚੁੱਕੀ ਧਨਵੰਤਰੀ ਵੀ ਪ੍ਰਗਟ ਹੋਇਆ। ਧਨਵੰਤਰੀ ਨੇ ਇਹ ਕੁੰਭ ਇੰਦਰ ਦੇਵਤਾ ਦੇ ਹਵਾਲੇ ਕੀਤਾ ਤੇ ਅੱਗੋਂ ਇੰਦਰ ਨੇ ਆਪਣੇ ਪੁੱਤਰ ਜਯੰਤ ਨੂੰ ਇਸ ਆਸ਼ੇ ਨਾਲ ਦੇ ਦਿੱਤਾ ਕਿ ਉਹ ਇਸ ਨੂੰ ਸਵਰਗ ਵਿਚ ਲੈ ਜਾਏਗਾ। ਦੈਂਤਾਂ ਨੇ ਆਪਣੇ ਗੁਰੂ ਸ਼ੁਕਰ ਨੂੰ ਕੁੰਭ ਖੋਹਣ ਲਈ ਪ੍ਰੇਰਿਆ। ਕਿਹਾ ਜਾਂਦਾ ਹੈ ਕਿ ਦੈਂਤਾਂ ਅਤੇ ਦੇਵਤਿਆਂ ਵਿਚਾਲੇ 12 ਦਿਨ, ਜੋ ਮਨੁੱਖਾਂ ਦੇ ਬਾਰਾਂ ਸਾਲ ਦੇ ਬਰਾਬਰ ਹਨ, ਘੋਰ ਯੁੱਧ ਚਲਦਾ ਰਿਹਾ। ਇਸ ਕਸ਼ਮਕਸ਼ ਵਿਚ ਚਾਰ ਸਥਾਨਾਂ 'ਤੇ ਅੰਮ੍ਰਿਤ ਦੀਆਂ ਬੂੰਦਾਂ ਡਿਗ ਪਈਆਂ। ਜਿਥੇ ਜਿਥੇ ਇਹ ਬੂੰਦਾਂ ਡਿਗੀਆਂ, ਉਥੇ ਉਥੇ ਹਰ ਬਾਰਾਂ ਸਾਲ ਬਾਅਦ ਕੁੰਭ ਦਾ ਮੇਲਾ ਲੱਗਣਾ ਸ਼ੁਰੂ ਹੋ ਗਿਆ।

ਇੱਕ ਹੋਰ ਮਨੌਤ ਅਨੁਸਾਰ ਵਿਸ਼ਨੂੰ ਦੇਵਤਾ ਅੰਮ੍ਰਿਤ ਵਾਲਾ ਕੁੰਭ ਚੁੱਕੀ ਜਾ ਰਿਹਾ ਸੀ ਤਾਂ ਉਸ ਵਿਚੋਂ ਥਾਂ ਥਾਂ ਅੰਮ੍ਰਿਤ ਦੀਆਂ ਬੂੰਦਾਂ ਕਿਰ ਗਈਆਂ। ਇਸ ਮੇਲੇ ਨੂੰ ਕੁੰਭ ਰਾਸ਼ੀ ਦੀ ਦਸ਼ਾ ਅਨੁਸਾਰ ਮਿਥੇ ਜਾਣ ਕਰਕੇ ਇਸ ਨੂੰ ਕੁੰਭ ਰਾਸ਼ੀ ਨਾਲ ਵੀ ਜੋੜਿਆ ਜਾਂਦਾ ਹੈ। ਜੋਤਸ਼ੀਆਂ ਅਨੁਸਾਰ ਕੁੰਭ ਦਾ ਅਸਾਧਾਰਨ ਮਹੱਤਵ ਬ੍ਰਹਿਸਪਤੀ ਦੇ ਕੁੰਭ ਰਾਸ਼ੀ ਵਿਚ ਪ੍ਰਵੇਸ਼ ਅਤੇ ਸੂਰਜ ਦੇ ਮੇਖ ਰਾਸ਼ੀ ਵਿਚ ਪ੍ਰਵੇਸ਼ ਨਾਲ ਜੁੜਿਆ ਹੋਇਆ ਹੈ। ਗ੍ਰਹਿਆਂ ਦੀ ਅਜਿਹੀ ਸਥਿਤੀ ਦਰਿਆਵਾਂ ਦੇ ਪਾਣੀਆਂ ਨੂੰ ਸ਼ੁਧ ਕਰ ਦਿੰਦੀ ਹੈ, ਇਸ ਲਈ ਕੁੰਭ ਦੌਰਾਨ ਡੁਬਕੀ ਲਾਉਣ ਦਾ ਮਹਾਤਮ ਹੈ। 'ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ' - ਭਗਤ ਨਾਮਦੇਵ। ਕੁੰਭਾਂ ਦਾ ਜ਼ਿਕਰ ਪੁਰਾਣਾਂ ਵਿਚ ਮਿਲਦਾ ਹੈ, ਇਸ ਲਈ ਵਿਸ਼ਵਾਸ ਹੈ ਕਿ ਇਹ ਮੇਲੇ ਪੁਰਾਣਾਂ ਦੇ ਯੁੱਗ ਅਰਥਾਤ ਮੱਧਕਾਲ ਵਿਚ ਹੀ ਸ਼ੁਰੂ ਹੋਏ।

ਸ਼ਾਇਦ ਬਹੁਤਿਆਂ ਨੂੰ ਨਹੀਂ ਪਤਾ ਕਿ ਦੱਖਣ ਵਿਚ ਵੀ ਕੁੰਭ ਨਾਂ ਦਾ ਇੱਕ ਮੇਲਾ ਹਰ ਬਾਰਾਂ ਵਰ੍ਹਿਆਂ ਬਾਅਦ ਲਗਦਾ ਹੈ ਜਿਸ ਪਿੱਛੇ ਵੀ ਇੱਕ ਮਿਲਦੀ-ਜੁਲਦੀ ਮਿੱਥ ਹੈ। ਇਹ ਮੇਲਾ ਤਾਮਿਲ ਨਾਡੂ ਦੇ ਤੰਜਾਵੁਰ ਜ਼ਿਲ੍ਹੇ ਦੇ ਇੱਕ ਸ਼ਹਿਰ ਕੁੰਭਕੋਣਮ ਵਿਖੇ ਹੁੰਦਾ ਹੈ ਜੋ ਦੋ ਨਦੀਆਂ, ਕਾਵੇਰੀ ਅਤੇ ਅਰਸਲਾ ਨਾਲ ਘਿਰਿਆ ਹੋਇਆ ਹੈ। ਕੁੰਭਕੋਣਮ ਦਾ ਸ਼ਾਬਦਿਕ ਅਰਥ ਹੈ ਘੜੇ ਦਾ ਕੋਨਾ। ਮਿਥ ਅਨੁਸਾਰ ਜਦ ਇੱਕ ਵਾਰ ਪਰਲੈ ਕਾਰਣ ਸ੍ਰਿਸ਼ਟੀ ਦਾ ਨਾਸ ਹੋ ਗਿਆ ਤਾਂ ਬ੍ਰਹਮਾ ਨੇ ਸ੍ਰਿਸ਼ਟੀ ਨੂੰ ਮੁੜ ਸਾਜਣ ਲਈ ਸ਼ਿਵ ਦੀ ਸਲਾਹ ਲਈ। ਸ਼ਿਵ ਨੇ ਵਿਭਿੰਨ ਪਵਿੱਤਰ ਸਥਾਨਾਂ ਤੋਂ ਰੇਤ ਇਕੱਠੀ ਕਰ ਕੇ ਇਕ ਕੁੰਭ (ਘੜਾ) ਬਣਾਉਣ ਅਤੇ ਇਸ ਨੂੰ ਪਰਲੈ ਨਾਲ ਜਮ੍ਹਾਂ ਹੋਏ ਪਾਣੀ ਵਿਚ ਤਰਾਉਣ ਦਾ ਸੁਝਾਅ ਦਿੱਤਾ। ਮਾਨਤਾ ਹੈ ਕਿ ਕੁੰਭਕੋਣਮ ਉਹ ਸਥਾਨ ਹੈ ਜਿੱਥੇ ਇਹ ਘੜਾ ਰੁਕਿਆ। ਫਿਰ ਭਗਵਾਨ ਸ਼ਿਵ ਨੇ ਘੜੇ 'ਤੇ ਤੀਰ ਚਲਾਇਆ ਜਿਸ ਨਾਲ ਇਸ ਸਥਾਨ 'ਤੇ ਕੁਝ ਅੰਮ੍ਰਿਤ ਛਲਕ ਪਿਆ ਅਤੇ ਜੀਵਨ ਮੁੜ ਤੋਂ ਸ਼ੁਰੂ ਹੋ ਗਿਆ।

ਕੁਝ ਵੀ ਹੋਵੇ, ਕੁੰਭ ਮੇਲੇ ਦਾ ਸਬੰਧ ਕੁੰਭ ਨਾਲ ਹੈ। ਇਸ ਸੰਸਕ੍ਰਿਤ ਸ਼ਬਦ ਦਾ ਅਰਥ ਕਲਸ਼, ਘੜਾ, ਮਟਕਾ ਅਰਥਾਤ ਪਾਣੀ ਰੱਖਣ ਵਾਲਾ ਪਾਤਰ ਹੈ। ਕੁੰਭ ਇੱਕ ਤਰ੍ਹਾਂ ਪਾਣੀ ਦਾ ਪ੍ਰਤੀਕ ਬਣਦਾ ਹੈ। ਪਾਣੀ, ਜੋ ਸਾਡੇ ਸਰੀਰ ਦੀ ਮੈਲ ਦੇ ਨਾਲ ਨਾਲ ਪਾਪ ਵੀ ਧੋਂਦਾ ਹੈ। ਗੁਰੂ ਨਾਨਕ ਦੇਵ ਫੁਰਮਾਉਂਦੇ ਹਨ, "ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ"। ਇਹ ਠੀਕ ਹੈ ਕਿ ਅੱਜ ਕਲ੍ਹ ਅਸੀਂ ਆਮ ਬੋਲਚਾਲ ਵਿਚ ਕੁੰਭ ਸ਼ਬਦ ਨੂੰ ਘੜੇ ਦੇ ਅਰਥਾਂ ਵਿਚ ਨਹੀਂ ਵਰਤਦੇ। ਇਸ ਦੀ ਅਜਿਹੀ ਵਰਤੋਂ ਧਾਰਮਿਕ ਪ੍ਰਸੰਗ ਵਿਚ ਹੀ ਹੁੰਦੀ ਹੈ। ਕੁੰਭ ਦੇ ਅਰਥਾਂ ਦਾ ਵਿਸਥਾਰ ਹੋਇਆ ਹੈ। ਇਸ ਦਾ ਸਭ ਤੋਂ ਵੱਧ ਵਰਤਿਆ ਜਾਂਦਾ ਅਰਥ ਹੈ, ਕੁੰਭ ਰਾਸ਼ੀ, ਕਿਉਂਕਿ ਇਸ ਦੇ ਨਛੱਤਰਾਂ ਦਾ ਆਕਾਰ ਕੁੰਭ ਜਿਹਾ ਬਣਦਾ ਹੈ। ਇਹ ਸਬੱਬ ਨਹੀਂ ਕਿ ਇਸ ਰਾਸ਼ੀ ਲਈ ਵਰਤੇ ਜਾਂਦੇ ਅੰਗਰੇਜ਼ੀ ਸ਼ਬਦ Aquarius ਦਾ ਅਰਥ 'ਜਲ-ਵਾਹਕ' (ਝੀਵਰ) ਹੈ। ਇਹ ਲਾਤੀਨੀ ਸ਼ਬਦ ਹੈ, ਜੋ ਅੱਗੋਂ ਇਕ ਗਰੀਕ ਸ਼ਬਦ Hydrokhos ਦਾ ਸਿੱਧਾ ਅਨੁਵਾਦ ਹੈ। ਲਾਤੀਨੀ Aqua ਅਤੇ ਗਰੀਕ Hydro ਸਜਾਤੀ ਸ਼ਬਦ ਹਨ, ਜਿਨ੍ਹਾਂ ਦਾ ਅਰਥ ਪਾਣੀ ਹੈ ਤੇ ਇਹ ਸ਼ਬਦ ਸੰਸਕ੍ਰਿਤ 'ਅਪ' ਅਤੇ ਫਾਰਸੀ 'ਆਬ' ਦੇ ਵੀ ਸਜਾਤੀ ਹਨ। ਗਰੀਕ ਜਲ-ਵਾਹਕ ਪਿੱਛੇ ਵੀ ਇਕ ਗਰੀਕ ਮਿਥ ਹੈ।

ਹਾਥੀ ਦੇ ਮੱਥੇ 'ਤੇ ਘੜੇ ਜਿਹੇ ਡੂੰਘ ਨੂੰ ਵੀ ਕੁੰਭ ਆਖਦੇ ਹਨ, 'ਕਟ ਕਟ ਗਿਰੇ ਗਜਨ ਕੁੰਭਸਥਲ।' ਪਹਿਲੀਆਂ ਵਿਚ ਕੁੰਭ ਸ਼ਬਦ ਦੀ ਵਰਤੋਂ ਦੋ ਦ੍ਰੂੰਣ (ਚੌਂਹਠ ਸੇਰ) ਭਾਰ ਦੇ ਅੰਨ ਲਈ ਇੱਕ ਪੈਮਾਨੇ ਵਜੋਂ ਵੀ ਕੀਤੀ ਜਾਂਦੀ ਸੀ। ਸਪੱਸ਼ਟ ਹੈ ਕਿ ਏਨਾ ਅੰਨ ਮਿਣਨ ਲਈ ਇੱਕ ਕੁੰਭ (ਮਟਕੇ) ਦੀ ਵਰਤੋਂ ਕੀਤੀ ਜਾਂਦੀ ਹੋਵੇਗੀ। ਸਾਡੇ ਘਰ ਅਜਿਹਾ ਹੀ ਇੱਕ ਮਿੱਟੀ ਦਾ ਵੱਡਾ ਸਾਰਾ ਕੁੰਭ ਹੁੰਦਾ ਸੀ, ਜਿਸ ਵਿਚ ਕਣਕ ਸੰਭਾਲੀ ਜਾਂਦੀ ਸੀ, ਪਰ ਅਸੀਂ ਇਸ ਨੂੰ ਭੜੋਲਾ ਕਹਿੰਦੇ ਸਾਂ। ਯੋਗ ਵਿਚ ਪ੍ਰਾਣਾਯਾਮ ਦੀ ਇਕ ਰੀਤੀ ਨੂੰ ਵੀ ਕੁੰਭ ਕਿਹਾ ਜਾਂਦਾ ਹੈ, ਜਿਸ ਵਿਚ ਨਾਸਾਂ ਅਤੇ ਮੂੰਹ ਨੂੰ ਇਕੋ ਵੇਲੇ ਬੰਦ ਕੀਤਾ ਜਾਂਦਾ ਹੈ। ਇਸ ਲਈ ਕੁੰਭਕ ਸ਼ਬਦ ਵੀ ਚਲਦਾ ਹੈ। ਵੱਡੇ ਪੱਧਰ 'ਤੇ ਮਨਾਏ ਜਾ ਰਹੇ ਕਿਸੇ ਜਸ਼ਨ ਨੂੰ ਵੀ ਕੁੰਭ ਜਾਂ ਮਹਾਂ ਕੁੰਭ ਕਹਿ ਦਿੱਤਾ ਜਾਂਦਾ ਹੈ, ਜਿਵੇਂ ਕਬੱਡੀ ਦਾ ਮਹਾਂ ਕੁੰਭ। ਸੰਸਕ੍ਰਿਤ ਕੁੰਭਮੰਡੂਕ ਦਾ ਅਰਥ ਹੈ, ਘੜੇ ਦਾ ਡੱਡੂ। ਵਾਰਿਸ ਸ਼ਾਹ ਦੀ ਹੀਰ ਵਿਚ ਜਦ ਕੁੜੀਆਂ ਰਾਂਝੇ ਕੋਲ ਜਾਂਦੀਆਂ ਹਨ ਤਾਂ ਇਸ ਨੂੰ ਵੀ ਕੁੰਭ ਆਖਦੀਆਂ ਹਨ,

ਵੱਡੀ ਮਿਹਰ ਹੋਈ ਏਸ ਦੇਸ ਉਤੇ
ਵਿਹੜੇ ਹੀਰ ਦੇ ਨੂੰ ਚਲ ਤਾਰੀਏ ਨੀ।
ਮੰਗ ਨਗਰ ਅਤੀਤ ਨੇ ਅਜੇ ਖਾਣਾ
ਬਾਤਾਂ ਸ਼ੌਕ ਦੀਆਂ ਚਾਇ ਵਸਾਰੀਏ ਨੀ।
ਮੇਲੇ ਕੁੰਭ ਦੇ ਹਮੀਂ ਅਤੀਤ ਚੱਲੇ
ਨਗਰ ਜਾਇਕੇ ਭੀਖ ਚਤਾਰੀਏ ਨੀ।

ਕਈ ਹਿੰਦ-ਆਰਿਆਈ ਭਾਸ਼ਾਵਾਂ ਵਿਚ ਵੀ ਕੁੰਭ ਨਾਲ ਮਿਲਦੇ-ਜੁਲਦੇ ਰੁਪਾਂਤਰ ਉਪਲੱਬਧ ਹਨ। ਕੁਝ ਵਿਚ ਸਬੰਧਤ ਸ਼ਬਦਾਂ ਦੇ ਅਰਥ ਟੋਭਾ, ਬਾਲਟੀ, ਜਾਰ, ਖੇਤਾਂ ਨੂੰ ਸਿੰਜਣ ਲਈ ਤਲਾਬ ਵਿਚੋਂ ਕੱਢੇ ਜਾਂਦੇ ਪਾਣੀ ਦਾ ਜੁਗਾੜ ਆਦਿ ਹਨ। ਲਹਿੰਦੇ ਪਾਸੇ ਇਸ ਤੋਂ ਬਣੇ ਸ਼ਬਦ ਖੁੰਭ/ਖੁੰਬ ਉਸ ਭੱਠੀ ਨੂੰ ਕਹਿੰਦੇ ਹਨ, ਜਿਸ 'ਤੇ ਧੋਬੀ ਕੱਪੜਿਆਂ ਨੂੰ ਭਾਫ ਲਵਾਉਂਦੇ ਹਨ। ਪੰਜਾਬੀ ਵਿਚ ਤਾਂਬੇ ਦੇ ਬਣੇ ਉਸ ਮਟਕੇ ਨੂੰ ਖੁੰਭ ਆਖਦੇ ਹਨ, ਜਿਸ ਵਿਚ ਧੋਬੀ ਕੱਪੜੇ ਉਬਾਲਦੇ ਹਨ। ਉਬਾਲਣ ਦੀ ਇਸ ਕਿਰਿਆ ਦੌਰਾਨ ਕੱਪੜਿਆਂ ਨੂੰ ਖੂਬ ਪਲਟਿਆ, ਕੁੱਟਿਆ ਵੀ ਜਾਂਦਾ ਹੈ। ਗੁਰੂ ਨਾਨਕ ਨੇ ਇਹ ਸ਼ਬਦ ਵਰਤਿਆ ਹੈ, "ਭੈ ਵਿਚਿ ਖੁੰਭਿ ਚੜਾਈਐ ਸਰਮੁ ਪਾਹੁ ਤਨਿ ਹੋਇ।" ਵਾਰਿਸ ਸ਼ਾਹ ਨੇ ਆਪਣੇ 'ਅਸ਼ਲੀਲ' ਰੰਗ ਵਿਚ ਇਸ ਸ਼ਬਦ ਨੂੰ ਵਰਤਿਆ ਹੈ,

ਕੋਈ ਧੋਬੀ ਵਲਾਇਤੋਂ ਆਣ ਲੱਥਾ
ਸਿਰੀ ਸਾਫ ਦੇ ਥਾਨ ਚੜ੍ਹ ਖੁੰਮ ਗਏ।
ਤੇਰੀ ਚੋਲੀ ਵਲੂੰਧਰੀ ਸਣੇ ਸੀਨੇ
ਪੇਂਜੇ ਤੂੰਬਿਆਂ ਨੂੰ ਜਿਵੇਂ ਤੁੰਮ ਗਏ।

ਮਹਾਨ ਕੋਸ਼ ਨੇ 'ਕਸ਼ਾਰਾਂਬੁ' ਇੰਦਰਾਜ ਅਧੀਨ ਇਸ ਦਾ ਪਹਿਲਾ ਅਰਥ ਖਾਰਾ ਪਾਣੀ ਦਿੱਤਾ ਹੈ ਜੋ ਕਿ ਦਰੁਸਤ ਹੈ ਪਰ ਦੂਜਾ ਅਰਥ 'ਧੋਬੀ ਦਾ ਉਹ ਬਰਤਨ ਜਿਸ ਵਿਚ ਖਾਰ ਮਿਲਿਆ ਪਾਣੀ ਪਾ ਕੇ ਉਪਰ ਵਸਤਰ ਚਿਣ ਕੇ ਤੇਜ਼ ਭਾਪ ਦਿੰਦਾ ਹੈ, ਜਿਸ ਤੋਂ ਮੈਲ ਅਲੱਗ ਹੋ ਜਾਂਦੀ ਹੈ' ਗਲਤ ਜਾਪਦਾ ਹੈ। ਸੰਸਕ੍ਰਿਤ ਸ੍ਰੋਤਾਂ ਵਿਚ ਅਜਿਹਾ ਕੋਈ ਅਰਥ ਨਹੀਂ। ਕਰੜੀ ਆਲੋਚਨਾ ਲਈ ਵਰਤਿਆ ਜਾਂਦਾ ਮੁਹਾਵਰਾ 'ਖੁੰਬ ਠੱਪਣਾ' ਇਥੋਂ ਹੀ ਬਣਿਆ ਹੈ, ਵਰਨਾ ਖਾਣ ਵਾਲੀਆਂ ਖੁੰਬਾਂ ਨੂੰ ਠੱਪਣ ਦਾ ਕੋਈ ਤੁਕ ਨਹੀਂ ਬਣਦਾ। ਕੁੰਭ ਸ਼ਬਦ ਦਾ ਫਾਰਸੀ ਸਜਾਤੀ ਸ਼ਬਦ ਹੈ, 'ਖੁਮ' ਜੋ ਪਲੈਟਸ ਅਨੁਸਾਰ ਜ਼ੰਦ ਦੇ ਖੁੰਬ ਸ਼ਬਦ ਦਾ ਵਿਉਤਪਤ ਰੂਪ ਹੈ। ਇਸ ਦਾ ਅਰਥ ਘੜਾ ਦੇ ਨਾਲ-ਨਾਲ ਸ਼ਰਾਬ ਦਾ ਮਟਕਾ ਵੀ ਹੈ। ਫੈਜ਼ ਦੀ ਸ਼ਾਇਰੀ ਵਿਚ ਦੇਖੋ,

ਦੋਨੋਂ ਜਹਾਂ ਤੇਰੀ ਮੁਹੱਬਤ ਮੇਂ ਹਾਰ ਕੇ
ਵੋਹ ਜਾ ਰਹਾ ਹੈ ਕੋਈ ਸ਼ਬ-ਏ-ਗਮ ਗੁਜ਼ਾਰ ਕੇ।
ਵੀਰਾਂ ਹੈ ਮਯਕਦਾ ਖੁਮ-ਓ-ਸਾਗਰ ਉਦਾਸ ਹੈ
ਤੁਮ ਕਿਆ ਗਏ ਕਿ ਰੂਠ ਗਏ ਦਿਨ ਬਹਾਰ ਕੇ।

ਕੁੰਭ ਤੋਂ ਬਣੇ ਕੁੰਭੀ ਦਾ ਅਰਥ ਹੈ, ਘਰੋਟੀ, ਮਟਕੀ, ਹਾਂਡੀ। ਇੱਕ ਨਰਕ ਨੂੰ 'ਕੁੰਭੀ ਨਰਕ' ਕਿਹਾ ਜਾਂਦਾ ਹੈ। ਮਾਤਾ ਦੇ ਪੇਟ ਵਿਚਲੇ ਬੱਚੇ ਲਈ ਵੀ ਇਹ ਉਕਤੀ ਵਰਤੀ ਜਾਂਦੀ ਹੈ, ਕਿਉਂਕਿ ਇਸ ਵਿਚ ਬੱਚਾ ਪੁੱਠਾ ਲਟਕਿਆ ਰਹਿੰਦਾ ਹੈ। ਰਾਵਣ ਦੇ ਇਕ ਭਰਾ ਦਾ ਨਾਂ ਕੁੰਭਕਰਣ ਹੈ, ਜੋ ਛੇ ਮਹੀਨੇ ਸੌਂਦਾ ਤੇ ਕੇਵਲ ਇੱਕ ਦਿਨ ਜਾਗਦਾ ਸੀ। ਸਾਡੇ ਪਿੰਡ ਹੁੰਦੇ ਦਸਹਿਰੇ ਵਿਚ ਸੁੱਤੇ ਪਏ ਕੁੰਭਕਰਣ ਨੂੰ ਜਗਾਉਣ ਲਈ ਢੋਲ ਵਜਾਏ ਜਾਂਦੇ ਸਨ। ਕੁੰਭਕਰਣ ਬਣਿਆ ਹੈ, ਕੁੰਭ+ਕਰਣ ਤੋਂ, ਜਿਸ ਦਾ ਸ਼ਾਬਦਿਕ ਅਰਥ ਹੋਇਆ, ਘੜੇ ਜਿੱਡੇ ਕੰਨਾਂ ਵਾਲਾ। ਸੰਸਕ੍ਰਿਤ ਵਿਚ ਮਿੱਟੀ ਦੇ ਭਾਂਡੇ ਅਰਥਾਤ ਕੁੰਭ, ਮਟਕੇ ਆਦਿ ਬਣਾਉਣ ਵਾਲੇ ਨੂੰ ਕੁੰਭਕਾਰ ਕਿਹਾ ਜਾਂਦਾ ਹੈ। ਕੁੰਭਕਾਰ ਦੇ ਘੁਮਾਰ ਵਿਚ ਪਲਟਣ ਨੂੰ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ: ਕੁੰਭਕਾਰ> ਕੁੰਭਾਰ> ਕੁਮਹਾਰ> ਘੁਮਾਰ (ਘੁਮਿਆਰ)। ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਰੂਪ ਕੁਮਿਆਰ ਜਿਹਾ ਵੀ ਆਇਆ ਹੈ, "ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰਿ ਭਵਾਇਆ॥" (ਗੁਰੂ ਰਾਮ ਦਾਸ); ਕੁੰਭਾਰ ਵੀ ਆਇਆ ਹੈ, "ਕੁੰਭਾਰ ਕੈ ਘਰਿ ਹਾਂਡੀ ਆਛੈ॥" (ਭਗਤ ਨਾਮਦੇਵ); "ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥" (ਭਗਤ ਕਬੀਰ) ਅਤੇ ਕੁੰਭਕ ਵੀ।

---

(ਪਿਛਲੇ ਸਫੇ ਦਾ ਬਾਕੀ)

ਦੇ ਉਮੀਦਵਾਰਾਂ ਕਾਰਨ ਹਾਰ ਗਈ। ਹਾਲਾਂਕਿ ਕਾਂਗਰਸ ਦੇ 70 ਵਿਚੋਂ 67 ਉਮੀਦਵਾਰਾਂ ਦੀ ਜਮਾਨਤ ਜ਼ਬਤ ਹੋ ਗਈ। ਜਿਨ੍ਹਾਂ 13 ਸੀਟਾਂ ਤੇ 'ਆਪ' ਕਾਂਗਰਸ ਕਾਰਨ ਹਾਰੀ ਉਨ੍ਹਾਂ ਸੀਟਾਂ ਤੇ ਭਾਜਪਾ ਉਮੀਦਵਾਰਾਂ ਦੀ ਜਿੱਤ ਦਾ ਜਿੰਨਾ ਫ਼ਰਕ ਰਿਹਾ, ਉਹ ਕਾਂਗਰਸ ਨੂੰ ਮਿਲੀਆਂ ਵੋਟਾਂ ਨਾਲੋਂ ਘੱਟ ਸੀ। ਵਿਧਾਨ ਸਭਾ ਚੋਣਾਂ 'ਚ ਭਾਜਪਾ 48 ਸੀਟਾਂ ਅਤੇ 'ਆਪ' ਨੇ 22 ਸੀਟਾਂ ਜਿੱਤੀਆਂ ਹਨ। ਭਾਜਪਾ ਦੇ ਪਿਛਲੇ 10 ਸਾਲਾਂ ਵਿਚ 13 ਫ਼ੀਸਦੀ ਵੋਟ ਵਧੇ ਜਦਕਿ ਇਸੇ ਅਰਸੇ ਦੌਰਾਨ 'ਆਪ' ਨੇ 10 ਫ਼ੀਸਦੀ ਵੋਟ ਗੁਆ ਲਏ।

ਉਂਜ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ 'ਆਪ' ਦੇ ਕੇਜਰੀਵਾਲ, ਮਨੀਸ਼ ਸਿਸੋਦੀਆ, ਦੁਰਗੇਸ਼ ਪਾਠਕ ਚੋਣ ਹਾਰ ਗਏ ਹਨ। ਕਿਉਂਕਿ ਭਾਜਪਾ ਵਲੋਂ ਇਸ ਉੱਚ ਲੀਡਰਸ਼ਿਪ ਨੂੰ ਹਰਾਉਣ ਲਈ ਪੂਰੀ ਵਾਹ ਲਾਈ ਹੋਈ ਸੀ। ਇਸ ਮੰਤਵ ਲਈ ਪਹਿਲਾਂ ਕੇਂਦਰ ਸਰਕਾਰ ਨੇ ਸਾਮ-ਦਾਮ-ਦੰਡ ਦੀ ਖੁਲ੍ਹੇਆਮ ਵਰਤੋਂ ਕੀਤੀ। ਵੋਟਾਂ ਦੀ ਆਖ਼ਰੀ ਸਮੇਂ ਕੱਟ-ਵੱਢ ਕੀਤੀ ਗਈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੂਰੀ ਵਾਹ ਲਾ ਕੇ ਇਸ ਚੋਣ ਨੂੰ ਜਿੱਤਣ ਲਈ ਕੋਈ ਕਸਰ ਨਹੀਂ ਛੱਡੀ।

ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ 'ਆਪ' ਜਿਸਨੇ ਲੋਕਾਂ ਦੀ ਹਰਮਨ ਪਿਆਰਤਾ ਕਾਰਨ ਰਾਸ਼ਟਰੀ ਪਾਰਟੀ ਦਾ ਰੁਤਬਾ ਕੁਝ ਸਾਲਾਂ 'ਚ ਪ੍ਰਾਪਤ ਕਰ ਲਿਆ ਸੀ, ਲੋਕਾਂ ਦੇ ਮਨਾਂ 'ਤੋਂ ਕਿਉ ਲੱਥ ਰਹੀ ਹੈ? ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਹ ਪਾਰਟੀ ਵੀ ਰਵਾਇਤੀ ਪਾਰਟੀਆਂ ਵਾਂਗਰ ਵੋਟਾਂ ਬਟੋਰਨ, ਤਾਕਤ ਹਥਿਆਉਣ ਦੇ ਰਾਹ ਪੈ ਗਈ, ਅਤੇ ਇਸਦੇ ਨੇਤਾ ਪੰਜ ਤਾਰਾ ਕਲਚਰ ਦਾ ਸ਼ਿਕਾਰ ਹੋ ਗਏ। ਪੰਜਾਬ ਇਸਦੀ ਉਦਾਹਰਨ ਹੈ। ਪੰਜਾਬ 'ਚ 117 ਵਿਚੋਂ 92 ਸੀਟਾਂ ਇਸ ਪਾਰਟੀ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੇ ਨਾਂਅ 'ਤੇ ਜਿੱਤੀਆਂ। ਪਰ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਕਿ ਪੰਜਾਬ 'ਚ ਭ੍ਰਿਸ਼ਟਾਚਾਰ ਚਰਮ ਸੀਮਾਂ 'ਤੇ ਹੈ।

ਆਪ ਨੇ ਸਥਾਨਕ ਪੰਚਾਇਤੀ ਚੋਣਾਂ ਅਤੇ ਨਗਰਪਾਲਿਕਾ ਚੋਣਾਂ 'ਚ ਜਿਸ ਕਿਸਮ ਦਾ ਵਿਵਹਾਰ ਕੀਤਾ, ਉਸ ਨਾਲ ਲੋਕਾਂ ਦੇ ਮਨਾਂ 'ਚ ਇਹ ਧਾਰਨਾ ਬਣ ਗਈ ਕਿ ਇਸ ਨਾਲੋਂ ਤਾਂ ਪੰਜਾਬ ਸਰਕਾਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਨਾ ਕਰਵਾ ਕੇ, ਕਿਸੇ ਨਵੇਂ ਬਿੱਲ ਜਾਂ ਨੋਟੀਫੀਕੇਸ਼ਨ ਰਾਹੀਂ ਇਨ੍ਹਾਂ ਪੰਚਾਇਤਾਂ, ਨਗਰਪਾਲਿਕਾਵਾਂ 'ਚ ਆਪਣੇ ਲੋਕਾਂ ਨੂੰ ਨੋਮੀਨੇਟ ਕਰ ਦਿੰਦੀ। ਅੰਮ੍ਰਿਤਸਰ, ਫਗਵਾੜਾ ਨਗਰ ਨਿਗਮ ਤੇ ਹੋਰ ਕਈ ਪਾਲਿਕਾਵਾਂ 'ਚ ਜਿਸ ਢੰਗ ਨਾਲ ਕਾਂਗਰਸ ਦੀਆਂ ਵਾਧੂ ਸੀਟਾਂ ਹੋਣ ਦੇ ਬਾਵਜੂਦ ਆਪ ਨੇ ਜੁਗਾੜ ਲਗਾ ਕੇ ਆਪਣੇ ਮੇਅਰ ਬਣਾਏ ਅਤੇ ਜਿਵੇਂ ਬਹੁਤ ਸਾਰੀਆਂ ਹੋਰ ਨਗਰ ਕੌਂਸਲਾਂ 'ਚ ਆਪਣੇ ਪ੍ਰਧਾਨ ਬਨਾਉਣ ਲਈ ਸਾਮ-ਦਾਮ-ਦੰਡ ਦੀ ਵਰਤੋਂ ਕੀਤੀ, ਉਸ ਨਾਲ 'ਆਪ' ਦਾ ਚਿਹਰਾ ਮੋਹਰਾ ਵੀ ਰਿਵਾਇਤੀ ਪਾਰਟੀਆਂ ਵਾਲਾ ਹੋ ਗਿਆ। ਪੰਜਾਬ 'ਚ 'ਆਪ' ਦੇ ਕਾਂਗਰਸ ਨਾਲ ਵਰਤਾਰੇ ਦਾ ਪ੍ਰਭਾਵ ਦਿੱਲੀ ਵਿਧਾਨ ਸਭਾ ਚੋਣਾਂ 'ਚ ਵੇਖਣ ਨੂੰ ਮਿਲਿਆ, ਜਦੋਂ ਕਾਂਗਰਸ ਨੇ 'ਆਪ' ਵਿਰੁੱਧ ਉਤਨੀ ਚੋਣ ਜੰਗ ਆਰੰਭੀ, ਜਿੰਨੀ ਭਾਜਪਾ ਵਿਰੁੱਧ ਅਤੇ ਇਸ ਦਾ ਖਾਮਿਆਜ਼ਾ 'ਆਪ' ਨੂੰ ਭੁਗਤਣਾ ਪਿਆ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਦਿੱਲੀ ਦੀ ਹਾਰ 'ਤੋਂ ਬਾਅਦ ਪੰਜਾਬ 'ਚ ਆਮ ਆਦਮੀ ਦਾ ਕੀ ਹਾਲ ਹੋਏਗਾ? ਕੀ ਇਸ ਦਾ ਮਨੋਬਲ ਨਹੀਂ ਡੋਲੇਗਾ? ਕਿਉਂਕਿ 'ਆਪ' ਮੰਤਰੀ ਮੰਡਲ, ਮੁਖਮੰਤਰੀ ਸਮੇਤ ਦਿੱਲੀ ਦੀਆਂ ਚੋਣਾਂ 'ਚ ਰੁਝਿਆ ਰਿਹਾ। ਅਤੇ 'ਆਪ' ਦੇ ਖਾਸ ਵਰਕਰ ਉੱਥੇ ਪ੍ਰਚਾਰ ਕਰਦੇ ਵੇਖੇ ਗਏ।

ਪੰਜਾਬ ਵਿਚ ਆਉਣ ਵਾਲੇ ਦਿਨ 'ਆਪ' ਲਈ ਖ਼ਤਰਨਾਕ ਹੋ ਸਕਦੇ ਹਨ। ਕਿਉਂਕਿ ਪੰਜਾਬ 'ਚ ਸਰਕਾਰੀ ਸੱਤਾ ਅਤੇ ਸੰਗਠਨ ਦੋਨਾਂ ਵਿਚਕਾਰ ਵੱਡਾ ਗੈਪ ਹੈ। 93 ਵਿਧਾਇਕਾਂ ਦੀ ਸਰਕਾਰ ਵਿਚ ਸੁਣਵਾਈ ਨਹੀਂ। ਲੋਕਸਭਾ ਚੋਣਾਂ 'ਚ ਕਮਜ਼ੋਰ ਪ੍ਰਦਰਸ਼ਨ ਦੇ ਬਾਅਦ ਭਾਵੇਂ ਵਿਧਾਨ ਸਭਾ ਦੀਆਂ 4 ਸੀਟਾਂ 'ਤੇ ਉਸਦੀ ਕਾਰਗੁਜਾਰੀ ਚੰਗੀ ਰਹੀ। ਸੂਬੇ 'ਚ ਪਰ ਸਰਕਾਰੀ ਪ੍ਰਬੰਧਨ ਠੀਕ ਢੰਗ ਨਾਲ ਕੰਮ ਨਹੀਂ ਕਰ ਰਿਹਾ ਅਤੇ ਪੁਲਿਸ ਪ੍ਰਸ਼ਾਸ਼ਨ 'ਤੇ ਵੀ ਸਵਾਲ ਉੱਠ ਰਹੇ ਹਨ।

'ਆਪ' ਪਾਰਟੀ ਉਤੇ ਪਿਛਲੇ ਸਮੇਂ ਤੋਂ ਵੱਡੇ ਸਵਾਲ ਉੱਠ ਰਹੇ ਹਨ। ਬਿਨਾ-ਸ਼ੱਕ ਕੇਜਰੀਵਾਲ ਨੇ ਆਪਣਾ ਅਕਸ ਇੱਕ ਜੁਝਾਰੂ ਵਾਲਾ ਬਣਾਇਆ। ਪਰ ਉਨ੍ਹਾਂ ਦੇ ਇਸ ਅਕਸ ਨੇ ਉਨ੍ਹਾਂ ਨੂੰ ਨੁਕਸਾਨ ਵੀ ਪਹੁੰਚਾਇਆ ਅਤੇ ਇਹ ਧਾਰਨਾ ਬਣੀ ਕਿ ਉਹ ਕੇਂਦਰ ਸਰਕਾਰ ਨਾਲ ਸਦਾ ਉਲਝਦੇ ਹੀ ਰਹਿੰਦੇ ਹਨ। ਹਾਲਾਂ ਕਿ ਭਾਜਪਾ ਦੀ ਕੇਂਦਰ ਸਰਕਾਰ ਆਪਣੇ ਵਿਰੋਧੀਆਂ ਨੂੰ ਠਿੰਠ ਕਰਨ ਲਈ ਪ੍ਰੇਸ਼ਾਨ ਕਰਦੀ ਹੈ ਅਤੇ ਉਨ੍ਹਾਂ ਰਾਜਾਂ ਦੇ ਕੰਮ ਕਾਰ 'ਚ ਜ਼ਿਆਦਾ ਦਖਲ ਆਪਣੇ ਗਵਰਨਰਾਂ ਰਾਹੀਂ ਦਿੰਦੀ ਹੈ, ਜਿਸ ਰਾਜ ਵਿਚ ਉਸਦਾ ਰਾਜ-ਭਾਗ ਨਹੀਂ। ਇਹ ਵੀ ਠੀਕ ਹੈ ਕਿ ਕੇਜਰੀਵਾਲ ਨੇ ਆਪਣੀ ਪਾਰਟੀ ਨੂੰ ਰਾਸ਼ਟਰੀ ਪਾਰਟੀ ਬਨਾਉਣ ਲਈ ਮਿਹਨਤ ਕੀਤੀ। ਇਸ ਕੰਮ ਲਈ ਉਨ੍ਹਾਂ ਗੁਜਰਾਤ, ਹਰਿਆਣਾ ਅਤੇ ਕਈ ਹੋਰ ਰਾਜਾਂ 'ਚ ਚੋਣਾਂ ਲੜੀਆਂ। ਪੰਜਾਬ ਦੇ ਸਰਕਾਰੀ ਧਨ ਦੀ ਵਰਤੋਂ ਦੇ ਇਨ੍ਹਾਂ ਚੋਣਾਂ 'ਚ 'ਆਪ' 'ਤੇ ਇਲਜ਼ਾਮ ਵੀ ਲੱਗੇ। ਪਰ ਇਹਨਾਂ ਚੋਣਾਂ 'ਚ ਰੁਝਣ, ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਜ਼ੇਲ੍ਹ ਕਟੱਣ ਕਾਰਨ, ਦਿੱਲੀ ਦੀ ਅਣਦੇਖੀ ਹੁੰਦੀ ਗਈ, ਜਿਸ ਕਾਰਨ ਕੇਜਰੀਵਾਲ ਦਾ ਅਧਾਰ ਖੁਰਨ ਲੱਗ ਪਿਆ।

ਭਾਵੇਂ ਕਿ ਸਿੱਖਿਆ 'ਤੇ ਸਿਹਤ ਖੇਤਰ 'ਚ 'ਆਪ' ਸਰਕਾਰ ਨੇ ਉਲੇਖ ਯੋਗ ਕੰਮ ਵੀ ਕੀਤੇ।ਕੇਜਰੀਵਾਲ ਅਤੇ ਉਨ੍ਹਾਂ ਦੇ ਕਈ ਨੇਤਾਵਾਂ ਦਾ ਇਹ ਵਿਸ਼ਵਾਸ਼ ਬਣ ਗਿਆ ਕਿ ਉਨ੍ਹਾਂ ਨੂੰ ਕੋਈ ਹਰਾ ਨਹੀਂ ਸਕਦਾ। ਉਨ੍ਹਾਂ ਦਾ ਇਹ ਵਹਿਮ ਹੀ ਪਾਰਟੀ ਨੂੰ ਡੁਬੋ ਗਿਆ। ਉਂਜ ਵੀ ਕਿਉਂਕਿ ਦਿੱਲੀ ਸਰਕਾਰ ਨੂੰ ਕੇਂਦਰੀ ਸਰਕਾਰ ਨੇ ਵਿਕਾਸ ਤੇ ਭਲਾਈ ਦੇ ਕੰਮਾਂ 'ਚ ਸਹਿਯੋਗ ਨਹੀਂ ਦਿੱਤਾ ਇਸ ਨਾਲ ਦਿੱਲੀ ਦੇ ਵਿਕਾਸ 'ਚ ਰੁਕਾਵਟ ਆਈ।

'ਆਪ' ਦੀ ਇੱਕ ਹੋਰ ਸਮੱਸਿਆ ਹੈ ਕਿ 'ਆਪ' ਦੇ ਕੇਂਦਰੀ ਆਗੂਆਂ ਨੇ ਇਸ ਨੂੰ ਕਾਡਰ ਅਧਾਰਤ ਪਾਰਟੀ ਨਹੀਂ ਬਣਨ ਦਿੱਤਾ। ਦਿੱਲੀ ਵਿਚ ਵੀ ਅਤੇ ਪੰਜਾਬ ਵਿਚ ਵੀ ਕੇਜਰੀਵਾਲ ਆਪਣੇ ਸਖ਼ਸ਼ੀ ਉਭਾਰ ਲਈ ਜਾਣੇ ਜਾਂਦੇ ਰਹੇ ਹਨ। ਉਨ੍ਹਾਂ ਨੇ ਆਪਣੀ ਪਾਰਟੀ ਦੀ ਵਿਚਾਰਧਾਰਾ ਸਪਸ਼ਟ ਨਹੀਂ ਕੀਤੀ। ਉਨ੍ਹਾਂ ਪਾਰਟੀ ਵਰਕਰਾਂ ਨੂੰ ਲੋਕਾਂ ਵਿਚ ਪਾਰਟੀ ਦਾ ਮੰਤਵ ਸਮਝਾਉਣ ਲਈ ਕੋਈ ਪ੍ਰੋਗਾਮ ਨਹੀਂ ਦਿੱਤਾ। ਜਿਵੇਂ ਕਿ ਆਮ ਤੌਰ 'ਤੇ ਕਾਡਰ ਅਧਾਰਤ ਪਾਰਟੀਆਂ ਦਿੰਦੀਆਂ ਹਨ।

ਕੋਈ ਵੀ ਸਿਆਸੀ ਪਾਰਟੀ ਆਪਣੇ ਨਿਸ਼ਾਨੇ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀ ਹੈ। ਕਮਿਊਨਿਸਟ ਸੋਸ਼ਲਿਸਟ ਵਿਚਾਰਧਾਰਾ ਪੇਸ਼ ਕਰਦੇ ਹਨ। ਕਾਂਗਰਸ ਲੋਕਤੰਤਰ ਦੀ ਹਾਮੀ ਹੈ। ਭਾਜਪਾ ਆਪਣੀ ਵਿਚਾਰਧਾਰਾ ਜੋ ਆਰ.ਐਸ.ਐਸ ਦੀ ਵਿਚਾਰਧਾਰਾ ਹੈ ਉਸ ਤੇ ਖੜੀ ਦਿਸਦੀ ਹੈ। ਸ਼੍ਰੋਮਣੀ ਅਕਾਲੀ ਦਲ ਇਲਾਕਾਈ ਪਾਰਟੀ ਵਜੋਂ ਆਪਣਾ ਦਾਅਵਾ ਪੇਸ਼ ਕਰਦੀ ਹੈ। ਪਰ 'ਆਪ' ਸਿਰਫ਼ ਕੁੱਝ ਮੁੱਦਿਆਂ ਨੂੰ ਲੈ ਕੇ ਜਦੋਂ ਸਿਆਸਤ ਕਰਦੀ ਰਹੀ, ਉਸ ਨਾਲ ਕੁੱਝ ਸਮਾਂ ਤਾਂ ਉਹ ਵੱਡੇ ਨਾਅਰਿਆਂ ਕਾਰਨ ਲੋਕ ਪ੍ਰਵਾਨਤ ਹੋਈ, ਪਰ ਲੰਮੇ ਸਮੇਂ ਤੱਕ ਉਹ ਆਪਣਾ ਲੋਕ ਅਧਾਰ, ਪਾਰਟੀ-ਕਾਡਰ ਬਨਾਉਣ 'ਚ ਅਸਫ਼ਲ ਰਹੀ ਹੈ।

ਇਹੋ ਕਾਰਨ ਹੈ ਕਿ ਉਸਦੇ ਵਰਕਰ ਜਾਂ ਨੇਤਾ ਕਿਸੇ ਸੇਧ 'ਚ ਨਹੀਂ ਤੁਰਦੇ। ਉਂਜ ਵੀ ਦਿੱਲੀ 'ਚ ਦਿੱਲੀ ਹਿਤੈਸ਼ੀ, ਪੰਜਾਬ 'ਚ ਪੰਜਾਬ ਹਿਤੈਸ਼ੀ ਪਾਲਿਸੀਆਂ ਜਿਵੇਂ ਉਸਨੂੰ ਲਾਗੂ ਕਰਨੀਆਂ ਚਾਹੀਦੀਆਂ ਸਨ, ਉਨ੍ਹਾਂ ਪ੍ਰਤੀ ਉਸਨੇ ਚੁੱਪੀ ਵੱਟੀ ਰੱਖੀ। ਜਿਸ ਦਾ ਉਸ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ। ਬਦਲਾਅ ਦੇ ਅਧਾਰ ਉਤੇ ਬਣੀ 'ਆਪ' ਲੋਕਾਂ 'ਚ ਆਪਣਾ ਉਹ ਅਕਸ ਬਣਾਈ ਰੱਖਣ 'ਚ ਨਾ-ਕਾਮਯਾਬ ਰਹੀ, ਜਿਸਦੇ ਅਧਾਰ 'ਤੇ ਪਾਰਟੀ ਸਥਾਪਿਤ ਕੀਤੀ ਗਈ ਸੀ। ਇਹ ਅਧਾਰ ਰਿਵਾਇਤੀ ਪਾਰਟੀ ਤੋਂ ਹਟਵਾਂ ਸੀ। ਪਰ ਪਾਰਟੀ ਰਿਵਾਇਤੀ ਪਾਰਟੀ ਵਰਗੀ ਦਿੱਖ ਬਣਾ ਕੇ ਅਤੇ ਉਨ੍ਹਾਂ ਜਿਹੀਆਂ ਕਾਰਵਾਈਆਂ ਕਰਕੇ, ਵੱਡਾ ਨੁਕਸਾਨ ਕਰਾ ਬੈਠੀ ਅਤੇ ਦਿੱਲੀ ਦੇ ਲੋਕਾਂ ਨੇ ਉਸਨੂੰ ਸ਼ੀਸ਼ਾ ਵਿਖਾ ਦਿੱਤਾ, ਬਾਵਜੂਦ ਇਸਦੇ ਕਿ ਦਿੱਲੀ ਦੀ ਵੱਡੀ ਆਬਾਦੀ 'ਆਪ' ਸਰਕਾਰ ਤੋਂ ਬਹੁਤੀ ਨਾ-ਖੁਸ਼ ਨਹੀਂ ਸੀ, ਪਰੰਤੂ ਉਨ੍ਹਾਂ ਵਿਚੋਂ ਕਾਫ਼ੀ ਲੋਕ ਇਸ ਵੇਰ ਬਦਲਾਅ ਚਾਹੁੰਦੇ ਸਨ।

# ਕੋਟ ਫੱਤੇ ਦੇ ਟਿੱਬਿਆਂ ਦੀ ਕੰਡਿਆਈ ਵਿਚੋਂ ਉਗਿਆ ਗੁਲਾਬ ਦਾ ਫ਼ੁੱਲ: ਗੋਪਾਲ ਸਿੰਘ





ਉਜਾਗਰ ਸਿੰਘ

ਤੰਗੀਆਂ ਤਰੁਸ਼ੀਆਂ ਬੁਲੰਦ ਹੌਸਲਿਆਂ ਅੱਗੇ ਬੌਣੀਆਂ ਹੋ ਜਾਂਦੀਆਂ ਹਨ, ਜਦੋਂ ਇਨਸਾਨ ਆਪਣੀ ਜ਼ਿੰਦਗੀ ਦਾ ਟੀਚਾ ਨਿਸਚਤ ਕਰਕੇ ਮਸਤ ਹਾਥੀ ਦੀ ਚਾਲ ਤੁਰਦਾ ਹੋਇਆ ਨਿੱਕੀਆਂ-ਮੋਟੀਆਂ ਅੜਚਣਾਂ ਨੂੰ ਮਧੋਲ ਕੇ ਅੱਗੇ ਵੱਧਦਾ ਜਾਂਦਾ ਹੈ। ਜੇਕਰ ਇਨਸਾਨ ਦਾ ਇਰਾਦਾ ਦ੍ਰਿੜ੍ਹ ਅਤੇ ਇੱਛਾ ਸ਼ਕਤੀ ਮਜ਼ਬੂਤ ਹੋਵੇ, ਤਾਂ ਵਿੰਗੇ ਟੇਡੇ ਰਾਹਾਂ ਦੇ ਵਿੰਗ ਵਲ ਕਦੀਂ ਵੀ ਰਸਤਾ ਨਹੀਂ ਰੋਕ ਸਕਦੇ। ਸਗੋਂ ਪਗਡੰਡੀਆਂ ਉਸ ਦੇ ਅੱਗੇ ਰਸਤੇ ਬਣ ਜਾਂਦੀਆਂ ਹਨ। ਕੋਟ ਫੱਤੇ ਦੇ ਟਿੱਬਿਆਂ ਦੀਆਂ ਪਗਡੰਡੀਆਂ ਨੂੰ ਵਿਸ਼ਾਲ ਮਨਮੋਹਕ ਵਾਤਾਵਰਨ ਵਾਲੇ ਰਸਤਿਆਂ ਵਿੱਚ ਬਦਲਣ ਵਾਲਾ ਮਾਨਸਾ ਦੇ ਟਿੱਬਿਆਂ ਦਾ ਰਾਹੀ ਗੋਪਾਲ ਸਿੰਘ ਹੈ, ਜਿਹੜਾ ਰੇਤਲੇ ਇਲਾਕੇ ਦੀਆਂ ਪਗਡੰਡੀਆਂ 'ਤੇ ਤੁਰਦਾ ਹੋਇਆ, ਕਾਹੀ ਤੇ ਕੰਡਿਆਈ ਦੇ ਫ਼ੁੱਲਾਂ ਵਿੱਚੋਂ ਗੁਲਾਬ ਦਾ ਫ਼ੁੱਲ ਬਣਕੇ ਸਮਾਜਿਕਤਾ ਦੀ ਖ਼ੁਸ਼ਬੋ ਫੈਲਾ ਰਿਹਾ ਹੈ। ਭਾਵੇਂ ਸਮਾਜਿਕ ਤੇ ਪਰਿਵਾਰਿਕ ਹਾਲਾਤ ਉਸ ਅੱਗੇ ਪਹਾੜ ਬਣਕੇ ਖੜ੍ਹਦੇ ਰਹੇ ਪ੍ਰੰਤੂ ਗੋਪਾਲ ਸਿੰਘ ਦੇ ਸਿਰੜ੍ਹ, ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨੇ ਪਹਾੜਾਂ ਦਾ ਸੀਨਾ ਚੀਰ ਕੇ ਆਪਣਾ ਰਸਤਾ ਆਪ ਬਣਾਇਆ। ਸਮਾਜਿਕ ਅਤੇ ਘਰੇਲੂ ਹਾਲਾਤ ਉਸ ਦੇ ਅੱਗੇ ਵਧਦੇ ਕਦਮਾ ਦੀ ਰਫ਼ਤਾਰ ਨੂੰ ਰਵਾਂ ਹੋਣ ਵਿੱਚ ਰੁਕਾਵਟ ਨਹੀਂ ਬਣ ਸਕੇ, ਸਗੋਂ ਦਾਦੇ ਦੀ ਹੱਲਾਸ਼ੇਰੀ ਨਿਸ਼ਾਨੇ ਦੀ ਪ੍ਰਾਪਤੀ ਦਾ ਰਾਹ ਸੌਖਾ ਕਰਦੀ ਰਹੀ। ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਲਗਨ ਨਾਲ ਜਦੋਜਹਿਦ ਕਰਦਾ ਰਿਹਾ ਤਾਂ ਜੋ ਆਪਣੇ ਦਾਦੇ ਦੀ ਸ਼ਾਬਾਸ਼ ਦਾ ਮੁੱਲ ਮੋੜ ਸਕੇ। ਪਿੰਡਾਂ ਵਿੱਚ ਆਮ ਤੌਰ 'ਤੇ ਬੱਚਿਆਂ ਨੂੰ ਸਹੀ ਅਗਵਾਈ ਦੀ ਘਾਟ ਰਹਿੰਦੀ ਹੈ, ਪ੍ਰੰਤੂ ਉਸ ਦੀ ਇਸ ਘਾਟ ਨੂੰ ਪਿੰਡ ਦੇ ਪਰਉਪਕਾਰੀ ਲੋਕਾਂ ਨੇ ਪੂਰਿਆਂ ਕੀਤਾ। ਉਸ ਨੇ ਪਿੰਡ ਕੋਟਫੱਤਾ ਦੇ ਸਰਕਾਰੀ ਸਕੂਲ ਤੋਂ 1982 ਵਿੱਚ ਦਸਵੀਂ ਪਾਸ ਕਰਕੇ ਨੌਕਰੀ ਕਰਨ ਦਾ ਮਨ ਬਣਾਇਆ। ਨੌਕਰੀ ਦੀ ਪ੍ਰਾਪਤੀ ਲਈ ਉਸ ਦੇ ਇੱਕ ਗੁਆਂਢੀ ਨੇ ਉਸ ਨੂੰ ਪੰਜਾਬੀ ਤੇ ਅੰਗਰੇਜ਼ੀ ਦੀ ਸਟੈਨੋਗ੍ਰਾਫ਼ੀ ਦੀ ਸਿੱਖਿਆ ਲੈਣ ਦੀ ਸਲਾਹ ਦਿੱਤੀ। ਫਿਰ ਗੋਪਾਲ ਸਿੰਘ ਨੇ ਸਟੈਨੋਗ੍ਰਾਫ਼ੀ ਦੀ ਸਿੱਖਿਆ ਲੈ ਲਈ ਪ੍ਰੰਤੂ ਹੋਰ ਕੋਈ ਨੌਕਰੀ ਨਾ ਮਿਲੀ, ਮਰਦਾ ਕੀ ਨਹੀਂ ਕਰਦਾ ਦੇ ਸਿਧਾਂਤ ਦੀ ਪਹਿਰੇਦਾਰੀ ਕਰਦਾ ਹੋਇਆ, ਅਗਸਤ 1984 ਵਿੱਚ ਉਹ ਲੋਕ ਨਿਰਮਾਣ ਵਿਭਾਗ ਵਿੱਚ ਬੇਲਦਾਰ ਭਰਤੀ ਹੋ ਗਿਆ। ਉਹ ਸਮਝਦਾ ਸੀ ਕਿ ਚਲਦੀ ਦਾ ਨਾਮ ਹੀ ਗੱਡੀ ਹੁੰਦਾ ਹੈ, ਇਸ ਲਈ ਉਹ ਆਪਣੀ ਜ਼ਿੰਦਗੀ ਵਿੱਚ ਖੜੋਤ ਨਹੀਂ ਲਿਆਉਂਣੀ ਚਾਹੁੰਦਾ ਸੀ। ਦਫ਼ਤਰ ਦੇ ਨਰਮ ਦਿਲ ਮਦਦਗਾਰ ਅਧਿਕਾਰੀ ਨੇ ਉਸ ਦੀ ਕਾਬਲੀਅਤ ਵੇਖਕੇ ਦਫ਼ਤਰ ਵਿੱਚ ਟਾਈਪ ਦਾ ਕੰਮ ਕਰਨ ਦੀ ਡਿਊਟੀ ਲਾ ਦਿੱਤੀ। ਪ੍ਰੰਤੂ ਜਿਵੇਂ ਆਮ ਹੁੰਦਾ ਹੈ, ਦਫ਼ਤਰਾਂ ਵਿੱਚ ਕੁਝ ਮੁਲਾਜ਼ਮਾ ਨੂੰ ਇਕ ਬੇਲਦਾਰ ਦਾ ਦਫ਼ਤਰੀ ਕੰਮ ਕਰਨਾ ਰੜਕਣ ਲੱਗ ਪਿਆ। ਫ਼ਿਰ ਉਸ ਨੂੰ ਸੜਕਾਂ ਦੇ ਟੋਏ ਟਿੱਬੇ ਭਰਨ ਲਈ ਬੇਲਦਾਰ ਦਾ ਕੰਮ ਕਰਨ ਲਈ ਭੇਜ ਦਿੱਤਾ ਗਿਆ।

ਗੋਪਾਲ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਤ ਕਰਨ ਦੇ ਸਿਧਾਂਤ ਦੀ ਪਹਿਰੇਦਾਰੀ ਕਰਦਿਆਂ, ਕ੍ਰਿਤ ਨੂੰ ਉਸ ਨੇ ਖਿੜੇ ਮੱਥੇ ਪ੍ਰਵਾਨ ਕਰਦਿਆਂ ਆਪਣੀ ਡਿਊਟੀ ਤਨਦੇਹੀ ਨਾਲ ਕੀਤੀ। ਬੇਲਦਾਰੀ ਕਰਦੇ ਸਮੇਂ ਉਸ ਦੇ ਮਨ ਵਿੱਚ ਹੋਰ ਕੁਝ ਅਹੁਦਾ ਪ੍ਰਾਪਤ ਕਰਨ ਦੀ ਚਿਣਗ ਪੈਦਾ ਹੋ ਗਈ। ਉਸ ਸਮੇਂ ਕਿਸੇ ਦੇ ਯਾਦ ਚੇਤੇ ਵੀ ਨਹੀਂ ਸੀ ਕਿ ਗੋਪਾਲ ਸਿੰਘ ਇੱਕ ਦਿਨ ਆਪਣੀ ਕਾਬਲੀਅਤ ਨਾਲ ਪੀ.ਸੀ.ਐਸ. ਅਧਿਕਾਰੀ ਬਣਕੇ ਸਮਾਜਿਕ ਕੁਰੀਤੀਆਂ ਦੇ ਟੋਏ ਟਿੱਬੇ ਭਰਦਾ ਹੋਇਆ ਗ਼ਰੀਬ ਲੋਕਾਂ ਦੀ ਆਵਾਜ਼ ਬਣਕੇ ਸਫ਼ਲ ਪ੍ਰਸ਼ਾਸਨਿਕ ਅਧਿਕਾਰੀ ਸਾਬਤ ਹੋਵੇਗਾ।

ਪੀ.ਸੀ.ਐਸ.ਬਣਕੇ ਲੋਕ ਸੇਵਾ ਕਰਨ ਦੀ ਪ੍ਰਵਿਰਤੀ ਨੂੰ ਚਾਰ ਚੰਨ ਉਦੋਂ ਲੱਗ ਗਏ ਜਦੋਂ ਇੱਕ ਵਾਰ ਉਹ ਆਪਣੇ ਸਰਟੀਫੀਕੇਟ ਅਟੈਸਟ ਕਰਵਾਉਣ ਲਈ ਕਚਹਿਰੀਆਂ ਵਿੱਚ ਆਪਣੇ ਪਿੰਡ ਦੇ ਇੱਕ ਮੁਲਾਜ਼ਮ ਕੋਲ ਗਿਆ ਤਾਂ ਇੱਕ ਪੁਲਿਸ ਅਧਿਕਾਰੀ ਨੇ ਉਸ ਮੁਲਾਜ਼ਮ ਨੂੰ ਸਲੂਟ ਮਾਰੀ। ਪੁਲਿਸ ਅਧਿਕਾਰੀ ਦੀ ਸਲੂਟ ਗੋਪਾਲ ਸਿੰਘ ਦੇ ਦਿਲ ਨੂੰ ਟੁੰਬ ਗਈ। ਗੋਪਾਲ ਸਿੰਘ ਵਿੱਚ ਉਸ ਮੁਲਾਜ਼ਮ ਦੀ ਤਰ੍ਹਾਂ ਬਣਨ ਦੀ ਚੇਸ਼ਟਾ ਐਸੀ ਉਤਪਨ ਹੋ ਗਈ ਕਿ ਉਸਦੀ ਮਿਹਨਤ ਕਰਨ ਦੀ ਰਫ਼ਤਾਰ ਛੜੱਪੇ ਮਾਰਨ ਲੱਗ ਗਈ। ਗੋਪਾਲ ਸਿੰਘ ਦੀ ਮਿਹਨਤ ਰੰਗ ਲਿਆਈ, ਉਹ ਉਸੇ ਮੁਲਾਜ਼ਮ ਦੀ ਥਾਂ ਕੋਰਟ ਵਿੱਚ ਨੌਕਰ ਹੋ ਗਿਆ। ਗੋਪਾਲ ਸਿੰਘ ਦੀ ਕਿਸਮਤ ਹਮੇਸ਼ਾ ਇਮਤਿਹਾਨ ਲੈਂਦੀ ਰਹੀ, ਜਿਹੜੀ ਕੋਰਟ ਵਿੱਚ ਉਹ ਕੰਮ ਕਰ ਰਿਹਾ ਸੀ, ਉਹ ਕੋਰਟ ਹੀ ਟੁੱਟ ਗਈ। ਉਸ ਦੀ ਵੀ ਨੌਕਰੀ ਚਲੀ ਗਈ ਪ੍ਰੰਤੂ ਉਸ ਨੇ ਹੌਸਲਾ ਨਹੀਂ ਛੱਡਿਆ। ਲਗਾਤਾਰ ਮਿਹਨਤ ਕਰਦਾ ਰਿਹਾ ਤਾਂ ਫਿਰ ਉਸ ਦੀ ਚੋਣ ਲੋਕ ਨਿਰਮਾਣ ਵਿੱਚ ਹੋ ਗਈ। ਇਹ ਵੀ ਨੌਕਰੀ ਬਹੁਤੀ ਦੇਰ ਚਲ ਨਾ ਸਕੀ। ਉਹ ਦੁਬਾਰਾ ਜੁਡੀਸ਼ੀਅਲ ਕੋਰਟ ਵਿੱਚ ਐਡਹਾਕ ਸਟੈਨੋ ਲੱਗ ਗਿਆ। ਉਸ ਤੋਂ ਬਾਅਦ ਉਸ ਦੀ ਰੈਗੂਲਰ ਤੌਰ 'ਤੇ ਚੋਣ ਲੋਕ ਨਿਰਮਾਣ ਵਿਭਾਗ ਵਿੱਚ ਬਤੌਰ ਕਲਰਕ ਹੋ ਗਈ। ਫਿਰ ਦਫ਼ਤਰ ਦੇ ਇੱਕ ਅਧਿਕਾਰੀ ਨੇ ਉਸ ਨੂੰ ਅੱਗੇ ਪੜ੍ਹਨ ਲਈ ਪ੍ਰੇਰਿਆ। ਉਸ ਤੋਂ ਬਾਅਦ ਗੋਪਾਲ ਸਿੰਘ ਨੇ ਲਗਾਤਾਰ ਪ੍ਰਾਈਵੇਟ ਉਮੀਦਵਾਰ ਦੇ ਤੌਰ 'ਤੇ ਬੀ.ਏ., ਐਮ.ਏ. ਰਾਜਨੀਤੀ ਸ਼ਾਸਤਰ, ਐਮ.ਏ.ਪੰਜਾਬੀ ਅਤੇ ਐਲ.ਐਲ.ਬੀ.ਪਾਸ ਕਰ ਲਈਆਂ। ਕਲਰਕ ਦੀ ਨੌਕਰੀ ਨਾਲ ਆਰਥਿਕ ਮਜ਼ਬੂਤੀ ਤਾਂ ਮਿਲੀ ਪ੍ਰੰਤੂ ਗੋਪਾਲ ਸਿੰਘ ਵਿੱਚ ਅਧਿਕਾਰੀ ਬਣਨ ਦਾ ਉਤਸ਼ਾਹ ਮੱਠਾ ਨਹੀਂ ਹੋਇਆ। ਲੋਕ ਨਿਰਮਾਣ ਵਿਭਾਗ ਵਿੱਚੋਂ ਛੁੱਟੀ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਈ.ਏ.ਐਸ.ਕੋਚਿੰਗ ਸੈਂਟਰ ਵਿੱਚ ਕੋਚਿੰਗ ਲੈਣ ਲਈ ਆ ਗਿਆ। ਦਫ਼ਤਰ ਵਾਲਿਆਂ ਨੇ ਤਨਖ਼ਾਹ ਦੇਣੀ ਬੰਦ ਕਰ ਦਿੱਤੀ ਤਾਂ ਉਹ ਅੱਧ ਵਿਚਾਲੇ ਕੋਚਿੰਗ ਛੱਡ ਕੇ ਦਫ਼ਤਰ ਹਾਜ਼ਰ ਹੋ ਗਿਆ। ਪ੍ਰੰਤੂ ਪੀ.ਸੀ.ਐਸ.ਬਣਨ ਦੀ ਚਿਣਗ ਘਟਣ ਦੀ ਥਾਂ ਵਧਦੀ ਰਹੀ। ਜਦੋਜਹਿਦ ਦੇ ਸਮੇਂ ਦੌਰਾਨ ਦੋਸਤਾਂ ਮਿੱਤਰਾਂ, ਅਮੀਰ, ਗ਼ਰੀਬ, ਦੌਲਤਮੰਦ ਅਤੇ ਹਰ ਵਿਅਕਤੀ ਦਾ ਬਹੁਤ ਸਹਿਯੋਗ ਰਿਹਾ। ਮਿਹਨਤੀ ਹੋਣ ਕਰਕੇ ਉਸ ਦੀ 1993 ਵਿੱਚ ਚੋਣ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫ਼ਤਰ ਵਿੱਚ ਬਤੌਰ ਸਟੈਨੋ ਹੋ ਗਈ। ਉਥੇ ਉਸ ਨੇ ਐਸ.ਡੀ.ਐਮ. ਅਤੇ ਡਿਪਟੀ ਕਮਿਸ਼ਨਰ ਦਾ ਪੀ.ਏ. ਅਤੇ ਸੁਪਰਇਨਟੈਂਡੈਂਟ ਰੈਵਨਿਊ ਦੇ ਤੌਰ 'ਤੇ ਕੰਮ ਕੀਤਾ। ਇਸ ਦੌਰਾਨ ਉਸ ਦੀ ਪੀ.ਸੀ.ਐਸ.ਬਣਨ ਦੀ ਇੱਛਾ ਸ਼ਕਤੀ ਨੂੰ ਹੋਰ ਉਤਸ਼ਾਹ ਮਿਲਿਆ ਕਿਉਂਕਿ ਉਹ ਅਧਿਕਾਰੀਆਂ ਨੂੰ ਕੰਮ ਕਰਦਿਆਂ ਅਤੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਕਰਦਿਆਂ ਵੇਖਦਾ ਸੀ। ਫਿਰ ਉਸ ਨੇ 1993 ਵਿੱਚ ਪੀ.ਸੀ.ਐਸ. ਦਾ ਇਮਤਿਹਾਨ ਦਿੱਤਾ। ਪ੍ਰੰਤੂ ਸਫ਼ਲ ਨਾ ਹੋ ਸਕਿਆ। ਗੋਪਾਲ ਸਿੰਘ ਨੂੰ ਮਹਿਸੂਸ ਹੋਇਆ ਕਿ ਮਿਹਨਤ ਦਾ ਕੋਈ ਬਦਲ ਨਹੀਂ ਹੋ ਸਕਦਾ, ਇਸ ਲਈ ਉਸ ਨੇ ਮਿਹਨਤ ਕਰਨੀ ਨਾ ਛੱਡੀ। ਇਸ ਤੋਂ ਇਲਾਵਾ ਉਸ ਨੇ ਬਚਪਨ ਵਿੱਚ "ਕਿੰਗ ਬਰੂਸ ਐਂਡ ਸਪਾਈਡਰ" ਦੀ ਕਹਾਣੀ ਸੁਣੀ ਹੋਈ ਸੀ, ਇਸ ਲਈ ਉਹ ਵਾਰ ਵਾਰ ਬੀ.ਡੀ.ਪੀ.ਓ ਅਤੇ ਪੀ.ਸੀ.ਐਸ.ਦਾ ਇਮਤਿਹਾਨ ਦਿੰਦਾ ਰਿਹਾ। ਉਸ ਨੇ 1998 ਵਿੱਚ ਵੀ ਇਮਤਿਹਾਨ ਦਿੱਤਾ ਪਰ ਗੱਲ ਨਾ ਬਣੀ ਪ੍ਰੰਤੂ 2014 ਵਿੱਚ ਉਸ ਦੀ ਚੋਣ ਹੋ ਗਈ। ਇਹ ਚੋਣ ਵੀ ਕੋਰਟ ਕਚਹਿਰੀਆਂ ਦੇ ਚਕਰ ਵਿੱਚ ਪੈ ਗਈ ਅਤੇ ਹਾਈ ਕੋਰਟ ਵਿੱਚ ਕੇਸ ਹੋ ਗਿਆ। ਹਾਈ ਕੋਰਟ ਨੇ 2016 ਵਿੱਚ ਸਟੇਅ ਖੋਲ੍ਹੀ, ਜਿਸ ਤੋਂ ਬਾਅਦ ਉਸ ਦੀ ਮਿਹਨਤ ਨੂੰ ਬੂਰ ਪਿਆ। ਪੀ.ਸੀ.ਐਸ.ਬਣਨ ਤੋਂ ਬਾਅਦ ਉਸ ਨੇ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕੀਤਾ, ਜਿਨ੍ਹਾਂ ਵਿੱਚ ਡਿਪਟੀ ਕਮਿਸ਼ਨਰ ਦੇ ਅਸਿਟੈਂਟ ਕਮਿਸ਼ਨਰ ਜਨਰਲ, ਅਸਿਸਟੈਂਟ ਕਮਿਸ਼ਨਰ ਸ਼ਿਕਾਇਤਾਂ, ਐਸ.ਡੀ.ਐਮ., ਡਿਪਟੀ ਸਕੱਤਰ ਪੰਜਾਬ ਸਰਕਾਰ ਅਤੇ ਸੰਯੁਕਤ ਸਕੱਤਰ ਲੋਕ ਸੰਪਰਕ ਵਿਭਾਗ ਵਰਣਨਯੋਗ ਹਨ। ਉਹ ਜੁਲਾਈ 2018 ਤੋਂ ਸਤੰਬਰ 2021 ਤੱਕ ਐਸ.ਡੀ.ਐਮ.ਮਲੋਟ ਰਿਹਾ, ਜਿਥੇ ਉਸ ਦੀ ਕਾਰਗੁਜ਼ਾਰੀ ਨੇ ਇਲਾਕੇ ਦੇ ਲੋਕਾਂ ਦਾ ਦਿਲ ਜਿੱਤ ਲਿਆ। ਸਾਹਿਤਕ ਦਿਲ ਹੋਣ ਕਰਕੇ ਲੋਕ ਮਸਲਿਆਂ ਨੂੰ ਮਾਨਵੀ ਪੱਖ ਤੋਂ ਵਿਚਾਰ ਕੇ ਫ਼ੈਸਲੇ ਕਰਦਾ ਰਿਹਾ ਸੀ। ਗੋਪਾਲ ਸਿੰਘ ਦਾ ਇਕ ਕਾਵਿ ਸੰਗ੍ਰਹਿ 'ਕਸਕ' ਵੀ ਪ੍ਰਕਾਸ਼ਤ ਹੋਇਆ ਹੈ। ਉਹ ਫ਼ਰਵਰੀ 2024 ਵਿੱਚ ਸੇਵਾ ਮੁਕਤ ਹੋਇਆ ਹੈ।

ਗੋਪਾਲ ਸਿੰਘ ਦਾ ਜਨਮ ਮਾਤਾ ਭੋਲੋ ਕੌਰ ਤੇ ਪਿਤਾ ਬਾਬੂ ਸਿੰਘ ਦੇ ਘਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿੱਚ 15 ਫਰਵਰੀ 1966 ਨੂੰ ਹੋਇਆ ਸੀ। ਉਸ ਦਾ ਵਿਆਹ ਸੁਰਿੰਦਰ ਕੌਰ ਨਾਲ ਹੋਇਆ, ਜੋ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੇ ਦੋ ਲੜਕੇ ਕੈਪਟਨ ਮਿਰਾਜਿੰਦਰ ਸਿੰਘ ਅਤੇ ਨੂਰਿੰਦਰ ਸਿੰਘ ਹਨ। ਨੂਰਿੰਦਰ ਸਿੰਘ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਪਟਿਆਲਾ ਵਿਚ ਐਲ.ਐਲ.ਬੀ.ਕਰ ਰਿਹਾ ਹੈ। ਸੰਪਰਕ: ਗੋਪਾਲ ਸਿੰਘ:9780888780

-ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

***ਗੋਪਾਲ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਤ ਕਰਨ ਦੇ ਸਿਧਾਂਤ ਦੀ ਪਹਿਰੇਦਾਰੀ ਕਰਦਿਆਂ, ਕਿਰਤ ਨੂੰ ਉਸ ਨੇ ਖਿੜੇ ਮੱਥੇ ਪ੍ਰਵਾਨ ਕਰਦਿਆਂ ਆਪਣੀ ਡਿਊਟੀ ਤਨਦੇਹੀ ਨਾਲ ਕੀਤੀ। ਬੇਲਦਾਰੀ ਕਰਦੇ ਸਮੇਂ ਉਸ ਦੇ ਮਨ ਵਿਚ ਹੋਰ ਕੁਝ ਅਹੁਦਾ ਪ੍ਰਾਪਤ ਕਰਨ ਦੀ ਚਿਣਗ ਪੈਦਾ ਹੋ ਗਈ। ਉਸ ਸਮੇਂ ਕਿਸੇ ਦੇ ਯਾਦ ਚੇਤੇ ਵੀ ਨਹੀਂ ਸੀ ਕਿ ਗੋਪਾਲ ਸਿੰਘ ਇੱਕ ਦਿਨ ਆਪਣੀ ਕਾਬਲੀਅਤ ਨਾਲ ਪੀ.ਸੀ.ਐਸ. ਅਧਿਕਾਰੀ ਬਣ ਕੇ ਸਮਾਜਿਕ ਕੁਰੀਤੀਆਂ ਦੇ ਟੋਏ ਟਿੱਬੇ ਭਰਦਾ ਹੋਇਆ .ਗਰੀਬ ਲੋਕਾਂ ਦੀ ਆਵਾਜ਼ ਬਣ ਕੇ ਸ.ਫਲ ਪ੍ਰਸ਼ਾਸਨਿਕ ਅਧਿਕਾਰੀ ਸਾਬਤ ਹੋਵੇਗਾ।***

ਕਲਾ ਪਰਿਕਰਮਾ

## ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਫਰਵਰੀ 2025 ਹੈ। -ਸੰਪਾਦਕ***

### ਕੈਪਸ਼ਨ ਮੁਕਾਬਲਾ-678



***ਚਰਖਿਆਂ ਦੀ ਘੂਕ ਗਈ, ਤ੍ਰਿੰਝਣਾਂ ਦੇ ਪੂਰ ਗਏ,
ਅੱਟੀਆਂ ਗਲੋਟੇ ਤੰਦ ਲੁਕੇ, ਅੱਖੀਆਂ ਤੋਂ ਦੂਰ ਗਏ।
ਕੁਰੋਸ਼ੀਆ ਦੋ ਸੂਤੀਆਂ ਦੀ, ਕੱਢੇ ਨ ਕਢਾਈ ਕੋਈ,
ਚਾਦਰਾਂ ਰੁਮਾਲ ਬਸਤੇ ਦੀ, ਵਿਰਸਾ ਵਿਦਾਈ ਹੋਈ।***

### ਕੈਪਸ਼ਨ ਮੁਕਾਬਲਾ-676



ਕੋਈ ਤਪਾਵੇ ਧੂਣੀਆਂ
ਕੋਈ ਕਰੇ ਇਸ਼ਨਾਨ।
ਭੋਲ਼ੇ ਲੋਕ ਨਾ ਸਮਝਦੇ
ਜਾਵਣ ਹੋਈ ਹੈਰਾਨ।
ਮੱਥੇ ਟੇਕਣ ਲੱਗ ਜਾਣਗੇ
ਬੱਸ ਚੱਲ ਪਊ ਦੁਕਾਨ।
***-ਜਗਮੀਤ ਸਿੰਘ ਪੰਧੇਰ***
***ਫੋਨ: +91 9878337222***

---

ਏ ਆਈ ਦਾ ਕ੍ਰਿਸ਼ਮਾ ਹੈ ਜਾਂ
ਕਿਸੇ ਸੁਫ਼ਨੇ ਦੀ ਕੋਈ ਝਾਕੀ।
ਜਾਂ ਏ ਕੋਈ ਫ਼ੋਟੋ ਐਡਿਟ ਕੀਤੀ
ਜਿਹਦੀ ਅਸਲ ਰਹੀ ਨਾ ਬਾਕੀ।
ਥੱਲੇ ਕੜਾਹੀ ਬਲਦੀ ਅੱਗ,
ਵਿਚ ਪਾਣੀ ਤੱਤੇ ਨ੍ਹਾਉਣਾ ਨਾ ਸੰਭਵ।
ਖਾੜਕੂਵਾਦ ਦੀ ਇਹ ਯਾਦ ਦਿਵਾਏ
ਅਤੇ ਪੰਜਾਬ ਦੀ ਜ਼ਾਲਮ ਖ਼ਾਕੀ।
***ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਬਚਪਨ ਦੇ ਹਨ ਚੋਜ਼ ਨਿਆਰੇ,
ਤੱਕ ਰਹਿ ਗਿਆ ਦੰਗ,
ਠੁਰ ਠੁਰ ਕਰਦੇ ਵਿਚ ਸਿਆਲੇ,
ਲੱਭਿਆ ਹੈ ਨਵਾਂ ਢੰਗ।
ਇੱਟਾਂ ਜੋੜ ਕੇ ਜੁਗਾੜ ਬਣਾਇਆ,
ਚੁਗ ਬਾਲਣ ਤਾਇਆ,
ਮਗਰੋਂ ਬੱਠਲ ਦੇ ਵਿਚ ਬਹਿ ਕੇ,
ਮ.ਲ ਖੂਬ ਨਹਾਇਆ।
***-ਸੇਵਾ ਸਿੰਘ ਨੂਰਪੁਰੀ***

---

ਗੀਜਰ ਖਰੀਦ ਸ਼ਕਤੀ ਤੋਂ ਬਾਹਰ
ਚੁੱਲ੍ਹੇ 'ਚ ਲੱਕੜਾਂ ਉਬਾਕ ਕੇ
ਕੜਾਹੀ 'ਚ ਗਰਮ ਪਾਣੀ ਕਰੀਏ।
ਦੇਸੀ ਜੁਗਾੜ ਬਚਣ ਦਾ ਠੰਢ ਤੋਂ
ਗੁਜ਼ਾਰਾ ਥੋੜ੍ਹੇ ਪਾਣੀ ਦੇ ਨਾਲ
ਵਿਚ ਕੜਾਹੀ ਦੇ ਬਹੀਏ।
ਦੇਖਣ ਵਾਲੇ ਨੂੰ ਲੱਗਦਾ ਤਮਾਸ਼ਾ
ਪਰ ਦਲਿੱਦਰ ਦੂਰ ਕਰੀਏ।
ਮਖੌਲਾਂ ਸੁਣ ਕੇ ਸ਼ਰੀਕਾਂ ਦੀਆਂ
ਦਿਲ ਆਪਣੇ 'ਤੇ ਜਰੀਏ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਸਿਰ ਠੰਢਾ ਪੈਰ ਗਰਮ ਪੇਟ ਨਰਮ
ਤੰਦਰੁਸਤੀ ਦੀ ਇਹ ਨਿਸ਼ਾਨੀ
ਬੈਠ ਕੜਾਹੀ ਦੱਸਣ ਲੱਗਾ
ਅੱਗ ਸਾੜੇ ਨਾ ਤੱਤਾ ਪਾਣੀ
ਠੰਢ ਦੀ ਏਥੇ ਪੇਸ਼ ਨਾ ਜਾਣੀ
ਮਲਕੀਤ ਸਿੰਘ ਧਾਲੀਵਾਲ
ਹੀਲੇ ਵਸੀਲੇ ਤਾਂ ਬਹੁਤ ਕਰ ਲਏ ਜਾਂਦੇ
ਪਈ ਹੋਵੇ ਗਲ ਮੁਸੀਬਤ ਜਦ
ਕਲਪਨਾ, ਕਲਾ, ਕਿਰਤ,
ਉਪਜ ਕਲਾਕਾਰ ਦੀ।
ਕੜਕਦੀ ਠੰਢ ਹੋਵੇ
ਦੇ ਹੌਸਲਾ ਖੁਦ ਨੂੰ ਮੁਕਾਬਲੇ ਲਈ
ਆ ਜਾ ਫਿਰ ਦੇਖਦਾਂ ਮੈਂ ਤੈਨੂੰ ਠੰਢੇ
ਪਾਲਾ ਵੀ ਨਹੀਂ ਲੱਗਦਾ
ਤ੍ਰੇਲੀਆਂ ਆ ਜਾਂਦੀਆਂ।
ਨਹੀਂ ਵੀ ਭਾਵੇਂ ਹਾਸਲ ਕਰ ਸਕਦਾ ਗਰੀਬ
ਪਰ ਆਪਣਾ ਰਾਂਝਾ ਤਾਂ ਰਾਜ਼ੀ ਕਰ ਲਿਆ।
***-ਦਰਸ਼ਨ ਪਾਲ ਦੋਸਾਂਝ***

# ਅਜੋਕੇ ਭਾਰਤ ਵਿਚ ਕਿਸਾਨੀ ਦੀ ਹੋਂਦ ਦੀ ਮਹੱਤਤਾ

ਸੁੱਚਾ ਸਿੰਘ ਗਿੱਲ

ਕਿਸਾਨਾਂ ਦੀ ਹੋਂਦ ਦਾ ਮਾਮਲਾ ਅੱਜ ਕਲ ਮਹਤਵਪੂਰਣ ਬਣ ਗਿਆ ਹੈ। ਦੁਨੀਆਂ ਵਿਚ ਸਰਮਾਏਦਾਰੀ ਦੇ ਭਾਰੂ ਹੋਣ ਤੋਂ ਬਾਅਦ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕਰਨ ਦੀ ਪ੍ਰਕਿਰਿਆ ਬੜੀ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। ਭਾਰਤ ਵਿਚ ਵੀ ਇਹ ਸਿਲਸਿਲਾ ਹੁਣ ਤੇਜ਼ੀ ਨਾਲ ਜ਼ੋਰ ਫੜ ਰਿਹਾ ਹੈ। ਬਹੁਤੇ ਕਿਸਾਨ ਸਰਮਾਏਦਾਰੀ ਦੀ ਪ੍ਰਕਿਰਿਆ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਰਹੇ ਅਤੇ ਕੁੱਝ ਚੁੱਪਚਾਪ ਆਪਣੀ ਜਾਨ ਆਤਮ-ਹੱਤਿਆ ਨਾਲ ਖੁੱਦ ਲੈਣ ਲੱਗ ਪਏ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ 1995 ਤੋਂ ਬਾਅਦ 4.5 ਲੱਖ ਕਿਸਾਨ 2022-23 ਤੱਕ ਆਤਮ-ਹੱਤਿਆ ਦੇ ਸ਼ਿਕਾਰ ਹੋ ਚੁੱਕੇ ਸਨ। ਪਰ ਕਾਫੀ ਵੱਡੀ ਗਿਣਤੀ ਵਿਚ ਕਿਸਾਨ ਆਪਣੇ ਕਿੱਤੇ ਵਿਚ ਔਖੇ ਹੋਣ ਦੇ ਬਾਵਜੂਦ ਵੀ ਲੱਗੇ ਹੋਏ ਹਨ ਅਤੇ ਚੇਤੰਨ ਵਰਗ ਆਪਣੀ ਹੋਂਦ ਬਚਾਉਣ ਵਾਸਤੇ ਸੰਘਰਸ਼ ਕਰ ਰਿਹਾ ਹੈ।

ਕਿਸਾਨਾਂ ਦੀ ਹੋਂਦ ਨੂੰ ਖਤਮ ਕਰਨ ਦੀ ਪ੍ਰਕਿਰਿਆ ਬਰਤਾਨੀਆ ਵਿਚ ਉਦਯੋਗਿਕ ਕ੍ਰਾਂਤੀ (18ਵੀਂ ਸਦੀ ਮੱਧ ਤੋਂ ਬਾਅਦ) ਦੇ ਆਉਣ ਨਾਲ ਖੇਤੀ ਦੇ ਵਪਾਰੀਕਰਨ ਤੋਂ ਸ਼ੁਰੂ ਹੁੰਦੀ ਹੈ। ਗਰਮ ਕੱਪੜੇ ਦੇ ਕਾਰਖਾਨੇ ਲਗਣ ਨਾਲ ਉੱਨ ਦੀ ਮੰਗ ਕਾਫ਼ੀ ਵਧ ਗਈ ਸੀ। ਜ਼ਿਮੀਂਦਾਰਾਂ ਨੇ ਕਿਸਾਨਾਂ/ਮੁਜਾਰਿਆਂ ਨੂੰ ਖੇਤੀ ਦੇ ਕੰਮ ਵਿਚੋਂ ਬਾਹਰ ਕਰਕੇ ਭੇਡਾਂ ਪਾਲਣੀਆਂ ਸ਼ੁਰੂ ਕਰ ਦਿਤੀਆਂ। ਜਦੋਂ ਕਿਸਾਨ ਖੇਤੀ ਤੋਂ ਬਾਹਰ ਹੋ ਗਏ ਤਾਂ ਉਹ ਰੋਜ਼ੀ-ਰੋਟੀ ਲਈ ਕਾਰਖਾਨਿਆਂ ਵਿਚ ਮਜ਼ਦੂਰੀ ਕਰਨ ਲੱਗ ਪਏ। ਇਸ ਵਰਤਾਰੇ ਬਾਰੇ ਇਹ ਧਾਰਨਾ ਪੈਦਾ ਹੋ ਗਈ ਕਿ 'ਭੇਡ ਕਿਸਾਨੀ ਨੂੰ ਖਾ ਗਈ'। ਯੂਰਪ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਜਾਪਾਨ ਵਿਚ ਉਦਯੋਗਿਕ ਵਿਕਾਸ ਨਾਲ ਕਿਸਾਨਾਂ ਦੀ ਹੋਂਦ ਕਾਫੀ ਘਟਣ ਲੱਗ ਪਈ ਅਤੇ ਹੁਣ ਨਾਂਹ ਦੇ ਬਰਾਬਰ ਹੋ ਗਈ ਹੈ। ਪ੍ਰਸਿੱਧ ਇਤਿਹਾਸਕਾਰ ਏਰਿਕ ਹਾਬਸਬਾਵਮ ਨੇ ਆਪਣੀ ਕਿਤਾਬ 'ਅਤਿ ਦਾ ਯੁੱਗ: 1914-91' (Age of Extreme: 1914-91) ਵਿਚ 'ਕਿਸਾਨੀ ਦੀ ਮੌਤ' ਬਾਰੇ ਲਿਖਿਆ ਹੈ। ਉਸ ਅਨੁਸਾਰ ਵੀਹਵੀਂ ਸਦੀ ਦੇ 80ਵੇਂ ਦਹਾਕੇ ਤੱਕ ਦੁਨੀਆ ਦੇ ਵੱਡੇ ਹਿੱਸੇ ਵਿਚ 'ਕਿਸਾਨੀ ਦੀ ਮੌਤ' ਹੋ ਚੁੱਕੀ ਸੀ। ਫੂਡ ਅਤੇ ਖੇਤੀ ਸੰਗਠਨ (FAO) ਅਨੁਸਾਰ ਯੂਰਪ, ਉਤਰੀ ਅਤੇ ਦਖਣੀ ਅਮਰੀਕਾ, ਆਸਟ੍ਰੇਲੀਆ (ਨਿਊਜ਼ੀਲੈਂਡ ਸਮੇਤ) ਅਤੇ ਜਪਾਨ ਵਿਚ ਕਿਸਾਨੀ ਦਾ ਭੋਗ ਪੈ ਚੁੱਕਾ ਹੈ। ਇਨ੍ਹਾਂ ਇਲਾਕਿਆਂ ਵਿਚ ਕਿਸਾਨ ਅਤੇ ਖੇਤ ਮਜ਼ਦੂਰ ਕੁੱਲ ਕਿਰਤੀਆਂ ਦਾ 5%-9.5% ਰਹਿ ਗਏ ਹਨ। ਵਿਸ਼ਵ ਵਿਚ 1980ਵਿਆਂ ਤੱਕ ਕਿਸਾਨਾਂ ਦੇ ਵਧੇਰੇ ਗਿਣਤੀ ਵਾਲੇ ਕੇਵਲ ਤਿੰਨ ਖੇਤਰ ਹੀ ਬਚੇ ਸਨ। ਇਹ ਖੇਤਰ ਸਨ: ਸਬ-ਸਹਾਰਾ ਅਫਰੀਕਾ; ਦਖਣੀ ਅਤੇ ਦਖਣੀ ਪੂਰਬੀ ਏਸ਼ੀਆ; ਅਤੇ ਚੀਨ। ਭਾਰਤ ਉਨ੍ਹਾਂ ਇਲਾਕਿਆਂ ਵਿਚ ਸ਼ਾਮਲ ਹੈ ਜਿਥੇ ਖੇਤੀ ਵਿਚ ਸਭ ਤੋਂ ਵੱਧ ਮਿਹਨਤਕਸ਼ ਲੋਕ ਲੱਗੇ ਹੋਏ ਹਨ। ਜੇਕਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਇਕਠਿਆਂ ਰੱਖ ਕੇ ਵੇਖਿਆ ਜਾਵੇ ਤਾਂ 2018-19 ਵਿਚ ਦੇਸ਼ ਦਾ 42.45% ਰੁਜ਼ਗਾਰ ਖੇਤੀ ਸੈਕਟਰ ਵਿਚ ਹੀ ਸੀ। ਇਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਕਿਸਾਨਾਂ (10.20 ਕਰੋੜ) ਦੀ ਸੀ। ਕਿਸਾਨਾਂ ਵਿਚ 72.6% ਸੀਮਾਂਤ ਅਤੇ 16.4% ਛੋਟੇ ਕਾਸ਼ਤਕਾਰ ਸਨ। ਬਹੁਤ ਵੱਡੇ ਕਿਸਾਨ (25 ਏਕੜ ਤੋਂ ਵੱਧ) ਸਿਰਫ਼ 0.3% ਹੀ ਸਨ। ਸੀਮਾਂਤ ਅਤੇ ਛੋਟੇ ਕਾਸ਼ਤਕਾਰ ਬਹੁਤ ਹੀ ਸੰਕਟ ਗ੍ਰਸਤ ਹਨ ਅਤੇ ਕਰਜ਼ੇ ਦੇ ਜਾਲ ਵਿਚ ਫਸੇ ਹੋਏ ਹਨ। ਇਨ੍ਹਾਂ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਨੈਸ਼ਨਲ ਸੈਂਪਲ ਸਰਵੇ ਦੀ 2002 ਦੀ ਰਿਪੋਰਟ ਅਨੁਸਾਰ 40% ਕਿਸਾਨਾਂ ਨੇ ਖੇਤੀਬਾੜੀ ਲਾਹੇਵੰਦ ਧੰਦਾ ਨਾ ਹੋਣ ਕਾਰਨ ਖੇਤੀ ਛੱਡਣ ਦੀ ਇਛਾ ਜ਼ਾਹਿਰ ਕੀਤੀ ਸੀ, ਰੁਜ਼ਗਾਰ ਦੀ ਕਮੀ ਕਾਰਨ ਉਹ ਖੇਤੀ ਵਿਚ ਹੀ ਫ਼ਸੇ ਹੋਏ ਹਨ।

ਆਰਥਿਕ ਸਿਧਾਂਤਕਾਰਾਂ ਦਾ ਕਹਿਣਾ ਹੈ ਕਿ ਸਰਮਾਏਦਾਰੀ ਦੇ ਦੌਰ ਵਿਚ ਪੂੰਜੀ ਨਿਵੇਸ਼, ਤਕਨੀਕੀ ਵਿਕਾਸ, ਖੋਜਾਂ ਅਤੇ ਵਸਤਾਂ ਦੀ ਮੰਗ ਪਹਿਲਾਂ ਉਦਯੋਗਾਂ ਵੱਲ ਜਾਦੀ ਹੈ। ਬਾਅਦ ਵਿਚ ਇਨ੍ਹਾਂ ਦਾ ਰੁਝਾਨ ਸੇਵਾਵਾਂ ਵਲ ਹੋ ਜਾਂਦਾ ਹੈ। ਖੇਤੀ ਵਿਚੋਂ ਨਿਕਲ ਕੇ ਸਰਮਾਇਆ ਅਤੇ ਕਿਸਾਨ ਪਹਿਲਾਂ ਉਦਯੋਗਾਂ ਵਿਚ ਅਤੇ ਫਿਰ ਸੇਵਾਵਾਂ ਵਲ ਲਗ ਜਾਂਦੇ ਹਨ। ਇਸ ਸਬੰਧ ਵਿਚ ਸਰਕਾਰਾਂ ਆਪਣੀਆਂ ਆਰਥਿਕ ਨੀਤੀਆਂ ਨੂੰ ਬੜੀ ਸ਼ਿੱਦਤ ਨਾਲ ਖੇਤੀ ਦੇ ਖਿਲਾਫ ਅਤੇ ਉਦਯੋਗਾਂ ਅਤੇ ਵਪਾਰਕ ਅਦਾਰਿਆਂ ਦੇ ਹੱਕ ਵਿਚ ਕਰਕੇ, ਕਿਸਾਨਾਂ ਦੀ ਹੋਂਦ ਵਾਸਤੇ ਖ਼ਤਰੇ ਪੈਦਾ ਕਰ ਦਿੰਦੀਆਂ ਹਨ। ਜਦੋਂ ਅਮਰੀਕਾ ਅਤੇ ਕਨੇਡਾ ਵਿਚ ਕਿਸਾਨਾਂ ਦੀ ਗਿਣਤੀ ਬਹੁਤ ਸੁੰਗੜ ਗਈ ਹੈ (ਇਕ ਪ੍ਰਤੀਸ਼ਤ ਦੇ ਕਰੀਬ) ਓਥੇ ਵੱਡੇ ਕਾਰੋਬਾਰੀ ਲਖਾਂ ਏਕੜ ਜ਼ਮੀਨ ਖਰੀਦ ਕੇ ਉਹ ਜ਼ਮੀਨ ਅਤੇ ਅਨਾਜ ਦੀ ਪੈਦਾਵਾਰ ਨੂੰ ਵੀ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦੇ ਹਨ।

ਵਿਕਸਿਤ ਦੇਸ਼ਾਂ ਵਿਚ ਜਦੋਂ ਆਰਥਕ ਤਬਦੀਲੀ ਦਾ ਦੌਰ ਚੱਲਿਆ ਸੀ ਉਸ ਸਮੇਂ ਉਦਯੋਗਿਕ ਇਕਾਈਆਂ ਅਤੇ ਕਾਰਖਾਨਿਆਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਸੀ। ਉਦਯੋਗਿਕ ਖੇਤਰ ਵਿਚ ਰੁਜ਼ਗਾਰ ਵੀ ਤੇਜ਼ੀ ਨਾਲ ਵੱਧ ਰਿਹਾ ਸੀ। ਪਰ ਹੁਣ ਦੇ ਦੌਰ ਵਿਚ ਆਰਥਿਕ ਤਰੱਕੀ ਦੇ ਨਾਲ ਰੁਜ਼ਗਾਰ ਨਹੀਂ ਵੱਧ ਰਿਹਾ। ਜੇਕਰ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਦੇਸ਼ ਵਿਚ ਰੁਜ਼ਗਾਰ ਰਹਿਤ 'ਆਰਥਿਕ ਵਿਕਾਸ ਅਤੇ ਤਬਦੀਲੀ' ਹੋ ਰਹੀ ਹੈ। ਇਸ ਸਬੰਧ ਵਿਚ ਇੰਸਟੀਚਿਊਟ ਆਫ ਹਿਊਮੈਨ ਡਿਵੈਲਪਮੈਂਟ ਅਤੇ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ ਦਿੱਲੀ, ਦੀ ਰਿਪੋਰਟ 2024 ਵਿਚ ਬੇਰੁਜ਼ਗਾਰੀ ਦੇ ਅੰਕੜੇ ਵੀ ਪੇਸ਼ ਕੀਤੇ ਹਨ। ਦੇਸ਼ ਵਿਚ ਆਮ ਬੇਰੁਜ਼ਗਾਰੀ ਦੀ ਦਰ 2019 ਵਿਚ 5.8% ਸੀ ਜਿਹੜੀ 2022 ਵਿਚ 4.1% ਰਹਿ ਗਈ ਸੀ। ਪਰ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 2022 ਵਿਚ 22%




ਰਿਕਾਰਡ ਕੀਤੀ ਗਈ ਸੀ। ਦੇਸ਼ ਵਿਚ ਆਰਥਕ ਵਿਕਾਸ ਦੇ ਨਾਲ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ। ਉਤਪਾਦਨ ਦੇ ਵੱਖ ਵੱਖ ਸੈਕਟਰਾਂ ਵਿਚ ਤੇਜ਼ੀ ਨਾਲ ਕਿਰਤੀਆਂ ਨੂੰ ਬਾਹਰ ਕੱਢਣ ਵਾਲੀ ਤਕਨਾਲੋਜੀ/ਮਸ਼ੀਨਾਂ ਨੂੰ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਕੰਪਿਊਟਰਾਂ, ਆਟੋਮੈਟਿਕ ਮਸ਼ੀਨਾਂ ਅਤੇ ਆਰਟੀਫਿਸ਼ਲ ਇੰਟੈਲੀਜੈਂਸ ਦੀ ਉਤਪਾਦਨ ਵਿਚ ਵਰਤੋਂ ਨੇ ਸਾਰੀ ਦੁਨੀਆਂ ਵਿਚ ਬੇਰੁਜ਼ਗਾਰੀ ਦੀ ਸਮਸਿਆ ਵਿਚ ਵਾਧਾ ਕੀਤਾ ਹੈ। ਐਸੇ ਸਮੇਂ ਖੇਤੀ ਵਿਚੋਂ ਕਿਸਾਨਾਂ ਨੂੰ ਬਾਹਰ ਕੱਢਣ ਬਾਰੇ ਸੋਚਿਆ ਨਹੀਂ ਜਾ ਸਕਦਾ। ਜੇਕਰ 10.20 ਕਰੋੜ ਕਿਸਾਨਾਂ ਵਿਚੋਂ 10% ਵੀ ਕਿਸਾਨ ਅਗਲੇ ਸਾਲਾਂ ਵਿਚ ਬਾਹਰ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਆਰਥਿਕਤਾ ਵਿਚ ਰੁਜ਼ਗਾਰ ਕਿਥੇ ਦਿਤਾ ਜਾਵੇਗਾ? ਇਹ ਇੱਕ ਅਹਿਮ ਸਵਾਲ ਹੈ। ਇਸ ਬਾਰੇ ਸਰਕਾਰ ਕੋਲ ਕੋਈ ਯੋਜਨਾ ਨਹੀਂ ਹੈ ਅਤੇ ਨਾਂ ਹੀ ਸਮਰੱਥਾ ਹੈ। ਇਸ ਨਾਲ ਖੇਤੀ ਵਿਚੋਂ ਬਾਹਰ ਹੋਏ ਪਰਿਵਾਰਾਂ ਤੇ ਰੋਜ਼ੀ ਰੋਟੀ ਦਾ ਪਹਾੜ ਟੁੱਟ ਪਵੇਗਾ ਅਤੇ ਦੇਸ਼ ਵਿਚ ਹਾਹਾਕਾਰ ਮੱਚ ਜਾਵੇਗੀ। ਇਸ ਤੋਂ ਬਚਣ ਵਾਸਤੇ ਜ਼ਰੂਰੀ ਹੈ ਕਿ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਖੇਤੀ ਨੂੰ ਲਾਹੇਵੰਦ ਬਣਾਇਆ ਜਾਵੇ। ਇਸ ਸਬੰਧੀ ਵਿਆਪਕ ਯੋਜਨਾ ਤਹਿਤ ਖੇਤੀ ਸੈਕਟਰ ਦੇ ਗੈਰ ਖੇਤੀਬਾੜੀ ਸੈਕਟਰ ਨਾਲ ਸਬੰਧਤ ਵਪਾਰਿਕ ਸ਼ਰਤਾਂ ਨੂੰ ਠੀਕ ਕੀਤਾ ਜਾ ਸਕਦਾ ਹੈ। ਇਸ ਵਿਚ ਖੇਤੀ ਸੈਕਟਰ ਦੀਆਂ ਸਾਰੀਆਂ ਫਸਲਾਂ ਦੇ ਭਾਅ ਠੀਕ ਫਾਰਮੂਲੇ ਨਾਲ ਨਿਸ਼ਚਿਤ ਕੀਤੇ ਜਾਣ ਅਤੇ ਕਿਸਾਨਾਂ ਨੂੰ ਇਸ ਦਾ ਫਾਇਦਾ ਹੋਵੇ। ਇਹ ਤਾਂ ਹੀ ਸੰਭਵ ਹੈ ਜੇਕਰ ਸਰਕਾਰ ਵੱਲੋਂ ਐਲਾਨੇ ਭਾਅ ਕਿਸਾਨਾਂ ਨੂੰ ਦੇਣ ਵਾਸਤੇ ਕਾਨੂੰਨੀ ਗਰੰਟੀ ਹੋਵੇ। ਇਸ ਤੋਂ ਇਲਾਵਾ ਕਾਰਪੋਰੇਟ ਘਰਾਣਿਆਂ ਨੂੰ ਸਬਸਿਡੀਆਂ ਅਤੇ ਰਿਆਇਤਾਂ ਦੇਣ ਦੀ ਬਜਾਏ ਸਰਕਾਰ ਕਿਸਾਨਾਂ ਨੂੰ ਸਹੂਲਤਾਂ ਦੇਣ ਵਾਲੀਆਂ ਨੀਤੀਆਂ ਵਲ ਧਿਆਨ ਦੇਵੇ। ਖੇਤੀ ਖੋਜ ਅਤੇ ਪ੍ਰਸਾਰ ਨੂੰ ਪਬਲਿਕ ਸੈਕਟਰ ਅਦਾਰਿਆਂ ਵਿਚ ਮਜ਼ਬੂਤ ਕਰਕੇ ਜਪਾਨ ਅਤੇ ਪੂਰਬੀ ਏਸ਼ੀਆ ਦੇ ਦੇਸ਼ਾਂ ਦੀ ਤਰਜ਼ ਤੇ ਛੋਟੀ ਕਿਸਾਨੀ/ਜੋਤਾਂ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ। ਕਿਸਾਨਾਂ ਦੇ ਸਮੂਹਾਂ ਨੂੰ ਕੋਅਪਰੇਟਿਵ, ਸਵੈ ਸਹਾਇਤਾ ਗਰੁੱਪ, ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਜਾਂ ਕਿਸੇ ਹੋਰ ਨਾਮ ਹੇਠ ਸੰਗਠਤ ਕਰਕੇ ਉਨ੍ਹਾਂ ਨੂੰ ਖੇਤੀ ਦੀ ਮਾਰਕੀਟਿੰਗ, ਭੰਡਾਰੀਕਰਨ ਅਤੇ ਐਗਰੋ-ਪ੍ਰੋਸੈਸਿੰਗ ਦੇ ਕੰਮ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਨਾਲ ਛੋਟੇ ਕਿਸਾਨਾਂ/ਕਾਸ਼ਤਕਾਰਾਂ ਦੀ ਖੇਤੀ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ। ਇਸ ਨਾਲ ਪੇਂਡੂ ਮਜ਼ਦੂਰਾਂ ਅਤੇ ਨੌਜਵਾਨਾਂ ਵਾਸਤੇ ਰੁਜ਼ਗਾਰ ਵੀ ਚੋਖੀ ਮਿਕਦਾਰ ਵਿਚ ਪੈਦਾ ਕੀਤਾ ਜਾ ਸਕਦਾ ਹੈ।

ਕਾਰਪੋਰੇਟ ਘਰਾਣਿਆਂ ਦਾ ਦੇਸ਼ ਦੀ ਆਰਥਿਕਤਾ, ਮੀਡੀਆ ਅਤੇ ਪ੍ਰਸਾਰ ਸਾਧਨਾਂ 'ਤੇ ਕਬਜ਼ਾ ਵੱਧ ਜਾਣ ਤੋਂ ਬਾਅਦ ਜਮਹੂਰੀਅਤ ਨੂੰ ਗੰਭੀਰ ਖਤਰਾ ਪੈਦਾ ਹੋ ਗਿਆ ਹੈ। ਨਾਗਰਿਕਾਂ ਦੇ ਜਮਹੂਰੀ ਹੱਕ ਅਤੇ ਸ਼ਹਿਰੀ ਆਜ਼ਾਦੀਆਂ ਖੋਹੀਆਂ ਜਾ ਰਹੀਆਂ ਹਨ। ਕਿਸਾਨਾਂ ਅਤੇ ਕਿਰਤੀਆਂ ਦੇ ਸੰਗਠਨਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਇਸ ਸਥਿਤੀ ਵਿਚ ਸਿਰਫ਼ ਉਹੀ ਨਾਗਰਿਕ ਜਦੋ-ਜਹਿਦ ਕਰ ਸਕਦੇ ਹਨ ਜਿਨ੍ਹਾਂ ਕੋਲ ਪੱਕੀਆਂ ਨੌਕਰੀਆਂ ਹਨ ਜਾਂ ਜਿਨ੍ਹਾਂ ਕੋਲ ਆਪਣੀ ਉਪਜੀਵਕਾ ਦੇ ਕੁੱਝ ਸਾਧਨ ਹਨ। ਇਸ ਵਰਗ ਵਿਚ ਕਿਸਾਨ ਦੇਸ਼ ਦੀ ਵੱਡੀ ਤਾਕਤ ਹਨ। ਇਹ ਤਾਕਤ ਕਾਰਪੋਰੇਟ ਘਰਾਣਿਆਂ ਦੀ ਏਕਾਅਧਿਕਾਰ/ਤਾਨਾਸ਼ਾਹ ਪ੍ਰਵਿਰਤੀ ਨੂੰ ਰੋਕਣ ਦੀ ਸਮਰੱਥਾ ਰਖਦੀ ਹੈ। ਦੇਸ਼ ਵਿਚ ਗਣਤੰਤਰ ਨੂੰ ਬਚਾਉਣ/ਸੰਵਿਧਾਨ ਦੀ ਪੁਨਰਸੁਰਜੀਤੀ ਵਿਚ ਕਿਸਾਨ ਲਹਿਰ ਅਹਿਮ ਭੂਮਿਕਾ ਨਿਭਾ ਸਕਦੀ ਹੈ। ਪਛਮੀ ਦੇਸ਼ਾਂ ਦਾ ਤਜਰਬਾ ਦੱਸਦਾ ਹੈ ਕਿਸਾਨਾਂ ਨੂੰ ਹਾਸ਼ੀਏ 'ਤੇ ਕਰਨ ਤੋਂ ਬਾਅਦ ਇਕੱਲਾ ਮੱਧਵਰਗ ਕਾਰਪੋਰੇਟ ਘਰਾਣਿਆਂ ਤੋਂ ਜਮਹੂਰੀਅਤ 'ਤੇ ਹੋ ਰਹੇ ਵਾਰਾਂ ਨੂੰ ਰੋਕਣ ਵਿਚ ਅਸਮਰਥ ਸਾਬਤ ਹੋ ਰਿਹਾ ਹੈ। ਮੱਧਵਰਗ ਦੇ ਨਿੱਜਵਾਦ ਨੇ ਸਾਰੀ ਦੁਨੀਆਂ ਵਿਚ ਜਮਹੂਰੀ ਲਹਿਰ ਨੂੰ ਕਮਜ਼ੋਰ ਕੀਤਾ ਹੈ। ਜੇਕਰ ਭਾਰਤ ਵਿਚ ਆਜ਼ਾਦੀ ਤੋਂ ਬਾਅਦ ਬਣਾਏ ਸੰਵਿਧਾਨ ਅਤੇ ਜਮਹੂਰੀਅਤ ਨੂੰ ਬਚਾਉਣਾ ਹੈ ਤਾਂ ਮਜ਼ਬੂਤ ਕਿਸਾਨ ਲਹਿਰ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ।

ਅਜੋਕੇ ਦੌਰ ਵਿਚ ਵਾਤਾਵਰਣ ਦੇ ਸੰਕਟ ਨੇ ਮਨੁੱਖੀ ਹੋਂਦ ਲਈ ਖਤਰਾ ਪੈਦਾ ਕਰ ਦਿੱਤਾ ਹੈ। ਹਵਾ ਗੰਧਲੀ ਅਤੇ ਧਰਤੀ ਪਲੀਤ ਹੋ ਰਹੀ ਹੈ। ਧਰਤੀ ਉਪਰਲਾ ਪਾਣੀ ਗੰਧਲਾ ਅਤੇ ਹੇਠਲਾ ਪਾਣੀ ਖ਼ਤਮ ਹੋ ਰਿਹਾ ਹੈ। ਕਾਰਪੋਰੇਟ ਘਰਾਣੇ ਮੁਨਾਫ਼ੇ ਦੀ ਦੌੜ ਵਿਚ ਵਾਤਾਵਰਣ ਬਚਾਉਣ ਬਾਰੇ ਸੋਚਣ ਤੋਂ ਅਸਮਰਥ ਹਨ। ਉਹ ਜਲ, ਜੰਗਲ ਅਤੇ ਜ਼ਮੀਨ ਨੂੰ ਖਰਾਬ ਕਰਨ ਤੋਂ ਜ਼ਰਾ ਵੀ ਸੰਕੋਚ ਨਹੀਂ ਕਰਦੇ। ਉਹ ਜੈਨੇਟਿਕ ਵਿੱਧੀ ਨੂੰ ਵਰਤ ਕੇ ਅਨਾਜਾਂ ਦੀ ਪੈਦਾਵਾਰ ਵਿਚ ਸਿਹਤ ਨੂੰ ਖਰਾਬ ਕਰਨ ਵਾਲੇ ਖੇਤੀ ਪਦਾਰਥ ਪੈਦਾ ਕਰ ਰਹੇ ਹਨ। ਦੂਜੇ ਪਾਸੇ ਬੀਜਾਂ ਦੀ ਸਪਲਾਈ ਨੂੰ ਕੰਟਰੋਲ ਕਰਕੇ ਆਪਣੇ ਮੁਨਾਫੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਆਪਣੇ ਮੁਨਾਫੇ ਨੂੰ ਵਧਾਉਣ ਵਾਸਤੇ ਕਾਰਪੋਰੇਟ ਘਰਾਣੇ ਵਾਤਾਵਰਣ ਦੇ ਬਚਾਅ ਵਾਲੇ ਕਾਇਦੇ ਕਾਨੂੰਨਾਂ ਨੂੰ ਮੰਨਣ ਤੋਂ ਇਨਕਾਰੀ ਹਨ। ਪੰਜਾਬ ਵਿਚ ਸ਼ਰਾਬ ਦੀਆਂ ਫੈਕਟਰੀਆਂ ਅਤੇ ਲੁਧਿਆਣਾ ਸਮੇਤ ਉਦਯੋਗਿਕ ਇਕਾਈਆਂ ਨੇ ਪੰਜਾਬ ਦੇ ਪਾਣੀਆਂ ਨੂੰ ਖਰਾਬ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਦਿੱਲੀ, ਤਾਮਿਲਨਾਡੂ ਅਤੇ ਮੱਧ ਪ੍ਰਦੇਸ਼ ਦੇ ਕਈ ਜ਼ਿਲਿਆਂ ਵਿਚ ਸਥਿਤੀ ਪੰਜਾਬ 'ਤੋਂ ਵੀ ਗੰਭੀਰ ਹੈ। ਵਾਤਾਵਰਣ ਨੂੰ ਬਚਾਉਣ ਅਤੇ ਸੰਭਾਲਣ ਦੇ ਕਾਰਜ ਵਿਚ ਪੰਜਾਬ ਦੇ ਕਿਸਾਨਾਂ ਨੇ ਹੀ ਪਹਿਲਕਦਮੀ ਵਿਖਾਈ ਹੈ। ਸਾਫ਼-ਸੁਥਰੇ ਵਾਤਾਵਰਣ ਅਤੇ ਸੁਰੱਖਿਅਤ ਖੁਰਾਕ ਪੈਦਾ ਕਰਨ ਦਾ ਕਾਰਜ਼ ਸਿਰਫ਼ ਖੇਤਾਂ ਵਿਚ ਕੰਮ ਕਰਨ ਵਾਲੇ ਮਿਹਨਤਕਸ਼ ਕਿਸਾਨਾਂ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਸੌਂਪਿਆ ਜਾ ਸਕਦਾ। ਖੁਦ ਖੇਤੀ ਕਰਨ ਵਾਲੇ ਮਿਹਨਤਕਸ਼ ਲੋਕ ਹੀ ਜਾਣਦੇ ਹਨ ਕਿ ਸਿਹਤਮੰਦ ਅਤੇ ਸੁਰੱਖਿਅਤ ਅਨਾਜ ਦੀ ਕੀ ਮਹੱਤਤਾ ਹੈ। ਉਹ ਇਹ ਵੀ ਜਾਣਕਾਰੀ ਰਖਦੇ ਹਨ ਕਿ ਵਾਤਾਵਰਨ ਅਤੇ ਖੇਤੀ ਉਤਪਾਦਨ ਦਾ ਨੇੜੇ ਦਾ ਰਿਸ਼ਤਾ ਹੈ।

ਦੇਸ਼ ਦੀ ਮੌਜੂਦਾ ਆਰਥਿਕਤਾ ਅਤੇ ਤਬਦੀਲੀ ਦੇ ਦੌਰ ਵਿਚ ਰੁਜ਼ਗਾਰ ਰਹਿਤ ਵਿਕਾਸ ਦੀ ਪ੍ਰਕਿਰਿਆ ਕਾਰਨ ਕਿਸਾਨੀ ਅਤੇ ਖੇਤੀ ਵਿਚ ਰੁਜ਼ਗਾਰ ਦੀ ਰਣਨੀਤਕ ਮਹੱਤਤਾ ਹੈ। ਸਿਆਸੀ ਪਾਰਟੀਆਂ ਦੇ ਚਰਿੱਤਰ ਅਤੇ ਕਿਰਦਾਰ ਨੂੰ ਵੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਕਿਸਾਨਾਂ ਦੀ ਲਹਿਰ ਅਤੇ ਚੇਤੰਨ ਦਖਲ ਅੰਦਾਜ਼ੀ ਬਗੈਰ ਸੰਵਿਧਾਨ ਅਤੇ ਜਮਹੂਰੀਅਤ ਨੂੰ ਬਚਾਉਣਾ ਅਤੇ ਗਣਤੰਤਰ ਦੀ ਪੁਨਰਸੁਰਜੀਤੀ ਮੁਸ਼ਕਿਲ ਹੈ। ਮਨੁਖਾਂ ਵਾਸਤੇ ਸਿਹਤਮੰਦ ਭੋਜਨ ਪੈਦਾ ਕਰਨ ਅਤੇ ਵਾਤਾਵਰਨ ਨੂੰ ਬਚਾਉਣ ਲਈ ਕਿਸਾਨਾਂ ਅਤੇ ਕਿਰਤੀਆਂ ਦੀ ਭੂਮਿਕਾ ਨੂੰ ਅਣਗੌਲਿਆਂ ਨਹੀਂ ਜਾ ਸਕਦਾ। ਜਦੋਂ ਕਿਸਾਨ ਆਪਣੀ ਹੋਂਦ ਬਚਾਉਣ ਵਾਸਤੇ ਜਦੋ-ਜਹਿਦ ਕਰ ਰਹੇ ਹਨ ਤਾਂ ਜਮਹੂਰੀ ਲਹਿਰ ਅਤੇ ਮੱਧ ਵਰਗ ਦੇ ਚੇਤੰਨ ਹਿੱਸੇ ਨੂੰ ਕਿਸਾਨੀ ਦੇ ਹੱਕ ਵਿਚ ਨਿਤਰਨ ਦੀ ਪਹਿਲਾਂ ਨਾਲੋਂ ਵਧੇਰੇ ਜ਼ਰੂਰਤ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਮੁਸ਼ਕਲਾਂ ਵੱਲ ਆਮ ਨਾਗਰਿਕਾਂ ਦਾ ਧਿਆਨ ਕੇਂਦਰਿਤ ਕਰਨ ਦਾ ਕਾਰਜ ਸੰਵੇਦਨਸ਼ੀਲ ਅਤੇ ਚੇਤੰਨ ਹਲਕਿਆਂ ਵਲੋਂ ਹੀ ਕੀਤਾ ਜਾ ਸਕਦਾ ਹੈ। ਇਹ ਕਾਰਜ ਕਿਸਾਨਾਂ ਦੀ ਹੋਂਦ ਵਾਸਤੇ ਬੇਹੱਦ ਜ਼ਰੂਰੀ ਹੈ ਅਤੇ ਦੇਸ਼ ਦੇ ਹਿੱਤ ਵਿਚ ਵੀ ਹੈ।

# ਟਰੰਪ ਦੀ 'ਟੈਰਿਫ ਵਾਰ' ਭਾਰਤ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ?



ਐਡਵੋਕੇਟ
ਕਿਸ਼ਨ ਸਨਮੁੱਖਦਾਸ

ਅਮਰੀਕਾ ਦੀ ਨਵੀਂ ਡੋਨਾਲਡ ਟਰੰਪ ਦੀ ਸਰਕਾਰ ਦੇ ਫ਼ੈਸ਼ਿਆਂ ਨਾਲ ਦੁਨੀਆ ਟੈਰਿਫ (ਟੈਕਸ) ਵਾਰ ਦੀ ਲਪੇਟ 'ਚ ਆਉਂਦੀ ਦਿਖਾਈ ਦੇ ਰਹੀ ਹੈ। ਭਾਰਤ ਵੀ ਇਸ ਤੋਂ ਬਚਿਆ ਨਹੀਂ ਰਹੇਗਾ। ਫਿਲਹਾਲ ਭਾਰਤ ਇਸ ਨੂੰ ਮੌਕੇ ਦੇ ਤੌਰ 'ਤੇ ਦੇਖ ਰਿਹਾ ਹੈ। ਕਿਉਂਕਿ ਚੀਨ ਦੀਆਂ ਵਸਤਾਂ 'ਤੇ ਅਮਰੀਕਾ ਨੇ 10 ਫ਼ੀਸਦੀ ਵਾਧੂ ਟੈਕਸ ਲਗਾਇਆ ਹੈ, ਜਿਸ ਨਾਲ ਚੀਨ ਦੀਆਂ ਵਸਤਾਂ ਅਮਰੀਕਾ 'ਚ ਮਹਿੰਗੀਆਂ ਹੋ ਜਾਣਗੀਆਂ। ਇਸ ਨਾਲ ਭਾਰਤੀ ਵਸਤਾਂ ਦੀ ਮੰਗ ਅਮਰੀਕਾ 'ਚ ਵੱਧ ਸਕਦੀ ਹੈ ਕਿਉਂਕਿ ਭਾਰਤੀ ਵਸਤਾਂ ਅਮਰੀਕਾ 'ਚ ਚੀਨ ਦੀਆਂ ਵਸਤਾਂ ਦੇ ਮੁਕਾਬਲੇ ਸਸਤੀਆਂ ਹੋਣਗੀਆਂ।

ਅਮਰੀਕਾ 'ਚ ਚੀਨ ਦੇ ਵਿਰੁੱਧ ਰਾਸ਼ਟਰੀ ਪੱਧਰ 'ਤੇ ਮਾਹੌਲ ਬਣ ਰਿਹਾ ਹੈ।ਚੀਨ ਨੇ ਵੀ ਜਵਾਬੀ ਕਾਰਵਾਈ 'ਚ ਅਮਰੀਕਾ ਤੋਂ ਆਉਣ ਵਾਲੀਆਂ ਵਸਤਾਂ 'ਤੇ 15 ਫ਼ੀਸਦੀ ਤੱਕ ਦਾ ਵਾਧੂ ਟੈਕਸ ਲਗਾ ਦਿੱਤਾ ਹੈ। ਇਸ ਨਾਲ ਚੀਨ ਦੇ ਬਾਜ਼ਾਰ 'ਚ ਅਮਰੀਕੀ ਵਸਤਾਂ ਮਹਿੰਗੀਆਂ ਹੋਣਗੀਆਂ ਤੇ ਇਥੇ ਵੀ ਭਾਰਤ ਨੂੰ ਆਪਣੀ ਬਰਾਮਦ ਵਧਾਉਣ ਦਾ ਮੌਕਾ ਮਿਲੇਗਾ। ਚਾਲੂ ਵਿੱਤੀ ਸਾਲ 2024-25 ਦੇ ਅਪ੍ਰੈਲ-ਦਸੰਬਰ 'ਚ ਭਾਰਤ ਨੇ ਚੀਨ ਨੂੰ ਸਿਰਫ 10.44 ਅਰਬ ਡਾਲਰ ਦੀ ਬਰਾਮਦ ਕੀਤੀ, ਜਦਕਿ ਇਸ ਮਿਆਦ 'ਚ ਭਾਰਤ ਨੇ ਚੀਨ ਤੋਂ 84.16 ਅਰਬ ਡਾਲਰ ਦੀ ਦਰਾਮਦ ਕੀਤੀ ਸੀ। ਅਪ੍ਰੈਲ-ਦਸੰਬਰ 'ਚ ਭਾਰਤ ਅਮਰੀਕਾ ਨੂੰ 60 ਅਰਬ ਡਾਲਰ ਦੀ ਬਰਾਮਦ ਕਰ ਚੁੱਕਾ ਹੈ। ਭਾਰਤ ਸਭ ਤੋਂ ਵੱਧ ਬਰਾਮਦ ਅਮਰੀਕਾ 'ਚ ਹੀ ਕਰਦਾ ਹੈ।



ਫੈਡਰੇਸ਼ਨ ਆਫ ਇੰਡੀਅਨ ਐਕਸਪੋਰਟ ਆਰਗੇਨਾਈਜ਼ੇਸ਼ਨਜ਼ (ਫੀਓ) ਦੇ ਡਾਇਰੈਕਟਰ ਜਨਰਲ ਤੇ ਸੀਈਓ ਅਜੇ ਸਹਾਏ ਨੇ ਦੱਸਿਆ ਕਿ ਟਰੰਪ ਦੇ ਪਹਿਲੇ ਕਾਰਜਕਾਲ 'ਚ ਚੀਨ ਤੋਂ ਹੋਣ ਵਾਲੇ ਟਰੇਡ ਵਾਰ ਦਾ ਫਾਇਦਾ ਭਾਰਤ ਨੂੰ ਮਿਲਿਆ ਸੀ ਤੇ ਅਮਰੀਕੀ ਬਾਜ਼ਾਰ 'ਚ ਸਾਡੀ ਬਰਾਮਦ 57 ਅਰਬ ਡਾਲਰ ਤੋਂ ਵੱਧ ਕੇ 73 ਅਰਬ ਡਾਲਰ ਹੋ ਗਈ ਸੀ। ਇਸ ਵਾਰ ਵੀ ਸਾਨੂੰ ਟੈਰਿਫ ਵਾਰ ਦਾ ਫਾਇਦਾ ਮਿਲ ਸਕਦਾ ਹੈ ਤੇ ਬਰਾਮਦ ਵਾਧਾ ਪੂਰੀ ਤਰ੍ਹਾਂ ਨਾਲ ਸਾਡੀ ਸਪਲਾਈ ਸਮਰੱਥਾ 'ਤੇ ਨਿਰਭਰ ਕਰੇਗੀ। ਸਪਲਾਈ ਸਮਰੱਥਾ ਵੱਧ ਹੋਵੇਗੀ ਤਾਂ ਅਸੀਂ ਵੱਧ ਬਰਾਮਦ ਕਰ ਪਾਵਾਂਗੇ। ਬਰਾਮਦਕਾਰ ਅਮਰੀਕਾ ਤੋਂ ਮਿਲਣ ਵਾਲੇ ਆਰਡਰ ਨੂੰ ਲੈ ਕੇ ਕਾਫੀ ਸਕਾਰਾਤਮਕ ਨਜ਼ਰ ਆ ਰਹੇ ਹਨ। ਚੀਨ ਅਮਰੀਕਾ ਨੂੰ 12 ਅਰਬ ਡਾਲਰ ਦਾ ਫੁੱਟਵੀਅਰ ਤੇ 19 ਅਰਬ ਡਾਲਰ ਦਾ ਗਾਰਮੈਂਟ ਬਰਾਮਦ ਕਰਦਾ ਹੈ। ਸਾਰੀਆਂ ਵਸਤਾਂ ਨੂੰ ਮਿਲਾ ਕੇ ਚੀਨ ਅਮਰੀਕਾ 'ਚ 550 ਅਰਬ ਡਾਲਰ ਦੀ ਬਰਾਮਦ ਕਰਦਾ ਹੈ, ਜਦਕਿ ਭਾਰਤ ਦੀ ਕੁੱਲ ਬਰਾਮਦ 440 ਅਰਬ ਡਾਲਰ ਦੀ ਹੈ। ਭਾਰਤ ਜੇ ਚੀਨ ਦੀ ਬਰਾਮਦ ਦਾ ਇਕ ਫ਼ੀਸਦੀ ਵੀ ਝਟਕਣ 'ਚ ਸਫਲ ਹੋ ਜਾਂਦਾ ਹੈ ਤਾਂ ਤੁਰੰਤ ਰੂਪ ਨਾਲ ਸਾਡੀ ਬਰਾਮਦ 5.5 ਅਰਬ ਡਾਲਰ ਵੱਧ ਜਾਵੇਗੀ। ਚੀਨ ਨੂੰ ਭਾਰਤ ਮੁੱਖ ਤੌਰ 'ਤੇ ਕੱਚੇ ਮਾਲ ਦੀ ਸਪਲਾਈ ਕਰਦਾ ਹੈ, ਇਸ ਲਈ ਚੀਨ ਦੇ ਬਾਜ਼ਾਰ 'ਚ ਬਰਾਮਦ ਵਧਾਉਣ ਲਈ ਭਾਰਤ ਨੂੰ ਉਥੋਂ ਦੀ ਲੋੜ ਦੇ ਹਿਸਾਬ ਨਾਲ ਉਤਪਾਦ ਨਿਰਮਾਣ ਦੀ ਤਿਆਰੀ ਕਰਨੀ ਹੋਵੇਗੀ। ਅਮਰੀਕਾ ਨੇ ਫਿਲਹਾਲ ਮੈਕਸੀਕੋ 'ਤੇ ਲਗਾਏ ਗਏ ਟੈਕਸ ਨੂੰ ਇਕ ਮਹੀਨੇ ਲਈ ਟਾਲ ਦਿੱਤਾ ਹੈ ਪਰ ਮੈਕਸੀਕੋ 'ਤੇ ਲੱਗਣ ਵਾਲੇ ਟੈਕਸ ਨਾਲ ਭਾਰਤ ਨੂੰ ਬਰਾਮਦ ਵਧਾਉਣ ਦਾ ਮੌਕਾ ਮਿਲ ਸਕਦਾ ਹੈ। ਮੈਕਸੀਕੋ ਮੁੱਖ ਤੌਰ 'ਤੇ ਖ਼ੁਰਾਕੀ ਵਸਤਾਂ ਦੀ ਬਰਾਮਦ ਅਮਰੀਕਾ ਨੂੰ ਕਰਦਾ ਹੈ।

ਇਸ ਨਾਲ ਭਾਰਤ ਨੂੰ ਆਪਣੇ ਪ੍ਰੋਸੈਸਡ ਫੂਡ ਆਈਟਮਾਂ ਦੀ ਬਰਾਮਦ ਨੂੰ ਅਮਰੀਕਾ 'ਚ ਵਧਾਉਣ ਦਾ ਮੌਕਾ ਮਿਲ ਸਕਦਾ ਹੈ। ਬਜਟ 'ਚ ਐਕਸਪੋਰਟ ਪ੍ਰਮੋਸ਼ਨ ਮਿਸਨ ਦਾ ਐਲਾਨ ਕੀਤਾ ਗਿਆ ਹੈ ਤੇ ਵਣਜ ਮੰਤਰਾਲਾ ਇਸ ਮਿਸ਼ਨ ਦੇ ਤਹਿਤ ਅਮਰੀਕੀ ਬਾਜ਼ਾਰ 'ਚ ਭਾਰਤੀ ਬਰਾਮਦ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਬਰਾਮਦਕਾਰਾਂ ਅਨੁਸਾਰ ਜੇ ਅਮਰੀਕਾ ਨੇ ਭਾਰਤੀ ਵਸਤਾਂ 'ਤੇ ਵਾਧੂ ਟੈਕਸ ਲਗਾਉਣ ਦਾ ਐਲਾਨ ਕਰ ਦਿੱਤਾ ਤਾਂ ਯਕੀਨੀ ਤੌਰ 'ਤੇ ਇਸ ਨਾਲ ਭਾਰਤੀ ਬਰਾਮਦ 'ਤੇ ਪ੍ਰਭਾਵ ਪਵੇਗਾ। ਹਾਲਾਂਕਿ ਇਸ ਖ਼ਦਸ਼ੇ ਨਾਲ ਭਾਰਤ ਨੇ ਅਮਰੀਕਾ ਤੋਂ ਆਉਣ ਵਾਲੀਆਂ ਵਸਤਾਂ 'ਤੇ ਲੱਗਣ ਵਾਲੇ ਟੈਕਸ 'ਚ ਕਮੀ ਦਾ ਐਲਾਨ ਬਜਟ 'ਚ ਕਰ ਦਿੱਤਾ ਹੈ।

# ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਮਿਰਜ਼ਾ ਸਾਹਿਬਾਂ-2

***ਕਰਮ ਸਿੰਘ ਹਿਸਟੋਰੀਅਨ ਵਲੋਂ 'ਮਿਰਜ਼ਾ-ਸਾਹਿਬਾਂ' ਬਾਰੇ ਪੇਸ਼ ਕੀਤੇ ਵਿਚਾਰਾਂ ਉਤੇ ਬਾਵਾ ਬੁੱਧ ਸਿੰਘ ਨੇ ਕੁਝ ਇਤਰਾਜ਼ ਪ੍ਰਗਟਾਏ ਸਨ, ਜਿਨ੍ਹਾਂ ਦਾ ਉਤਰ ਮਗਰੋਂ ਕਰਮ ਸਿੰਘ ਨੇ ਆਪਣੇ ਲੇਖ ਰਾਹੀਂ ਦਿੱਤਾ। ਇਸ ਕੜੀ ਤਹਿਤ ਬਾਵਾ ਬੁੱਧ ਸਿੰਘ ਦੇ ਇਤਰਾਜ਼ ਅਤੇ ਉਸ ਦੇ ਜਵਾਬ ਵਾਲਾ ਕਰਮ ਸਿੰਘ ਦਾ ਲੇਖ ਸਾਡੇ ਪਾਠਕਾਂ ਲਈ ਹਾਜ਼ਰ ਹਨ।***

ਪਿਆਰੇ 'ਦਰਦ' ਜੀ!

ਸਾਉਣ-ਭਾਦਰੋਂ ਕੀ ਫੁਲਵਾੜੀ ਵਿਚ ਬਿਨਾ ਬਰਖਾ ਈ ਆਨੰਦ ਸੀ। ਮਿਰਜ਼ਾ-ਸਾਹਿਬਾਂ ਦੇ ਪੀਂਘ ਹੁਲਾਰੇ ਮਨ ਨੂੰ ਜ਼ਰੂਰ ਹਿਲਾਉਂਦੇ, ਪਰ ਸਰਦਾਰ ਕਰਮ ਸਿੰਘ ਹਿਸਟੋਰੀਅਨ ਦੀ ਖੋਜ ਨੇ ਆਨੰਦ ਵਿਚ ਭੰਗ ਪਾਇਆ। ਸ. ਕਰਮ ਸਿੰਘ ਜੀ ਹਿਸਟੋਰੀਅਨ ਆਖਦੇ ਨੇ ਜੇ ਉਨ੍ਹਾਂ ਦੀ ਖੋਜ ਉਹੀ ਹੈ, ਜੋ ਮਿਰਜ਼ਾ-ਸਾਹਿਬਾਂ ਦੇ ਲੇਖ ਵਿਚ ਰੌਸ਼ਨ ਹੈ ਤਾਂ ਬੱਸ ਫਿਰ ਰੱਬ ਹੀ ਰਾਖਾ।

ਮੈਨੂੰ ਲੰਮਾ-ਚੌੜਾ ਲੇਖ ਲਿਖਣ ਦੀ ਵੇਹਲ ਨਹੀਂ, ਮੋਟੀਆਂ ਮੋਟੀਆਂ ਭੁੱਲਾਂ ਦੱਸਦਾ ਹਾਂ, ਕਿਉਂਕਿ ਇਸ ਲੇਖ ਨੂੰ ਜਿਹੜਾ ਪਾਠਕਾਂ ਨੂੰ ਟਪਲੇ ਵਿਚ ਪਾਵੇ, ਬਿਨਾ ਵੰਗਾਰੇ ਨਹੀਂ ਜਾਣ ਦੇਣਾ ਚਾਹੀਦਾ। ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ ਤੇ ਹੀਰ-ਰਾਂਝਾ ਨੂੰ ਹਿਸਟੋਰੀਅਨ ਸਾਹਿਬ ਨੇ ਵਿਗੜੇ ਹੋਏ ਤੇ ਗੰਦੇ ਮੁੰਡੇ-ਕੁੜੀਆਂ ਕਹਿਆ ਹੈ, ਸੋ ਆਖਣਾ ਕਿੱਥੋਂ ਤੱਕ ਦਰੁਸਤ ਹੈ, ਪਾਠਕ ਜਨ ਵਿਚਾਰ ਕਰ ਸਕਦੇ ਹਨ। ਇਸ਼ਕ ਵਿਚ ਸਿਰ-ਧੜ ਦੀ ਬਾਜ਼ੀ ਕਿੰਨੇ ਕੁ ਲਾ ਸਕਦੇ ਹਨ? ਹਰ ਗਰਾਂ, ਹਰ ਸ਼ਹਿਰ, ਗਲੀ ਮਹੱਲੇ ਕਿੰਨੇ ਹੀ ਗੰਦੇ ਤੇ ਵਿਗੜੇ ਹੋਏ ਮੁੰਡੇ ਕੁੜੀਆਂ ਅੱਜ ਕੱਲ੍ਹ ਵੀ ਹੋਸਨ। ਪਰ ਕੀ ਸਭ ਹੀਰ ਰਾਂਝਾ ਹੋ ਗਏ? ਕੋਈ ਕਵੀ ਬਣਾ ਕੇ ਤਾਂ ਵਿਖਾਵੇ! ਮੈਂ ਹਿਸਟੋਰੀਅਨ ਸਾਹਿਬ ਦਾ ਧਿਆਨ ਭਾਈ ਗੁਰਦਾਸ ਜੀ ਦੇ ਬਚਨਾਂ ਵੱਲ ਦਿਵਾਉਂਦਾ ਹਾਂ:-

'ਲੈਲਾ ਮਜਨੂੰ ਆਸ਼ਕੀ ਚਹੁੰ ਚਕੀ ਜਾਤੀ।'

ਫੇਰ ਆਪ ਜੀ ਇਕ ਅਨੋਖਾ ਅਸੂਲ ਲਿਖਦੇ ਹਨ, 'ਪ੍ਰੇਮ ਆਪਣਿਆਂ ਨਾਲ ਹੁੰਦਾ ਹੈ, ਬਿਗਾਨਿਆਂ ਨਾਲ ਨਹੀਂ?'

ਪ੍ਰੇਮ ਨੂੰ ਸਮਝਦਿਆ ਹੋਇਆਂ ਫੇਰ ਠੋਕਰ ਖਾਧੀ, ਪ੍ਰੇਮ ਕੇਵਲ ਮਾਂ-ਪੁੱਤਰ, ਭੈਣ-ਭਰਾ, ਮਾਂ-ਧੀ ਦੇ ਸਾਕਾਂ ਵਿਚ ਹੀ ਨਹੀਂ ਬੱਧਾ, ਇਹ ਸਾਕਾਦਾਰੀ ਦੀ ਮਮਤਾ ਹੁੰਦੀ ਹੈ, ਲਹੂ ਮਾਸ ਦਾ ਸਾਕ। ਪਰ ਪਿਆਰ ਇਸ ਤੋਂ ਅੱਗੇ ਹੈ। ਜਿਨ੍ਹਾਂ ਦੇ ਦਿਲਾਂ ਵਿਚ ਹੋ ਗਿਆ ਤਾਂ ਆਪਸ ਵਿਚ ਮਿਕਨਾਤੀਸੀ ਖਿੱਚ ਜੰਮ ਗਈ। ਭਲਾ ਜੀ, ਜਿਥੇ ਪਿਆਰ ਉਥੇ ਬਿਗਾਨਾਪਨ ਕਿਥੇ? ਕੀ ਹਿਸਟੋਰੀਅਨ ਜੀ ਦੱਸ ਸਕਦੇ ਹਨ ਕਿ ਵਿਆਹ ਤੋਂ ਪਹਿਲੇ ਵਹੁਟੀ-ਗੱਭਰੂ ਆਪਣੇ ਹੁੰਦੇ ਹਨ ਕਿ ਬਿਗਾਨੇ? ਪ੍ਰੇਮ-ਗਾਥਾ ਨੂੰ ਸਮਝਣ ਲਈ ਕੋਮਲ ਹਿਰਦਾ ਚਾਹੀਏ, ਪੱਥਰ ਹਿਰਦੇ ਪਿਆਰ ਦੀ ਫਿਲਾਸਫੀ ਨਹੀਂ ਸਮਝ ਸਕਦੇ। ਹਾਂ ਜੀ, ਪਰ ਅੱਜ ਕੱਲ੍ਹ ਦੇ ਨਹੀਂ, ਰਤੀ ਪੁਰਾਤਨ ਸੋਸ਼ਲ ਰੀਫਾਰਮਰ ਤਾਂ ਇਸ਼ਕ ਦੇ ਨਾਂ ਤੋਂ ਹੀ ਤ੍ਰਬਕਦੇ ਹਨ। ਹਿਸਟੋਰੀਅਨ ਸਾਹਿਬ ਆਪ ਸ਼ਾਇਦ ਉਸ ਲੀਕ 'ਤੇ ਟੁਰੇ ਜਾਂ ਅਸੀਂ ਉਨ੍ਹਾਂ ਦਾ ਮੰਤਵ ਨਹੀਂ ਸਮਝੇ। ਖ਼ੈਰ ਜੇ ਇਨ੍ਹਾਂ ਦੀ ਆਵਾਜ਼ ਅੱਜ ਕੱਲ੍ਹ ਦੇ ਮੁੰਡੇ-ਕੁੜੀਆਂ ਨੂੰ ਬਚਾਵੇ, ਹਾਂ ਜੀ ਗੰਦੇ ਤੇ ਵਿਗੜੇ ਮੁੰਡੇ ਕੁੜੀਆਂ ਨੂੰ ਉੱਚਾ ਕਰੇ ਤਾਂ ਲਾਭ ਦੀ ਨੀਂਹ ਰੱਖੀ ਗਈ ਸਮਝੋ। ਹਿਸਟੋਰੀਅਨ ਸਾਹਿਬ ਨੇ ਲਾਲਾ ਗਣੇਸ਼ ਦਾਸ ਰੁਹਤਾਸੀਏ ਦੀ 'ਚਹਾਰ ਬਾਗ ਪੰਜਾਬ' ਨੂੰ ਮੁੱਖ ਰੱਖਿਆ ਹੈ। ਪਰ ਜੇ ਗਣੇਸ਼ ਦਾਸ ਹੀ ਭੁੱਲਾ ਹੋਵੇ ਤਾਂ ਫੇਰ ਖੋਜ ਕਾਹਦੀ?

ਸੋਹਣੀ-ਮਹੀਂਵਾਲ ਸ਼ਾਹ ਜਹਾਨ ਦੇ ਸਮੇਂ ਹੋਏ। ਉਨ੍ਹਾਂ ਦੀ ਵਾਰ ਤੇ ਕਿੱਸੇ ਵੀ ਇਸ ਗੱਲ ਦੇ ਗਵਾਹ ਹਨ, ਪਰ ਅਸਾਂ ਤਾਂ ਮਿਰਜ਼ਾਂ ਸਾਹਿਬਾਂ ਦਾ ਇਤਿਹਾਸ ਵੇਖਣਾ ਹੈ। ਸਿਆਲ ਰਾਜਪੂਤਾਂ ਤੇ ਖਰਲ ਜੱਟਾਂ ਦੇ ਅੱਡ-ਅੱਡ ਫਿਰਕੇ ਹਨ। ਪੁਰਾਣੇ ਸਮਿਆਂ ਵਿਚ ਜੱਟਾਂ ਤੇ ਰਾਜਪੂਤਾਂ ਦੇ ਆਪਸ ਵਿਚ ਸਾਕ ਨਹੀਂ ਹੁੰਦੇ ਸਨ। ਇਹੀ ਰੁਕਾਵਟ ਹੀਰ-ਰਾਂਝੇ ਤੇ ਮਿਰਜ਼ਾ-ਸਾਹਿਬਾਂ ਦੇ ਵਿਆਹ ਹੋਣ ਵਿਚ ਸੀ।



ਆਪ ਮਿਰਜ਼ੇ-ਸਾਹਿਬਾਂ ਦੀ ਘਟਨਾ ਨਾਦਰ ਸ਼ਾਹ ਦੇ ਵੇਲੇ ਦੱਸਦੇ ਹਨ। ਇਹ ਉੱਕਾ ਹੀ ਗਲਤ ਹੈ। ਮਿਰਜ਼ਾਂ-ਸਾਹਿਬਾਂ ਦੀ ਪਹਿਲੀ ਵਾਰ ਪੀਲੂ ਸ਼ਾਇਰ ਨੇ ਲਿਖੀ, ਜੋ ਔਰੰਗਜ਼ੇਬ ਦੇ ਰਾਜ ਸਮੇਂ ਹੋਇਆ (ਦੇਖੋ ਬੰਬੀਹਾ ਬੋਲ)। ਦੂਜੀ ਵਾਰ ਜਿਸ ਦਾ ਸਾਨੂੰ ਪਤਾ ਹੈ, ਹਾਫ਼ਜ਼ ਬਰਖੁਰਦਾਰ ਨੇ ਲਿਖੀ (ਦੇਖੋ ਕੋਇਲ ਕੂਕ) ਅਰ ਇਹ ਕਵੀ ਔਰੰਗਜ਼ੇਬ ਦੇ ਸਮੇਂ ਹੋਏ ਹਨ। ਇਨ੍ਹਾਂ ਦੀ ਕਿਤਾਬ ਯੂਸਫ-ਜ਼ੁਲੈਖਾਂ 1090 ਹਿਜਰੀ (ਸੰਮਤ 1677) ਵਿਚ ਲਿਖੀ ਗਈ ਸੀ ਪਰ ਪੀਲੂ ਕਵੀ ਇਸ ਤੋਂ ਵੀ ਪੁਰਾਣਾ ਹੈ, ਕਿਉਂਕਿ ਹਾਫਜ਼ ਬਰਖੁਰਦਾਰ ਆਪਣੀ ਵਾਰ ਵਿਚ ਪੀਲੂ ਦੀ ਤਾਰੀਫ ਕਰਦਾ ਹੈ। ਔਰੰਗਜ਼ੇਬ 1658 ਈ. ਨੂੰ ਤਖ਼ਤ 'ਤੇ ਬੈਠਾ ਇਸ ਕਰਕੇ ਮਿਰਜ਼ਾ-ਸਾਹਿਬਾਂ ਸ਼ਾਹ ਜਹਾਨ ਦੇ ਰਾਜ ਦੇ ਅੰਤਲੇ ਸਮੇਂ ਜਾਂ ਔਰੰਗਜ਼ੇਬ ਦੇ ਮੁੱਢ ਵਿਚ ਹੋਏ ਹੋਣਗੇ। ਮਿਰਜ਼ਾ ਸੂਰਮਾ ਸੀ 'ਤੇ ਸਾਹਿਬਾਂ ਨੂੰ ਘਰੋਂ ਕੱਢ ਘੋੜੇ 'ਤੇ ਬਿਠਾ ਕੇ ਨਠਾ ਲੈ ਜਾਣਾ, ਕਾਇਰਤਾ ਨਹੀਂ। ਕੀ ਹਿਸਟੋਰੀਅਨ ਜੀ ਮਹਾਂਭਾਰਤ ਭੁੱਲ ਗਏ? ਕੀ ਕ੍ਰਿਸ਼ਨ ਜੀ ਦਾ ਰੁਕਮਣੀ ਨੂੰ ਲੈ ਕੇ ਨੱਠਣਾ ਜਾਂ ਅਰਜਨ ਦਾ ਕ੍ਰਿਸ਼ਨ ਦੀ ਭੈਣ ਨੂੰ ਲੈ ਜਾਣਾ ਕਾਇਰਤਾ ਦੀਆਂ ਗੱਲਾਂ ਹਨ? ਪਾਠਕ ਆਪੇ ਸੋਚ ਵਿਚਾਰ ਕਰ ਲੈਣ। ਆਪ ਨੇ ਜੋ ਲਿਖਿਆ ਹੈ ਕਿ ਮਿਰਜ਼ਾ ਵੈਰੀਆਂ ਨੂੰ ਵੇਖ ਘੋੜੀ 'ਤੇ ਚੜ੍ਹ ਉੱਠ ਨੱਠਿਆ, ਤਰਕਸ਼ ਵੀ ਭੁੱਲ ਗਿਆ, ਇਹ ਕਿਸੇ ਪੁਰਾਤਨ ਵਾਰ ਤੋਂ ਸਿੱਧ ਨਹੀਂ ਹੁੰਦਾ। ਮਿਰਜ਼ਾ ਤੇ ਸਾਹਿਬਾਂ ਨੂੰ ਕਹਿੰਦਾ ਰਿਹਾ ਕਿ ਤੂੰ ਮੇਰਾ ਤਰਕਸ਼ ਕਿਉਂ ਟੰਗ ਦਿੱਤਾ। ਏਸੇ ਹਾੜੇ ਵਿਚ ਜ਼ਖ਼ਮੀ ਹੋ ਮਰ ਗਿਆ। ਮਿਰਜ਼ਾ ਸੂਰਮਾ ਸੀ, ਬਹਾਦਰ ਸੀ, ਇਸ ਵਿਚ ਰਤੀ ਵੀ ਸ਼ੱਕ ਨਹੀਂ। ਅੰਤ ਵੈਰੀਆਂ ਨੇ ਜ਼ਖ਼ਮੀ ਕੀਤਾ ਤੇ ਕਹਿੰਦਾ ਹੈ:

ਮੰਦਾ ਕੀਤੋ ਸੁਣ ਸਾਹਿਬਾਂ, ਮੇਰਾ ਤਰਕਸ਼ ਟੰਗਿਓਈ ਜੰਡ।

ਤਿੰਨ ਸੌ ਕਾਨੀ ਮਿਰਜ਼ੇ ਜਵਾਨ ਦੀ, ਦਿੰਦਾ ਸਿਆਲਾਂ ਨੂੰ ਵੰਡ।

ਪਹਿਲੋਂ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁੱਲੇ ਦੇ ਤੰਗ।

ਤੀਜੀ ਮਾਰਾਂ ਜੋੜ ਕੇ, ਜਿਹਦੀ ਹੈਂ ਤੂੰ ਮੰਗ।

ਮੇਰੀ ਖੋਜ ਵਿਚ ਜੋ ਗੱਲਾਂ ਇਨ੍ਹਾਂ ਆਸ਼ਕ-ਮਾਸ਼ੂਕਾਂ ਬਾਬਤ ਆਈਆਂ, ਆਪਣੇ ਪਾਠਕਾਂ ਦੀ ਅੱਖ ਗੋਚਰੀਆਂ ਕਰ ਦਿੱਤੀਆਂ ਹਨ। ਮੈਂ ਲਾਲਾ ਗਣੇਸ਼ ਦਾਸ ਦੀ ਖੋਜ ਭਰੀ 'ਚਹਾਰ ਬਾਗ' ਬਾਬਤ ਕੁਝ ਨਹੀਂ ਕਹਿ ਸਕਦਾ ਕਿਉਂਕਿ ਮੈਂ ਪੜ੍ਹੀ ਨਹੀਂ।

ਜੋ ਲਿਖਿਆ ਹੈ ਪੁਰਾਣੇ ਲਿਟਰੇਚਰ ਦੀ ਖੋਜ ਨੂੰ ਮੁੱਖ ਰੱਖ ਕੇ ਲਿਖਿਆ ਹੈ, ਪਾਠਕ ਜਨ ਭੁੱਲ-ਚੁੱਕ ਮੁਆਫ਼ ਕਰਨਾ।

***-ਬਾਵਾ ਬੁੱਧ ਸਿੰਘ***
***ਮੁਲਤਾਨ, 10 ਅਗਸਤ, 1928***

# ਮਿਰਜ਼ਾ ਸਾਹਿਬਾਂ - 3

ਮੇਰੇ ਲੇਖ 'ਮਿਰਜ਼ਾ-ਸਾਹਿਬਾਂ' ਸਬੰਧੀ ਜੋ ਖ਼ਿਆਲ ਬਾਵਾ ਬੁੱਧ ਸਿੰਘ ਜੀ ਨੇ ਪ੍ਰਗਟ ਕੀਤੇ ਹਨ। ਉਨ੍ਹਾਂ ਲਈ ਮੈਂ ਆਪ ਦਾ ਅਤਿਅੰਤ ਧੰਨਵਾਦੀ ਹਾਂ ਪਰ ਆਮ ਪਾਠਕਾਂ ਨੂੰ ਭੁਲੇਖੇ ਤੋਂ ਬਚਾਉਣ ਲਈ ਹੇਠ ਲਿਖੀਆਂ ਸਤਰਾਂ ਲਿਖਦਾ ਹਾਂ-

1. ਮੇਰਾ ਇਹ ਲੇਖ ਜਾਂ 'ਸੋਹਣੀ-ਮਹੀਂਵਾਲ' ਮੇਰੀ ਕਿਸੇ ਖੋਜ ਦਾ ਸਿੱਟਾ ਨਹੀਂ ਹਨ। ਮੈਂ ਪਹਿਲਾਂ ਹੀ ਲਿਖ ਦਿੱਤਾ ਸੀ ਕਿ ਮੈਂ ਇਹ ਲੇਖ ਗਣੇਸ਼ ਦਾਸ ਜੀ ਦੇ ਆਧਾਰ ਉੱਤੇ ਲਿਖ ਰਿਹਾ ਹਾਂ। ਜੋ ਕੁਝ ਗਣੇਸ਼ ਦਾਸ ਜੀ ਨੇ ਲਿਖਿਆ ਸੀ ਉਸ ਦਾ ਸਾਰ ਮੈਂ ਪਾਠਕਾਂ ਅੱਗੇ ਰੱਖ ਦਿੱਤਾ ਹੈ ਅਤੇ ਉਸ ਦੇ ਆਧਾਰ ਉਤੇ ਆਪਣੀ ਰਾਇ ਕਾਇਮ ਕੀਤੀ ਹੈ। ਇਹ ਲੇਖ ਲਿਖਣ ਦਾ ਮੇਰਾ ਭਾਵ ਇਹ ਸੀ ਕਿ ਜਿਨ੍ਹਾਂ ਸੱਜਣਾਂ ਨੂੰ ਇਨ੍ਹਾਂ ਲੇਖਾਂ ਨਾਲ ਦਿਲਚਸਪੀ ਹੋਵੇ, ਉਨ੍ਹਾਂ ਨੂੰ ਗਣੇਸ਼ ਦਾਸ ਜੀ ਦੇ ਬਿਆਨ ਦਾ ਵੀ ਪਤਾ ਲੱਗ ਜਾਵੇ, ਕਿਉਂਕਿ ਆਪ ਦੀ ਤਵਾਰੀਖ ਛਪੀ ਨਾ ਹੋਣ ਕਰਕੇ ਆਮ ਨਹੀਂ ਮਿਲਦੀ।

2. ਸੋਹਣੀ-ਮਹੀਂਵਾਲ ਦੀ ਘਟਨਾ ਗਣੇਸ਼ ਦਾਸ ਜੀ ਸੰਮਤ 1789 ਬਿਕ੍ਰਮੀ (1732 ਈ.) ਦੀ ਲਿਖਦੇ ਹਨ ਕਿਉਂਕਿ ਆਪ ਗੁਜਰਾਤ ਦੇ ਵਸਨੀਕ ਸਨ। ਇਸ ਲਈ ਕਿਸੇ ਠੋਸ ਸਬੂਤ ਤੋਂ ਬਿਨਾ ਆਪ ਦੀ ਤਰੀਕ ਨੂੰ ਝੂਠ ਨਹੀਂ ਕਹਿਆ ਜਾ ਸਕਦਾ। ਆਪ ਨੇ ਸਪੱਸ਼ਟ ਲਿਖਿਆ ਹੈ ਕਿ ਇਹ ਗੱਲ ਮੁਹੰਮਦ ਸ਼ਾਹ ਦੇ ਸਮੇਂ ਸੰਮਤ 1145 ਹਿਜਰੀ ਵਿਚ ਹੋਈ ਸੀ। ਆਪ ਨੇ ਜ਼ਰੂਰ ਗੁਜਰਾਤ ਦੇ ਬੁੱਢਿਆਂ ਪਾਸੋਂ ਇਹ ਹਾਲ ਸੁਣਿਆ ਹੋਵੇਗਾ। ਨਹੀਂ ਤਾਂ ਉਹ ਐਸਾ ਸਪੱਸ਼ਟ ਨਾ ਲਿਖਦੇ। ਐਸੇ ਸਬੂਤ ਦੇ ਹੁੰਦਿਆਂ ਮੇਰਾ ਮਨ ਨਹੀਂ ਮੰਨਦਾ ਕਿ ਇਹ ਘਟਨਾ ਸ਼ਾਹ ਜਹਾਨ ਦੇ ਸਮੇਂ ਹੋਈ ਹੋਵੇ।

3. ਗਣੇਸ਼ ਦਾਸ ਜੀ ਨੇ ਇਹ ਵੀ ਲਿਖਿਆ ਹੈ ਕਿ ਮਿਰਜ਼ਾ ਦਾ ਪਿਤਾ ਨਜੀਬ ਖ਼ਾਂ ਫ਼ਰੁੱਖ਼ਸੀਅਰ ਦਾ ਸਮਕਾਲੀ ਸੀ ਅਤੇ ਮਿਰਜ਼ਾ ਉਸ ਦੇ ਪਿਛਲੇ ਦਿਨਾਂ ਵਿਚ ਹੋਇਆ ਸੀ।

ਮੁਹੰਮਦ ਕਾਸਮ ਲਾਹੌਰੀ ਦੇ ਸਾਹਮਣੇ ਨਜੀਬ ਖਾਂ ਫਰੀਦਾਬਾਦ ਦਾ ਜ਼ਿਮੀਂਦਾਰ ਪੰਜ ਸੌ ਪਿਆਦਾ ਲੈ ਕੇ ਹੈਦਰੀ ਝੰਡੇ ਨਾਲ ਰਲਿਆ ਸੀ। ਇਹ ਗੱਲ ਬਹਾਦਰ ਸ਼ਾਹ ਦੇ ਸਮੇਂ ਦੀ ਹੈ। ਸੋ ਜਦ ਜੋ ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹੋਣ ਅਤੇ ਇਕ ਆਪਣੀ ਅੱਖੀਂ ਡਿੱਠੇ ਹਾਲ ਲਿਖ ਰਿਹਾ ਹੋਵੇ, ਤਾਂ ਉਨ੍ਹਾਂ ਦੀ ਗੱਲ ਨੂੰ ਸੱਚਾ ਹੀ ਮੰਨਣਾ ਪੈਂਦਾ ਹੈ। ਸੋ ਜੇ ਮਿਰਜ਼ੇ ਦਾ ਪੈਦਾ ਹੋਣਾ ਫਰੱਖਸੀਅਰ ਦੇ ਸਮੇਂ ਪਿਛਲੇ ਦਿਨਾਂ ਵਿਚ ਮੰਨਿਆ ਜਾਵੇ ਤਾਂ ਮਿਰਜ਼ਾ-ਸਾਹਿਬਾਂ ਦੀ ਘਟਨਾ ਸਮੇਂ ਮਿਰਜ਼ੇ ਦੀ ਉਮਰ ਅਠਾਰਾਂ ਵੀਹ ਸਾਲ ਤੋਂ ਤਾਂ ਘੱਟ ਦੀ ਹੋ ਸਕਦੀ ਹੈ? ਸੋ ਇਹ ਸਮਾਂ ਨਾਦਰ ਸ਼ਾਹ ਦੇ ਹਿੰਦ ਵੱਲ ਆਉਣ ਦੇ ਏੜ-ਗੇੜ ਦਾ ਹੀ ਸਮਾਂ ਹੈ।

ਜੇਕਰ ਮੁਹੰਮਦ ਕਾਸਮ ਲਾਹੌਰੀ ਦਾ ਨਜੀਬ ਖਾਂ ਜ਼ਿਮੀਂਦਾਰ ਫਰੀਦਾਬਾਦ, ਕੋਈ ਹੋਰ ਨਜੀਬ ਖਾਂ ਕਿਸੇ ਹੋਰ ਫਰੀਦਾਬਾਦ ਦਾ ਹੈ, ਤਦ ਵੀ ਸਾਨੂੰ ਸੋਚਣਾ ਪਊ ਕਿ ਗਣੇਸ਼ ਦਾਸ ਨੇ ਨਜੀਬ ਖਾਂ ਨੂੰ ਫਰੁੱਖਸੀਅਰ ਦਾ ਸਮਕਾਲੀ ਕਿਉਂ ਲਿਖਿਆ? ਅੰਤ ਉਸ ਨੇ ਕਿਸੇ ਪਾਸੋਂ ਇਹ ਗੱਲ ਸੁਣੀ ਹੀ ਹੋਊ! ਪਰ ਮੇਰਾ ਨਿਸਚਾ ਇਹ ਹੈ ਕਿ ਮੁਹੰਮਦ ਕਾਸਮ ਦਾ ਨਜੀਬ ਖਾਂ ਜ਼ਿਮੀਂਦਾਰ ਫਰੀਦਾਬਾਦ ਤੇ ਗਣੇਸ਼ ਦਾਸ ਦਾ ਨਜੀਬ ਖਾਂ ਜ਼ਿਮੀਂਦਾਰ ਫਰੀਦਾਬਾਦ ਇਕੋ ਹੀ ਹਨ। ਇਸ ਲਈ ਮਿਰਜ਼ਾ ਸਾਹਿਬਾਂ ਦਾ ਸਮਾਂ ਨਾਦਰ ਸ਼ਾਹ ਦੇ ਏੜ-ਗੇੜ ਦਾ ਹੀ ਹੋ ਸਕਦਾ ਹੈ।

ਇਸ ਗੱਲ ਦਾ ਨਿਰਣਾ ਕਰਨਾ ਕੋਈ ਔਖੀ ਗੱਲ ਨਹੀਂ। ਖਰਲਾਂ ਦੇ ਸ਼ਜਰਿਆਂ ਤੋਂ ਇਹ ਗੱਲ ਸਹਿਜੇ ਹੀ ਸਿੱਧ ਕੀਤੀ ਜਾ ਸਕਦੀ ਹੈ ਕਿ ਮਿਰਜ਼ਾ-ਸਾਹਿਬਾਂ ਦੀ ਘਟਨਾ ਕਦ ਹੋਈ। ਮੇਰਾ ਖਿਆਲ ਹੈ ਕਿ ਸਿਆਲਾਂ ਦੀ ਜੋ ਤਵਾਰੀਖ ਇਕ ਮੁਸਲਮਾਨ ਇਤਿਹਾਸਕਾਰ ਨੇ ਲਿਖੀ ਸੀ, ਉਸ ਵਿਚ ਮਿਰਜ਼ਾ ਸਾਹਿਬਾਂ ਦੀ ਸਾਰੀ ਕਹਾਣੀ ਦਿੱਤੀ ਹੈ ਅਤੇ ਸਿਆਲਾਂ ਤੇ ਖਰਲਾਂ ਦੇ ਆਪੋ ਵਿਚ ਵੈਰ ਦਾ ਵੱਡਾ ਕਾਰਨ ਇਸੇ ਨੂੰ ਦੱਸਿਆ ਹੈ। ਜਿਨ੍ਹਾਂ ਸੱਜਣਾਂ ਨੂੰ ਇਨ੍ਹਾਂ ਗੱਲਾਂ ਦੀ ਵਧੀਕ ਖੋਜ ਦੀ ਲੋੜ ਹੋਵੇ, ਉਹ ਸਿਆਲਾਂ ਦੇ ਇਤਿਹਾਸ ਨੂੰ ਵੇਖਣ।

4. ਜੇਕਰ ਗਣੇਸ਼ ਦਾਸ ਦਾ ਇਹ ਲਿਖਣਾ ਗਲਤ ਨਾ ਹੋਵੇ ਕਿ ਨਜੀਬ ਖਾਂ ਫਰੁੱਖਸੀਅਰ ਦਾ ਸਮਕਾਲੀ ਸੀ ਤਾਂ ਗਣੇਸ਼ ਦਾਸ ਨੇ ਮਿਰਜ਼ਾ-ਸਾਹਿਬਾਂ ਸਬੰਧੀ ਜੋ ਕੁਝ ਲਿਖਿਆ ਹੈ, ਉਸ ਨੂੰ ਕਿਸੇ ਕਵੀ ਦੇ ਲੇਖ ਤੋਂ ਵਧੀਕ ਸੱਚਾ ਮੰਨਿਆ ਜਾ ਸਕਦਾ ਹੈ। ਕਵੀ ਸਦਾ ਆਪਣੇ ਹੀਰੋ ਨੂੰ ਸੂਰਮਾ ਬਣਾ ਦਿਆ ਕਰਦੇ ਸਨ ਪਰ ਇਤਿਹਾਸਕਾਰ ਸਪੱਸ਼ਟ ਗੱਲਾਂ ਲਿਖਦਾ ਹੈ ਕਿ ਮਿਰਜ਼ਾ ਜੰਡ ਹੇਠ ਸੌਂ ਗਿਆ, ਸਾਹਿਬਾਂ ਜਾਗਦੀ ਰਹੀ, ਉਸ ਨੇ ਮਿਰਜ਼ੇ ਦੇ ਤੀਰਾਂ ਦਾ ਭੱਥਾ ਜੰਡ ਨਾਲ ਲਟਕਾ ਦਿੱਤਾ। ਜਦ ਤੜਕ ਸਾਰ ਦੂਰੋਂ ਘੋੜਿਆਂ ਦੀ ਟਾਪਾਂ ਤੇ ਹਿਣਕਣ ਦੀਆਂ ਅਵਾਜ਼ਾਂ ਆਈਆਂ ਤਾਂ ਸਾਹਿਬਾਂ ਨੂੰ ਆਪਣੇ ਪਿੱਛੇ ਸੁੱਟ ਕੇ ਘੋੜੀ ਦੁੜ੍ਹਾ ਕੇ ਫਰੀਦਾਬਾਦ ਵੱਲ ਵਧਿਆ ਅਤੇ ਇਸ ਕਾਹਲੀ ਵਿਚ ਜੰਡ ਨਾਲੋਂ ਤੀਰਾਂ ਦਾ ਭੱਥਾ ਤੇ ਕਮਾਨ ਲਾਹੁਣੀ ਵੀ ਉਹ ਭੁੱਲ ਗਏ। ਵਾਹਰੂਆਂ ਨੇ ਹਿੰਮਤ ਕਰ ਕੇ ਮਿਰਜ਼ੇ ਨੂੰ ਜਾ ਘੇਰਿਆ ਅਤੇ ਲੜ ਕੇ ਉਸ ਨੂੰ ਮਾਰ ਦਿੱਤਾ।

ਮੈਂ ਫੇਰ ਕਹਿੰਦਾ ਹਾਂ ਕਿ ਜੇ ਮਿਰਜ਼ਾ ਉਸ ਨਜੀਬ ਖਾਂ ਦਾ ਪੁੱਤਰ ਸੀ, ਜੋ ਨਜੀਬ ਖਾਂ ਬੰਦਾ ਬਹਾਦਰ ਦੇ ਸਮੇਂ ਸਿੱਖਾਂ ਨਾਲ ਲੜਿਆ ਸੀ ਤਾਂ ਗਣੇਸ਼ ਦਾਸ ਦੇ ਉਤਲੇ ਬਿਆਨ ਨੂੰ ਕਿਸੇ ਬਿਧ ਗਲਤ ਨਹੀਂ ਕਹਿਆ ਜਾ ਸਕਦਾ, ਕਿਉਂ ਜੁ ਗਣੇਸ਼ ਦਾਸ ਨੇ ਲਿਖਿਆ ਹੈ, ਉਸ ਅਨੁਸਾਰ ਮਿਰਜ਼ਾ ਪਰਲੇ ਦਰਜੇ ਦਾ ਕਾਇਰ ਸਿੱਧ ਹੁੰਦਾ ਹੈ। ਉਹ ਸੂਰਮਾ ਤਦ ਹੁੰਦਾ, ਜੇ ਉਹ ਜਾਗ ਕੇ ਉਸ ਜੰਡ ਹੇਠ ਖਲੋ ਕੇ ਲੜਦਾ ਅਤੇ ਉਥੇ ਹੀ ਸਰੀਰ ਛੱਡਦਾ। ਉਸ ਦਾ ਉਥੋਂ ਨੱਸਣਾ ਹੀ ਉਸ ਦੀ ਸੂਰਮਤਾਈ ਉਤੇ ਵੱਟਾ ਹੈ। ਸੂਰਮੇ ਨੱਸਿਆ ਨਹੀਂ ਕਰਦੇ।

(ੳ) ਖ਼ਾਲਸਾ ਜੀ ਮੀਰ ਮੰਨੂੰ ਦੀ ਸਹਾਇਤਾ ਲਈ ਲਾਹੌਰ ਜਾਂਦੇ ਹਨ। ਸੁੱਖਾ ਸਿੰਘ ਮਾੜੀ ਵਾਲਾ ਆਪਣੇ ਸਾਥੀਆਂ ਸਣੇ ਰਾਵੀ ਟੱਪ ਕੇ ਪਾਰ ਹੋ ਜਾਂਦਾ ਹੈ। ਲੜਾਈ ਦੇ ਖਿਆਲ ਕਰਕੇ ਨਹੀਂ, ਬਲਕਿ ਸੁੱਤੇ ਸਿਧ ਹੀ ਫਿਰਦਾ-ਫਿਰਾਉਂਦਾ ਪਾਰ ਚਲਿਆ ਜਾਂਦਾ ਹੈ, ਅੱਗੋਂ ਪਠਾਣ ਇਨ੍ਹਾਂ ਵੱਲ ਵਧਦੇ ਹਨ। ਵੈਰੀ ਨੂੰ ਆਉਂਦਿਆਂ ਵੇਖ ਕੇ ਸੁੱਖਾ ਸਿੰਘ ਜੀ ਸਮਝ ਜਾਂਦੇ ਹਨ ਕਿ ਵੈਰੀ ਬਹੁਤੇ ਹਨ ਅਤੇ ਅਸੀਂ ਗਿਣਤੀ ਦੇ, ਇਸ ਲਈ ਬਚਣਾ ਔਖਾ ਹੈ। ਆਪ ਭੱਜ ਕੇ ਬਚ ਸਕਦੇ ਸਨ, ਪਰ ਇਸ ਨੂੰ ਆਪ ਕਾਇਰਤਾ ਸਮਝਦੇ ਸਨ। ਆਪ ਨੇ ਸਾਥੀਆਂ ਨੂੰ ਕਿਹਾ ਕਿ ਜਿਸ ਨੂੰ ਜਾਨ ਪਿਆਰੀ ਹੈ ਉਹ ਪਿੱਛੇ ਮੁੜ ਜਾਵੇ ਪਰ ਜਿਸ ਨੇ ਸ਼ਹੀਦ ਹੋਣਾ ਹੈ ਉਹ ਸਾਡੇ ਨਾਲ ਰਹੇ। ਕੁਝ ਕੁ ਸਿੰਘ ਮੁੜ ਪਏ ਅਤੇ ਕੁਝ ਕੁ ਸੁੱਖਾ ਸਿੰਘ ਜੀ ਨਾਲ ਹੀ ਰਹੇ। ਪਠਾਣ ਆਏ, ਲੜਾਈ ਹੋਈ ਅਤੇ ਸਾਰੇ ਸਿੰਘ ਸ਼ਹੀਦ ਹੋ ਗਏ। ਸੂਰਮੇ ਇਹ ਸਨ, ਜੋ ਜਾਨਾਂ ਬਚਾ ਸਕਦੇ ਸਨ, ਪਰ ਵੈਰੀ ਨੂੰ ਵੇਖ ਭੱਜਣਾ ਨਹੀਂ ਚਾਹੁੰਦੇ ਸਨ।

(ਅ) ਖ਼ਾਨ ਬਹਾਦਰ ਲਾਹੌਰ ਦੇ ਸੂਬੇ ਨੇ ਤਾਰਾ ਸਿੰਘ ਵਾਂਈਏ ਨੂੰ ਮਾਰਨ ਲਈ ਫ਼ੌਜ ਤਿਆਰ ਕੀਤੀ। ਫ਼ੌਜ ਨੇ ਅਗਲੇ ਦਿਨ ਕੂਚ ਕਰਨਾ ਸੀ। ਇਹ ਖਬਰ ਲਾਹੌਰ ਦੇ ਇਕ ਸਿੱਖ ਨੂੰ ਜਦ ਹੋਈ, ਉਹ ਸੰਝ ਹੁੰਦਿਆਂ ਹੀ ਘੋੜੀ ਲੈ ਕੇ ਰਾਤੋ-ਰਾਤ ਵਾਂਈਂ ਪੁੱਜਾ ਤੇ ਤਾਰਾ ਸਿੰਘ ਜੀ ਨੂੰ ਖਬਰ ਕਰ ਦਿੱਤੀ ਕਿ ਸਵੇਰੇ ਲਾਹੌਰੋਂ ਆਪ ਵੱਲ ਫ਼ੌਜ ਦਾ ਕੂਚ ਹੋਵੇਗਾ। ਆਪ ਦੋ-ਚਾਰ ਦਿਨ ਐਧਰ-ਉਧਰ ਹੋ ਜਾਓ, ਫ਼ੌਜ ਫਿਰ ਤੁਰ ਕੇ ਲਾਹੌਰ ਨੂੰ ਮੁੜ ਜਾਊ। ਤਾਰਾ ਸਿੰਘ ਜੀ ਨੇ ਧੰਨਵਾਦ ਕੀਤਾ ਤੇ ਕਿਹਾ ਕਿ ਅਸੀਂ ਨੱਸ ਨਹੀਂ ਸਕਦੇ ਪਰ 'ਸੀਸ' ਦੇ ਦੇਵਾਂਗੇ।

ਫ਼ੌਜ ਨੇ ਲਾਹੌਰੋਂ ਕੂਚ ਕੀਤਾ। ਉਨ੍ਹਾਂ ਦਾ ਖ਼ਿਆਲ ਸੀ ਕਿ ਤਾਰਾ ਸਿੰਘ ਨੂੰ ਸੁੱਤੇ ਪਿਆਂ ਹੀ ਜਾ ਫੜੀਏ ਪਰ ਵਾਂ ਪਿੰਡ ਦਾ ਪਤਾ ਨਹੀਂ ਸੀ। ਵਾਂ ਤੋ ਤਿੰਨ ਕੁ ਕੋਹਾਂ ਉਤੇ ਇਕ ਪਿੰਡ ਨੂੰ ਐਵੇਂ ਹੀ ਘੇਰ ਲਿਆ ਕਿ ਇਥੇ ਤਾਰਾ ਸਿੰਘ ਰਹਿੰਦਾ ਹੈ ਉਹ ਸਾਨੂੰ ਫੜਾ ਦੇਵੋ।

ਮੁਖੀਏ ਨੇ ਕਿਹਾ ਕਿ ਉਸ ਦਾ ਪਿੰਡ ਇਥੋਂ ਤਿੰਨ ਕੋਹ ਹੈ। ਚਲੋ ਮੈਂ ਰਾਹੇ ਪਾ ਆਉਂਦਾ ਹਾਂ। ਉਸ ਨੇ ਆਪਣੇ ਭਾਈ ਨੂੰ ਤਾਂ ਤਾਰਾ ਸਿੰਘ ਵੱਲ ਨਸਾ ਦਿੱਤਾ ਕਿ ਵੇਲੇ ਸਿਰ ਖ਼ਬਰ ਕਰ ਦੇਵੇ ਅਤੇ ਸ਼ਾਹੀ ਫ਼ੌਜ ਨੂੰ ਕੁਰਾਹੇ ਪਾ ਕੇ ਹੋਰ ਪਿੰਡ ਵੱਲ ਲੈ ਗਿਆ ਜਿਸ ਨਾਲ ਉਸ ਦਾ ਵੈਰ ਸੀ। ਤਾਰਾ ਸਿੰਘ ਨੂੰ ਜਦ ਫ਼ੌਜ ਦੇ ਆਉਣ ਦੀ ਖਬਰ ਲੱਗੀ ਤਾਂ ਆਪਣੇ ਗਵਾਂਢੀ ਦਾ ਧੰਨਵਾਦ ਕੀਤਾ ਪਰ ਕਿਹਾ ਕਿ ਅਸੀਂ ਨੱਸ ਨਹੀਂ ਸਕਦੇ। ਸਗੋਂ ਉਸੇ ਵੇਲੇ ਨਗਾਰੇ 'ਤੇ ਚੋਟ ਲਗਾ ਦਿੱਤੀ ਕਿ ਸ਼ਾਹੀ ਫ਼ੌਜ ਐਵੇਂ ਭਟਕਦੀ ਨਾ ਫਿਰੇ।

ਸ਼ਾਹੀ ਫ਼ੌਜ ਵਿਚੋਂ ਇਕ ਪਠਾਣ ਉਸੇ ਵੇਲੇ ਨਗਾਰੇ ਦੀ ਸੇਧੇ ਨੱਠਾ ਅਤੇ ਆ ਕੇ ਤਾਰਾ ਸਿੰਘ ਨੂੰ ਕਹਿਣ ਲੱਗਾ ਕਿ ਕਿਉਂ ਜਾਨ ਗਵਾਉਂਦੇ ਹੋ, ਰਤਾ ਇਨ੍ਹਾਂ ਝਾੜਾਂ ਓਹਲੇ ਹੋ ਜਾਵੋ, ਅਸੀਂ ਇਥੇ ਆ ਕੇ ਲਾਹੌਰ ਨੂੰ ਮੁੜ ਜਾਵਾਂਗੇ। ਪਰ ਤਾਰਾ ਸਿੰਘ ਜੀ ਨੇ ਕਹਿਆ, 'ਖਾਨ ਜੀ! ਸਾਨੂੰ ਮੌਤ ਦਾ ਡਰ ਨਹੀਂ, ਅਸੀਂ ਨੱਸ ਨਹੀਂ ਸਕਦੇ!'

ਉਹੋ ਗੱਲ ਹੋਈ! ਫ਼ੌਜ ਆਈ, ਬਾਈ ਸੂਰਮੇ ਉਨ੍ਹਾਂ ਦੇ ਸਾਹਮਣੇ ਹੋ ਕੇ ਲੜੇ ਅਤੇ ਲੜਦੇ ਲੜਦੇ ਸ਼ਹੀਦ ਹੋ ਗਏ। ਸੂਰਮੇ ਇਹ ਸਨ, ਸੋ ਜਾਨਾਂ ਬਚਾ ਸਕਦੇ ਸਨ ਪਰ ਵੈਰੀ ਨੂੰ ਆਉਂਦਾ ਸੁਣ ਕੇ ਨੱਸਣਾ ਨਹੀਂ ਚਾਹੁੰਦੇ ਸਨ।

(ੲ) ਸ. ਤਾਰਾ ਸਿੰਘ ਡੱਲੇਵਾਲੀਏ ਦੀ ਮਿਸਲ ਵਿਚ ਇਕ ਸਰਦਾਰ ਮਿੱਤ ਸਿੰਘ ਮਿਸਲਦਾਰ ਸੀ। ਅਹਿਮਦ ਸ਼ਾਹ ਸਰਹੰਦ ਗਿਰਦੇ ਸੀ ਤੇ ਸਾਰਾ ਖ਼ਾਲਸਾ ਜਮਨਾ ਕੰਢੇ ਪਿਆ ਸੀ। ਸਰਦਾਰ ਮਿੱਤ ਸਿੰਘ ਦੇ ਦਿਲ ਆਈ ਕਿ ਜਮਨਾ ਟੱਪ ਕੇ ਕੁਝ ਇਲਾਕਾ ਹੀ ਉਗਰਾਹ ਲਿਆਈਏ।

ਜਦ ਸਰਦਾਰ ਤਾਰਾ ਸਿੰਘ ਨੂੰ ਇਸ ਗੱਲ ਦੀ ਖ਼ਬਰ ਲੱਗੀ ਤਾਂ ਆਪ ਨੇ ਕਿਹਾ ਕਿ ਅਹਿਮਦ ਸ਼ਾਹ ਨੂੰ ਦੂਰ ਦੂਰ ਨਾ ਜਾਣੋ। ਥੋੜ੍ਹੇ ਜਿਹੇ ਖ਼ਾਲਸੇ ਨੂੰ ਲੈ ਜਾਵੋਗੇ ਤੇ ਸਾਰਿਆਂ ਨੂੰ ਮਰਵਾ ਆਵੋਗੇ। ਪਰ ਸਰਦਾਰ ਮਿੱਤ ਸਿੰਘ ਨਾ ਮੰਨਿਆ ਅਤੇ ਪੰਜ ਹਜ਼ਾਰ ਜਵਾਨ ਲੈ ਕੇ ਜਮਨਾ ਟੱਪ ਗਿਆ।

ਇਹ ਇਲਾਕਾ ਨਜੀਬ-ਉਲ-ਦੌਲਾ ਦਾ ਸੀ, ਜੋ ਆਪ ਤਾਂ ਉਸ ਸਮੇਂ ਅਹਿਮਦ ਸ਼ਾਹ ਪਾਸ ਸੀ ਤੇ ਇਲਾਕੇ ਦਾ ਪ੍ਰਬੰਧ ਉਸ ਦਾ ਪੁੱਤਰ ਜ਼ਾਬਤਾ ਖਾਂ ਕਰਦਾ ਸੀ। ਜ਼ਾਬਤਾ ਖਾਂ ਸਰਦਾਰ ਮਿੱਤ ਸਿੰਘ ਨੂੰ ਰੋਕ ਨਾ ਸਕਿਆ। ਇਨ੍ਹਾਂ ਨੇ ਦਿਨਾਂ ਵਿਚ ਹੀ ਬਹੁਤ ਸਾਰਾ ਇਲਾਕਾ ਉਗਰਾਹ ਲਿਆ ਅਤੇ ਮੇਰਠ ਨੂੰ ਲੈ ਕੇ ਉਸ ਨੂੰ ਵੀ ਜਾ ਉਗਰਾਹਿਆ। ਜ਼ਾਬਤਾ ਖਾਂ ਅਬਦਾਲੀ ਪਾਸ ਪੁੱਜਾ ਅਤੇ ਜਹਾਨ ਖਾਂ ਨੂੰ ਆਪਣੇ ਨਾਲ ਲੈ ਕੇ ਮੇਰਠ ਵੱਲ ਵਧਿਆ। ਜਹਾਨ ਖਾਂ ਨੇ ਛੂਟ ਕੀਤੀ ਅਤੇ ਤੜਕਸਾਰ ਸੁੱਤੇ ਪਏ ਸਿੰਘਾਂ ਨੂੰ ਜਾ ਲਿਆ, ਜਿਨ੍ਹਾਂ ਨੂੰ ਵੈਰੀ ਦੇ ਆਉਣ ਦਾ ਚਿਤ-ਚੇਤਾ ਵੀ ਨਹੀਂ ਸੀ। ਸਿੰਘ ਸੰਭਲੇ ਅਤੇ ਲੜਾਈ ਛੋਹ ਕੇ ਸਰਦਾਰ ਮਿੱਤ ਸਿੰਘ ਨੇ ਸਭ ਨੂੰ ਕਹਿ ਦਿੱਤਾ ਕਿ ਜੇ ਕੋਈ ਹਿੰਮਤ ਕਰ ਕੇ ਜਮਨਾ ਟੱਪ ਸਕਦਾ ਹੈ ਟੱਪ ਜਾਵੇ ਤੇ ਜਾਨ ਬਚਾ ਲਵੇ ਪਰ ਅਸੀਂ ਤਾਂ ਇਥੇ ਹੀ ਰਹਾਂਗੇ। ਜਾਨ ਬਚਾ ਕੇ ਗਏ ਤਾਂ ਸਾਰੇ ਸਿੰਘ ਕਹਿਣਗੇ ਕਿ ਸਿੰਘਾਂ ਨੂੰ ਮਰਵਾ ਕੇ ਆ ਗਿਆ ਹੈ। ਸੋ ਸਰਦਾਰ ਮਿੱਤ ਸਿੰਘ ਅੜ ਗਿਆ ਜੋ ਸਾਰੇ ਹੀ ਸ਼ਹੀਦ ਹੋ ਗਏ। ਸੂਰਮੇ ਇਹ ਸਨ!

ਮੈਂ ਸੂਰਮਿਆਂ ਦੀਆਂ ਕਹਾਣੀਆਂ ਪੜ੍ਹੀਆਂ ਹੋਈਆਂ ਹਨ। ਮੈਂ ਮਿਰਜ਼ੇ ਨੂੰ ਸੂਰਮਾ ਕੀਕੂੰ ਆਖਾਂ? ਰੰਨਾਂ ਕੱਢਣ ਵਾਲੇ ਕਦੇ ਸੂਰਮੇ ਨਹੀਂ ਹੋ ਸਕਦੇ। ਮਿਰਜ਼ਾ ਸੂਰਮਾ ਤਦ ਹੁੰਦਾ, ਜੇ ਉਹ ਆਪਣੇ ਸਾਥੀ ਨੂੰ ਲੈ ਕੇ ਜਾਂਦਾ ਅਤੇ ਮਰਦਾਂ ਦੀ ਜਨੇਤ ਪਾਸੋਂ ਖੋਹ ਕੇ ਸਾਹਿਬਾਂ ਨੂੰ ਲੈ ਜਾਂਦਾ। ਜਦ ਵੈਰੀਆਂ ਨੇ ਘੇਰ ਲਿਆ ਤਾਂ ਅੰਤ ਲੜਨਾ ਹੀ ਸੀ ਪਰ ਇਹ ਲੜਨਾ ਸੂਰਮਿਆਂ ਦਾ ਲੜਨਾ ਨਹੀਂ ਸੀ ਇਹ ਚੋਰਾਂ ਦਾ ਲੜਨਾ ਸੀ।

5. ਪ੍ਰੇਮ ਸੱਚਮੁਚ ਇਕ ਉੱਚੀ ਅਵਸਥਾ ਹੈ, ਪਰ ਹੀਰ-ਰਾਂਝੇ, ਮਿਰਜ਼ਾ-ਸਾਹਿਬਾਂ ਜਾਂ ਸੋਹਣੀ-ਮਹੀਂਵਾਲ ਵਿਚ ਮੈਂ ਉਹ ਪ੍ਰੇਮ ਨਹੀਂ ਵੇਖਦਾ, ਜਿਸ ਦੀ ਉਪਮਾ ਕੀਤੀ ਜਾ ਸਕੇ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਸਭ ਵਿਗੜੇ ਹੋਏ ਮੁੰਡੇ-ਕੁੜੀਆਂ ਸਨ। ਜੇਕਰ ਇਹ ਕਹਿ ਕੇ ਮੈਂ ਕਿਸੇ ਮਲੂਕ ਮਨ ਨੂੰ ਸੱਟ ਲਾਈ ਹੈ ਤਾਂ ਇਸ ਲਈ ਮੈਂ ਖ਼ਿਮਾ ਦਾ ਜਾਚਕ ਹਾਂ।

ਅੰਤ ਵਿਚ ਮੈਂ ਫੇਰ ਕਹਿੰਦਾ ਹਾਂ ਕਿ ਮੈਂ ਇਹ ਲੇਖ ਉਨ੍ਹਾਂ ਲਈ ਲਿਖੇ ਹਨ, ਜਿਨ੍ਹਾਂ ਨੂੰ ਇਨ੍ਹਾਂ ਲੇਖਾਂ ਨਾਲ ਦਿਲਚਸਪੀ ਹੈ ਅਤੇ ਇਕ ਇਤਿਹਾਸਕਾਰ ਦੇ ਲੇਖ ਦਾ ਸੰਖੇਪ ਉਨ੍ਹਾਂ ਅੱਗੇ ਰੱਖ ਦਿੱਤਾ ਹੈ ਕਿ ਸ਼ਾਇਦ ਕਿਸੇ ਦੇ ਕੁਝ ਕੰਮ ਆ ਸਕੇ! ਇਹ ਵਿਸ਼ਾ ਨਾ ਮੇਰੀ ਖੋਜ ਵਿਚ ਸ਼ਾਮਿਲ ਹੈ ਅਤੇ ਨਾ ਹੀ ਮੈਂ ਇਸ ਸਬੰਧੀ ਆਪਣਾ ਸਮਾਂ ਦੇ ਸਕਦਾ ਹਾਂ।

***-ਕਰਮ ਸਿੰਘ ਹਿਸਟੋਰੀਅਨ***
***ਰਸਾਲਾ ਫੁਲਵਾੜੀ, ਅਕਤੂਬਰ 1928 ਈਸਵੀ, ਪੰਨਾ 928***

# ਅਮਰੀਕਾ ਵਿਚ ਬੀਮਾ ਕੰਪਨੀਆਂ ਦਾ ਅਨੈਤਿਕ ਵਰਤਾਰਾ

ਪਿਛਲੇ ਕੁਝ ਸਾਲਾਂ ਵਿਚ, ਅਮਰੀਕਾ ਦੇ ਦੱਖਣੀ ਕੈਲੀਫੋਰਨੀਆ ਨੇ ਅੱਗਾਂ ਕਾਰਨ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕੀਤਾ ਹੈ, ਖ਼ਾਸ ਤੌਰ 'ਤੇ ਲਾਸ ਏਂਜਲਸ ਖੇਤਰ ਵਿਚ ਇਨ੍ਹਾਂ ਕੁਦਰਤੀ ਆਫ਼ਤਾਂ ਦੇ ਵਾਧੇ ਨਾਲ ਬਹੁਤ ਸਾਰੇ ਨਾਗਰਿਕਾਂ ਨੂੰ ਜਿਸ ਅਣਕਿਆਸੇ ਨਤੀਜੇ ਦਾ ਸਾਹਮਣਾ ਕਰਨਾ ਪਿਆ ਹੈ; ਉਹ ਹੈ ਉਨ੍ਹਾਂ ਦੇ ਘਰਾਂ ਦੀਆਂ ਬੀਮਾ ਪਾਲਿਸੀਆਂ ਦੀ ਕੈਂਸਲੇਸ਼ਨ। ਬੀਮਾ ਕੰਪਨੀਆਂ, ਜੋ ਆਰਥਿਕ ਜ਼ੋਖਮ ਨੂੰ ਮੈਨੇਜ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ, ਨੇ ਉੱਚ-ਜ਼ੋਖਮ ਵਾਲੇ ਖੇਤਰਾਂ ਲਈ ਕਵਰੇਜ ਘਟਾਉਣ ਦਾ ਫੈਸਲਾ ਲਿਆ ਹੈ, ਜਿਸ ਕਾਰਨ ਬਹੁਤ ਸਾਰੇ

**ਕੇਵਲ ਸਿੰਘ ਰੱਤੜਾ**
**ਫੋਨ: 82838-30599**

ਘਰਾਂ ਦੇ ਮਾਲਕ ਆਰਥਿਕ ਅਸਮਾਨਤਾ ਦਾ ਸਾਹਮਣਾ ਕਰ ਰਹੇ ਹਨ। ਇਸ ਲੇਖ ਵਿਚ ਇਨ੍ਹਾਂ ਨੀਤੀਆਂ ਨੂੰ ਰੱਦ ਕਰਨ ਦੇ ਕਾਰਨਾਂ, ਇਸ ਦੇ ਰਿਹਾਇਸ਼ੀਆਂ 'ਤੇ ਪੈਣ ਵਾਲੇ ਅਸਰ, ਅਤੇ ਇਸ ਵਧਦੇ ਸੰਕਟ ਨੂੰ ਹੱਲ ਕਰਨ ਲਈ ਸੰਭਾਵੀ ਉਪਾਵਾਂ ਦਾ ਜ਼ਿਕਰ ਹੈ।

ਜਲਵਾਯੂ ਚੇਤਾਵਨੀ, ਸ਼ਹਿਰੀ ਵਿਸਥਾਰ ਅਤੇ ਜੰਗਲਾਂ ਦੇ ਮਾੜੇ ਪ੍ਰਬੰਧਨ ਕਾਰਨ ਕੈਲੀਫੋਰਨੀਆ ਵਿਚ ਅੱਗਾਂ ਦੀ ਗਿਣਤੀ ਅਤੇ ਤੀਬਰਤਾ ਵਿਚ ਵਾਧਾ ਹੋਇਆ ਹੈ। ਵਧਦੇ ਗਲੋਬਲ ਤਾਪਮਾਨ ਨੇ ਸੁੱਕੇ ਸਮਿਆਂ ਨੂੰ ਲੰਮਾ ਕੀਤਾ ਹੈ, ਸੁੱਕੇ ਪੌਦਿਆਂ ਅਤੇ ਘਾਹ-ਫੂਸ ਦੀ ਗਿਣਤੀ ਵਧਾ ਦਿੱਤੀ ਹੈ, ਜਿਸਨੇ ਗਰਮੀ ਦੀਆਂ ਲਹਿਰਾਂ ਨੂੰ ਵਧਾ ਦਿੱਤਾ ਹੈ। ਇਸ ਵਰਤਾਰੇ ਨੇ ਜਿੱਥੇ ਇਸ ਵਿਸ਼ਾਲ ਇਲਾਕੇ ਵਿਚ ਹੋਰ ਜ਼ਿਆਦਾ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਅੱਗਾਂ ਲਈ ਕਾਰਨ ਪੈਦਾ ਕੀਤੇ ਹਨ, ਉੱਥੇ ਹੀ ਇੱਥੋਂ ਦੇ ਨਿਵਾਸੀਆਂ ਲਈ ਬੇਹੱਦ ਖ਼ਤਰਨਾਕ ਹਾਲਾਤ ਪੈਦਾ ਕੀਤੇ ਹਨ। ਇਹੀ ਵਰਤਾਰਾ ਪੱਛਮੀ ਕੈਨੇਡਾ ਵਿਚਲੇ ਜੰਗਲਾਂ ਵਿਚ ਵੀ ਲਗਭਗ ਹਰ ਸਾਲ ਵਾਪਰਦਾ ਹੈ। ਜੰਗਲੀ ਅੱਗਾਂ ਨਾਲ ਨਿਪਟਣਾ ਕੋਈ ਬੱਚਿਆਂ ਦੀ ਖੇਡ ਨਹੀਂ ਹੈ। ਅੱਗਾਂ ਦੌਰਾਨ ਸੜਕੀ ਆਵਾਜਾਈ ਠੱਪ ਹੋ ਜਾਂਦੀ ਹੈ ਅਤੇ ਹੈਲੀਕਾਪਟਰਾਂ ਰਾਹੀਂ ਪਾਣੀ ਅਤੇ ਹੋਰ ਘੋਲਾਂ ਦਾ ਛਿੜਕਾ ਬਹੁਤ ਔਖਾ ਹੋ ਜਾਂਦਾ ਹੈ। ਪਰ ਲਾਸ ਏਂਜਲਸ ਦੇ ਮਹਿੰਗੇ ਇਲਾਕੇ ਵਿਚ ਅੱਗ ਨੇ ਵੱਡੀ ਗਿਣਤੀ ਵਿਚ ਘਰਾਂ ਅਤੇ ਵਪਾਰਕ ਥਾਵਾਂ ਦਾ ਨੁਕਸਾਨ ਕੀਤਾ ਹੈ ਜੋ ਹਾਲੇ ਵੀ ਜਾਰੀ ਹੈ। ਲਾਸ ਏਂਜਲਸ ਖੇਤਰ, ਆਪਣੇ ਅੱਗ ਪ੍ਰਭਾਵਿਤ ਪਹਾੜੀ ਖੇਤਰਾਂ ਅਤੇ ਸ਼ਹਿਰੀ ਵਿਕਾਸ ਨਾਲ, ਖ਼ਾਸ ਤੌਰ 'ਤੇ ਖਤਰਨਾਕ ਬਣ ਗਿਆ ਹੈ। ਸਿਰਫ 2023 ਵਿਚ, ਕੈਲੀਫੋਰਨੀਆ ਨੇ 4,000 ਤੋਂ ਵੱਧ ਅੱਗਾਂ ਦਾ ਸਾਹਮਣਾ ਕੀਤਾ, ਜਿਸ ਨਾਲ ਹਜ਼ਾਰਾਂ ਘਰ ਨਸ਼ਟ ਹੋਏ ਅਤੇ ਅਰਬਾਂ ਡਾਲਰਾਂ ਦਾ ਨੁਕਸਾਨ ਹੋਇਆ। ਇਨ੍ਹਾਂ ਨੂੰ ਘਟਾਉਣ ਲਈ ਰਾਜ ਅਤੇ ਕੇਂਦਰੀ ਏਜੰਸੀਆਂ ਦੀਆਂ ਕੋਸ਼ਿਸ਼ਾਂ ਜਾਰੀ ਹਨ, ਪਰ ਟਾਊਨਸ਼ਿਪ ਦੀ ਦੁਬਾਰਾ ਰਚਨਾ ਦੀ ਲਾਗਤ ਨੇ ਬੀਮਾ ਕੰਪਨੀਆਂ 'ਤੇ ਭਾਰੀ ਦਬਾਅ ਪਾਇਆ ਹੈ।

**ਬੀਮਾ ਕੰਪਨੀਆਂ ਦੀ ਭੂਮਿਕਾ:** ਬੀਮਾ ਕੰਪਨੀਆਂ ਆਰਥਿਕ ਖ਼ਤਰੇ (ਰਿਸਕ) ਨੂੰ ਮੈਨੇਜ ਕਰਨ ਅਤੇ ਘਟਾਉਣ ਲਈ ਤਿਆਰ ਕੀਤੀਆਂ ਗਈਆਂ ਹਨ। ਹਰ ਬੀਮਾ ਕੰਪਨੀ ਲਾਭ ਪ੍ਰਾਪਤ ਕਰਨ ਲਈ ਕਾਰੋਬਾਰ ਵਿਚ ਉਤਰਦੀ ਹੈ। ਉਹ ਕਿਸੇ ਵੀ ਜਾਇਦਾਦ ਦੀ ਕੀਮਤ ਨੂੰ ਅਧਾਰ ਬਣਾ ਕੇ ਕਿਸ਼ਤਾਂ (ਈਐਮਆਈ) ਵਸੂਲਦੀ ਹੈ। ਕੋਈ ਵੀ ਕਲੇਮ ਨਾ ਆਉਣ ਦੀ ਸੂਰਤ ਵਿਚ ਸਾਲ ਬਾਅਦ 'ਨੋ ਕਲੇਮ ਬੋਨਸ' ਦੀ ਰਿਆਇਤ ਦੇ ਦਿੰਦੀ ਹੈ। ਜਦੋਂ ਕਿਸੇ ਜਾਇਦਾਦ ਦੇ ਬੀਮੇ ਦਾ ਜ਼ੋਖਮ ਬਹੁਤ ਵਧ ਜਾਂਦਾ ਹੈ, ਤਾਂ ਉਹ ਪ੍ਰੀਮੀਅਮ (ਕਿਸ਼ਤ) ਵਧਾ ਸਕਦੀਆਂ ਹਨ, ਸਖ਼ਤ ਨਿਯਮ ਲਾਗੂ ਕਰ ਸਕਦੀਆਂ ਹਨ ਜਾਂ ਪਾਲਿਸੀਆਂ ਰੱਦ ਕਰ ਸਕਦੀਆਂ ਹਨ, (ਜੇਕਰ ਪਾਲਿਸੀ ਸ਼ਰਤਾਂ ਵਿਚ ਇਹ ਨੁਕਤਾ ਲਿਖਿਆ ਹੋਵੇ)। ਅਜਿਹੇ ਖੇਤਰਾਂ ਜਿਵੇਂ ਕਿ ਲਾਸ ਏਂਜਲਸ ਵਿਚ, ਅੱਗ ਨਾਲ ਹੋਏ ਭਾਰੀ ਨੁਕਸਾਨ ਨੇ ਬੀਮਾ ਕੰਪਨੀਆਂ ਲਈ ਮੁਨਾਫ਼ੇ ਵਿਚ ਬਣੇ ਰਹਿਣ ਅਤੇ ਅੱਗੇ ਤੋਂ ਕਵਰੇਜ ਦੇਣ ਨੂੰ ਮੁਸ਼ਕਲ ਬਣਾ ਦਿੱਤਾ ਹੈ। ਕੈਲੀਫੋਰਨੀਆ ਕਾਨੂੰਨ ਬੀਮਾ ਕੰਪਨੀਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਸੰਭਾਵੀ ਦਾਅਵਿਆਂ ਨੂੰ ਕਵਰ ਕਰਨ ਲਈ ਪ੍ਰਾਪਤ ਰਾਖਵਾਂ ਫੰਡ ਰੱਖਣ। ਹਾਲਾਂਕਿ, ਅੱਗ ਦੇ ਜ਼ੋਖਮਾਂ ਦੀ ਵਧੀ ਲਾਗਤ ਨੇ ਪ੍ਰੀਮੀਅਮ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਰਕਮ ਨੂੰ ਪਾਰ ਕਰ ਦਿੱਤਾ ਹੈ, ਜਿਸ ਨਾਲ ਕਈ ਕੰਪਨੀਆਂ ਦੀ ਆਰਥਿਕ ਸਥਿਰਤਾ ਖ਼ਤਰੇ ਵਿਚ ਹੈ। ਇਸ ਦੇ ਨਤੀਜੇ ਵਜੋਂ, ਬੀਮਾਕਰਤਾਵਾਂ ਨੇ ਉੱਚ-ਜ਼ੋਖਮ ਵਾਲੇ ਖੇਤਰਾਂ ਵਿਚ ਆਪਣੀ ਕਵਰੇਜ ਦਾ ਪੁਨਰ-ਵਿਚਾਰ ਕੀਤਾ ਹੈ, ਜਿਸ ਨਾਲ ਘਰ ਦੇ ਮਾਲਕਾਂ ਲਈ ਪਾਲਿਸੀਆਂ ਦੀ ਵਿਆਪਕ ਰੱਦਗੀ (ਕੈਂਸਲੇਸ਼ਨ) ਹੋਈ ਹੈ।

ਪਾਲਿਸੀਆਂ ਰੱਦ ਕਰਨ ਦੇ ਮੁੱਖ ਕਾਰਨ: ਪ੍ਰਾਈਵੇਟ ਬੀਮਾ ਕੰਪਨੀਆਂ ਦੁਆਰਾ ਅੱਗ-ਪ੍ਰਭਾਵਿਤ ਖੇਤਰਾਂ ਵਿਚ ਪਾਲਿਸੀਆਂ ਰੱਦ ਕਰਨ ਲਈ ਕਈ ਕਾਰਕ ਜ਼ਿੰਮੇਵਾਰ ਹਨ। ਬਿਨਾ ਬੀਮੇ ਵਾਲੇ, ਘਰਾਂ ਦੇ ਮਾਲਕਾਂ ਨੂੰ ਅੱਗ ਲੱਗਣ ਦੌਰਾਨ ਆਪਣੇ ਘਰ ਦੀ ਦੁਬਾਰਾ ਮੁਰੰਮਤ ਜਾਂ ਨਿਰਮਾਣ ਦੀ ਲਾਗਤ ਖੁਦ ਹੀ ਉਠਾਉਣੀ ਪੈਂਦੀ ਹੈ। ਇਹ ਬੋਝ ਕਈਆਂ ਲਈ ਅਸਹਿ ਹੈ, ਜੋ ਉਨ੍ਹਾਂ ਦੀ ਆਰਥਿਕ ਸਥਿਰਤਾ ਅਤੇ ਭਵਿੱਖ ਦੀ ਸੁਰੱਖਿਆ ਨੂੰ ਖਤਰੇ ਵਿਚ ਪਾਉਂਦਾ ਹੈ ਅਤੇ ਬਸ ਇਹੀ ਨਹੀਂ, ਬਿਨਾ ਬੀਮੇ ਦੇ ਘਰ ਵੇਚਣਾ ਜਾਂ ਗਿਰਵੀ ਲੈਣਾ ਵੀ ਕਾਫ਼ੀ ਮੁਸ਼ਕਲ ਬਣ ਜਾਂਦਾ ਹੈ। ਬਹੁਤ ਸਾਰੇ ਵਪਾਰਕ ਬੈਂਕ ਅਤੇ ਫਾਇਨੈਂਸਿੰਗ ਸਥਾਨ ਘਰੇਲੂ ਬੀਮੇ ਤੋਂ ਬਿਨਾ ਗਿਰਵੀ ਨੂੰ ਮਨਜ਼ੂਰੀ ਨਹੀਂ ਦਿੰਦੇ। ਇਸ ਕਾਰਨ ਅੱਗ-ਪ੍ਰਭਾਵਿਤ ਖੇਤਰਾਂ ਵਿਚ ਜਾਇਦਾਦਾਂ ਦੀਆਂ ਕੀਮਤਾਂ ਡਿੱਗ ਰਹੀਆਂ ਹਨ। ਕਿਰਾਏਦਾਰਾਂ ਲਈ ਵੀ, ਬੀਮੇ ਦੀ ਰੱਦਗੀ ਨਾਲ ਕਿਰਾਏ ਵਧ ਰਹੇ ਹਨ, ਕਿਉਂਕਿ ਮਕਾਨ ਮਾਲਕ ਆਪਣੇ ਵਧੇ ਹੋਏ ਖ਼ਰਚੇ ਜਾਂ ਜ਼ੋਖਮਾਂ ਨੂੰ ਕਿਰਾਏਦਾਰਾਂ 'ਤੇ ਟਰਾਂਸਫਰ ਕਰ ਰਹੇ ਹਨ। ਇਸ ਨਾਲ ਲਾਸ ਏਂਜਲਸ ਵਿਚ ਮੌਜੂਦਾ ਮਕਾਨ ਮਾਲਕਾਂ (ਬਿਲਡਰ ਕੰਪਨੀਆਂ) ਅਤੇ ਕਿਰਾਏਦਾਰਾਂ ਨੂੰ ਰਿਹਾਇਸ਼ੀ ਸੰਕਟ ਵਿਚ ਹੋਰ ਡੂੰਘਾ ਸੁੱਟ ਦਿੱਤਾ ਗਿਆ ਹੈ। ਪਰ ਬੀਮਾ ਕੰਪਨੀਆਂ ਦਾ ਆਪਣੇ ਤੌਰ 'ਤੇ ਹੀ ਮਕਾਨ ਪਾਲਿਸੀਆਂ ਨੂੰ ਰੱਦ ਕਰਨਾ ਅਨੈਤਿਕ ਕਦਮ ਹੈ। ਆਖਿਰ ਕੋਈ ਵਿਅਕਤੀ ਬੀਮਾ ਕਰਵਾਉਂਦਾ ਹੀ ਕਿਉਂ ਹੈ? ਚਿੰਤਾ-ਮੁਕਤ ਹੋਣ ਲਈ, ਕਿ ਕਿਸੇ ਵੀ ਅਣਸੁਖਾਵੀਂ ਘਟਨਾ



ਦਾ ਬੋਝ ਉਸਦੇ ਪਰਿਵਾਰ ਨੂੰ ਦਿਵਾਲੀਆ ਨਾ ਬਣਾ ਦੇਵੇ। ਕਿਸੇ ਵੀ ਜ਼ੋਖਮ ਨੂੰ ਆਂਕਣ ਦਾ ਜ਼ਿੰਮਾ ਬੀਮਾ ਕੰਪਨੀ ਦਾ ਹੈ। ਸਥਾਨਕ ਸਰਕਾਰ ਦੇ ਕਾਨੂੰਨ ਨੂੰ ਇਸ ਤਰ੍ਹਾਂ ਦੀ ਮਨਮਰਜ਼ੀ ਨਹੀਂ ਚੱਲਣ ਦੇਣੀ ਚਾਹੀਦੀ। ਕੰਪਨੀਆਂ ਸਟੇਟ ਜਾਂ ਫੈਡਰਲ ਸਰਕਾਰ ਤੋਂ ਆਪਣੇ ਵਿੱਤੀ ਹਾਲਾਤ ਦੱਸ ਕੇ ਮਦਦ ਲੈ ਸਕਦੀਆਂ ਹਨ ਅਤੇ ਹਰ ਹਾਲਤ ਵਿਚ ਇਨ੍ਹਾਂ ਨੂੰ ਨਾਗਰਿਕਾਂ ਦੇ ਨਾਲ ਖੜ੍ਹਨਾ ਚਾਹੀਦਾ ਹੈ।

ਰੀਇੰਸ਼ੋਰੈਂਸ ਕੰਪਨੀਆਂ ਨੂੰ ਵੀ ਆਪਣੇ ਪ੍ਰੀਮੀਅਮ ਰਿਵਿਊ ਕਰਨ ਦੀ ਲੋੜ ਪੈ ਸਕਦੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਨ ਨਿਊਸਮ ਨੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸੂਬੇ ਦਾ ਦੌਰਾ ਕਰਨ ਦੀ ਬੇਨਤੀ ਕੀਤੀ ਹੈ ਤਾਂ ਕਿ ਲੋਕਾਂ ਦੇ ਜ਼ਖ਼ਮਾਂ ਉੱਤੇ ਮੱਲ੍ਹਮ ਲਾਈ ਜਾ ਸਕੇ। ਅੱਗ-ਪ੍ਰਭਾਵਿਤ ਖੇਤਰਾਂ ਵਿਚ ਬੀਮੇ ਦੀ ਰੱਦਗੀ ਨੇ ਨਿੱਜੀ ਉਦਯੋਗ ਅਤੇ ਜਨਤਕ ਸੁਰੱਖਿਆ ਦੇ ਵਿਚਕਾਰ ਵਧਦੇ ਤਣਾਅ ਨੂੰ ਉਜਾਗਰ ਕੀਤਾ ਹੈ। ਜਦੋਂ ਕਿ ਬੀਮਾ ਕੰਪਨੀਆਂ ਦੇ ਮਾਲਕਾਂ ਨੂੰ ਨਫ਼ਾ ਕਮਾਉਣ ਦੀ ਜ਼ਿੰਮੇਵਾਰੀ ਹੁੰਦੀ ਹੈ, ਉੱਚ-ਜ਼ੋਖਮ ਵਾਲੇ ਖੇਤਰਾਂ ਤੋਂ ਕਵਰੇਜ ਹਟਾਉਣਾ ਸਵਾਲ ਖੜ੍ਹੇ ਕਰਦਾ ਹੈ ਕਿ ਰਾਜ ਜਾਂ ਕੇਂਦਰ ਸਰਕਾਰ ਦੀ ਇਨ੍ਹਾਂ ਸੰਕਟਾਂ ਵਿਚ ਕੀ ਭੂਮਿਕਾ ਹੋਣੀ ਚਾਹੀਦੀ ਹੈ।

**ਸੰਭਾਵੀ ਹੱਲ:** ਇਸ ਮਸਲੇ ਨੂੰ ਹੱਲ ਕਰਨ ਲਈ ਬਹੁ-ਪੱਖੀ ਵਿਧੀਆਂ ਦੀ ਲੋੜ ਹੈ, ਜਿਹੜੀਆਂ ਬੀਮਾ ਕੰਪਨੀਆਂ, ਘਰੇਲੂ ਮਾਲਕਾਂ, ਅਤੇ ਸਮਾਜ ਦੇ ਵਿਆਪਕ ਹਿੱਸੇ ਦੀਆਂ ਲੋੜਾਂ ਨੂੰ ਸਾਰਿਆਂ ਦੇ ਭਲੇ ਲਈ ਸਮਝਦਾਰੀ ਨਾਲ ਸੰਤੁਲਿਤ ਕਰ ਸਕਣ। ਕੁਝ ਸੰਭਾਵੀ ਹੱਲ ਹੇਠਾਂ ਦਿੱਤੇ ਗਏ ਹਨ:

1. ਸਟੇਟ ਫੰਡਿਡ ਬੀਮਾ ਪ੍ਰੋਗਰਾਮ: ਕੈਲੀਫੋਰਨੀਆ ਦੀ 'ਫੇਅਰ ਐਕਸੈਸ ਟੂ ਇੰਸ਼ੋਰੈਂਸ ਰਿਕੁਾਇਰਮੈਂਟਸ' (FAIR) ਯੋਜਨਾ ਉਨ੍ਹਾਂ ਮਾਲਕਾਂ ਲਈ ਆਖ਼ਰੀ ਵਿਕਲਪ ਵਜੋਂ ਕੰਮ ਕਰਦੀ ਹੈ, ਜਿਨ੍ਹਾਂ ਨੂੰ ਨਿੱਜੀ ਮਾਰਕੀਟ ਵਿਚ ਕਵਰੇਜ ਨਹੀਂ ਮਿਲਦਾ। ਇਸ ਯੋਜਨਾ ਨੂੰ ਵਧਾਉਣਾ ਅਤੇ ਵਾਧੂ ਫੰਡ ਪ੍ਰਦਾਨ ਕਰਨਾ ਯਕੀਨੀ ਬਣਾ ਸਕਦਾ ਹੈ ਕਿ ਸਾਰੇ ਨਿਵਾਸੀਆਂ ਨੂੰ ਘੱਟੋ-ਘੱਟ ਬੁਨਿਆਦੀ ਕਵਰੇਜ ਮਿਲੇ।

2. ਜ਼ੋਖਮ ਘਟਾਉਣ ਲਈ ਪ੍ਰੇਰਣਾ: ਸਰਕਾਰ ਅਤੇ ਬੀਮਾ ਕੰਪਨੀਆਂ ਘਰੇਲੂ ਮਾਲਕਾਂ ਨੂੰ ਅੱਗ-ਰੋਕੂ ਉਪਕਰਣ ਲਾਗੂ ਕਰਨ ਲਈ ਪ੍ਰੇਰਿਤ ਕਰ ਸਕਦੀਆਂ ਹਨ, ਜਿਵੇਂ ਕਿ ਸੁੱਕੀਆਂ ਵਸਤਾਂ ਜਾਂ ਘਾਹ ਨੂੰ ਹਟਾਉਣਾ, ਅੱਗ-ਰੋਕੂ ਛੱਤਾਂ ਦੀ ਸਥਾਪਨਾ ਕਰਨਾ, ਅਤੇ ਘਰ ਦੇ ਆਲੇ-ਦੁਆਲੇ ਸੁਰੱਖਿਆ ਵਾਲੇ ਖਾਲੀ ਖੇਤਰ ਬਣਾਉਣਾ।

3. ਘਰਾਂ ਦੇ ਨਕਸ਼ੇ ਨੂੰ ਹਵਾ ਦੇ ਰੁਖ ਮੁਤਾਬਕ ਬਣਾਉਣਾ।

4. ਹਰੇ ਰੁੱਖਾਂ ਦਾ ਘੇਰਾ, ਅੱਗ ਨੂੰ ਅੱਗੇ ਵਧਣ ਤੋਂ ਰੋਕਣ ਦੀ ਰਫ਼ਤਾਰ ਨੂੰ ਘੱਟ ਕਰਦਾ ਹੈ। ਸਭ ਤੋਂ ਵੱਧ ਹੈਰਾਨੀ ਸਰਦੀਆਂ ਦੇ ਮੌਸਮ ਵਿਚ ਅੱਗ ਦੀਆਂ ਘਟਨਾਵਾਂ ਦਾ ਵਾਪਰਨਾ ਹੈ। ਇਸ ਦੀ ਗਹਿਰਾਈ ਨਾਲ ਛਾਣ-ਬੀਣ ਹੋਣੀ ਚਾਹੀਦੀ ਹੈ। ਇਨ੍ਹਾਂ ਪ੍ਰਬੰਧਾਂ ਨਾਲ ਬੀਮੇ ਦੇ ਵਧੇ ਖ਼ਰਚਿਆਂ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

5. ਜਲਵਾਯੂ ਐਕਸ਼ਨ ਪਲਾਨ: ਇਸ ਚੇਤਾਵਨੀ ਦੇ ਮੂਲ ਕਾਰਨਾਂ ਨੂੰ ਹੱਲ ਕਰਨਾ, ਅੱਗ ਘਟਨਾਵਾਂ ਦੀ ਗਿਣਤੀ ਅਤੇ ਤੀਬਰਤਾ ਨੂੰ ਘਟਾਉਣ ਲਈ ਅਤਿ ਜ਼ਰੂਰੀ ਹੈ। ਇਸ ਵਿਚ ਨਵੀਨੀਕਰਨ ਯੋਗ ਊਰਜਾ ਵਿਚ ਨਿਵੇਸ਼, ਗ੍ਰੀਨਹਾਊਸ ਗੈਸਾਂ ਦੇ ਉਤਸਰਜਨ ਨੂੰ ਘਟਾਉਣਾ, ਅਤੇ ਸਥਿਰ ਲੈਂਡ ਯੂਜ਼ ਪ੍ਰੈਕਟਿਸਾਂ ਨੂੰ ਵਧਾਉਣਾ ਸ਼ਾਮਲ ਹੈ।

6. ਜੰਗਲ ਪ੍ਰਬੰਧਨ ਵਿਚ ਸੁਧਾਰ: ਜੰਗਲਾਂ ਦਾ ਸਹੀ ਪ੍ਰਬੰਧਨ, ਜਿਵੇਂ ਕਿ ਨਿਯੰਤ੍ਰਿਤ ਅੱਗ (Controlled burns) ਅਤੇ ਪੌਧਿਆਂ ਦੀ ਛੰਟਣ, ਅੱਗ ਨੂੰ ਫੈਲਣ ਤੋਂ ਰੋਕਣ ਲਈ ਬਹੁਤ ਮਹੱਤਵਪੂਰਨ ਹੈ।

ਸਾਰਿਆਂ ਦੇ ਵਿਚਕਾਰ ਸਹਿਯੋਗ: ਸਰਕਾਰਾਂ, ਬੀਮਾ ਕੰਪਨੀਆਂ ਅਤੇ ਸਥਾਨਕ ਸਮੁਦਾਇਆਂ ਨੂੰ ਇਕੱਠੇ ਹੋਣ ਅਤੇ ਅਜਿਹੇ ਨਵੇਂ ਹੱਲ ਖੋਜਣ ਦੀ ਲੋੜ ਹੈ, ਜਿਹੜੇ ਜ਼ੋਖਮ ਪ੍ਰਬੰਧਨ ਅਤੇ ਸਸਤੀ ਅਤੇ ਸਹੀ ਬੀਮਾ ਕਵਰੇਜ ਦੀ ਲੋੜ ਨੂੰ ਸੰਤੁਲਿਤ ਕਰ ਸਕਣ।

**ਨਤੀਜਾ:** ਬੀਮਾ ਪਾਲਿਸੀਆਂ ਦੀ ਰੱਦਗੀ, ਜਲਵਾਯੂ ਚੇਤਾਵਨੀ ਅਤੇ ਕੁਦਰਤੀ ਆਫ਼ਤਾਂ ਦੇ ਵਧਦੇ ਪ੍ਰਕੋਪ ਨੇ ਲਾਸ ਏਂਜਲਸ ਨਿਵਾਸੀਆਂ ਦੀ ਚਿੰਤਾ ਵਧਾ ਦਿੱਤੀ ਹੈ। ਬੀਮਾ ਕੰਪਨੀਆਂ ਲਈ ਆਰਥਿਕ ਟਿਕਾਊਪਣ ਜ਼ਰੂਰੀ ਹੈ, ਕਵਰੇਜ ਨੂੰ ਵਾਪਸ ਲੈਣਾ ਘਰ ਦੇ ਮਾਲਕਾਂ ਨੂੰ ਅਸੁਰੱਖਿਤ ਛੱਡ ਰਿਹਾ ਹੈ ਅਤੇ ਸਮਾਜਿਕ ਨਿਆਂ ਅਤੇ ਸਮਰੱਥ ਹੱਲਾਂ ਲਈ ਸਵਾਲ ਉਠਾ ਰਿਹਾ ਹੈ।

ਅਸੰਭਾਵੀ ਨੁਕਸਾਨ ਅਨੁਪਾਤ: ਬੀਮਾ ਕੰਪਨੀਆਂ ਲਈ ਅੱਗ-ਪ੍ਰਭਾਵਿਤ ਖੇਤਰਾਂ ਵਿਚ ਨੁਕਸਾਨ ਅਨੁਪਾਤ ਲਗਭਗ ਅਸੰਭਵ ਹੋ ਸਕਦੇ ਹਨ। ਉਦਾਹਰਣ ਵਜੋਂ, 2018 ਦੀ ਕੈਂਪ ਫਾਇਰ ਨੇ 16 ਬਿਲੀਅਨ ਡਾਲਰ ਤੋਂ ਵੱਧ ਦਾ ਬੀਮਾਕ੍ਰਿਤ ਨੁਕਸਾਨ ਕੀਤਾ, ਜਿਸ ਨੇ ਬੀਮਾ ਕੰਪਨੀਆਂ ਨੂੰ ਆਪਣੇ ਜ਼ੋਖਮ ਮਾਡਲਾਂ ਬਾਰੇ ਦੁਬਾਰਾ ਸੋਚਣ ਲਈ ਮਜਬੂਰ ਕੀਤਾ।

**ਰੀਇੰਸ਼ੋਰੈਂਸ ਦੀ ਲਾਗਤ:** ਰੀਇੰਸ਼ੋਰੈਂਸ, ਜੋ ਬੀਮਾ ਕੰਪਨੀਆਂ ਲਈ ਬੀਮਾ ਹੈ, ਉਨ੍ਹਾਂ ਨਾਲ ਵੱਡੀਆਂ ਆਪਾਤਕਾਲੀਨ ਸਥਿਤੀਆਂ ਦੇ ਜ਼ੋਖਮ ਨੂੰ ਸਾਂਝਾ ਕਰਦਾ ਹੈ। ਹਾਲਾਂਕਿ, ਜਿਵੇਂ ਕਿ ਅੱਗਾਂ ਜ਼ਿਆਦਾ ਤਬਾਹੀ ਵਾਲੀਆਂ ਹੋ ਰਹੀਆਂ ਹਨ, ਰੀਇੰਸ਼ੋਰੈਂਸ ਦੀ ਲਾਗਤ ਵੀ ਵਧ ਰਹੀ ਹੈ। ਇਸ ਵਾਧੂ ਖ਼ਰਚ ਨੇ ਬੀਮਾ ਕੰਪਨੀਆਂ ਦੀ ਸਮਰੱਥਾ ਨੂੰ ਹੋਰ ਘਟਾ ਦਿੱਤਾ ਹੈ। ਕੈਲੀਫੋਰਨੀਆ ਦੇ ਕਾਨੂੰਨ ਬੀਮਾ ਪ੍ਰੀਮੀਅਮ ਵਧਾਉਣ ਨੂੰ ਸੀਮਿਤ ਕਰਨ ਵਿਚ ਬਹੁਤ ਸਖ਼ਤ ਹਨ। ਹਾਲਾਂਕਿ ਇਹ ਨਿਯਮ ਗਾਹਕਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਇਸ ਨਾਲ ਬੀਮਾ ਕੰਪਨੀਆਂ ਲਈ ਜ਼ੋਖਮਾਂ ਦੀ ਅਸਲੀ ਲਾਗਤ ਨੂੰ ਦਰਸਾਉਣ ਵਾਲੀਆਂ ਦਰਾਂ ਵਿਚ ਸੋਧ ਕਰਨਾ ਮੁਸ਼ਕਲ ਬਣਦਾ ਹੈ।

ਜ਼ੋਖਮ ਵਿਸ਼ਲੇਸ਼ਣ ਟੈਕਨਾਲੋਜੀ ਜਿਵੇਂ ਸੈਟੇਲਾਈਟ ਇਮੇਜਿੰਗ ਅਤੇ ਏਆਈ ਮਾਡਲਿੰਗ ਵਰਗੀਆਂ ਜ਼ੋਖਮ ਅਨੈਲੇਸਿਸ ਟੂਲਜ਼ ਦੀ ਕਾਢ ਨੇ ਬੀਮਾ ਕੰਪਨੀਆਂ ਨੂੰ ਉੱਚ-ਜ਼ੋਖਮ ਜਾਇਦਾਦਾਂ ਦੀ ਪਛਾਣ ਕਰਨ ਵਿਚ ਸਹਾਇਤਾ ਕੀਤੀ ਹੈ। ਕਾਨੂੰਨੀ ਅਤੇ ਆਰਥਿਕ ਦਬਾਅ ਅਧੀਨ ਬੀਮਾ ਕੰਪਨੀਆਂ ਨੂੰ ਅੱਗ ਦੇ ਨੁਕਸਾਨਾਂ ਨਾਲ ਜੁੜੇ ਮੁਕੱਦਮਿਆਂ ਅਤੇ ਹੋਰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਕੈਲੀਫੋਰਨੀਆ ਵਿਚ ਪੁਰਾਣੇ ਪੰਜਾਬੀ ਅਤੇ ਹੋਰ ਏਸ਼ੀਅਨ ਭਾਈਚਾਰਿਆਂ ਦੀ ਕਾਫੀ ਵੱਡੀ ਗਿਣਤੀ ਹੈ। ਆਸ ਕਰਦੇ ਹਾਂ ਕਿ ਸਰਕਾਰ, ਬੀਮਾ ਕੰਪਨੀਆਂ ਅਤੇ ਸਥਾਨਕ ਸੋਸ਼ਲ ਵਿਗਿਆਨੀ ਮਿਲ ਕੇ ਇਸ ਸਮੱਸਿਆ ਨੂੰ ਆਉਣ ਵਾਲੇ ਸਮੇਂ ਲਈ ਭਾਂਪਣਗੇ ਅਤੇ ਇੱਕ ਰਿਜ਼ਰਵ ਫੰਡ ਵੀ ਰੱਖਣਗੇ ਤਾਂ ਕਿ ਦੁਨੀਆ ਦੇ ਵਿਕਸਤ ਦੇਸ਼ ਵਿਚ ਨਿਹੱਥੇਪਨ ਦੀ ਤਸਵੀਰ ਨਜ਼ਰ ਨਾ ਆਏ। ਆਮੀਨ..।

## ਗੀਤ

ਇਹ ਪੁੱਤ ਹੱਟਾਂ 'ਤੇ ਨਹੀਂ ਮਿਲਦੇ,
ਕਦੇ ਮੌਤ ਦੇ ਮੂੰਹ ਵਿਚ ਪਾਓ ਨਾ।
ਘਰ ਵਰਗੀ ਕਿਧਰੇ ਰੀਸ ਨਹੀਂ
ਪਰਦੇਸਾਂ ਨੂੰ ਅਜ਼ਮਾਓ ਨਾ,
ਮੇਰੇ ਵੀਰੋ! ਭੰਗ ਦੇ ਭਾੜੇ ਵਿਚ
ਇਹ ਕੀਮਤੀ ਜਾਨ ਗਵਾਓ ਨਾ...।

ਮੈਂ ਜਾਣਦਾ ਹਾਂ ਕਿ ਸਭ ਨੇ ਹੀ
ਗ਼ੁਰਬਤ ਦੀਆਂ ਮਾਰਾਂ ਝੱਲੀਆਂ ਨੇ।
ਸਾਡੇ ਮੱਥੇ ਵਿਚਲੀਆਂ ਸੋਚਾਂ ਵੀ
ਕੁਝ ਸ਼ਾਹੀ ਸੁਪਨਿਆਂ ਮੱਲੀਆਂ ਨੇ।
ਅੰਬਰ ਤਕ ਉੱਚਾ ਉਡਣ ਲਈ
ਜਿੰਦ ਜੋਖ਼ਮ ਦੇ ਵਿਚ ਪਾਓ ਨਾ...।

ਮੇਰੀ ਧਰਤੀ ਦੇ ਸ਼ਹਿਜ਼ਾਦੇ ਵੀ
ਹੁਣ ਚਕਾਚੌਂਧ ਵਿਚ ਆ ਗਏ ਨੇ।
ਖ਼ਾਬਾਂ ਦੀ ਦੁਨੀਆ ਵਿਚ ਮੋਹਿਤ
ਘਰ ਆਪਣੇ ਤੋਂ ਉਕਤਾ ਗਏ ਨੇ।
ਘਰ ਵਰਗੀ ਜੰਨਤ ਲੱਭਣੀ ਨਹੀਂ
ਐਵੇਂ ਅੱਖੀਆਂ ਨੂੰ ਭਰਮਾਓ ਨਾ...।

ਆਪਣੀ ਸਰਦਾਰੀ ਛੱਡ ਕੇ ਨਾ
ਤੁਸੀਂ ਵਾਂਗ ਭਿਖਾਰੀ ਬਣ ਜਾਣਾ।
ਮਾਵਾਂ ਤੇ ਛਾਵਾਂ ਤੋਂ ਸੱਖਣੇ
ਫਿਰ ਹੌਕੇ ਲੈ ਕੇ ਪਛਤਾਣਾ।
ਦੋ ਬੁਰਕੀਆਂ ਯਾਰੋ! ਘੱਟ ਖਾ ਲਓ!
ਪਰ ਜਾਨ ਤਾਂ ਇੰਜ ਗਵਾਓ ਨਾ...।

ਮੈਂ ਐਸੀ ਧਰਤੀ ਵੇਖੀ ਨਾ,
ਜਿਥੇ ਰੁੱਖ ਨੂੰ ਡਾਲਰ ਲੱਗਦੇ ਨੇ
ਬਸ ਗੱਭਰੂ ਡਾਲਰ ਤੋੜਨ ਲਈ,
ਮੈਂ ਸੂਲੀ ਚੜਦੇ ਵੇਖੇ ਨੇ।
ਜੇ ਡਾਲਰ ਤੋੜਨ ਦਾ ਚਾਓ ,
ਘਰ ਛੱਡ ਕੇ ਕਿਧਰੇ ਜਾਓ ਨਾ—

ਅੱਖੀਆਂ ਵਿਚ ਅੱਥਰੂ ਭਰਦਾ ਹਾਂ,
ਜਦ ਤੜਫਦਿਆਂ ਨੂੰ ਵੇਖਦਾ ਹਾਂ।
ਜੋ ਮਹਿਲ ਮੁਨਾਰੇ ਛੱਡ ਗਏ ਸੀ
ਹੁਣ ਕਲਪਦਿਆਂ ਨੂੰ ਵੇਖਦਾ ਹਾਂ।
ਬੋਹੜਾਂ ਦੀਆਂ ਠੰਡੀਆਂ ਛਾਵਾਂ ਛੱਡ
ਮਲਿਆਂ ਦੀ ਜੂਨ ਹੰਢਾਓ ਨਾ
ਮੇਰੇ ਵੀਰੋ! ਭੰਗ ਦੇ ਭਾੜੇ ਵਿਚ
ਇਹ ਕੀਮਤੀ ਜਾਨ ਗਵਾਓ ਨਾ...।

***-ਸੁਹਿੰਦਰ ਬੀਰ***

# ਟਰੰਪ ਦੀਆਂ ਨੀਤੀਆਂ ਕਾਰਨ ਵਿਸ਼ਵ ਭਰ ਵਿਚ ਤਰਥੱਲੀ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵਿਦੇਸ਼ੀ ਮਦਦ 'ਤੇ ਫੈਸਲੇ ਕਾਰਨ ਮਦਦ ਅਤੇ ਵਿਕਾਸ ਦੇ ਖੇਤਰ 'ਚ ਕੰਮ ਕਰਨ ਵਾਲੀਆਂ ਸੰਸਥਾਵਾਂ 'ਚ ਤਰਥੱਲੀ ਮੱਚ ਗਈ ਹੈ। ਟਰੰਪ ਦੇ ਇਸ ਕਦਮ ਨਾਲ ਗੰਭੀਰ ਵਿੱਤੀ ਸੰਕਟ ਖੜ੍ਹਾ ਹੋਣ ਨਾਲ ਸੈਂਕੜੇ ਠੇਕੇਦਾਰਾਂ ਨੇ ਸਟਾਫ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ 'ਚੋਂ ਕਈ ਠੇਕੇਦਾਰਾਂ ਦਾ ਪਹਿਲਾਂ ਤੋਂ ਹੀ ਕਰੋੜਾਂ ਡਾਲਰ ਦਾ ਬਕਾਇਆ ਹੈ। ਟਰੰਪ ਸਰਕਾਰ ਖ਼ਰਚਿਆਂ 'ਚ ਕਟੌਤੀ ਦੀ ਮੁਹਿੰਮ ਦੇ ਤਹਿਤ ਵਿਦੇਸ਼ੀ ਮਦਦ ਬੰਦ ਕਰੇਗੀ।




ਟਰੰਪ ਸਰਕਾਰ 'ਚ ਸ਼ਾਮਲ ਵਿਸ਼ਵ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਵਿਚਾਲੇ, ਟਰੰਪ ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਯੂਐੱਸਏਡ ਦਾ ਕਾਰਜਕਾਰੀ ਡਾਇਰੈਕਟਰ ਨਿਯੁਕਤ ਕੀਤਾ ਹੈ। ਇਹ ਏਜੰਸੀ ਵਿਦੇਸ਼ ਵਿਭਾਗ ਦੇ ਤਹਿਤ ਕਰ ਦਿੱਤੀ ਗਈ ਹੈ। ਦੱਸ ਦੇਈਏ ਕਿ 2023 'ਚ ਅਮਰੀਕਾ ਨੇ ਯੂਐੱਸਏਡ (ਯੂਨਾਈਟਿਡ ਸਟੇਟਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ) ਪ੍ਰੋਗਰਾਮ ਦੇ ਤਹਿਤ ਵੱਖ ਵੱਖ ਦੇਸ਼ਾਂ ਤੇ ਸੰਸਥਾਵਾਂ ਨੂੰ 72 ਅਰਬ ਡਾਲਰ ਦੀ ਮਦਦ ਕੀਤੀ ਸੀ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਜਨਵਰੀ ਨੂੰ ਅਹੁਦਾ ਸੰਭਾਲਣ ਦੇ ਕੁਝ ਹੀ ਘੰਟਿਆਂ 'ਚ ਮਸਕ ਨੂੰ ਅੰਦਾਜ਼ਨ ਸਾਰੀ ਅਮਰੀਕੀ ਵਿਦੇਸ਼ੀ ਮਦਦ ਦੀ ਸਮੀਖਿਆ ਕਰਨ ਦੀ ਹਦਾਇਤ ਦਿੱਤੀ ਗਈ ਸੀ। ਮਸਕ ਨੇ ਪਹਿਲਾਂ ਹੀ ਯੂਐੱਸਏਡ ਨੂੰ ਅਪਰਾਧਿਕ ਸੰਗਠਨ ਕਰਾਰ ਦੇਣ ਦੇ ਨਾਲ ਹੀ ਇਸ ਏਜੰਸੀ ਦਾ ਆਕਾਰ ਛੋਟਾ ਕਰ ਦਿੱਤਾ ਸੀ। ਟਰੰਪ ਦੇ ਇਸ ਹੁਕਮ ਤੋਂ ਬਾਅਦ ਹੀ ਯੂਐੱਸਏਡ ਦੇ ਦਰਜਨਾਂ ਅਧਿਕਾਰੀਆਂ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਸੀ। ਏਜੰਸੀ ਨਾਲ ਜੁੜੇ ਸੈਂਕੜੇ ਠੇਕੇਦਾਰਾਂ ਨੂੰ ਵੀ ਹਟਾ ਦਿੱਤਾ ਗਿਆ। ਟਰੰਪ ਨੇ ਮਸਕ ਦੀ ਅਗਵਾਈ 'ਚ ਸਰਕਾਰ ਦਾ ਆਕਾਰ ਘੱਟ ਕਰਨ ਤੇ ਖ਼ਰਚੇ ਘੱਟ ਕਰਨ ਲਈ ਵੀ ਸਰਕਾਰੀ ਸਮਰੱਥਾ ਵਿਭਾਗ ਬਣਾਇਆ ਹੈ।

ਯੂਐੱਸਏਡ ਲਈ ਸਾਲਾਂ ਤੋਂ ਕੰਮ ਕਰਨ ਵਾਲੇ ਠੇਕੇਦਾਰ ਸਟੀਵ ਸ਼ਮਿਡਾ ਨੇ ਆਪਣੇ ਮੁਲਾਜ਼ਮਾਂ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਹੈ। ਉਹ ਰੈਜ਼ੋਨੈਂਸ ਕੰਪਨੀ ਦੇ ਸਹਿ-ਸੰਸਥਾਪਕ ਹਨ, ਜੋ ਨਵਾਂਚਾਰ ਤੇ ਫਿਸ਼ਰੀਜ਼ ਕੰਜ਼ਰਵੇਸ਼ਨ ਵਰਗੇ ਖੇਤਰਾਂ 'ਚ ਕੰਮ ਕਰਦੀ ਹੈ, ਜਦਕਿ ਜਿਹੜੇ ਠੇਕੇਦਾਰਾਂ ਨੂੰ ਹਟਾਇਆ ਗਿਆ ਹੈ, ਉਨ੍ਹਾਂ 'ਚੋਂ ਰੋਜ਼ ਜੁਲੀਗਰ ਵੀ ਸ਼ਾਮਲ ਹਨ। ਉਹ ਰਾਸ਼ਟਰਪਤੀ ਦੀ ਮਲੇਰੀਆ ਪਹਿਲ ਦੇ ਲਈ ਕੰਮ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ ਮੇਰੀ ਨੌਕਰੀ ਜਾਣ ਨੂੰ ਲੈ ਕੇ ਨਿੱਜੀ ਚਿੰਤਾ ਹੈ, ਬਲਕਿ ਆਲਮੀ ਸਿਹਤ ਨੂੰ ਵੀ ਲੈ ਕੇ ਚਿੰਤਾ ਹੈ। ਜਦਕਿ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੈਵਿਟ ਨੇ ਯੂਐੱਸਏਡ ਦੀ ਨਿਖੇਧੀ ਕੀਤੀ ਤੇ ਇਸਦੇ ਖ਼ਰਚੇ ਨੂੰ ਬੇਕਾਰ ਕਰਾਰ ਦਿੱਤਾ ਹੈ।

# ਸਿੱਖ ਰਾਜ ਦਾ ਚਮਕਦਾ ਸੂਰਜ ਸ. ਸ਼ਾਮ ਸਿੰਘ ਅਟਾਰੀਵਾਲਾ

**ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**

ਸ. ਸ਼ਾਮ ਸਿੰਘ ਅਟਾਰੀ ਵਾਲੇ ਜੈਸਲਮੇਰ (ਰਾਜਸਥਾਨ) ਤੋਂ ਜ਼ਿਲ੍ਹਾ ਲੁਧਿਆਣਾ ਦੇ ਜਗਰਾਓਂ ਨਜ਼ਦੀਕ ਕਾਉਂਕੇ ਨਗਰ ਵਿਖੇ ਵਸੇ ਗੌਹਰ ਸਿੰਘ, ਕੌਰ ਸਿੰਘ ਖਾਨਦਾਨ ਵਿਚੋਂ ਸ. ਨਿਹਾਲ ਸਿੰਘ ਅਟਾਰੀ ਵਾਲੇ ਜੋ ਸਮਾਂ ਪਾ ਕੇ ਅੰਮ੍ਰਿਤਸਰ ਦੇ ਅਟਾਰੀ ਪਿੰਡ ਵਿਚ ਆਣ ਵੱਸੇ ਸਨ, ਦੇ ਘਰ 1788 ਈਸਵੀ ਵਿਚ ਪੈਦਾ ਹੋਏ। ਇਨ੍ਹਾਂ ਦੇ ਜਨਮ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ, ਫਿਰ ਵੀ ਇਹ ਸਾਂਝੇ ਰੂਪ ਵਿਚ 1788 ਹੀ ਪ੍ਰਵਾਨਿਤ ਹੈ। ਇਨ੍ਹਾਂ ਨੂੰ ਸਿੱਖੀ ਦੀ ਗੁੜ੍ਹਤੀ, ਸੂਰਬੀਰਤਾ ਅਤੇ ਦੇਸ਼ ਭਗਤੀ ਵਿਰਸੇ ਵਿਚੋਂ ਮਿਲੀ।



ਇਨ੍ਹਾਂ ਦੇ ਪਿਤਾ ਸ. ਨਿਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਨਜ਼ਦੀਕੀ ਸਨ। 1817 ਈਸਵੀ ਵਿਚ ਸ. ਨਿਹਾਲ ਸਿੰਘ ਦੀ ਮੌਤ ਤੋਂ ਬਾਅਦ

**ਸੁਖਦੇਵ ਸਿੰਘ ਭੂਰਾ ਕੋਹਨਾ**
**ਫੋਨ: 98148-98268**
***ਸਾਬਕਾ ਸਕੱਤਰ,**
***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ***

ਸ. ਸ਼ਾਮ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਫੌਜ ਵਿਚ ਜਰਨੈਲ ਭਰਤੀ ਕਰ ਲਿਆ। ਸ. ਸ਼ਾਮ ਸਿੰਘ ਅਟਾਰੀਵਾਲਾ ਨੇ ਵੱਡੀਆਂ ਜੰਗਾਂ ਵਿਚ ਮੂਹਰਲੀਆਂ ਕਤਾਰਾਂ ਵਿਚ ਹੋ ਕੇ ਹਿੱਸਾ ਲੈਣਾ ਸ਼ੁਰੂ ਕੀਤਾ, ਜਿੱਤਾਂ ਤੇ ਵੱਡੇ ਮਾਣ-ਸਨਮਾਨ ਵੀ ਪ੍ਰਾਪਤ ਕੀਤੇ, ਜਿਨ੍ਹਾਂ ਵਿਚ ਮੁਲਤਾਨ ਦੀ ਜੰਗ ਵਿਸ਼ੇਸ਼ ਸੀ।

ਸ. ਸ਼ਾਮ ਸਿੰਘ ਅਟਾਰੀਵਾਲਾ ਨੇ ਜਦੋਂ ਬੰਨੂ ਅਤੇ ਪੇਸ਼ਾਵਰ ਦੀਆਂ ਜੰਗਾਂ ਵਿਚ ਫੌਜਾਂ ਦੀ ਅਗਵਾਈ ਕੀਤੀ, ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਪੋਤਰਾ ਕੰਵਰ ਨੌਨਿਹਾਲ ਸਿੰਘ ਵੀ ਇਨ੍ਹਾਂ ਦੇ ਨਾਲ ਸੀ। ਸ. ਸ਼ਾਮ ਸਿੰਘ ਕੰਵਰ ਨੌਨਿਹਾਲ ਸਿੰਘ ਦੇ ਜੰਗੀ ਯੋਗਦਾਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਪੇਸ਼ਾਵਰ ਦੀ ਜੰਗ ਤੋਂ ਤੁਰੰਤ ਬਾਅਦ ਹੀ ਆਪਣੀ ਬੇਟੀ ਨਾਨਕੀ ਦਾ ਰਿਸ਼ਤਾ ਮਹਾਰਾਜਾ ਰਣਜੀਤ ਸਿੰਘ ਜੀ ਦੀ ਆਗਿਆ ਨਾਲ ਕੰਵਰ ਨੌਨਿਹਾਲ ਸਿੰਘ ਨਾਲ ਕਰ ਦਿੱਤਾ। ਇਨ੍ਹਾਂ ਦਾ ਵਿਆਹ ਮਾਰਚ 1837 ਨੂੰ ਬਹੁਤ ਹੀ ਸ਼ਾਹੀ ਠਾਠ-ਬਾਠ ਨਾਲ ਹੋਇਆ, ਜਿਸ ਵਿਆਹ ਦੀਆਂ ਬਾਤਾਂ ਅੱਜ ਵੀ ਇਤਿਹਾਸ ਦੇ ਪੰਨਿਆਂ ਵਿਚ ਅੰਕਿਤ ਹਨ। ਕੰਵਰ ਨੌਨਿਹਾਲ ਸਿੰਘ ਲਈ ਤਿਆਰ ਕੀਤਾ ਬਹੁ-ਕੀਮਤੀ ਸਿਹਰਾ ਕੰਵਰ ਜੀ ਨੂੰ ਸਜਾਉਣ ਦੀ ਬਜਾਏ, ਮਹਾਰਾਜਾ ਰਣਜੀਤ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕਰ ਦਿੱਤਾ, ਜੋ ਅੱਜ ਵੀ ਤੋਸ਼ਾਖਾਨਾ ਵਿਖੇ ਸੁਸ਼ੋਭਿਤ ਹੈ। ਇਸ ਵਿਆਹ ਵਿਚ ਪੰਜਾਬ ਹੀ ਨਹੀਂ, ਭਾਰਤ ਸਮੇਤ ਦੂਜੇ ਦੇਸ਼ਾਂ ਦੇ ਜਰਨੈਲ ਵੀ ਸ਼ਾਮਿਲ ਹੋਏ। ਸ. ਸ਼ਾਮ ਸਿੰਘ ਨੇ ਬਾਬਾ ਅਟੱਲ ਰਾਏ ਸਾਹਿਬ ਦੀ ਉਪਰਲੀ ਮੰਜ਼ਿਲ ਦੀ ਗਚਕਾਰੀ (ਮੀਨਾਕਾਰੀ) ਦੀ ਸੇਵਾ ਆਪਣੀ ਦੇਖ-ਰੇਖ ਵਿਚ ਕਰਵਾਈ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ 1839 ਤੋਂ 1845 ਤਕ ਸਿੱਖ ਰਾਜ ਲਈ ਬੜਾ ਬਿਖੜਾ ਸਮਾਂ ਸੀ। ਡੋਗਰਿਆਂ ਦੀ ਗਦਾਰੀ ਤੇ ਬੁਰਸ਼ਾਗਰਦੀ ਅਤੇ ਭਰਾ ਮਾਰੂ ਜੰਗ ਤੋਂ ਦੁਖੀ ਸ. ਸ਼ਾਮ ਸਿੰਘ ਅਟਾਰੀਵਾਲੇ ਸਮੇਤ ਬਹੁਤ ਸਾਰੇ ਜਰਨੈਲ ਆਪਣੇ ਘਰਾਂ ਵਿਚ ਬੈਠ ਗਏ। ਇਸ ਦਾ ਪਤਾ ਸ਼ਾਹ ਮੁਹੰਮਦ ਦੀ ਇਸ ਤੁਕ ਤੋਂ ਲਗਦਾ ਹੈ:

'ਸਿਰ ਰਿਹਾ ਨਾ ਫੌਜ ਦੇ ਕੋਈ ਕੁੰਡਾ, ਫਿਰੇ ਸ਼ੁਤਰ ਜੋ ਬਾਝ ਮੁਹਾਰ ਮੀਆਂ,
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁੱਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਅਧੀਨ ਕਰਨ ਲਈ ਕੋਝੇ ਯਤਨ ਕਰਨੇ ਸ਼ੁਰੂ ਕਰ ਦਿੱਤੇ ਅਤੇ ਡੋਗਰਾ ਗੁਲਾਬ ਸਿੰਘ, ਗਦਾਰ ਤੇਜਾ ਸਿੰਘ ਤੇ ਲਾਲ ਸਿੰਘ ਨੇ ਵੀ ਸਾਜ਼ਿਸ਼ ਤਹਿਤ ਪੰਜਾਬ ਨੂੰ ਅੰਗਰੇਜ਼ੀ ਰਾਜ ਦਾ ਹਿੱਸਾ ਬਣਾਉਣ ਲਈ ਅੰਗਰੇਜ਼ਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਅੰਗਰੇਜ਼ਾਂ ਨੇ ਸਤਲੁਜ ਦਰਿਆ ਪਾਰ ਕਰਕੇ ਉਨ੍ਹਾਂ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਜੋ ਸਿੱਖ ਰਾਜ ਦਾ ਹਿੱਸਾ ਸਨ, ਪਰ 1809 ਈਸਵੀ ਦੀ ਸੰਧੀ ਕਾਰਨ ਉਥੇ ਸਿੱਖ ਫੌਜ ਨਹੀਂ ਸੀ। ਅੰਗਰੇਜ਼ਾਂ ਦੀ ਇਸ ਹਰਕਤ ਤੋਂ ਸਿੱਖ ਫੌਜਾਂ ਨੇ ਰੋਹ ਵਿਚ ਆ ਕੇ ਆਪਣੇ ਇਲਾਕੇ ਵਾਪਸ ਲੈਣ ਲਈ ਅੰਗਰੇਜ਼ਾਂ ਨਾਲ ਜੰਗਾਂ ਸ਼ੁਰੂ ਕਰ ਦਿਤੀਆਂ, ਪਰ ਡੋਗਰਿਆਂ ਦੀ ਗਦਾਰੀ ਅਤੇ ਖੁਦਗਰਜ਼ੀ ਕਾਰਨ ਸਿੱਖ ਫੌਜਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਨ੍ਹਾਂ ਜੰਗਾਂ ਵਿਚ ਮੁੱਦਕੀ, ਫੇਰੂ ਸ਼ਹਿਰ ਤੇ ਬੱਦੂਵਾਲ ਦੀਆਂ ਲੜਾਈਆਂ ਸ਼ਾਮਿਲ ਹਨ।

ਜਦ ਫੇਰੂ ਸ਼ਹਿਰ ਦੀ ਹਾਰ ਦੀ ਖਬਰ ਮਹਾਰਾਣੀ ਜਿੰਦਾਂ ਨੂੰ ਮਿਲੀ ਤਾਂ ਉਸ ਨੇ ਸੋਚਿਆ ਕਿ ਸਿੱਖ ਰਾਜ ਦੀ ਸਲਾਮਤੀ ਲਈ ਹੁਣ ਕੌਣ ਸਹਾਰਾ ਬਣ ਸਕਦਾ ਹੈ? ਜੋ ਸਿੱਖ ਰਾਜ ਦੀ ਡੁੱਬਦੀ ਬੇੜੀ ਨੂੰ ਕਿਨਾਰੇ ਲਗਾ ਸਕੇ। ਉਨ੍ਹਾਂ ਦੀ ਨਿਗ੍ਹਾ ਮਹਾਨ ਸਿੱਖ ਜਰਨੈਲ ਸ. ਸ਼ਾਮ ਸਿੰਘ ਅਟਾਰੀਵਾਲੇ 'ਤੇ ਪਈ। ਮਹਾਰਾਣੀ ਨੇ ਇਸ ਅਣਖੀਲੇ ਜਰਨੈਲ ਨੂੰ ਚਿੱਠੀ ਲਿਖੀ ਜਿਸ ਨੂੰ ਸਿੱਖ ਪੰਥ ਦੇ ਮਹਾਨ ਵਿਦਵਾਨ ਗਿਆਨੀ ਸ. ਸੋਹਣ ਸਿੰਘ ਸੀਤਲ ਨੇ ਇਉਂ ਬਿਆਨ ਕੀਤਾ ਹੈ:

'ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ ਬੈਠ ਰਿਹਾ ਕੀ ਚਿੱਤ ਵਿਚ ਧਾਰ ਸਿੰਘਾ,
ਦੋਵੇਂ ਜੰਗ ਮੁੱਦਕੀ ਫੇਰੂ ਸ਼ਹਿਰ ਵਾਲੇ ਸਿੰਘ ਆਏ ਅੰਗਰੇਜ਼ਾਂ ਤੋਂ ਹਾਰ ਸਿੰਘਾ।
ਕਾਹਨੂੰ ਹਾਰਦੇ ਕਿਉਂ ਮੇਹਣੇ ਜੱਗ ਦੇਂਦਾਂ, ਜਿਊਂਦੀ ਹੁੰਦੀ ਜੇ ਅੱਜ ਸਰਕਾਰ ਸਿੰਘਾ,
ਤੇਗ ਸਿੰਘਾਂ ਦੀ ਤਾਂ ਖੁੰਡੀ ਨਹੀਂ ਹੋਈ, ਐਪਰ ਆਪਣੇ ਹੋ ਗਏ ਗਦਾਰ ਸਿੰਘਾ।

ਬੱਸ ਫਿਰ ਕੀ ਸੀ, ਚਿੱਠੀ ਪੜ੍ਹਦਿਆਂ ਸਰਦਾਰ ਦੇ ਖੂਨ ਨੇ ਉਬਾਲਾ ਖਾਧਾ ਤੇ ਪੁਰਾਣੇ ਸਾਥੀਆਂ ਸਮੇਤ ਸਭਰਾਵਾਂ ਦੀ ਜੰਗ ਵਿਚ ਜਾਣ ਲਈ ਤਿਆਰ ਹੋ ਗਏ। ਘਰੋਂ ਤੁਰਨ ਲੱਗਿਆਂ ਪ੍ਰਣ ਕੀਤਾ ਕਿ ਉਹ ਜਿੱਤ ਕੇ ਹੀ ਵਾਪਿਸ ਆਵੇਗਾ। ਜੇ ਜਿੱਤ ਨਾ ਸਕਿਆ ਤੇ ਜਿਊਂਦਾ ਵਾਪਿਸ ਨਹੀਂ ਆਵੇਗਾ। ਜਦ ਤੁਰਨ ਵੇਲੇ ਉਨ੍ਹਾਂ ਦੀ ਧਰਮ ਸੁਪਤਨੀ ਸਰਦਾਰਨੀ ਦੇਸਾਂ ਨੇ ਪੁੱਛਿਆ ਕਿ ਸਰਦਾਰ ਜੀ ਕਦੋਂ ਵਾਪਿਸ ਆਵੋਗੇ ਤਾਂ ਸ. ਸ਼ਾਮ ਸਿੰਘ ਨੇ ਕਿਹਾ ਕਿ ਦੇਸਾਂ ਸ਼ਾਇਦ ਨਾ ਹੀ ਮੁੜਾਂ, ਸ਼ਹਾਦਤ ਅਟੱਲ ਹੈ।

9 ਫਰਵਰੀ 1846 ਨੂੰ ਸਭਰਾਵਾਂ ਦੇ ਮੈਦਾਨ ਵਿਚ ਸਿੱਖ ਫੌਜਾਂ ਨੂੰ ਉਤਸ਼ਾਹਿਤ ਕਰਦਿਆਂ ਸ. ਸ਼ਾਮ ਸਿੰਘ ਨੇ ਕਿਹਾ ਕਿ ਉਹ ਡਟ ਕੇ ਅੰਗਰੇਜ਼ਾਂ ਦਾ ਮੁਕਾਬਲਾ ਕਰਨ ਅਤੇ ਸ਼ੇਰੇ ਪੰਜਾਬ ਵੱਲੋਂ ਸਥਾਪਿਤ ਕੀਤੇ 'ਖਾਲਸਾ ਰਾਜ' ਦੀ ਪਵਿੱਤਰ ਧਰਤੀ 'ਤੇ ਉਨ੍ਹਾਂ ਨੂੰ ਪੈਰ ਨਾ ਰੱਖਣ ਦੇਣ।

10 ਫਰਵਰੀ 1846 ਦਾ ਸੂਰਜ ਚੜ੍ਹਦਿਆਂ ਹੀ ਸ. ਸ਼ਾਮ ਸਿੰਘ ਅਟਾਰੀਵਾਲਾ ਘੋੜੇ 'ਤੇ ਸਵਾਰ ਹੋ ਕੇ ਜੰਗ ਦੇ ਮੈਦਾਨ ਵਿਚ ਜਾ ਡਟੇ ਅਤੇ ਸਿੱਖ ਫੌਜਾਂ ਨੂੰ ਹੱਲਾ-ਸ਼ੇਰੀ ਦਿੰਦੇ ਹੋਏ ਅੱਗੇ ਵਧ ਰਹੇ ਸਨ। ਅੰਗਰੇਜ਼ਾਂ ਦੀਆਂ ਤੋਪਾਂ ਨੇ ਅੱਗ ਵਰ੍ਹਾਉਣੀ ਸ਼ੁਰੂ ਕੀਤੀ। ਅੱਗੋਂ ਸਿੱਖ ਸਿਪਾਹੀਆਂ ਅਤੇ ਜਰਨੈਲਾਂ ਨੇ ਵੀ ਜ਼ੋਰਦਾਰ ਜਵਾਬ ਦਿੱਤਾ, ਜਿਸ ਨਾਲ ਅੰਗਰੇਜ਼ ਫੌਜ ਵਿਚ ਹਾਹਾਕਾਰ ਮੱਚ ਗਈ। ਉਸ ਸਮੇਂ ਅੰਗਰੇਜ਼ਾਂ ਕੋਲ ਪੰਦਰਾਂ ਹਜ਼ਾਰ ਪੈਦਲ ਫੌਜ, ਦਸ ਹਜ਼ਾਰ ਰਸਾਲਾ ਤੇ 120 ਤੋਪਾਂ ਮੌਜੂਦ ਹੋਣ ਦੇ ਬਾਵਜੂਦ ਵੀ ਅੰਗਰੇਜ਼ਾਂ ਦੇ ਪੈਰ ਉਖੜਨ ਲੱਗੇ।

ਜਿਸ ਜੰਗ ਦੇ ਹਲਾਤਾਂ ਨੂੰ ਬਿਆਨ ਕਰਦਿਆਂ, ਸ਼ਾਹ ਮੁਹੰਮਦ ਨੇ ਆਪਣੀ ਕਵਿਤਾ 'ਜੰਗਨਾਮਾ' ਵਿਚ ਇੰਝ ਲਿਖਿਆ ਹੈ:

ਆਈਆਂ ਪੜ੍ਹਤਾਲਾਂ ਬੀੜ ਕੇ ਤੋਪ ਖਾਨੇ, ਅੱਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ,
ਮੇਵਾ ਸਿੰਘ ਤੇ ਮਾਖੇ ਖਾ ਹੋਏ ਸਿੱਧੇ ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀਵਾਲੇ ਬੰਨ੍ਹ ਸ਼ਸ਼ਤਰੀ ਜੋੜ ਵਿਛੋੜ ਸੁੱਟੇ,
ਸ਼ਾਹ ਮੁਹੰਮਦਾ ਸਿੰਘਾ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਜਦ ਜੰਗ ਸਿਖਰਾਂ 'ਤੇ ਪੁੱਜੀ ਤਾਂ ਸਿੱਖਾਂ ਦੀ ਜਿੱਤ ਯਕੀਨੀ ਜਾਪ ਰਹੀ ਸੀ, ਐਨ ਉਸੇ ਵੇਲੇ ਗਦਾਰ ਲਾਲ ਸਿੰਘ ਤੇ ਤੇਜ ਸਿੰਘ ਆਪਣੀ ਫੌਜ ਸਮੇਤ ਬਾਰੂਦ ਦੀਆਂ ਭਰੀਆਂ ਬੋਰੀਆਂ ਅਤੇ ਬੇੜੀਆਂ ਦਾ ਪੁਲ ਸਤਲੁਜ ਦਰਿਆ ਵਿਚ ਰੋੜ ਕੇ ਮੈਦਾਨੇ ਜੰਗ 'ਚੋਂ ਭੱਜ ਨਿਕਲੇ। ਜਿਸ ਦਾ ਖਮਿਆਜ਼ਾ ਸਿੱਖ ਫੌਜ ਨੂੰ ਭੁਗਤਣਾ ਪਿਆ ਤੇ ਖਾਲਸਾ ਫੌਜ ਚੁਫੇਰਿਓਂ ਘਿਰ ਗਈ। ਅੰਗਰੇਜ਼ਾਂ ਨੇ ਹਮਲੇ 'ਤੇ ਹਮਲਾ ਜਾਰੀ ਰੱਖਿਆ ਤੇ ਸਿੰਘਾਂ ਦੀਆਂ ਕੁਝ ਤੋਪਾਂ 'ਤੇ ਕਬਜ਼ਾ ਕਰ ਲਿਆ। ਗੋਲਾ ਬਾਰੂਦ ਮੁੱਕ ਜਾਣ ਕਰਕੇ, ਸ. ਸ਼ਾਮ ਸਿੰਘ ਘੋੜੇ ਨੂੰ ਅੱਡੀ ਲਗਾ ਇਕੱਲੇ ਹੀ ਤਲਵਾਰ ਘੁਮਾਉਂਦੇ ਅੰਗਰੇਜ਼ ਫੌਜਾਂ ਵਿਚ ਜਾ ਵੜੇ ਤੇ ਉਨ੍ਹਾਂ ਦੇ ਆਹੂ ਲਾਹੁਣ ਲੱਗੇ। ਸਰਦਾਰ ਦੇ ਜੋਸ਼ ਅੱਗੇ ਅੰਗਰੇਜ਼ ਫੌਜੀਆਂ ਦੇ ਪੈਰ ਉਖੜ ਰਹੇ ਸਨ। ਪਰ ਅਚਾਨਕ ਦੁਸ਼ਮਣ



ਦੀਆਂ ਗੋਲੀਆਂ ਦੀ ਵਾਛੜ ਹੋਈ ਜਿਸ ਨਾਲ ਸ. ਸ਼ਾਮ ਸਿੰਘ ਅਟਾਰੀਵਾਲਾ 'ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ' ਵਾਲੀ ਪ੍ਰਤਿਗਿਆ ਨੂੰ ਪੂਰਾ ਕਰਦਾ ਹੋਇਆ ਆਖਰੀ ਦਮ ਤੱਕ ਖਾਲਸਾ ਰਾਜ ਦੀ ਸਲਾਮਤੀ ਲਈ ਸ਼ਹਾਦਤ ਦਾ ਜਾਮ ਪੀ ਕੇ ਸਦਾ ਲਈ ਅਮਰ ਹੋ ਗਿਆ। ਸਿੱਖ ਫੌਜੀਆਂ ਨੇ ਆਪਣੇ ਸਰਦਾਰ ਦੀ ਦੇਹ ਦਾ ਉਨ੍ਹਾਂ ਦੇ ਜੱਦੀ ਪਿੰਡ ਅਟਾਰੀ ਵਿਖੇ ਪੂਰੇ ਸਨਮਾਨਾਂ ਨਾਲ ਸਸਕਾਰ ਕੀਤਾ ਅਤੇ ਡੋਗਰਿਆਂ ਦੀ ਗਦਾਰੀ 'ਤੇ ਲਹੂ ਦੇ ਹੰਝੂ ਕੇਰੇ। ਇਸ ਲੜਾਈ ਬਾਰੇ ਅੰਗਰੇਜ਼ ਲਿਖਾਰੀ ਮਿਸਟਰ ਐਲਸਨ ਲਿਖਦਾ ਹੈ:-

'ਜੇ ਸਿੱਖ ਇਥੋਂ ਜਿੱਤ ਜਾਂਦੇ ਤਾਂ ਭਾਰਤ ਅੰਗਰੇਜਾਂ ਹੱਥੋਂ ਨਿਕਲ ਜਾਣਾ ਸੀ'

ਇਸ ਯੁੱਧ ਵਿਚ ਸਰਦਾਰ ਸ਼ਾਮ ਸਿੰਘ ਵੱਲੋਂ ਦਿਖਾਈ ਸੂਰਬੀਰਤਾ ਤੇ ਦ੍ਰਿੜ੍ਹਤਾ, ਅੰਗਰੇਜ਼ਾਂ 'ਤੇ ਇੰਨਾ ਪ੍ਰਭਾਵ ਛੱਡ ਗਈ ਕਿ ਅੰਗਰੇਜ਼ ਅਫਸਰ ਜਦ ਵੀ ਸ. ਸ਼ਾਮ ਸਿੰਘ ਦੀ ਸਮਾਧ (ਅਟਾਰੀ) ਕੋਲੋਂ ਲੰਘਦੇ ਸਨ ਤਾਂ ਸਨਮਾਨ ਵਜੋਂ ਆਪਣਾ ਹੈਟ (ਟੋਪ) ਉਤਾਰ ਕੇ ਸਰਦਾਰ ਨੂੰ ਸਲਿਊਟ ਕਰਕੇ ਲੰਘਦੇ। ਸਿੱਖ ਜਗਤ ਅਜਿਹੇ ਅਣਖੀਲੇ ਜਰਨੈਲ 'ਤੇ ਜਿੰਨਾ ਵੀ ਮਾਨ ਕਰੇ ਥੋੜ੍ਹਾ ਹੈ, ਜਿਨ੍ਹਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਸਤਿਗੁਰ ਅੱਗੇ ਕੀਤੀ ਅਰਦਾਸ ਨੂੰ ਤੋੜ ਨਿਭਾਇਆ।

# ਕੇਂਦਰ ਸਰਕਾਰ ਕੋਲ ਖੇਤੀ ਲਈ ਕੋਈ ਠੋਸ ਨੀਤੀ ਨਹੀਂ

ਕੇਂਦਰ ਸਰਕਾਰ ਨੇ ਸਾਲ 2025-26 ਦਾ ਬਜਟ ਪੇਸ਼ ਕੀਤਾ ਹੈ। ਇਸ ਵਿੱਚ ਦੇਸ਼ ਦੀ ਰੀੜ ਦੀ ਹੱਡੀ ਮੰਨੇ ਜਾਣ ਵਾਲੇ ਖੇਤੀ ਖੇਤਰ ਨੂੰ ਸਰਕਾਰ ਨੇ ਪਹਿਲਾਂ ਗਰੋਥ ਇੰਜਨ ਕਿਹਾ ਹੈ। ਪਰ ਜਦੋਂ ਇਸ ਬਾਰੇ ਘੋਖਦੇ ਹਾਂ ਤਾਂ ਬਹੁਤਾ ਕੁੱਝ ਨਜ਼ਰ ਨਹੀਂ ਆਉਂਦਾ। ਏਥੋਂ ਤੱਕ ਕਿ ਜਿਹੜੇ ਫੈਸਲੇ ਸਰਕਾਰ ਨੇ ਜਨਵਰੀ 2025 ਵਿੱਚ ਲਏ ਸੀ ਉਹਨਾਂ ਨੂੰ ਵੀ ਅੱਗੇ ਨਹੀਂ ਵਧਾਇਆ ਗਿਆ। ਮਿਸਾਲ ਦੇ ਤੌਰ ਤੇ ਸਾਲ 2024-25 ਵਿੱਚ ਡੀਏਪੀ ਲਈ ਰੱਖੇ ਪੈਸੇ ਘੱਟ ਗਏ ਅਤੇ ਵਪਾਰੀਆਂ ਨੇ ਡੀਏਪੀ ਦਰਾਮਦ ਘੱਟ ਕੀਤੀ ਅਤੇ ਨਤੀਜੇ ਵਜੋਂ ਕਣਕ ਦੀ ਬਿਜਾਈ ਵੇਲੇ ਡੀਏਪੀ ਦੀ ਘਾਟ ਆ ਗਈ। ਫਿਰ ਸਰਕਾਰ ਨੇ ਜਨਵਰੀ ਵਿੱਚ ਹੋਰ ਫੰਡ ਦਿੱਤਾ ਤਾਂ ਕਿ ਕਿਸਾਨਾਂ ਨੂੰ ਸਬਸਿਡੀ ਵਾਲੀ ਬੋਰੀ 1350 ਰੁਪਏ ਵਿੱਚ ਮਿਲਦੀ



**ਡਾ. ਅਮਨਪ੍ਰੀਤ ਸਿੰਘ ਬਰਾੜ**
**ਫੋਨ: 96537-90000**

ਰਹੇ। ਪਰ ਉਸ ਵਕਤ ਤੱਕ ਘਾਟ ਕਾਰਨ ਕਿਸਾਨਾਂ ਦਾ ਨੁਕਸਾਨ ਹੋ ਚੁੱਕਿਆ ਸੀ। ਇਸ ਤੋਂ ਸਬਕ ਲੈਣ ਦੀ ਬਜਾਏ ਸਾਲ 2025-26 ਦੇ ਬਜਟ ਵਿੱਚ ਜੋਂ ਖਾਦਾਂ ਲਈ ਫੰਡ ਰੱਖੇ ਗਏ ਹਨ ਉਹ ਸਾਲ 2024-25 ਨਾਲੋਂ 26500.85 ਕਰੋੜ ਰੁਪਏ (17 ਫੀਸਦੀ) ਘੱਟ ਹਨ। ਇਸ ਦਾ ਨਤੀਜਾ ਕੀ ਹੋਵੇਗਾ ਜਾਂ ਤਾਂ ਖਾਦਾਂ ਤੇ ਸਬਸਿਡੀ ਘੱਟ ਕਰਨੀ ਪਵੇਗੀ ਜਾਂ ਫਿਰ ਪਿਛਲੇ ਸਾਲ ਵਾਂਗੂ ਜਦੋਂ ਬਜ਼ਾਰ ਵਿੱਚ ਖਾਦਾਂ ਦੀ ਘਾਟ ਆ ਗਈ ਅਤੇ ਬਲੈਕ ਸ਼ੁਰੂ ਹੋ ਗਈ ਉਦੋਂ ਹੋਰ ਪੈਸਾ ਦਿੱਤਾ ਜਾਵੇਗਾ ਜਦੋਂ ਤੱਕ ਨੁਕਸਾਨ ਹੋ ਚੁੱਕਿਆ ਹੋਵੇਗਾ। ਕਿਉਂਕਿ ਡੀਏਪੀ ਬਹੁਤੀ ਬਾਹਰੋਂ ਮੰਗਵਾਈ ਜਾਦੀ ਹੈ। ਇਸ ਵੇਲੇ ਕੁੱਲ ਲਾਗਤ ਦੀ ਤਕਰੀਬਨ ਅੱਧੀ ਡੀਏਪੀ ਬਾਹਰੋਂ ਮੰਗਵਾਈ ਜਾਂਦੀ ਹੈ ਜਿਹੜੀ ਏਥੇ ਬਣਦੀ ਹੈ ਉਸ ਲਈ ਵੀ ਕਾਫੀ ਮਾਤਰਾ ਵਿੱਚ ਕੱਚਾ ਮਾਲ (ਫਾਸਫੋਰਿਕ ਐਸਿਡ) ਦਰਾਮਦ ਕੀਤਾ ਜਾਂਦਾ ਹੈ।

**ਚੌਲਾਂ ਦੀ ਬਰਾਮਦ:** ਜਨਵਰੀ 2025 ਵਿੱਚ ਸਰਕਾਰਾਂ ਨੇ ਚਿੱਟੇ ਚੌਲ (ਪਰਮਲ) ਬਰਾਮਦ ਕਰਨ ਦਾ ਫੈਸਲਾ ਲਿਆ ਸੀ। ਇਹਨਾਂ ਚੋਲਾਂ ਤੇ ਅਕਤੂਬਰ 2024 ਵਿੱਚ ਬਹੁਤ ਰੌਲਾ ਪਿਆ ਕਿਉਂਕਿ ਪਿਛਲੇ ਚੌਲ ਗੋਦਾਮਾਂ ਤੇ ਸੈਲਰਾਂ ਵਿੱਚ ਚੁੱਕੇ ਨਹੀਂ ਗਏ ਜਿਸ ਕਰਕੇ ਨਵੀਂ ਫਸਲ ਲਈ ਜਗਾ ਨਹੀ ਸੀ। ਐਫ ਸੀ ਆਈ ਦੇ ਗੋਦਾਮਾਂ ਵਿੱਚ ਅਕਤੂਬਰ 2024 ਨੂੰ ਤਕਰੀਬਨ 299 ਲੱਖ ਟੰਨ ਚੌਲ ਪਿਆ ਸੀ ਜਦਕਿ ਨੈਸ਼ਨਲ ਫੂਡ ਸਕਿਉਰਟੀ ਲਈ ਸਿਰਫ 102.5 ਲੱਖ ਟੰਨ ਚਾਹੀਦਾ ਸੀ। ਇਸ ਵਿੱਚ 13 ਲੱਖ ਟੰਨ ਹੋਰ ਮਿਲਾਂ ਤੋਂ ਆਉਣ ਵਾਲਾ ਪਿਆ ਸੀ। ਇਸ ਦਾ ਅਰਥ ਕਿ 209.5 ਲਖ ਟੰਨ ਸਿੱਧਾ ਸਰਪਲੱਸ ਪਿਆ ਸੀ। ਇਸ ਵਿੱਚੋਂ ਸਰਕਾਰ ਨੇ 23 ਲੱਖ ਟੰਨ ਐਥਨੋਲ ਬਣਾਉਣ ਲਈ ਡਿਸਟਿਲਰੀ ਉਦਯੋਗ ਨੂੰ ਦੇਣ ਦਾ ਫੈਸਲਾ ਕੀਤਾ। ਉਸ ਤੋਂ ਬਾਅਦ ਸੂਬਿਆਂ ਨੂੰ ਵੀ ਕਿਹਾ ਗਿਆ ਕਿ ਉਹ ਸਿੱਧੀ ਖਰੀਦ ਐਫ ਸੀ ਆਈ ਤੋਂ ਕਰ ਲੈਣ ਆਪਣੀਆਂ ਸਕੀਮਾਂ ਵਿੱਚ ਚੌਲ ਦੇਣ ਲਈ। ਬਰਾਮਦ ਲੇਟ ਖੋਲ੍ਹੀ ਗਈ। ਇਸ ਖੋਲੀ ਹੋਈ ਬਰਾਮਦ ਵਿੱਚ ਸਰਕਾਰ ਨੇ ਇੱਕ ਮੈਮੋਰੈਡਮ ਆਫ ਅੰਡਰਸਟੈਂਡਿੰਗ ਇੰਡੋਨੇਸ਼ੀਆ ਦੀ ਸਰਕਾਰ ਨਾਲ ਦਸ ਲੱਖ ਟੰਨ, ਪਰਮਲ ਚੌਲ ਭੇਜਣ ਦਾ ਇਕਰਾਰ ਕੀਤਾ ਹੈ। ਇਹ ਚੌਲ ਨੈਸ਼ਨਲ ਕੋਆਪਰੇਟਿਵ ਐਕਸਪੋਰਟ ਲਿਮਟਿਡ ਨੇ ਖੁੱਲ੍ਹੀ ਮੰਡੀ ਵਿਚੋਂ ਖਰੀਦ ਕੇ ਭੇਜਣੇ ਸਨ। ਸਟਾਕ ਦੇ ਹਿਸਾਬ ਨਾਲ ਇਹ ਖੇਪ ਬਹੁਤ ਥੋੜੀ ਹੈ ਜਿਸਦਾ ਕੋਈ ਲਾਭ ਕਿਸਾਨਾਂ ਨੂੰ ਨਹੀਂ ਮਿਲੇਗਾ।

ਇਸ ਸਾਲ ਦੇ ਬਜਟ ਵਿੱਚ ਸਰਕਾਰ ਨੂੰ ਚੌਲਾਂ ਦੀ ਬਰਾਮਦ ਸਬੰਧੀ ਕੋਈ ਨੀਤੀ ਲਿਆਉਣੀ ਚਾਹੀਦੀ ਸੀ ਕਿ ਸਾਡੇ ਕੋਲ ਕਿੰਨੇ ਚੌਲ ਹਨ ਅਤੇ ਅੱਗੋਂ ਜੋਂ ਪੈਦਾਵਾਰ ਹੋਣੀ ਹੈ ਉਸ ਦੀ ਵੰਡ ਏਥਨੋਲ ਅਤੇ ਬਰਾਮਦ ਲਈ ਕਿਵੇਂ ਕਰਨੀ ਹੈ। ਕਿਉਂਕਿ ਚੌਲ ਬਹੁਤੇ ਸਿੰਜਾਈ ਨਾਲ ਬੀਜੇ ਜਾਂਦੇ ਹਨ। ਇਸ ਕਰਕੇ ਇਹਨ੍ਹਾਂ ਦੀ ਪੈਦਾਵਾਰ ਦਾ ਕਾਫੀ ਹੱਦ ਤੱਕ ਠੀਕ ਅੰਦਾਜਾ ਲਾਇਆ ਜਾ ਸਕਦਾ ਹੈ। ਇਸ ਤੋਂ ਅੱਗੇ ਗੱਲ ਇਹ ਵੀ ਹੈ ਕਿ



ਪਾਣੀ ਦੀ ਕਮੀ ਤਕਰੀਬਨ ਸਾਰੇ ਦੇਸ਼ ਵਿੱਚ ਹੀ ਹੈ ਚੌਲ ਮੱਕੀ ਨਾਲੋਂ ਪਾਣੀ ਜਿਆਦਾ ਲੈਂਦੇ ਹਨ। ਜਿਹੜੇ ਚੌਲ ਅਸੀ ਏਥਨੋਲ ਬਣਾਉਣ ਲਈ ਵਰਤਦੇ ਹਾਂ ਕਿਉਂ ਨਾ ਉਹਨੇ ਚੌਲ ਘੱਟ ਪੈਦਾ ਕਰਕੇ ਅਸੀਂ ਮੱਕੀ ਵੱਧ ਪੈਦਾ ਕਰੀਏ ਅਤੇ ਇਸ ਨੂੰ ਨਿਸ਼ਚਿਤ ਭਾਅ ਤੇ ਸਰਕਾਰ ਖਰੀਦ ਕੇ ਡਿਸਟਿਲਰੀ ਵਾਲਿਆ ਨੂੰ ਦੇਵੇ।

ਦਾਲਾਂ ਵਿੱਚ ਆਤਮ ਨਿਰਭਰਤਾ ਲਿਆਉਣ ਲਈ ਅਰਹਰ, ਮਾਂਹ ਅਤੇ ਮਸੂਰ ਦੀਆਂ ਦਾਲਾਂ ਦਾ ਰਕਬਾ ਵਧਾਉਣ ਲਈ ਨੈਫਿਡ ਅਤੇ ਐਨ ਸੀ ਸੀ ਐਫ ਅਗਲੇ ਚਾਰ ਸਾਲਾਂ ਲਈ ਦਾਲਾਂ ਖਰੀਦੂਗੀ, ਕਿਸਾਨ ਉਹਨਾਂ ਨਾਲ ਐਗਰੀਮੈਂਟ ਕਰਨਗੇ। ਇਸ ਵਿੱਚ ਇਕ ਤੀਰ ਨਾਲ ਦੋ ਨਿਸ਼ਾਨੇ ਹਨ। ਇੱਕ ਤਾਂ ਇਹ ਦੱਸਣਾ ਕਿ ਸਰਕਾਰ ਦਾਲਾਂ ਖਰੀਦਦੀ ਹੈ ਦੂਜਾ ਕਿਸਾਨਾਂ ਨੂੰ ਐਗਰੀਮੈਂਟ ਕਰਨ ਦੀ ਆਦਤ ਪਾਉਣੀ 1 ਸਰਕਾਰੀ ਅਤੇ ਪ੍ਰਾਈਵੇਟ ਐਗਰੀਮੈਂਟ ਵਿੱਚ ਬਹੁਤ ਫਰਕ ਹੁੰਦਾ ਹੈ। ਪੰਜਾਬ ਵਿੱਚ ਹੋਣ ਵਾਲੀ ਮੂੰਗੀ ਨੂੰ ਇਸ ਵਿਚੋਂ ਬਾਹਰ ਰੱਖਿਆ ਗਿਆ ਹੈ। ਨੈਸ਼ਨਲ ਮਿਸ਼ਨ ਆਨ ਹਾਈਯੀਲਡਿੰਗ ਸੀਡ ਬਣਾਇਆ ਜਾਏਗਾ ਜਿਸ ਤਹਿਤ ਖੋਜ ਨੂੰ ਤਕੜਾ ਕਰਕੇ ਮੌਸਮ ਅਨਕੂਲ 100 ਨਵੀਆਂ ਬੀਜਾਂ ਦੀਆਂ ਕਿਸਮਾਂ ਤਿਆਰ ਕਰਕੇ ਕਿਸਾਨਾਂ ਨੂੰ ਦੇਣੀਆਂ ਹਨ। ਇਸ ਤਰ੍ਹਾਂ ਪੰਜ ਸਾਲਾਂ ਮਿਸ਼ਨ ਤਹਿਤ ਕਪਾਹ ਤੇ ਨਰਮੇ ਨੂੰ ਵੀ ਮੁੜ ਸੁਰਜੀਤ ਕਰਨ ਲਈ ਮਿਸ਼ਨ ਫਾਰ ਕਾਟਨ ਪ੍ਰੋਡਕਟਿਵਟੀ ਬਣਾਇਆ ਜਾਵੇਗਾ। ਇਸ ਦਾ ਫਾਇਦਾ ਪੰਜਾਬ ਦੇ ਮਾਲਵੇ ਖੇਤਰ ਨੂੰ ਹੋ ਸਕਦਾ ਹੈ।

ਜਿਹੜੇ ਇਲਾਕਿਆ ਵਿੱਚ ਪਾਣੀ ਦੀ ਕਮੀ ਹੈ ਉਥੇ ਵਿਭਿੰਨਤਾ ਦੀ ਕੋਈ ਗੱਲ ਹੀ ਨਹੀਂ ਕੀਤੀ ਗਈ ਹਾਲਾਂਕਿ ਏਥੋਂ ਦੇ ਕਿਸਾਨ ਪਿਛਲੇ ਚਾਰ ਸਾਲਾਂ ਤੋਂ ਫਸਲਾਂ ਦੀ ਉਚਿੱਤ ਕੀਮਤ ਲਈ ਸੰਘਰਸ਼ ਕਰ ਰਹੇ ਹਨ ਕੀ ਇਹ ਠੀਕ ਹੈ ਕਿ ਇਕ ਡੈਮੋਕਰੇਟਿਕ ਦੇਸ਼ ਵਿੱਚ ਕਿਸਾਨ ਸਾਲਾਂ ਬੰਦੀ ਸੰਘਰਸ਼ ਕਰੀ ਜਾਣ ਅਤੇ ਸਰਕਾਰ ਸਮੱਸਿਆ ਹੱਲ ਕਰਨ ਲਈ ਕੋਈ ਰਸਤਾ ਵੀ ਨਾਂ ਕੱਡੇ। ਅੱਜ ਪੰਜਾਬ ਦੇ ਕਿਸਾਨਾਂ ਸਿਰ ਪ੍ਰਾਈਵੇਟ ਅਤੇ ਸਰਕਾਰੀ ਬੈਂਕਾ ਦਾ ਕਰਜ਼ਾ ਇਕ ਲੱਖ ਪੰਜ ਹਜ਼ਾਰ ਕਰੋੜ ਦੇ ਕਰੀਬ ਹੋ ਗਿਆ ਉਸ ਦਾ ਕਾਰਨ ਹੈ ਕਿ ਕਿਸਾਨਾਂ ਦੀ ਉੱਪਜ ਦਾ ਮੁੱਲ ਮਹਿੰਗਾਈ ਦੇ ਹਿਸਾਬ ਨਾਲ ਨਹੀਂ ਵਧਾਇਆ ਜਾਂਦਾ।

**ਬੀਮਾ ਯੋਜਨਾ:-** ਸਰਕਾਰ ਨੇ ਜਨਵਰੀ 2025 ਵਿੱਚ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਅਤੇ ਰੀਸਟਰੱਕਚਰਡ ਮੌਸਮ ਅਧਾਰਿਤ ਫਸਲ ਬੀਮਾਂ ਸਕੀਮ ਵਿੱਚ ਸਾਲ 25-26 ਲਈ ਵਾਧਾ ਕੀਤਾ ਗਿਆ ਹੈ। ਇਸ ਸਕੀਮ ਲਈ ਖਰਚਾ 2021-22 ਦੇ ਮੁਕਾਬਲੇ 3000 ਕਰੋੜ ਰੁਪਿਆ ਵਧਾਇਆ ਗਿਆ ਸੀ। ਮੁੱਖ

*(ਬਾਕੀ ਅਗਲੇ ਸਫੇ ਤੇ)*

# ‘ਬਿਗ ਬੀਅਰ’ ਬੌਕਸਰ ਸੋਨੀ ਲਿਸਟਨ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸੋਨੀ ਲਿਸਟਨ ਨੂੰ ਬੌਕਸਿੰਗ ਦਾ ‘ਬਿਗ ਬੀਅਰ’ ਕਿਹਾ ਜਾਂਦਾ ਸੀ। ਉਹ ਮੁੱਕੇਬਾਜ਼ੀ ਦਾ ਵਿਲੱਖਣ ਵਿਸ਼ਵ ਚੈਂਪੀਅਨ ਸੀ। ਜੁਰਮ ਕਰਨੇ ਤੇ ਜੇਲ੍ਹ ਜਾਣਾ ਉਸ ਦੀ ਆਦਤ ਸੀ। ਮੁੱਕੇਬਾਜ਼ੀ ਦੀ ਮੁੱਢਲੀ ਸਿਖਲਾਈ ਵੀ ਉਸ ਨੂੰ ਜੇਲ੍ਹ ਵਿਚ ਹੀ ਮਿਲੀ ਸੀ। 25 ਸਤੰਬਰ 1962 ਨੂੰ ਉਹ ਹੈਵੀਵੇਟ ਵਰਲਡ ਚੈਂਪੀਅਨ ਫਲੋਏਡ ਪੈਟਰਸਨ ਨੂੰ ਨਾਕ ਆਊਟ ਕਰ ਕੇ ਵਿਸ਼ਵ ਚੈਂਪੀਅਨ ਬਣਿਆ ਸੀ। ਇਹ ਪਹਿਲਾ ਮੌਕਾ ਸੀ ਕਿ ਕੋਈ ਮੌਜੂਦਾ ਹੈਵੀਵੇਟ ਵਰਲਡ ਚੈਂਪੀਅਨ ਤਿੰਨ ਮਿੰਟ ਤੋਂ ਵੀ ਘੱਟ ਸਮੇਂ ’ਚ ਕਿਸੇ ਨਵੇਂ ਮੁੱਕੇਬਾਜ਼ ਹੱਥੋਂ ਨਾਕ ਆਊਟ ਹੋ ਗਿਆ ਹੋਵੇ!

1963 ‘ਚ ਲਿਸਟਨ ਦੁਬਾਰਾ ਵਿਸ਼ਵ ਚੈਂਪੀਅਨ ਬਣਿਆ। 17 ਮਹੀਨੇ ਵਰਲਡ ਟਾਈਟਲ ਉਹਦੇ ਪਾਸ ਰਿਹਾ। ਤੀਜੀ ਵਾਰ ਦਾ ਮੁਕਾਬਲਾ ਉਹ 25 ਸਤੰਬਰ 1964 ਨੂੰ ਕੈਸੀਅਸ ਕਲੇਅ ਤੋਂ ਹਾਰ ਗਿਆ। ਉਦੋਂ ਕੈਸੀਅਸ ਕਲੇਅ ਰੋਮ ਓਲੰਪਿਕਸ ਦਾ ਚੈਂਪੀਅਨ ਸੀ ਪਰ ਅਜੇ ਮੁਸਲਮਾਨ ਬਣ ਕੇ ਮੁਹੰਮਦ ਅਲੀ ਨਹੀਂ ਸੀ ਬਣਿਆ। ਸੋਨੀ ਲਿਸਟਨ ਦੀ ਬਦਕਿਸਮਤੀ ਵੇਖੋ ਕਿ ਉਹ ਜੁਰਮਾਂ ਦੀਆਂ ਸਜ਼ਾਵਾਂ ਭੁਗਤਦਾ ਕੇਵਲ ਚਾਲੀ ਸਾਲ ਹੀ ਜਿਉਂ ਸਕਿਆ। ਉਹਦੀ ਮੌਤ ਭੇਤ-ਭਰੀ ਹਾਲਤ ਵਿਚ ਹੋਈ ਜਿਸ ਬਾਰੇ ਬੜਾ ਕੁਝ ਕਿਹਾ ਤੇ ਲਿਖਿਆ ਗਿਆ।

ਉਹਦਾ ਜਨਮ 8 ਮਈ 1932 ਨੂੰ ਸੇਂਟ ਫਰਾਂਸਿਸ ਕਾਉਂਟੀ, ਅਰਕਾਂਸਸ, ਅਮਰੀਕਾ ਵਿਚ ਟੋਬ ਲਿਸਟਨ ਦੇ ਘਰ ਹੈਲਨ ਬਾਸਕਿਨ ਦੀ ਕੁਖੋਂ ਹੋਇਆ। ਹੈਲਨ, ਟੋਬ ਲਿਸਟਨ ਤੋਂ 30 ਸਾਲ ਛੋਟੀ ਸੀ। ਸੋਨੀ 26 ਭੈਣ ਭਰਾਵਾਂ ‘ਚ 25ਵਾਂ ਬੱਚਾ ਸੀ। ਏਨੇ ਭੈਣ ਭਰਾਵਾਂ ਦਾ ਹੋਣਾ ਹੈਰਾਨੀ ਪਰਗਟ ਕਰਦਾ ਹੈ ਪਰ ਪੂਰਾ ਵੇਰਵਾ ਪੜ੍ਹ ਕੇ ਹੈਰਾਨੀ ਘਟ ਸਕਦੀ ਹੈ। ਹਾਂ, ਇਹ ਤੱਥ ਜ਼ਰੂਰ ਹੈਰਾਨੀ ਪਰਗਟ ਕਰਦਾ ਹੈ ਕਿ ਅਜਿਹੇ ਪਿਛੋਕੜ ਵਾਲਾ ਬੱਚਾ ਵੀ ਵਰਲਡ ਚੈਂਪੀਅਨ ਬਣ ਸਕਦਾ ਹੈ!

ਉਸ ਦਾ ਜਮਾਂਦਰੂ ਨਾਂ ਚਾਰਲਸ ਲਿਸਟਨ ਸੀ। ਕੋਈ ਉਸ ਦੀ ਜਨਮ ਤਾਰੀਖ 1932 ਦੀ ਮੰਨਦਾ ਹੈ, ਕੋਈ 1930 ਦੀ ਤੇ ਕੋਈ ਉਸ ਤੋਂ ਵੀ ਪਹਿਲਾਂ ਦੀ। ਵੇਖਣ ਨੂੰ ਉਹ 1930 ਤੋਂ ਪਹਿਲਾਂ ਦਾ ਹੀ ਜੰਮਿਆ ਲੱਗਦਾ ਸੀ। 1965 ਤਕ ਅਮਰੀਕਾ ਦੀ ਅਰਕਾਂਸਸ ਸਟੇਟ ਵਿਚ ਬੱਚਿਆਂ ਦੇ ਜਨਮ ਸਰਟੀਫਿਕੇਟ ਬਣਵਾਉਣੇ ਲਾਜ਼ਮੀ ਨਹੀਂ ਸਨ। ਸੋਨੀ ਲਿਸਟਨ ਨੇ ਖੁਦ ਦੱਸਿਆ ਸੀ ਕਿ ਉਸ ਪਾਸ ਆਪਣੀ ਜਨਮ ਤਾਰੀਖ ਦਾ ਸਰਟੀਫਿਕੇਟ ਨਹੀਂ ਪਰ ਉਹ ਆਪਣਾ ਜਨਮ 8 ਮਈ 1932 ਨੂੰ ਹੋਇਆ ਮੰਨਦਾ ਹੈ। ਮਰਦਮ ਸ਼ੁਮਾਰੀ ਦੇ ਰਿਕਾਰਡ ਮੁਤਾਬਿਕ ਸੋਨੀ ਲਿਸਟਨ ਦਾ ਜਨਮ 22 ਜੁਲਾਈ 1930 ਨੂੰ ਹੋਇਆ ਹੀ ਵਧੇਰੇ ਮਾਨਤਾ ਪ੍ਰਾਪਤ ਹੈ। ਉਹਦਾ ਦੇਹਾਂਤ 30 ਦਸੰਬਰ 1970 ਨੂੰ ਲਾਸ ਵੇਗਾਸ ਵਿਖੇ ਹੋਇਆ ਪਰ ਉਸ ਦਾ ਪਤਾ 7 ਜਨਵਰੀ 1971 ਨੂੰ ਲੱਗਾ। ਕੋਈ ਮੌਤ ਦਾ ਕਾਰਨ ਨਸ਼ੇ ਦੀ ਓਵਰ ਡੋਜ਼, ਕੋਈ ਖ਼ੁਦਕੁਸ਼ੀ ਤੇ ਕੋਈ ਕਤਲ ਕਹਿੰਦਾ ਰਿਹਾ।

ਸੋਨੀ ਦਾ ਰੰਗ ਸਾਂਵਲਾ ਸੀ, ਵਾਲ ਛੱਲੇਦਾਰ, ਦੰਦ ਚਿੱਟੇ ਮੋਤੀਆਂ ਵਰਗੇ ਤੇ ਜੁੱਸਾ ਮਸਕੂਲਰ ਸੀ। ਕੱਦ 6 ਫੁੱਟ 1 ਇੰਚ, ਭਾਰ 215 ਪੌਂਡ, ਨੱਕ ਮੋਟਾ ਤੇ ਨਾਸਾਂ ਚੌੜੀਆਂ ਸਨ। ਹੱਥਾਂ ਦੀਆਂ ਉਂਗਲਾਂ ਵੀ ਅੰਗੂਠਿਆਂ ਵਾਂਗ ਮੋਟੀਆਂ ਸਨ। ਜਦੋਂ ਮੁੱਠਾਂ ਮੀਚਦਾ ਤਾਂ ਉਹਦੇ ਮੁੱਕੇ ਲੋਹੇ ਦੇ ਗੋਲੇ ਲੱਗਦੇ। ਪੇਸ਼ੇਵਰ ਮੁੱਕੇਬਾਜ਼ ਵਜੋਂ ਉਸ ਨੇ 54 ਭੇੜ ਭਿੜੇ ਜਿਨ੍ਹਾਂ ‘ਚੋਂ 50 ਜਿੱਤੇ, 4 ਹਾਰੇ। ਉਨ੍ਹਾਂ ‘ਚੋਂ 39 ਵਿਰੋਧੀ ਨੂੰ ਨਾਕ ਆਊਟ ਕਰ ਕੇ ਜਿੱਤੇ।

ਸੋਨੀ ਦੇ ਮਾਪੇ ਮੁਜਾਰੇ ਕਿਸਾਨ ਸਨ ਜੋ ਗਰੀਬ ਗੁਜ਼ਾਰਾ ਕਰਦੇ। ਉਹ 1916 ਵਿਚ ਮਿਸੀਸਿਪੀ ਤੋਂ ਅਰਕਾਂਸਸ ਆ ਗਏ ਸਨ। ਅਰਕਾਂਸਸ ਸਟੇਟ ‘ਚ ਉਹ ਜੌਨਸਨ ਟਾਊਨਸ਼ਿਪ ਨੇੜੇ ਸੇਂਟ ਫਰਾਂਸਿਸ ਕਾਊਂਟੀ ‘ਚ ਰਹਿੰਦੇ ਸਨ। ਸੋਨੀ ਦਾ ਪਿਉ ਟੋਬ ਲਿਸਟਨ ਉਦੋਂ ਪੰਜਾਹ ਸਾਲਾਂ ਦੇ ਨੇੜ ਸੀ ਜਦ ਕਿ ਉਹਦੀ ਪਤਨੀ ਹੈਲਨ ਬਾਸਕਿਨ ਵੀਹ ਸਾਲਾਂ ਤੋਂ ਵੀ ਘੱਟ ਸੀ। ਉਦੋਂ ਉਨ੍ਹਾਂ ਦਾ ਦੂਜਾ ਵਿਆਹ ਹੋਇਆ ਸੀ। ਹੈਲਨ ਕੋਲ ਪਹਿਲੇ ਵਿਆਹ ਦਾ 1 ਬੱਚਾ ਸੀ ਜਦ ਕਿ ਟੋਬ ਲਿਸਟਨ ਕੋਲ ਪਹਿਲੇ ਵਿਆਹ ਦੇ 13 ਬੱਚੇ ਸਨ। ਦੂਜੇ ਵਿਆਹ ‘ਚੋਂ ਉਨ੍ਹਾਂ ਦੇ 12 ਬੱਚੇ ਹੋਰ ਪੈਦਾ ਹੋਏ ਜਿਨ੍ਹਾਂ ‘ਚ ਸੋਨੀ 11ਵੇਂ ਥਾਂ ਜੰਮਿਆ। ਇੰਜ 26 ਭੈਣ ਭਰਾਵਾਂ ‘ਚ ਉਹ 25ਵੇਂ ਨੰਬਰ ‘ਤੇ ਸੀ। ਏਡਾ ਵੱਡਾ ਪਰਿਵਾਰ ਕਿਵੇਂ ਪਲਦਾ ਤੇ ਰਹਿੰਦਾ ਹੋਵੇਗਾ, ਅੰਦਾਜ਼ਾ ਆਪੇ ਲਾਇਆ ਜਾ ਸਕਦਾ ਹੈ।



ਟੋਬ ਲਿਸਟਨ ਸਖ਼ਤ ਸੁਭਾਅ ਦਾ ਸ਼ਰਾਬੀ ਬਾਪ ਸੀ। ਉਹ ਅਕਸਰ ਨਿਆਣਿਆਂ ਨੂੰ ਕੁੱਟਦਾ ਰਹਿੰਦਾ। ਸੋਨੀ ਨੂੰ ਸਗੋਂ ਵਧੇਰੇ ਕੁੱਟਦਾ ਮਾਰਦਾ। ਬਾਪ ਦੀ ਕੁੱਟ-ਮਾਰ ਦੇ ਦਾਗ ਸੋਨੀ ਦੇ ਪਿੰਡੇ ‘ਤੇ ਦਹਾਕਿਆਂ ਤਕ ਦਿਸਦੇ ਰਹੇ। ਸ਼ਾਇਦ ਇਹ ਬਚਪਨ ਤੇ ਅੱਲ੍ਹੜ ਅਵਸਥਾ ਦੀ ਕੁੱਟ-ਮਾਰ ਹੀ ਸੀ ਜਿਸ ਨੇ ਸੋਨੀ ਨੂੰ ਜੁਰਮਾਂ ਦੀ ਦੁਨੀਆ ‘ਚ ਦਾਖਲ ਕਰਵਾਇਆ। ਪਹਿਲਾਂ ਉਹ ਜੇਲ੍ਹ ਜਾਣ ਵਾਲਾ ਸਾਧਾਰਨ ਮੁਜਰਮ ਬਣਿਆ, ਫਿਰ ਖ਼ਾਸ। ਖ਼ਾਸ ਗੱਲ ਇਹ ਕਿ ਉਹ ਜੇਲ੍ਹ ‘ਚ ਹੀ ਮੁੱਕੇਬਾਜ਼ੀ ਸਿੱਖ ਕੇ ਵਰਲਡ ਚੈਂਪੀਅਨ ਬਣਿਆ।

1946 ਵਿਚ ਸੋਨੀ ਦੀ ਮਾਂ ਵੱਡੇ ਬੱਚਿਆਂ ਨੂੰ ਲੈ ਕੇ ਫੈਕਟਰੀਆਂ ‘ਚ ਕੰਮ ਕਰਨ ਸੇਂਟ ਲੂਈਸ ਚਲੀ ਗਈ। ਸੋਨੀ ਦੀ ਉਮਰ ਉਦੋਂ ਚੌਦਾਂ ਕੁ ਸਾਲਾਂ ਦੀ ਸੀ। ਉਹ ਹੋਰ ਕੁੱਟ ਖਾਣ ਲਈ ਪਿਉ ਪਾਸ ਹੀ ਰਿਹਾ। ਅਗਲੇ ਸਾਲ ਉਹ ਵੀ ਕਿਰਾਏ ਜੋਗੇ ਪੈਸੇ ‘ਕੱਠੇ ਕਰ ਕੇ ਮਾਂ ਕੋਲ ਚਲਾ ਗਿਆ। ਸੇਂਟ ਲੂਈਸ ਵਿਚ ਉਸ ਨੂੰ ਸਕੂਲੇ ਪੜ੍ਹਨੇ ਪਾਇਆ ਗਿਆ ਪਰ ਉਹ ਪੜ੍ਹਾਈ ‘ਚ ਚੱਲ ਨਾ ਸਕਿਆ। ਸਕੂਲ ਦੀ ਥਾਂ ਉਹ ਬਦਮਾਸ਼ਾਂ ਨਾਲ ਰਲ ਕੇ ਜੁਰਮਾਂ ਦੀ ਦੁਨੀਆ ‘ਚ ਦਾਖਲ ਹੋ ਗਿਆ।

ਇਕ ਗੈਂਗ ਨੇ ਤਕੜਾ ਕੱਦ-ਕਾਠ ਵੇਖਦਿਆਂ ਉਹਨੂੰ ਆਪਣਾ ਆਗੂ ਬਣਾ ਲਿਆ। ਉਹ ਲੁੱਟਾਂ-ਖੋਹਾਂ ਕਰਦੇ ਡਾਕੇ ਮਾਰਨ ਲੱਗੇ। ਇਕ ਡਾਕੇ ‘ਚ ਉਹਦੀ ਪੀਲੀ ਸ਼ਰਟ ਸੋਨੀ ਦੀ ਪਛਾਣ ਬਣ ਗਈ। ਸੇਂਟ ਲੂਈਸ ਦੀ ਪੁਲੀਸ ਨੇ ਉਹਦਾ ਨਾਂ ਹੀ ‘ਯੈਲੋ ਸ਼ਰਟ ਬੈਂਡਿਟ’ ਰੱਖ ਲਿਆ। ਜਨਵਰੀ 1950 ਵਿਚ ਉਸ ਨੂੰ ਇਕ ਡਾਕੇ ‘ਚ ਗ੍ਰਿਫਤਾਰ ਕਰ ਲਿਆ ਗਿਆ। ਉਦੋਂ ਉਸ ਨੇ ਆਪਣੀ ਉਮਰ 20 ਸਾਲ ਦੀ ਥਾਂ 18 ਸਾਲ ਦੱਸੀ। ਉਸ ‘ਤੇ ਚਾਰਜ ਲੱਗੇ, ਮੁਕੱਦਮਾ ਚੱਲਿਆ ਜਿਸ ‘ਚ 5 ਸਾਲ ਕੈਦ ਮਿਲੀ। 1 ਜੂਨ 1950 ਨੂੰ ਉਹ ਮਿਸਊਰੀ ਸਟੇਟ ਦੀ ਮੁਜਰਮ ਸੁਧਾਰ ਜੇਲ੍ਹ ਵਿਚ ਕੈਦ ਕੱਟਣ ਲੱਗਾ। ਇਸ ਤੋਂ ਪਹਿਲਾਂ ਵੀ ਉਹ ਜੇਲ੍ਹ ਯਾਤਰਾ ਕਰ ਚੁੱਕਾ ਸੀ ਤੇ ਮੁੱਕੇਬਾਜ਼ੀ ਦੇ ਮੁੱਢਲੇ ਗੁਰ ਸਿੱਖ ਚੁੱਕਾ ਸੀ।

ਮਸਊਰੀ ਸਟੇਟ ਦੀ ਸਖ਼ਤ ਜੇਲ੍ਹ ‘ਚ ਉਹ ਸਾਊ ਕੈਦੀ ਬਣਿਆ ਰਿਹਾ। ਜੇਲ੍ਹ ਦੇ ਅਥਲੈਟਿਕ ਡਾਇਰੈਕਟਰ ਆਰ.ਏ. ਸਟੀਵਨਜ਼ ਨੇ ਉਸ ਦਾ ਕੱਦ-ਕਾਠ ਵੇਖ ਕੇ ਉਸ ਨੂੰ ਚੈਂਪੀਅਨ ਮੁੱਕੇਬਾਜ਼ ਬਣਨ ਦੀ ਸਲਾਹ ਦਿੱਤੀ। ਸਟੀਵਨਜ਼ ਧਰਮੀ ਬੰਦਾ ਸੀ ਜੋ ਉਸ ਨੂੰ ਸੁਧਾਰਨਾ ਤੇ ਨੇਕ ਇਨਸਾਨ ਬਣਾਉਣਾ ਚਾਹੁੰਦਾ ਸੀ। ਉਸ ਨੇ ਲਿਸਟਨ ਨੂੰ ਪਰਖਣ ਲਈ ਮੁੱਕੇਬਾਜ਼ੀ ਦਾ ਮੁਕਾਬਲਾ ਰੱਖ ਲਿਆ। ਉਸ ਸਮੇਂ ਹੈਵੀਵੇਟ ਮੁਕਾਬਲਿਆਂ ਵਿਚ ਮੁੱਕੇਬਾਜ਼ ਠਰੂਮੈਨ ਵਿਲਸਨ ਦਾ ਬੜਾ ਨਾਂ ਸੀ। ਦੋਹਾਂ ‘ਚ ਸਖਤ ਮੁਕਾਬਲਾ ਸ਼ੁਰੂ ਹੋਇਆ। ਵੇਖਣ ਵਾਲੇ ਸੋਚਦੇ ਸਨ ਕਿ ਮੁਕਾਬਲਾ ਇਕਪਾਸੜ ਹੀ ਹੋਵੇਗਾ। ਪਰ ਦੂਜੇ ਰਾਊਂਡ ‘ਚ ਹੀ ਵਿਲਸਨ ਦੀਆਂ ਚੀਕਾਂ ਨਿਕਲ ਗਈਆਂ ਤੇ ਉਹ ਦੁਹਾਈਆਂ ਦੇਣ ਲੱਗਾ, ‘ਮੈਨੂੰ ਰਿੰਗ ‘ਚੋਂ ਬਾਹਰ ਕੱਢੋ, ਨਹੀਂ ਤਾਂ ਇਹ ਰਿੱਛ ਮੈਨੂੰ ਮਾਰ ਸੁੱਟੇਗਾ!’

ਹੋਣਹਾਰ ਮੁੱਕੇਬਾਜ਼ ਸਿੱਧ ਹੋਣ ਕਾਰਨ 31 ਅਕਤੂਬਰ 1952 ਨੂੰ ਹੀ ਸੋਨੀ ਨੂੰ ਪੈਰੋਲ ਮਿਲ ਗਈ। ਜੇਲ੍ਹੋਂ ਬਾਹਰ ਨਿਕਲ ਕੇ ਕੁਝ ਸਮਾਂ ਉਸ ਨੇ ਸ਼ੌਕੀਆ ਮੁੱਕਬਾਜ਼ੀ ਕੀਤੀ। 6 ਮਾਰਚ 1953 ਨੂੰ ਉਸ ਨੇ 1952 ਦੀਆਂ ਓਲੰਪਿਕ ਖੇਡਾਂ ਦੇ ਹੈਵੀਵੇਟ ਚੈਂਪੀਅਨ ਸੈਂਡਰਜ਼ ਨੂੰ ਹਰਾ ਕੇ ਚੈਂਪੀਅਨਾਂ ਦਾ ਸ਼ਿਕਾਗੋ ਗੋਲਡਨ ਗਲੱਵਜ਼ ਟੂਰਨਾਮੈਂਟ ਜਿੱਤ ਲਿਆ। ਉਹਦੇ ਨਾਲ ਸੋਨੀ ਲਿਸਟਨ ਦੀ ਹੋਰ ਵੀ ਬੱਲੇ-ਬੱਲੇ ਹੋਈ। ਫੇਰ ਜਿਹੜਾ ਵੀ ਉਹਦੇ ਮੂਹਰੇ ਆਉਂਦਾ ਗਿਆ ਨਾਕ ਆਊਟ ਹੋ ਜਾਂਦਾ।

23 ਜੂਨ 1953 ਨੂੰ ਸੇਂਟ ਲੂਈਸ ਦੇ ਸਾਰੇ ਵਜ਼ਨ ਵਰਗਾਂ ਦੇ ਗੋਲਡਨ ਗਲੱਵਜ਼ ਚੈਂਪੀਅਨ ਯੂਐੱਸਏ ਵੱਲੋਂ ਪੱਛਮੀ ਯੂਰਪ ਦੇ ਇਕ ਅੰਤਰਰਾਸ਼ਟਰੀ ਮੁਕਾਬਲੇ ਵਿਚ ਸ਼ਾਮਲ ਹੋਏ। ਲਿਸਟਨ ਨੇ ਪੱਛਮੀ ਜਰਮਨੀ ਦੇ ਪ੍ਰਸਿੱਧ ਮੁੱਕੇਬਾਜ਼ ਹੈਰਮਨ ਨੂੰ 2:16 ਮਿੰਟਾਂ ਵਿਚ ਹੀ ਨਾਕ ਆਊਟ ਕਰ ਦਿੱਤਾ। ਉਹ ਯੂਰਪੀਨ ਚੈਂਪੀਅਨਸ਼ਿਪ ਦਾ ਮੈਡਲਿਸਟ ਸੀ। ਸ਼ੌਕੀਆ ਮੁੱਕੇਬਾਜ਼ੀ ਵਿਚ ਪੈਸੇ ਨਾ ਮਿਲਦੇ ਹੋਣ ਕਰਕੇ ਸੋਨੀ ਕਦੇ ਕਦੇ ਲੁੱਟ-ਮਾਰ ਫਿਰ ਵੀ ਕਰ ਲੈਂਦਾ। ਇਹ ਬਹਿਵਤ ਪਹਿਲਾਂ ਤਾਂ ਉਸ ਦਾ ਡੰਗ ਸਾਰਦੀ ਰਹੀ ਪਰ ਬਾਅਦ ਵਿਚ ਉਹਦੇ ਵਾਰ-ਵਾਰ ਜੇਲ੍ਹ ਜਾਣ ਦਾ ਕਾਰਨ ਵੀ ਬਣਦੀ ਰਹੀ।

ਲਿਸਟਨ ਨੇ ਬਤੌਰ ਪੇਸ਼ਾਵਰ ਮੁੱਕੇਬਾਜ਼ ਪਹਿਲਾ ਭੇੜ 2 ਸਤੰਬਰ 1953 ਨੂੰ ਭਿੜਿਆ ਜਿਸ ਵਿਚ ਨਾਮੀ ਮੁੱਕੇਬਾਜ਼ ਡੌਨ ਸਮਿੱਥ ਨੂੰ ਪਹਿਲੇ ਰਾਊਂਡ ਵਿਚ ਹੀ ਨਾਕ ਆਊਟ ਕਰ ਦਿੱਤਾ। ਉਦੋਂ ਤਕ ਉਹਦਾ ਕੱਦ 6 ਫੁੱਟ 1 ਇੰਚ ਹੋ ਗਿਆ ਤੇ ਜੁੱਸਾ ਵੀ ਪੂਰਾ ਭਰ ਗਿਆ ਸੀ। ਉਹਦੀਆਂ ਮੁੱਠੀਆਂ ਦੀ ਗੁਲਾਈ 15 ਇੰਚ ਹੋ ਗਈ ਸੀ ਜੋ ਹੋਰਨਾਂ ਹੈਵੀਵੇਟ ਮੁੱਕੇਬਾਜ਼ਾਂ ਤੋਂ ਵੱਧ ਸੀ। ਉਸ ਦੀ ਮੁੱਕਾ ਮਾਰਨ ਦੀ ਪਹੁੰਚ ਵੀ ਸਭ ਤੋਂ ਵੱਧ 84 ਇੰਚ ਤੱਕ ਸੀ। 7 ਸਤੰਬਰ 1954 ਨੂੰ ਬੇਸ਼ਕ ਉਹ ਮਾਰਟੀ ਮਾਰਸ਼ਲ ਤੋਂ ਹਾਰਿਆ ਵੀ ਪਰ 21 ਅਪ੍ਰੈਲ 1955 ਨੂੰ ਉਸ ਨੂੰ ਹਰਾਇਆ ਵੀ। ਉਨ੍ਹਾਂ ਵਿਚਕਾਰ ਤੀਜਾ ਮੁਕਾਬਲਾ 6 ਮਾਰਚ 1956 ਨੂੰ ਹੋਇਆ ਜੋ ਫਿਰ ਲਿਸਟਨ ਨੇ ਜਿੱਤਿਆ।

5 ਮਈ 1956 ਨੂੰ ਲਿਸਟਨ ਇਕ ਪੁਲੀਸਮੈਨ ਨਾਲ ਝਗੜਾ ਕਰ ਬੈਠਾ। ਉਸ ਦੀ ਬੰਦੂਕ ਖੋਹ ਲਈ ਤੇ ਉਸ ਨੂੰ ਜ਼ਖਮੀ ਦਿੱਤਾ। ਉਸ ਜੁਰਮ ਬਦਲੇ ਲਿਸਟਨ ਨੂੰ 9 ਮਹੀਨਿਆਂ ਦੀ ਜੇਲ੍ਹ ਹੋਈ ਪਰ 6 ਮਹੀਨਿਆਂ ਬਾਅਦ ਹੀ ਪੈਰੋਲ ‘ਤੇ ਬਾਹਰ ਆ ਗਿਆ। ਫਿਰ ਉਹ ਸੇਂਟ ਲੂਈਸ ਛੱਡ ਕੇ ਫਿਲਾਡੈਲਫੀਆ ਚਲਾ ਗਿਆ। 1958 ‘ਚ ਉਹ ਫਿਰ ਮੁੱਕੇਬਾਜ਼ੀ ‘ਚ ਸਰਗਰਮ ਹੋ ਗਿਆ। ਉਸ ਸਾਲ ਉਸ ਨੇ 8 ਮੁਕਾਬਲੇ ਲੜੇ ਜਿਨ੍ਹਾਂ ‘ਚੋਂ 6 ਨਾਕ ਆਊਟ ਨਾਲ ਜਿੱਤੇ। 1959 ‘ਚ ਉਸ ਨੇ ਕਹਿੰਦੇ ਕਹਾਉਂਦੇ ਮੁੱਕੇਬਾਜ਼ਾਂ ਮਾਈਕ ਡੀਜੌਹਨ ਤੇ ਕਲੀਵਲੈਂਡ ਵਿਲੀਅਮਜ਼ ਵਰਗਿਆਂ ਦੀ ਗੋਡੀ ਲੁਆ ਦਿੱਤੀ। 1960 ‘ਚ ਕਈ ਵੱਡੇ ਭੇੜ ਜਿੱਤੇ। 7 ਸਤੰਬਰ 1960 ਨੂੰ ਈਡੀ ਮੈਕਨ ਹਰਾਇਆ। ਹੁਣ ਉਹਦੇ ਮੂਹਰੇ ਗੋਰੇ ਰੰਗ ਦਾ ਹੈਵੀਵੇਟ ਵਿਸ਼ਵ ਚੈਂਪੀਅਨ ਫਲੋਇਡ ਪੈਟਰਸਨ ਸੀ ਜੋ ਸਾਂਵਲੀ ਨਸਲ ਦੇ ਲਿਸਟਨ ਦੇ ਮੁਜਰਮਾਨਾ ਕਾਰਿਆਂ ਤੋਂ ਕੰਨ ਭੰਨਦਾ ਸੀ। ਪਰ ਮੀਡੀਆ ਗੋਰੇ-ਕਾਲੇ ਦੀ ਫਾਈਟ ਲਈ ‘ਚੁੱਕ’ ਦੇ ਰਿਹਾ ਸੀ।

ਜਨਵਰੀ 1962 ਵਿਚ ਪੈਟਰਸਨ ਸਲਾਹ ਲੈਣ ਲਈ ਅਮਰੀਕਾ ਦੇ ਪ੍ਰਧਾਨ ਜੌਹਨ ਐੱਫ ਕਨੇਡੀ ਨੂੰ ਮਿਲਿਆ। ਕਨੇਡੀ ਨੇ ਵੀ ਸਲਾਹ ਦਿੱਤੀ ਕਿ ਉਹ ਮੁਜਰਮ ਮੁੱਕੇਬਾਜ਼ ਨਾਲ ਨਾ ਲੜੇ। ਪਰ ਉਨ੍ਹਾਂ ਦਾ ਮੁਕਾਬਲਾ ਟਾਲਿਆ ਨਾ ਜਾ ਸਕਿਆ। ਇੰਜ ਸੋਨੀ ਲਿਸਟਨ 25 ਸਤੰਬਰ 1962 ਨੂੰ ਉਦੋਂ ਦੇ ਮਾਨਤਾ ਪ੍ਰਾਪਤ ਹੈਵੀਵੇਟ ਵਿਸ਼ਵ ਚੈਂਪੀਅਨ ਫਲੋਏਡ ਪੈਟਰਸਨ ਨੂੰ ਨਾਕ ਆਊਟ ਕਰ ਕੇ ਪਹਿਲੀ ਵਾਰ ਵਰਲਡ ਬੌਕਸਿੰਗ ਚੈਂਪੀਅਨ ਬਣਿਆ। ਰਹਿੰਦੀ ਕਸਰ ਉਸ ਨੇ 1963 ‘ਚ ਦੂਜੀ ਵਾਰ ਵਿਸ਼ਵ ਚੈਂਪੀਅਨ ਬਣ ਕੇ ਕੱਢ ਦਿੱਤੀ। 1964 ‘ਚ ਜਦੋਂ ਮੁਹੰਮਦ ਅਲੀ ਨੇ ਉਸ ਨੂੰ ਹਰਾਇਆ ਤਾਂ ਚਰਚਾ ਚੱਲੀ ਕਿ ਮੁਕਾਬਲੇ ਤੋਂ ਪਹਿਲੀ ਰਾਤ ਸੋਨੀ ਨੇ ਰੱਜ ਕੇ ਸ਼ਰਾਬ ਪੀਤੀ ਸੀ ਜਿਸ ਕਾਰਨ ਉਹ ਨਿਢਾਲ ਸੀ। ਸੱਜਾ ਮੋਢਾ ਕਸਰਿਆ ਹੋਇਆ ਸੀ। 1965 ‘ਚ ਉਹ ਮੁਹੰਮਦ ਅਲੀ ਤੋਂ ਦੂਜੀ ਵਾਰ ਹਾਰਿਆ ਤਾਂ ਚਰਚਾ ਇਹ ਵੀ ਚੱਲੀ ਕਿ ਮੈਚ ‘ਫਿਕਸ’ ਸੀ। ਉਹ 1970 ਤਕ ਜਿੱਤਾਂ ਜਿੱਤਦਾ ਸਰਗਰਮ ਮੁੱਕੇਬਾਜ਼ ਰਿਹਾ।

ਮੁੱਕੇਬਾਜ਼ੀ ‘ਚ ਧੁੰਮਾਂ ਪਾਉਣ ਵਾਲੇ ਵਰਲਡ ਚੈਂਪੀਅਨ ਸੋਨੀ ਲਿਸਟਨ ਦਾ ਅੰਤ ਬੜਾ ਦੁਖਾਂਤਕ ਹੋਇਆ। ਉਸ ਦੀ ਪਤਨੀ ਜੇਰਲਡਾਈਨ, ਨੇਵਾਡਾ ਵਾਲੀ ਰਿਹਾਇਸ਼ ਤੋਂ ਬਾਹਰ ਗਈ ਹੋਈ ਸੀ। ਉਹ ਬਾਰਾਂ ਦਿਨਾਂ ਬਾਅਦ 5 ਜਨਵਰੀ 1971 ਨੂੰ ਘਰ ਪਰਤੀ ਤਾਂ ਪਤੀ ਮਰਿਆ ਪਿਆ ਸੀ। ਪੁਲੀਸ ਨੇ ਪੜਤਾਲ ਕੀਤੀ ਤਾਂ ਘਰ ‘ਚ ਹੈਰੋਇਨ ਦੇ ਪੈਕਟ ਤੇ ਸਰਿੰਜ ਮਿਲੀ। ਲਿਸਟਨ ਦੀ ਨਾੜ ਉਤੇ ਸੂਈ ਦਾ ਨਿਸ਼ਾਨ ਵੀ ਪਿਆ ਹੋਇਆ ਸੀ। ਪੁਲੀਸ ਦੀ ਪੜਤਾਲ ਇਸ ਸਿੱਟੇ ‘ਤੇ ਪੁੱਜੀ ਕਿ ਸਾਬਕਾ ਵਰਲਡ ਚੈਂਪੀਅਨ ਹੈਰੋਇਨ ਦੀ ਓਵਰ ਡੋਜ਼ ਨਾਲ ਮਰਿਆ। ਪਰ ਮੌਤ ਦੇ ਆਫੀਸ਼ੀਅਲ ਸਰਟੀਫਿਕੇਟ ਵਿਚ ਲਿਸਟਨ ਦੀ ਮੌਤ ਫੇਫੜੇ ਤੇ ਦਿਲ ਫੇਲ੍ਹ ਹੋਣ ਕਾਰਨ ਦਰਜ ਕੀਤੀ ਗਈ। ਅਫ਼ਵਾਹਾਂ ਤਾਂ ਇਹ ਵੀ ਉੱਡੀਆਂ ਕਿ ਹੋ ਸਕਦੈ ਕਿਸੇ ਨੇ ਉਹਦਾ ਕਤਲ ਕਰ ਦਿੱਤਾ ਹੋਵੇ! ਜੁਰਮ ਦੀ ਦੁਨੀਆ ਵਿਚ ਕੁਝ ਵੀ ਹੋ ਸਕਦੈ।

**ਸੋਨੀ ਲਿਸਟਨ ਦਾ ਵਿਆਹ 3 ਸਤੰਬਰ 1957 ਨੂੰ ਸੇਂਟ ਲੂਈਸ ਵਿਖੇ ਜੇਰਲਡਾਈਨ ਚੈਂਬਰਜ਼ ਨਾਲ ਹੋਇਆ ਸੀ। ਜੇਰਲਡਾਈਨ ਕੋਲ ਪਹਿਲੇ ਵਿਆਹ ਦੀ ਇਕ ਧੀ ਸੀ। ਸੋਨੀ ਲਿਸਟਨ ਨੇ ਵੀ ਸਵੀਡਨ ਤੋਂ ਇਕ ਬੱਚਾ ਗੋਦ ਲੈ ਲਿਆ। ਸੋਨੀ ਲਿਸਟਨ ਦੇ ਜੀਵਨੀਕਾਰ ਪਾਲ ਗਲੈਂਡਰ ਨੇ ਤਾਂ ਇਹ ਵੀ ਲਿਖਿਆ ਕਿ ਉਸ ਦੇ ਪਤਨੀ ਬਾਹਰੇ ਕੁਝ ਬੱਚੇ ਹਨ। ਉਸ ਦੀ ਪਤਨੀ ਦਾ ਕਹਿਣਾ ਹੈ ਕਿ ਉਸ ਦਾ ਪਤੀ ਭਲਾ ਪੁਰਸ਼ ਸੀ ਜਿਸ ਨਾਲ ਉਸ ਨੇ ਬੜੇ ਚੰਗੇ ਦਿਨ ਕੱਟੇ। ਉਹ ਬੱਚਿਆਂ ਨੂੰ ਬੜਾ ਪਿਆਰ ਕਰਦਾ ਸੀ। ਉਹ ਬੇਸ਼ਕ ਅਨਪੜ੍ਹ ਸੀ ਪਰ ਸਮਝਦਾਰ ਸੀ। ਉਹ ਉਲਝੇ ਸੁਭਾਅ ਦਾ ਦਿਲਚਸਪ ਬੰਦਾ ਸੀ। ਮੁੱਕੇਬਾਜ਼ ਜੋਜ਼ੇ ਟੋਰਸ ਦਾ ਕਹਿਣਾ ਹੈ ਕਿ ਉਸ ਨੇ ਕੋਈ ਅਥਲੀਟ, ਬੇਸਬਾਲ, ਬਾਸਕਟਬਾਲ ਜਾਂ ਫੁੱਟਬਾਲ ਦਾ ਖਿਡਾਰੀ ਸੋਨੀ ਲਿਸਟਨ ਤੋਂ ਸਮਾਰਟ ਤੇ ਸਮਝਦਾਰ ਨਹੀਂ ਵੇਖਿਆ!**

**‘ਰਿੰਗ ਮੈਗਜ਼ੀਨ’ ਨੇ ਉਸ ਨੂੰ ਸਰਬ ਸਮਿਆਂ ਦੇ ਮਹਾਨਤਮ ਮੁੱਕੇਬਾਜ਼ਾਂ ਵਿਚ ਦਸਵੇਂ ਸਥਾਨ, ਮੁੱਕੇਬਾਜ਼ੀ ਦੇ ਪ੍ਰੌੜ ਲੇਖਕ ਹਰਬ ਗੋਲਡਮੈਨ ਨੇ ਦੂਜੇ ਸਥਾਨ ’ਤੇ ‘ਸਪੋਰਟਸ ਇਲੱਸਟ੍ਰੇਟਿਡ’ ਦੇ ਸੀਨੀਅਰ ਐਡੀਟਰ ਰਿਚਰਡ ਓਬਰਾਈਨ ਨੇ ਤੀਜੇ ਸਥਾਨ ’ਤੇ ਰੱਖਿਆ ਹੈ। ‘ਸਪੋਰਟਸ ਸਟਾਰ’ ਦੇ ਐਲਫੀ ਪੌਟਸ ਹਾਰਮਰ ਨੇ ਹੈਵੀਵੇਟ ਮੁੱਕੇਬਾਜ਼ਾਂ ’ਚ ਤੀਜੇ ਤੇ ਸਭਨਾਂ ਵਜ਼ਨ ਵਰਗਾਂ ਦੇ ਮੁੱਕੇਬਾਜ਼ਾਂ ਵਿਚ ਛੇਵੇਂ ਸਥਾਨ ਦਾ ਮੁੱਕੇਬਾਜ਼ ਮੰਨਿਆ ਹੈ। ਸੋਨੀ ਲਿਸਟਨ ਦੀ ਮੌਤ ਤੋਂ 20 ਸਾਲ ਬਾਅਦ 1991 ’ਚ ਉਸ ਦਾ ਨਾਂ ਇੰਟਰਨੈਸ਼ਨਲ ਬੌਕਸਿੰਗ ਹਾਲ ਵਿਚ ਸਥਾਪਿਤ ਕੀਤਾ ਗਿਆ। ਉਸ ਦੀ ਕਬਰ ਲਾਸ ਵੇਗਾਸ, ਨੇਵਾਡਾ ਦੇ ਪੈਰਾਡਾਈਜ਼ ਮੈਮੋਰੀਅਲ ਗਾਰਡਨਜ਼ ਵਿਚ ਹੈ ਜਿਥੇ ਕੋਈ ਮੇਲਾ ਤਾਂ ਭਾਵੇਂ ਨਹੀਂ ਭਰਦਾ ਪਰ ਉਸ ਦੇ ਪ੍ਰਸ਼ੰਸਕ ਫੁੱਲ ਭੇਟਾ ਕਰਨ ਅਜੇ ਵੀ ਆਉਂਦੇ ਜਾਂਦੇ ਹਨ। ਉਹ ਉਸ ਨੂੰ ਮੁਜਰਮ ਪੱਖੋਂ ਘੱਟ, ਵਰਲਡ ਚੈਂਪੀਅਨ ਪੱਖੋਂ ਵੱਧ ਯਾਦ ਕਰਦੇ ਹਨ।**

---

*(ਪਿਛਲੇ ਸਫੇ ਦਾ ਬਾਕੀ)*

ਬਜਟ ਵਿੱਚ ਫਿਰ 3905 ਕਰੋੜ ਰੁਪਏ ਬੀਮੇ ਲਈ ਘਟਾ ਦਿੱਤੇ ਹਨ।

ਨਵੀ ਸਕੀਮ ਨੂੰ ਲਾਗੂ ਕਰਨ ਲਈ ਨਵੇਂ ਰਿਮੋਟ ਸੈਸਿੰਗ ਕੇਂਦਰ ਜਿਹਨਾਂ ਨੂੰ ਮੌਸਮ ਜਾਣਕਾਰੀ ਅਤੇ ਨੈੱਟਵਰਕ ਡਾਟਾ ਸਿਸਟਮ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਵਿੱਚ ਖੋਲ੍ਹੇ ਜਾਣਗੇ। ਉਹਨਾਂ ਵਿੱਚ ਨਵੀਂ ਤਕਨੀਕ ਦੇ ਉਪਕਰਨ ਲਾਉਣ ਲਈ 824.77 ਕਰੋੜ ਸਰਕਾਰ ਲਾਵੇਗੀ। ਇਸ ਲਈ ਫੰਡ ਫਾਰ ਇੰਨੋਵੇਸ਼ਿਨ ਐਂਡ ਟੈਕਨੋਲੋਜੀ ਪ੍ਰੋਗਰਾਮ ਵਿੱਚੋਂ ਮੁਹੱਈਆ ਕਰਵਾਏ ਜਾਣਗੇ। ਝਾੜ ਦਾ ਅੰਦਾਜਾ ਉੱਪਜ ਅਨੁਮਾਨ ਸਿਸਟਮ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ ਲਗਾਇਆ ਜਾਵੇਗਾ। ਉਪਕਰਨਾਂ ਦੇ ਜਰੀਏ ਮੌਸਮ ਪ੍ਰਤੀ ਕੰਪਨੀਆਂ ਨੂੰ ਸੁਚੇਤ ਕੀਤਾ ਜਾਏਗਾ ਅਤੇ ਨੁਕਸਾਨ ਦਾ ਅੰਦਾਜਾ ਵੀ ਲਾਇਆ ਜਾਵੇਗਾ। ਅਸਲ ਵਿੱਚ ਇਸ ਵਿਚੋਂ ਕਿਸਾਨਾਂ ਨੂੰ ਕੋਈ ਬਹੁਤਾ ਲਾਭ ਹੁੰਦਾ ਨਜ਼ਰ ਨਹੀਂ ਆਉਂਦਾ ਕਿਉਂ ਕਿ ਅੱਜ ਵੀ ਜੋ ਮੌਸਮ ਦੀ ਜਾਣਕਾਰੀ ਆਉਂਦੀ ਹੈ ਉਹ ਤਕਰੀਬਨ 90 ਤੋਂ 95% ਠੀਕ ਹੁੰਦੀ ਹੈ। ਜੇ ਫਸਲ ਗਰਮੀ ਜਾਂ ਘੱਟ ਬਾਰਸ਼ ਹੋਣ ਨਾਲ ਝਾੜ ਘੱਟ ਦਿੰਦੀ ਹੈ ਤਾਂ ਕਿਸਾਨ ਨੂੰ ਵੱਧ ਤੋਂ ਵੱਧ ਮੁਆਵਜਾ 2600 ਰੁਪਏ ਪ੍ਰਤੀ ਏਕੜ ਰੱਖਿਆ ਹੈ। ਜੇ ਗੜਿਆਂ ਜਾਂ ਹੜ੍ਹਾਂ ਦੇ ਖਰਾਬੇ ਦਾ ਬੀਮਾਂ ਨਾਲ ਕਰਵਾਉਣਾ ਹੈ ਤਾਂ ਉਸ ਦਾ ਪ੍ਰੀਮਅਮ ਵੱਧ ਦੇਣਾ ਪਵੇਗਾ ਅਤੇ ਮੁਆਵਜਾ ਵੱਧ ਤੋਂ ਵੱਧ 4000 ਹਜ਼ਾਰ ਪ੍ਰਤੀ ਏਕੜ ਹੈ।

ਇਸ ਸਕੀਮ ਦਾ ਪੰਜਾਬ, ਹਰਿਆਣਾ, ਪੱਛਮੀ ਯੂਪੀ ਜਾ ਹੋਰ ਸੂਬਿਆਂ ਵਿੱਚ ਜਿੱਥੇ ਸਿੰਜਾਈ ਦੇ ਸਾਧਨ ਹਨ ਅਤੇ ਖੇਤੀ ਚੰਗੀ ਹੁੰਦੀ ਉਹਨਾਂ ਲਈ ਕੋਈ ਲਾਭ ਨਹੀ। ਕਿਉਂਕਿ ਇੰਨਸ਼ੋਰੈਸ ਕੰਪਨੀਆਂ ਦਾ ਮੁਆਵਜਾ ਹੀ ਉਥੋ ਸ਼ੁਰੂ ਹੁੰਦਾ ਜਿਥੋ ਤੱਕ ਅਗਾਹ ਵਧੂ ਕਿਸਾਨ ਫਸਲ ਦਾ ਝਾੜ ਘੱਟਣ ਹੀ ਨਹੀਂ ਦਿੰਦੇ ਜਦ ਤੱਕ ਪੱਕੀ ਫਸਲ ਤੇ ਗੜ੍ਹੇ ਨਾ ਪੈਣ ਜਾਂ ਬਿਜਲੀ ਦੀਆਂ ਤਾਰਾ ਜੁੜ ਕੇ ਪੱਕੀ ਫਸਲ ਨੂੰ ਅੱਗ ਨਾ ਲੱਗ ਜਾਵੇ। ਜੇ 2023 ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ ਪੜ੍ਹਿਆ ਜਾਵੇ ਤਾਂ ਉਹ ਸਾਰੀ ਦੀ ਸਾਰੀ ਬੀਮਾ ਕੰਪਨੀਆਂ ਨੂੰ ਫਾਇਦਾ ਦੇਣ ਵਾਲੀ ਹੈ ਅਤੇ ਆਮ ਬੰਦੇ ਦੇ ਸਮਝ ਵਿੱਚ ਆਉਣ ਵਾਲੀ ਨਹੀਂ ਖਾਸ ਕਰਕੇ ਉਹ ਮੱਦ ਜਿਹੜੀ ਫਸਲ ਦੇ ਖਰਾਬੇ ਨਾਲ ਸਬੰਧਤ ਹੈ ਅਤੇ ਜਿਸ ਅਧਾਰ ਤੇ ਮੁਆਵਜਾ ਮਿਲਦਾ ਹੈ।

ਇਕ ਗੱਲ ਹੋਰ ਕਿਸਾਨਾਂ ਦੇ ਧਿਆਨ ਯੋਗ ਹੈ ਕਿ ਜਿਸ ਸੂਬੈ ਵਿੱਚ ਇਹ ਯੋਜਨਾ ਲਾਗੂ ਹੈ ਅਤੇ ਕਿਸਾਨ ਨੇ ਫਸਲ ਲਈ ਕਰਜ਼ਾ ਲਿਆ ਹੈ ਜੇ ਉਹ ਕਿਸਾਨ ਯੋਜਨਾ ਲਾਗੂ ਹੋਣ ਤੋਂ ਇਕ ਹਫਤਾ ਪਹਿਲਾਂ ਬੈਂਕ ਨੂੰ ਲਿਖ ਕੇ ਨਹੀਂ ਦਿੰਦਾ ਕਿ ਮੈਂ ਬੀਮਾ ਸਕੀਮ ਵਿੱਚ ਸ਼ਾਮਲ ਨਹੀਂ ਹੋਣਾ ਤਾਂ ਉਸ ਨੂੰ ਆਪਣੇ-ਆਪ ਹੀ ਸ਼ਾਮਿਲ ਸਮਝਿਆ ਜਾਵੇਗਾ। ਦੂਜਾ ਜੇ ਕਿਸਾਨ ਦਾ ਬੈਂਕ ਕਰਜ਼ਾ ਬਕਾਇਆ ਹੈ ਤਾਂ ਉਸ ਦੀ ਪਾਲਸੀ ਖਤਮ ਹੋ ਜਾਂਦੀ ਹੈ। ਇਸ ਸਾਲ ਸਰਕਾਰ ਨੇ ਕਿਸਾਨ ਕਰੈਡਿਟ ਕਾਰਡ ਤੇ ਕਰਾਪ ਲੋਨ ਦੀ ਕਰਜ਼ਾ ਹੱਦ 3 ਲੱਖ ਤੋਂ 5 ਲੱਖ ਕੀਤੀ ਹੈ। ਤਿੰਨ ਲੱਖ ਦੀ ਹੱਦ 2006-07 ਵਿੱਚ ਮਿੱਥੀ ਗਈ। ਜੇ ਮਹਿੰਗਾਈ ਦੇ ਹਿਸਾਬ ਨਾਲ ਲਾਈਏ ਤਾਂ ਇਹ ਅੰਕੜਾ 2006-07 ਵਿੱਚ 117 ਤੋਂ ਵੱਧ ਕੇ 2024-25 ਵਿੱਚ 363 ਹੋ ਗਿਆ ਭਾਵ ਇਹ ਹੱਦ ਹੁਣ 3 ਲੱਖ ਤੋਂ ਵੱਧ ਕੇ 9 ਲੱਖ ਹੋਣੀ ਚਾਹੀਦੀ ਸੀ। ਪਰ 5 ਲੱਖ ਦੀ ਲਿਮਟ ਦਾ ਫਾਇਦਾ ਵੀ ਸਿਰਫ 10 ਫੀਸਦੀ ਕਿਸਾਨਾਂ ਨੂੰ ਹੀ ਮਿਲੇਗਾ ਜਿਹੜੇ ਕਰਜ਼ੇ ਦਾ ਭੁਗਤਾਨ ਵਕਤ ਸਿਰ ਕਰਦੇ ਹਨ। ਦੂਜੇ ਪਾਸੇ ਐਮ ਐਸ ਪੀ ਜਿਹੜੀ ਲਾਗਤ ਮੁੱਲ ਨਾਲ ਕੱਡੀ ਜਾਦੀ ਹੈ ਸਰਕਾਰ ਉਸ ਤੇ ਪਤਾ ਨਹੀਂ ਕਿਉਂ ਨਹੀਂ ਗੱਲ ਕਰ ਰਹੀ ਜਦ ਕੇ ਲਾਗਤ ਮੁੱਲ ਤੇ ਲਾਭ ਲੈਣਾ ਹਰ ਪੈਦਾਵਾਰ ਕਰਨ ਵਾਲੇ ਦਾ ਹੱਕ ਹੈ ਅਤੇ ਕਿਸਾਨਾਂ ਤੋਂ ਬਿਣਾ ਹਰ ਕੋਈ ਇਹ ਲੈਂਦਾ ਵੀ ਹੈ ਅਤੇ ਉਸ ਨੂੰ ਮਿਲਦਾ ਵੀ ਹੈ। ਕੁੱਲ ਮਿਲਾ ਕਿ ਇਹ ਲੱਗਦਾ ਹੈ ਕਿ ਕਿਸਾਨਾਂ ਦੀ ਤਪੱਸਿਆ ਅਜੇ ਪੂਰੀ ਨਹੀਂ ਹੋਈ।

## ਲੋਕ ਵੇਦਨਾ

# ਵਿਵਸਥਾ ਨੂੰ ਸੁਆਲ ਕਰਨ ਦੀ ਵਿਰਾਸਤ

**ਪੰਜਾਬੀਆਂ ਵਲੋਂ ਵਿਵਸਥਾ ਨੂੰ ਸੁਆਲ ਕਰਨ ਦੀਆਂ ਬਹੁਤ ਸ਼ਕਤੀਸ਼ਾਲੀ ਰਵਾਇਤਾਂ ਇਤਿਹਾਸ ਵਿਚ ਦਰਜ ਹਨ। ਭਗਤੀ ਲਹਿਰ, ਗੁਰਮਤਿ ਲਹਿਰ ਅਤੇ ਸੂਫੀ ਲਹਿਰ ਵਿਚ ਇਹ ਰਵਾਇਤ ਬਹੁਤ ਹੀ ਸ਼ਕਤੀਸ਼ਾਲੀ ਢੰਗ ਨਾਲ ਰੂਪਮਾਨ ਹੋਈ ਮਿਲਦੀ ਹੈ।**

ਲੋਕਾਂ ਨੂੰ ਆਪਣੇ ਸਮਕਾਲੀ ਵਰਤਾਰਿਆਂ ਪ੍ਰਤੀ ਉਦਾਸੀਨਤਾ ਦਾ ਰਵੱਈਆ ਦੇਖਣ ਨੂੰ ਮਿਲਦਾ ਰਹਿੰਦਾ ਹੈ। ਲੋਕ ਇਸ ਬਾਰੇ ਚਿੰਤਤ ਰਹਿੰਦੇ ਹਨ ਕਿ ਸਾਡੇ ਸੂਬੇ ਦਾ, ਸਾਡੇ ਦੇਸ਼ ਦਾ, ਸਾਡੇ ਭਵਿੱਖ ਦਾ ਕੀ ਬਣੇਗਾ? ਉਹਨਾ ਦੀ ਇਸ ਚਿੰਤਾ ਦੇ ਪਿਛੋਕੜ ਵਿੱਚ ਵਿਵਸਥਾ ਨਾਲ ਉਹਨਾ ਦੀ ਅਸਹਿਮਤੀ ਹੁੰਦੀ ਹੈ, ਪਰ ਉਹ ਇੱਕ ਤਰ੍ਹਾਂ ਨਾਲ ਗੂੰਗੀ (ਮੂਕ) ਅਸਹਿਮਤੀ ਬਣ ਕੇ ਰਹਿ ਜਾਂਦੀ ਹੈ। ਅਸਹਿਮਤੀ ਵਾਲੇ ਉਸ ਵੱਡੇ ਵਰਗ ਨੂੰ ਲੱਗਦਾ ਹੈ ਕਿ ਸਾਡੀ ਭੂਮਿਕਾ ਸਿਰਫ ਇਸ ਅਸਹਿਮਤੀ ਨੂੰ ਇੱਕ-ਦੂਜੇ ਨਾਲ ਸਾਂਝੀ ਕਰਨ ਤੱਕ ਹੀ ਸੀਮਤ ਹੈ, ਇਸ ਤੋਂ ਬਿਨਾ ਸਾਡੀ ਕੋਈ ਭੂਮਿਕਾ ਨਹੀਂ। ਕਿਸੇ ਹੱਦ ਤੱਕ



ਹਰਜਿੰਦਰ ਸਿੰਘ ਅਟਵਾਲ (ਡਾ.)

ਉਹਨਾਂ ਵੱਲੋਂ ਇਹ ਸੀਮਾ ਤਹਿ ਕਰ ਲੈਣੀ ਵਾਜਬ ਵੀ ਜਾਪਦੀ ਹੈ, ਕਿਉਂ ਜੋ ਬਹੁਤ ਵਾਰੀ ਅਜਿਹੇ ਲੋਕ ਭੋਲੇ-ਭਾਲੇ ਹੁੰਦੇ ਹਨ, ਜਿਨ੍ਹਾਂ ਨੂੰ ਇਹ ਤਾਂ ਪਤਾ ਹੁੰਦਾ ਹੈ ਕਿ ਉਹ ਖੁਸ਼ ਨਹੀਂ ਹਨ, ਪਰ ਇਸ ਦੇ ਕਾਰਨ/ਇਲਾਜ ਆਦਿ ਬਾਰੇ ਉਹ ਬੇਖਬਰ ਹੁੰਦੇ ਹਨ।

ਸਾਡੇ ਪੰਜਾਬੀਆਂ ਨੂੰ ਵਿਵਸਥਾ ਨੂੰ ਸੁਆਲ ਕਰਨ ਦੀਆਂ ਬਹੁਤ ਸ਼ਕਤੀਸ਼ਾਲੀ ਰਵਾਇਤਾਂ ਇਤਿਹਾਸ ਵਿੱਚ ਦਰਜ ਹਨ। ਭਗਤੀ ਲਹਿਰ, ਗੁਰਮਤਿ ਲਹਿਰ ਅਤੇ ਸੂਫੀ ਲਹਿਰ ਵਿੱਚ ਇਹ ਰਵਾਇਤ ਬਹੁਤ ਹੀ ਸ਼ਕਤੀਸ਼ਾਲੀ ਢੰਗ ਨਾਲ ਰੂਪਮਾਨ ਹੋਈ ਮਿਲਦੀ ਹੈ। ਭਗਤੀ ਲਹਿਰ ਦੇ ਚਿੰਤਕ ਅਤੇ ਸ਼ਾਇਰ ਸਤਿਗੁਰੂ ਕਬੀਰ ਆਪਣੇ ਸਮੇਂ ਵਿੱਚ ਪ੍ਰਚੱਲਤ ਵਰਣ ਆਸ਼ਰਮ ਪ੍ਰਧਾਨ ਸਮਾਜ ਵਿਚਲੀ ਜਾਤੀ ਨਫਰਤ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਨਜ਼ਰ ਆਉਂਦੇ ਹਨ। ਉਸ ਵਿਵਸਥਾ ਵਿੱਚ ਜੀਊਣ ਦੇ ਮੁਕੰਮਲ ਅਧਿਕਾਰ ਕੇਵਲ ਅਤੇ ਕੇਵਲ ਬ੍ਰਾਹਮਣ ਘਰ ਵਿੱਚ ਪੈਦਾ ਹੋਣ ਨਾਲ ਹੀ ਪੀੜ੍ਹੀ ਦਰ ਪੀੜ੍ਹੀ ਰਾਖਵੇਂ ਹੋ ਜਾਂਦੇ ਹਨ। ਬ੍ਰਾਹਮਣ ਵਰਗ ਆਪਣੀ ਸਹੂਲਤ ਅਤੇ ਲੋੜ ਅਨੁਸਾਰ ਆਪਣੇ ਤੋਂ ਹੇਠਲੇ ਵਰਗਾਂ ਖੱਤਰੀ, ਵੈਸ਼ ਅਤੇ ਸ਼ੂਦਰ ਨੂੰ ਇਸ ਤਰ੍ਹਾਂ 'ਹੁਕਮ' ਕਰਦਾ ਰਹਿੰਦਾ ਸੀ ਕਿ ਜਿਵੇਂ ਇਹ ਸਾਰੀ ਵਿਵਸਥਾ ਚਲਾਉਣ ਦੀ ਸ਼ਕਤੀ 'ਰਬ' ਜਾਂ ਉਸ ਦੇ ਕਿਸੇ ਹੋਰ ਨਾਂਵ/ਨਾਵਾਂ ਵਾਲੀ ਦੈਵੀ ਤਾਕਤ ਨੇ ਉਸ ਨੂੰ ਬਖਸ਼ੀ ਹੈ।

ਬ੍ਰਾਹਮਣ ਵਰਗ ਵਿੱਚ ਪੈਦਾ ਹੋਣ ਦਾ ਅਰਥ ਹੀ ਮੰਨਿਆ ਜਾਂਦਾ ਸੀ ਕਿ ਜਨਮਜਾਤ ਉਚਤਮ ਹੈ ਅਤੇ ਉਸ ਦਾ ਹਰ ਹੁਕਮ ਹੀ ਮੰਨਣਾ ਪੈਣਾ ਹੈ। ਇਸ ਸਾਰੀ ਵਿਵਸਥਾ ਵਿੱਚ ਸਭ ਤੋਂ ਪੀੜਤ ਧਿਰ ਸ਼ੂਦਰ ਸੀ, ਜਿਨ੍ਹਾਂ ਕੋਲ ਜੀਉਣ ਦੀਆਂ ਲੋੜਾਂ ਦੇ ਘੱਟੋ-ਘੱਟ ਮੁੱਢਲੇ ਅਧਿਕਾਰ ਵੀ ਨਹੀਂ ਸਨ।



ਉਸ ਨੇ ਕੀ ਖਾਣਾ ਹੈ? ਕੀ ਪਹਿਨਣਾ ਹੈ? ਕੀ ਕਰਨਾ ਹੈ? ਕੀ ਨਹੀਂ ਕਰਨਾ, ਆਦਿ ਦੇ ਸਾਰੇ ਫੈਸਲੇ ਬ੍ਰਾਹਮਣ ਵਰਗ ਹੀ ਕਰਨ ਦੇ ਅਧਿਕਾਰ ਲਈ ਬੈਠਾ ਸੀ। ਉੱਚ ਜਾਤੀ (ਬ੍ਰਾਹਮਣ) ਵਿੱਚ ਜਨਮ ਲੈਣ ਕਰਕੇ ਪ੍ਰਾਪਤ ਹੋਈ ਜਾਂ ਕੀਤੀ ਸਰਬਉੱਚਤਾ ਨੂੰ ਸੰਤ ਕਬੀਰ ਲਗਾਤਾਰ ਆਪਣੀ ਬਾਣੀ (ਭਗਤੀ ਕਾਵਿ) ਵਿੱਚ ਵੰਗਾਰਦੇ ਹਨ। ਉਹ ਜਨਮ ਕਰਕੇ ਕਿਸੇ ਉੱਚ ਵਰਗ ਨਾਲ ਜੁੜ ਜਾਣ ਦੀ ਇਸ ਵਿਵਸਥਾ ਨੂੰ ਜਦੋਂ ਸੁਆਲ ਖੜਾ ਕਰਕੇ ਪੁੱਛਦੇ ਹਨ ਕਿ :

'ਜੇ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ
ਅਉਰ ਵਾਟ ਕਾਹੈ ਨਹੀ ਆਇਆ'

ਤਾਂ ਸੰਤ ਕਬੀਰ ਜੀ ਦੇ ਇਸ ਸੁਆਲ ਦਾ ਨਾ ਤਾਂ ਉਦੋਂ ਵਰਣ ਵਿਵਸਥਾ ਦੇ ਹਾਮੀਆਂ ਅਤੇ ਬ੍ਰਾਹਮਣ ਵਰਗ ਕੋਲ ਕੋਈ ਜਵਾਬ ਸੀ ਅਤੇ ਨਾ ਹੀ ਅੱਜ ਦੇ ਉਹਨਾਂ ਲੋਕਾਂ ਕੋਲ ਹੈ, ਜੋ ਅਜੇ ਵੀ ਉਸ ਸਦੀਆਂ ਪੁਰਾਣੀ ਵਿਵਸਥਾ ਦੀ ਪੁਨਰ ਸੁਰਜੀਤੀ ਦੀ ਗੱਲ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ ਹੀ ਭਗਤੀ ਲਹਿਰ ਦੇ ਇੱਕ ਹੋਰ ਵੱਡੇ ਸ਼ਾਇਰ/ਚਿੰਤਕ ਗੁਰੂ ਰਵਿਦਾਸ ਜੀ ਵੀ ਇਸ ਵਿਵਸਥਾ ਵਿਚਲੀਆਂ ਖਾਮੀਆਂ ਪ੍ਰਤੀ ਚੇਤੰਨ ਵੀ ਹਨ ਅਤੇ ਉਸ ਨੂੰ ਤਿੱਖੇ ਸੁਆਲ ਵੀ ਖੜੇ ਕਰਦੇ ਹਨ, ਜਿਨ੍ਹਾਂ ਦਾ ਜਵਾਬ ਵੀ ਕਿਸੇ ਕੋਲ ਨਹੀਂ ਹੈ। ਗੁਰੂ ਰਵਿਦਾਸ ਜੀ ਦਾ ਜਿਹੜਾ ਬੇਗਮਪੁਰੇ ਵਾਲੇ ਰਾਜ ਦਾ/ਸ਼ਹਿਰ ਦਾ ਇੱਕ ਸੰਕਲਪ ਸੀ, ਉਹ ਅਸਲ ਵਿੱਚ ਧਰਤੀ 'ਤੇ ਵਿਚਰਨ ਵਾਲੇ ਹਰ ਵਿਅਕਤੀ ਨੂੰ ਉਸ ਦੀਆਂ ਲੋੜਾਂ ਅਤੇ ਮਰਜ਼ੀ ਅਨੁਸਾਰ ਜੀਵਨ ਜੀਊਣ ਦਾ ਅਧਿਕਾਰ ਦਿੰਦਾ ਹੈ। ਦੂਜੀ ਰਵਾਇਤ ਸਾਡੇ ਕੋਲ ਗੁਰਮਤਿ ਲਹਿਰ ਵਿੱਚੋਂ ਉੱਭਰ ਕੇ ਸਾਡੇ ਸਾਹਮਣੇ ਆਉਂਦੀ ਹੈ, ਜਿਸ ਵਿੱਚ ਗੁਰੂ ਨਾਨਕ ਇੱਕ ਅਜਿਹੇ ਫਲਸਫੇ ਦੀ ਘਾੜਤ ਕਰਦੇ ਨਜ਼ਰ ਆਉਂਦੇ ਹਨ, ਜਿਸ ਅਨੁਸਾਰ ਪਰੰਪਰਾ ਵਿੱਚ ਪਈਆਂ ਉਹਨਾਂ ਰਵਾਇਤਾਂ ਦਾ ਵਿਰੋਧ ਏਡੇ ਤਰਕਮਈ ਤਰੀਕੇ ਨਾਲ ਕਰਦੇ ਹਨ ਕਿ ਦੂਜੀ ਧਿਰ ਕੋਲ ਜਵਾਬ ਨਹੀਂ ਰਹਿ ਜਾਂਦਾ। ਉਹ ਆਸਾ ਦੀ ਵਾਰ ਵਿੱਚ ਜਦੋਂ ਜਨੇਊ ਦਾ ਬਦਲ ਉਸਾਰਦੇ ਹਨ ਤਾਂ ਉਹ ਇੱਕ ਤਰ੍ਹਾਂ ਵਿਵਸਥਾ ਦੀ ਉਸ ਪ੍ਰੰਪਰਕ ਰਸਮ ਨੂੰ ਵੰਗਾਰ ਰਹੇ ਹਨ, ਜੋ ਮਨੁੱਖ ਨੂੰ ਚੰਗਾ ਇਨਸਾਨ ਨਹੀਂ ਬਣਾ ਸਕਦੀ, ਸਗੋਂ ਮਰਿਆਦਾ ਪੂਜਕ ਤੱਕ ਹੀ ਸੀਮਤ ਕਰ ਦਿੰਦੀ ਹੈ। ਦਇਆ, ਸੰਤੋਖ, ਜਤ-ਸਤ ਵਾਲੇ ਮਾਨਵੀ ਗੁਣਾਂ ਵਾਲੇ ਜੀਵਨ ਲਈ ਉਹਨਾਂ ਵੱਲੋਂ ਪੇਸ਼ ਕੀਤਾ ਬਦਲ ਮਾਨਵੀ ਹਿੱਤਾਂ ਦੀ ਗੱਲ ਕਰਦਾ ਹੈ।

ਬਾਬਰ ਉਸ ਸਮੇਂ ਧਾੜਵੀ ਬਣ ਕੇ ਆਉਂਦਾ ਹੈ ਅਤੇ ਹਿੰਦੁਸਤਾਨ ਦੇ ਇਸ ਖਿੱਤੇ ਉੱਤੇ ਕਹਿਰ ਵਰਤਾਉਂਦਾ ਹੈ। ਗੁਰੂ ਨਾਨਕ ਬਾਬਰ ਦੇ ਇਸ ਧਾਵੇ ਬਾਰੇ ਗੱਲ ਕਰਦਿਆਂ ਕਦੇ ਉਸ ਨੂੰ 'ਪਾਪ ਦੀ ਜੰਞ' ਦਾ ਲਾੜਾ ਕਹਿੰਦੇ ਹਨ, ਕਦੇ 'ਰਾਜੇ ਸ਼ੀਹ ਮੁਕੱਦਮ ਕੁੱਤੇ', ਕਦੇ 'ਜ਼ੋਰੀਂ ਦਾਨ ਮੰਗਣ ਵਾਲੇ ਜ਼ਾਲਮ' ਕਹਿੰਦੇ ਹਨ ਤਾਂ ਲੋਕ ਪੀੜਾ ਦਾ ਅਹਿਸਾਸ ਕਰਕੇ ਉਸ ਨੂੰ ਘਟਾਉਣ ਦਾ ਯਤਨ ਵੀ ਕਰਦੇ ਹਨ ਅਤੇ ਆਪਣੇ ਲੋਕਾਂ ਨਾਲ ਖੜਦੇ ਹਨ। ਇਸ ਖਿੱਤੇ ਦੀ ਤੀਜੀ ਲਹਿਰ ਸੂਫੀ ਪ੍ਰੰਪਰਾ ਹੈ, ਇਸਲਾਮ ਵਿੱਚ ਪ੍ਰਚੱਲਤ ਰਸਮਾਂ ਹੌਲੀ-ਹੌਲੀ ਇਸ ਹੱਦ ਤੱਕ ਪਹੁੰਚ ਗਈਆਂ ਸਨ, ਜਿਸ ਨਾਲ ਧਰਮ ਨਾਲ ਜੁੜੇ ਵਰਗ ਦਾ ਬਹੁਤ ਵੱਡਾ ਹਿੱਸਾ ਭ੍ਰਿਸ਼ਟਾਚਾਰੀ ਹੋ ਗਿਆ ਸੀ। ਇਹ ਵਿਡੰਬਨਾ ਹੀ ਹੈ, ਪੰਜਾਬੀ ਸੂਫੀ ਪ੍ਰੰਪਰਾ ਦਾ ਪਹਿਲਾ ਸ਼ਾਇਰ ਬਾਬਾ ਸ਼ੇਖ ਫਰੀਦ ਤਾਂ ਇੱਕ ਸੱਚੇ ਮੁਸਲਮਾਨ ਨੂੰ ਪੰਜੇ ਵਕਤ ਮਸੀਤ ਵਿੱਚ ਆ ਕੇ ਨਮਾਜ਼ ਅਦਾ ਕਰਨ ਦੀ ਹਦਾਇਤ ਕਰਦਾ ਹੈ, ਪਰ ਉਸ ਪ੍ਰੰਪਰਾ ਦੇ ਅਗਲੇ ਕਵੀ ਖਾਸ ਕਰਕੇ ਸ਼ਾਹ ਹੁਸੈਨ ਅਤੇ ਬੁੱਲੇ ਸ਼ਾਹ ਇਸ ਦੇ ਬਿਲਕੁੱਲ ਉਲਟ ਖੜੇ ਨਜ਼ਰ ਆਉਂਦੇ ਹਨ। ਸ਼ਾਹ ਹੁਸੈਨ ਤਾਂ ਜੀਵ ਹੀਰ ਲਈ ਰੱਬ ਰਾਂਝਾ ਅਤੇ ਰਾਂਝੇ ਦਾ ਪਿੰਡ ਤਖਤ ਹਜ਼ਾਰਾ ਉਸ ਲਈ ਮੱਕਾ ਬਣ ਜਾਂਦਾ ਮਹਿਸੂਸ ਕਰਦਾ ਹੈ। ਬੁੱਲ੍ਹੇ ਸ਼ਾਹ ਹੁਰੀਂ ਵੀ ਮਸੀਤ ਦੇ ਮੁੱਲਾਂ ਨੂੰ ਠੱਗ, ਧਾੜਵੀ ਅਤੇ ਅਜਿਹੇ ਹੋਰ ਲਕਬਾਂ ਨਾਲ ਨਿਵਾਜਦੇ ਹਨ। ਇਹਨਾਂ ਦੋਨਾਂ ਅਨੁਸਾਰ ਇਸਲਾਮ ਦੀਆਂ ਰਸਮਾਂ ਨੇ ਇੱਕ ਸੱਚੇ ਮਾਨਵ ਦਾ ਜੀਵਨ ਔਖਾ ਕਰ ਦਿੱਤਾ ਹੈ, ਜਿਸ ਕਰਕੇ ਉਹ ਇਸ ਸਾਰੇ ਤੋਂ ਮੁਕਤੀ ਦੀ ਨਵੀਂ ਲੀਹ 'ਤੇ ਤੁਰਨ ਲਈ ਕਹਿੰਦੇ ਹਨ।

ਪੰਜਾਬੀਆਂ ਕੋਲ ਵਿਵਸਥਾ ਨੂੰ ਸਮਝਣ, ਬਦਲਣ ਅਤੇ ਉਸ ਦਾ ਵਿਰੋਧ ਕਰਨ ਦੀਆਂ ਅਜਿਹੀਆਂ ਰਵਾਇਤਾਂ ਦੀ ਵਿਰਾਸਤ ਹੈ, ਜਿਸ ਨੂੰ ਘੋਖ-ਪਰਖ ਕੇ ਅਸੀਂ ਅੱਜ ਵੀ ਅਜਿਹੀ ਵਿਵਸਥਾ ਸਿਰਜਣ ਲਈ ਕੋਈ ਬਦਲਵਾਂ ਰਾਹ ਕੱਢ ਸਕਣ ਦੇ ਸਮਰੱਥ ਹੋ ਸਕਦੇ ਹਾਂ। ਜਿਸ ਦਾ ਮਕਸਦ ਹਰ ਵਰਗ ਦੀ ਬਰਾਬਰੀ, ਧਰਮਾਂ, ਜਾਤਾਂ ਰਹਿਤ ਸਮਾਜ ਦੀ ਉਸਾਰੀ ਅਤੇ ਅਜਿਹੇ 'ਬੇਗਮਪੁਰਾ' ਦੀ ਉਸਾਰੀ ਹੋਵੇ, ਜਿਸ ਵਿੱਚ ਹਰ ਜੀਵ ਆਪਣੀ ਇੱਛਾ ਅਨੁਸਾਰ ਜ਼ਿੰਦਗੀ ਨੂੰ ਉਸ ਦੀ ਭਰਪੂਰਤਾ ਵਿੱਚ ਜੀਅ ਸਕੇ। ਇਹ ਵਿਰਾਸਤ ਜਿੰਨੀ ਛੇਤੀ ਅਸੀਂ ਸਮਝ ਸਕੀਏ, ਅਪਣਾ ਸਕੀਏ, ਉਸ ਵਿੱਚ ਲੋਕਾਂ ਦੇ ਹਿੱਤ ਹੋਣਗੇ। ਦੇਖਿਓ ਕਿਤੇ ਇਸ ਪਾਸਿਓਂ ਖੁੰਝ ਨਾ ਜਾਈਏ।

# ਕਲਾ ਭਵਨ ਦੇ ਵਿਹੜੇ ਮਹਾ-ਉਤਸਵ ਦਾ ਆਗਾਜ਼

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੰਜਾਬ ਕਲਾ ਪ੍ਰੀਸ਼ਦ ਵਲੋਂ ਹਰ ਸਾਲ ਕਰਵਾਏ ਜਾਂਦੇ 'ਰੰਧਾਵਾ ਉਤਸਵ' ਵਿਚ ਪੰਜਾਬੀ ਦੇ ਹਰਮਨ-ਪਿਆਰੇ ਕਵੀ ਸੁਰਜੀਤ ਪਾਤਰ ਦੀਆਂ ਯਾਦਾਂ ਤੇ ਮਾਤ ਭਾਸ਼ਾ ਪੰਜਾਬੀ ਨੂੰ ਦਰਪਰੇਸ਼ ਔਕੜਾਂ ਜੋੜ ਕੇ ਇਸਦਾ ਘੇਰਾ ਤੇ ਸਮਾਂ ਏਨਾ ਲੰਮਾ ਕਰ ਦਿੱਤਾ ਗਿਆ ਹੈ ਕਿ ਇਸਨੂੰ ਉਤਸਵ ਦੀ ਥਾਂ ਮਹਾ-ਉਤਸਵ ਕਹਿਣਾ ਹੀ ਯੋਗ ਹੈ। ਪੰਜਾਬ ਦੇ ਨੌਂ ਵੱਡੇ ਸ਼ਹਿਰਾਂ ਵਿਚ 2 ਫਰਵਰੀ ਤੋਂ 29 ਮਾਰਚ ਤੱਕ ਵਿਉਂਤੇ ਗਏ ਵੱਖ-ਵੱਖ ਪ੍ਰੋਗਰਾਮਾਂ ਵਿਚ ਸਾਹਿਤ, ਸੰਗੀਤ ਤੇ ਕਲਾ ਹੀ ਨਹੀਂ ਮਸਨੂਈ ਬੁੱਧੀ (ਓਰਟੀਚਿਅਿਲ ਇਨਟੲਲ- ਲਗਿੲਨਚੲ) ਵੀ ਚਰਚਾ ਦਾ ਵਿਸ਼ਾ ਰਹੇ ਸੀ। ਇਸ ਕਲਾ ਉਤਸਵ ਨੂੰ ਪੰਜਾਬ ਦੀਆਂ ਚਾਰ ਯੂਨੀਵਰਸਟੀਆਂ ਤੋਂ ਬਿਨਾ ਹਿਮਾਚਲ ਪ੍ਰਦੇਸ਼ ਦੀ ਸੈਂਟਰਲ ਯੂਨੀਵਰਸਿਟੀ ਆਫ ਧਰਮਸ਼ਾਲਾ ਅਤੇ ਪੰਜਾਬ ਯੂਨੀਵਰਸਿਟੀ ਦਾ ਚੰਡੀਗੜ੍ਹ ਕੈਂਪਸ ਵੀ ਸਹਿਯੋਗ ਦੇ ਰਿਹਾ ਹੈ। ਪ੍ਰਮੁੱਖਤਾ ਦਾ ਸਿਹਰਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਦੇ ਸਿਰ ਬੱਝਦਾ ਹੈ ਜਿਸਨੇ ਇਸ ਮਹਾ-ਉਤਸਵ ਦਾ ਆਗਾਜ਼ ਮਹਿੰਦਰ ਸਿੰਘ ਰੰਧਾਵਾ ਯਾਦਗਾਰੀ ਭਾਸ਼ਣ ਨਾਲ ਕੀਤਾ। ਇਸਦੀ ਗੱਲ ਵੀ ਹੋਵੇਗੀ ਪਹਿਲਾਂ ਇਹ ਦੱਸ ਲਈਏ ਕਿ ਇਸ ਲੜੀ ਵਿਚ ਖੇਤੀ ਯੂਨੀਵਰਸਿਟੀ ਨੇ 25 ਫਰਵਰੀ ਨੂੰ ਆਪਣੇ ਕੈਂਪਸ ਵਿਚ ਸੁਰਜੀਤ ਪਾਤਰ ਕਲਾ ਉਤਸਵ ਨੂੰ ਵੀ ਨਿਵਾਜਣਾ ਹੈ। 'ਜੀਵੇ ਜਵਾਨੀ' ਨਾਂ ਦੇ ਇਸ ਉਤਸਵ ਵਿਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ ਨਾਟਕ ਤੇ ਕਲਾ ਪ੍ਰਦਰਸ਼ਨੀਆਂ ਦੇ ਨਾਲ-ਨਾਲ ਲੋਕ ਪੇਸ਼ਕਾਰੀਆਂ ਵੀ ਦਰਸ਼ਕਾਂ ਨੂੰ ਨਿਹਾਲ ਕਰਨਗੀਆਂ। ਅੰਮ੍ਰਿਤਸਰ ਤੇ ਬਠਿੰਡਾ ਸਥਿਤ ਯੂਨੀਵਰਸਿਟੀਆਂ ਦੇ ਪ੍ਰੋਗਰਾਮ ਵਿਚ ਵੀ ਸੰਗੀਤ ਨਾਟਕ ਪੇਸ਼ਕਾਰੀਆਂ ਤੋਂ ਬਿਨਾ ਮਸਨੂਈ ਬੁੱਧੀ ਦੀਆਂ ਬਰਕਤਾਂ ਉੱਤੇ ਰੌਸ਼ਨੀ ਪਾਈ ਜਾਵੇਗੀ। ਇਸ ਦੋ ਮਾਹ ਚੱਲਣ ਵਾਲੇ ਮਹਾ-ਉਤਸਵ ਦਾ ਅੰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਂਪਸ ਵਿਚ ਚਾਰ-ਰੋਜ਼ਾ ਪ੍ਰੋਗਰਾਮਾਂ ਨਾਲ ਹੋਵੇਗਾ ਜਿੱਥੇ ਪੰਜਾਬ ਦਾ ਕਲਾ ਪ੍ਰੇਮੀ ਮੁੱਖ ਮੰਤਰੀ ਭਗਵੰਤ ਮਾਨ ਵੀ ਹਾਜ਼ਰੀ ਭਰੇਗਾ।

ਇਨ੍ਹਾਂ ਪੇਸ਼ਕਾਰੀਆਂ ਤੇ ਪ੍ਰੋਗਰਾਮਾਂ ਦਾ ਚਿਹਰਾ-ਮੁਹਰਾ ਤੇ ਅਦਾਇਗੀ ਕਿਹੋ ਜਿਹੀ ਹੋਵੇਗੀ ਇਸਦਾ ਅੰਦਾਜ਼ਾ ਪ੍ਰੋਫੈਸਰ ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਉਦਘਾਟਨੀ ਸ਼ਬਦਾਂ ਅਤੇ ਐੱਨ.ਐੱਫ.ਐਲੇ ਦੇ ਸਾਬਕਾ ਸੀ.ਐੱਮ.ਡੀ ਨਿਰਲੇਪ ਸਿੰਘ ਦੇ ਪ੍ਰਧਾਨਗੀ ਭਾਸ਼ਨ ਤੋਂ ਪ੍ਰਤੱਖ ਸੀ। ਬਾਅਦ ਦੁਪਹਿਰ ਕਲਾ ਭਵਨ ਦੇ ਖੁੱਲ੍ਹੇ ਵਿਹੜੇ ਵਾਲੀਆਂ ਲੋਕ ਪੇਸ਼ਕਾਰੀਆਂ ਨੇ ਅਜਿਹਾ ਰੰਗ ਬੰਨ੍ਹਿਆ ਕਿ ਸਾਰੇ ਦਰਸ਼ਨ ਤੇ ਸਰੋਤੇ ਅਸ਼-ਅਸ਼ ਕਰ ਉਠੇ। ਉਂਝ ਤਾਂ ਇਹ ਪੇਸ਼ਕਾਰੀਆਂ ਅਸੀਂ ਆਪਣੇ ਘਰਾਂ ਦੇ ਰੇਡੀਓ ਅਤੇ ਟੀ.ਵੀ. ਯੰਤਰਾਂ 'ਤੇ ਰੋਜ਼ ਵੇਖਦੇ ਹਾਂ ਪਰ ਖੁੱਲ੍ਹੇ ਵਿਹੜੇ ਵਾਲੀ ਕਲਾਕਾਰੀ, ਫੁਰਤੀ ਤੇ ਸਾਦਗੀ ਦਾ ਕੋਈ ਜਵਾਬ ਨਹੀਂ। ਖਾਸ ਕਰਕੇ ਹਰਫਨ ਮੌਲਾ ਪ੍ਰੀਤਮ ਰੁਪਾਲ ਦੀ ਨਿਰਦੇਸ਼ਨਾ ਵਾਲੇ ਮਲਵਈ ਗਿੱਧੇ ਅਤੇ ਮੁਟਿਆਰਾਂ ਦੀ ਲੁੱਡੀ ਦਾ। ਭਾਵੇਂ ਪਿਛਲੇ ਵਰ੍ਹਿਆਂ ਵਿਚ ਮਰਦਾਂ ਦਾ ਗਿੱਧਾ ਇਨ੍ਹਾਂ ਨਾਚਾਂ ਦਾ ਪ੍ਰਧਾਨ ਰਿਹਾ ਹੈ ਪਰ ਚੰਡੀਗੜ੍ਹ ਦੇ ਇੰਟਰਜ਼ੋਨ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਉਪਰੰਤ ਮੁਟਿਆਰਾਂ ਦੀ ਲੁੱਡੀ ਵੀ ਉਨੀ ਹੀ ਮਕਬੂਲ ਹੋ ਗਈ ਹੈ। ਇਸ ਵਾਰ ਦੇ ਮਹਾ-ਉਤਸਵ ਵਿਚ ਧਮਾਲ ਦੀ ਆਮਦ ਨੇ ਇਨ੍ਹਾਂ ਨਾਚਾਂ ਦੀ ਬੱਲੇ-ਬੱਲੇ ਨੂੰ ਬੋਚ ਕੇ ਇਸ ਵਿਚ ਸੂਫੀਆਨਾ ਸੋਚ, ਸੇਧ ਤੇ ਸਾਧਨ ਭਰ ਦਿੱਤੀ ਹੈ।

ਇਨ੍ਹਾਂ ਤਿੰਨਾਂ ਨਾਚਾਂ ਦੀ ਵੱਡੀ ਸਿਫਤ ਇਹ ਸੀ ਕਿ ਇਨ੍ਹਾਂ ਵਿਚ ਪੰਜਾਬ ਦੇ ਲੋਕ ਸਾਜ਼ਾਂ ਨੂੰ ਆਧਾਰ ਬਣਾ ਕੇ ਮਹਾ-ਉਤਸਵ ਨੂੰ ਵਿਰਾਸਤੀ ਰੰਗ ਵਿਚ ਰੰਗਿਆ ਗਿਆ। ਇਨ੍ਹਾਂ ਨਾਚਾਂ ਨੂੰ ਦਰਸ਼ਕਾਂ ਵੱਲੋਂ ਮਿਲੀ ਪ੍ਰਵਾਨਗੀ ਦੇਖ ਕੇ ਪ੍ਰਬੰਧਕਾਂ ਨੇ ਇਹ ਵੀ ਐਲਾਨ ਕੀਤਾ ਕਿ ਇਨ੍ਹਾਂ ਨੂੰ ਪ੍ਰਚੱਲਤ ਰੱਖਣ ਦੇ ਯਤਨ ਭਵਿੱਖ ਵਿਚ ਵੀ ਜਾਰੀ ਰਹਿਣਗੇ ਤਾਂ ਕਿ ਪੰਜਾਬ ਦੀ ਸਭਿਆਚਾਰਕ ਨਵ-ਸਿਰਜਣਾ ਦਾ ਸੁਪਨਾ ਸਹੀ ਰੂਪ ਵਿਚ ਸਾਕਾਰ ਹੋ ਸਕੇ।

ਖੇਤੀ ਤੇ ਖੇਤਾਂ ਵਿਚਲੀ ਮਹਿਕ ਦੇ ਖੁਰਨ ਦੀ ਚਿੰਤਾ ਜਤਾਉਣ ਦਾ ਕੰਮ ਡਾ. ਗੋਸਲ ਦੇ ਭਾਸ਼ਨ ਨੇ ਕੀਤਾ। ਇਸ ਵਿਚ ਪੰਜਾਬੀ ਕਿਸਾਨਾਂ ਦੀਆਂ ਮੱਲਾਂ ਤੇ ਪ੍ਰਾਪਤੀਆਂ ਦੀ ਬਾਤ ਪਾਉਣ ਉਪਰੰਤ ਉਨ੍ਹਾਂ ਤਰੁੱਟੀਆਂ ਦਾ ਜ਼ਿਕਰ ਵੀ ਹੈ ਜਿਹੜੀਆਂ ਪੰਜਾਬ ਦੇ ਭਵਿੱਖ ਨੂੰ ਵੱਡਾ ਖੋਰਾ ਲਾ ਸਕਦੀਆਂ ਹਨ।

ਡਾ. ਗੋਸਲ ਦੇ ਸ਼ਬਦਾਂ ਵਿਚ ਕਣਕ ਝੋਨੇ ਦੀ ਸਮਰਥਨ ਮੁੱਲ ਵਾਲੀ ਖੇਤੀ ਨੇ ਨਵਰਚਨਾ ਤੇ ਨਵੀਨ ਉਪਰਾਲਿਆਂ ਦੇ ਪੈਰੀਂ ਬੇੜੀਆਂ ਪਾ ਰੱਖੀਆਂ ਹਨ। ਅਸੀਂ ਖੇਤੀ ਵਿਭਿੰਨਤਾ ਦਾ ਰਾਹ ਨਹੀਂ ਅਪਣਾ ਰਹੇ। ਸਾਨੂੰ ਫਲ, ਸਬਜ਼ੀਆਂ ਤੇ ਸਰ੍ਹੋਂ ਦੀ ਖੇਤੀ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਸ ਨਾਲ ਧਰਤੀ ਦੇ ਥੱਲੇ ਵਾਲਾ ਪਾਣੀ ਬਚੇ ਅਤੇ ਉਪਜ ਤੇ ਆਮਦਨ ਵਧੇ। ਵਧੀ ਹੋਈ ਆਮਦਨ ਦਾ ਵੱਡਾ ਲਾਭ ਪੰਜਾਬ ਦੀ ਜੁਆਨੀ ਨੂੰ ਪਰਦੇਸਾਂ ਵੱਲ ਭੱਜਣ ਤੋਂ ਰੋਕਣ ਦਾ ਕੰਮ ਕਰੇਗਾ। ਨਵੀਆਂ ਵਾਤਾਵਰਣਿਕ ਲੋੜਾਂ ਨੂੰ ਮੁੱਖ ਰੱਖਦਿਆਂ ਪੌਸ਼ਟਿਕ ਗੁਣਾਂ ਵਾਲੀਆਂ ਤੇ ਪੱਕਣ ਵਿਚ ਘੱਟ ਸਮਾਂ ਲੈਣ ਵਾਲੀਆਂ ਫਸਲਾਂ ਤਿਆਰ ਕਰਨ ਦੀ ਲੋੜ ਹੈ ਜਿਹੜੀ ਖੇਤੀ ਵਿਭਿੰਨਤਾ, ਸਪੀਡ ਬਰੀਡਿੰਗ ਤੇ ਜੈਵਿਕ ਖਾਦਾਂ, ਕੀਟ ਨਾਸ਼ਕਾਂ ਤੇ ਸੂਰਜੀ ਊਰਜਾ ਦੀ ਵਰਤੋਂ ਬਿਨਾ ਸੰਭਵ ਨਹੀਂ। ਸਮਾਂ ਆ ਗਿਆ ਹੈ ਕਿ ਸਾਨੂੰ ਮਸਨੂਈ ਬੁੱਧੀ ਦੀ ਵਰਤੋਂ ਦੁਆਰਾ ਡਿਜੀਟਲ ਖੇਤੀ ਖੋਜ ਯੰਤਰਾਂ ਦੀ ਵਰਤੋਂ ਵੱਲ ਵੀ ਹੌਸਲੇ ਵਾਲੇ ਕਦਮ ਪੁੱਟਣੇ ਚਾਹੀਦੇ ਹਨ। ਅਸਲ ਮੁੱਦਾ ਅਧਿਆਪਕ, ਖੋਜ ਤੇ ਸੰਚਾਰ ਦੇ ਪਹੀਆਂ ਵਿਚ ਵਪਾਰ ਦਾ ਪਹੀਆ ਜੋੜਨ ਦਾ ਹੈ ਜਿਸ ਨਾਲ ਧਰਤੀ ਨੂੰ ਦਰਪੇਸ਼ ਖਤਰੇ ਘਟਣਗੇ।

ਉਦਘਾਟਨੀ ਸੈਸ਼ਨ ਦਾ ਸਾਰ ਅੰਸ਼ ਕਣਕ ਤੇ ਝੋਨੇ ਦੀ ਖੇਤੀ ਨਾਲੋਂ ਸਰ੍ਹੋਂ ਤੇ ਤਾਰਾਮੀਰਾ ਆਦਿ ਤੇਲ ਵਾਲੇ ਬੀਜਾਂ ਦੀ ਕਾਸ਼ਤ ਲਈ ਪ੍ਰੇਰਨਾ ਸੀ ਜਿਹੜੀ ਸਰ੍ਹੋਂ ਦੇ ਤੇਲ ਦੀ ਉਪਜ ਵਧਾ ਕੇ ਡਾਵਾਂਡੋਲ ਹੋਈ ਕਿਸਾਨੀ ਨੂੰ ਮੁੜ ਪੈਰਾਂ ਉੱਤੇ ਖੜ੍ਹੀ ਕਰ ਸਕਦੀ ਹੈ। ਰਾਸ਼ਟਰੀ ਖਾਦਾਂ ਦੇ ਵੱਡੇ ਮਸਲੇ ਨਜਿੱਠਣ ਵਾਲੇ ਨਿਰਲੇਪ ਨੇ ਇੱਕ ਪਿੰਡ ਦੇ ਵਸਨੀਕਾਂ ਨੂੰ ਸਾਂਝੀ ਖੇਤੀ ਦਾ ਮਾਡਲ ਅਪਨਾਉਣ ਲਈ ਪ੍ਰੇਰਿਆ। ਉਸ ਦਾ ਮੱਤ ਹੈ ਕਿ ਅੱਜ ਦੇ ਦਿਨ ਪਿੰਡ ਵਾਸੀਆਂ ਨੂੰ ਆਪੋ-ਆਪਣੇ ਵਿਚਾਰ ਵਿਰੋਧ ਮਿਟਾ ਕੇ ਸਾਂਝਾ ਹੰਭਲਾ ਮਾਰਨ ਦੀ ਲੋੜ ਹੈ। ਸਾਂਝੀ ਖੇਤੀ ਦੇ ਮਾਰਗ ਤੁਰਿਆਂ ਇਕ ਪਿੰਡ ਦੀ ਕੁਲ ਭੂਮੀ ਲਈ ਟਰੈਕਟਰਾਂ ਦੀ ਗਿਣਤੀ ਘਟ ਜਾਵੇਗੀ ਤੇ ਫਸਲਾਂ ਦੀ ਉਪਜ ਵਧ ਜਾਵੇਗੀ ਜਿਸਦੇ ਨਤੀਜੇ ਵਜੋਂ ਪੰਜਾਬ ਦੀ ਨੌਜਵਾਨੀ ਪਰਦੇਸਾਂ ਨੂੰ ਭੱਜਣ ਦੀ ਥਾਂ ਆਪਣੀ ਜਨਮ ਭੂਮੀ ਵਿਚ ਰਹਿ ਕੇ ਮੌਜਾਂ ਮਾਣ ਸਕਦੀ ਹੈ। 2 ਫਰਵਰੀ ਨੂੰ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਤੋਂ ਤੁਰਿਆ ਅੱਠ ਹਫਤੇ ਦਾ ਇਹ ਕਾਫਲਾ ਪੰਜਾਬ ਦੀ ਜਵਾਨੀ ਲਈ ਵਧੀਆ ਸੁਪਨੇ ਲੈ ਕੇ ਆਇਆ ਹੈ।

**ਅੰਤਿਕਾ**

ਸੁਰਜੀਤ ਪਾਤਰ॥
ਜਦੋਂ ਮਿਲਿਆ ਸੀ ਹਾਣ ਦਾ ਸੀ ਸਾਵਰਾ ਜਿਹਾ,
ਜਦੋਂ ਜੁਦਾ ਹੋਇਆ ਤੁਰ ਗਿਆ ਖੁਦਾ ਬਣਕੇ।

# ਪਾਸੀ

ਕਹਾਣੀ



**ਸਰਦੂਲ ਸਿੰਘ ਲੱਖਾ**
ਫੋਨ: 91-75269-48794




ਇਹ ਹਵਾਈ ਅੱਡਾ ਅਜ਼ਾਦੀ ਤੋਂ ਪਹਿਲਾਂ, ਬੱਸ ਇਕ ਹਵਾਈ ਪਟੜੀ ਹੀ ਸੀ, ਨਿੱਕੇ ਹਵਾਈ ਜਹਾਜ਼ ਦੇ ਉਤਰਨ ਲਈ, ਇੱਕ ਛੋਟਾ ਹੈਂਗਰ ਅੰਦਰ ਖੜ੍ਹਾਉਣ ਲਈ ਸੀ। ਇੱਕ ਛੋਟਾ ਜਿਹਾ ਸੰਸਾਰ ਇਸ ਜ਼ਮੀਨੀ ਟੁਕੜੇ 'ਤੇ ਵਸਿਆ ਹੋਇਆ ਸੀ। ਚੌਕੀਦਾਰ ਦਿਨ ਰਾਤ ਪਹਿਰਾ ਰੱਖਦੇ ਸਨ। ਉਨ੍ਹਾਂ ਦੀਆਂ ਆਪਣੀਆਂ ਝੁੱਗੀਆਂ ਬਣਾਈਆਂ ਹੋਈਆਂ ਸਨ। ਸੜਕ ਦੇ ਇੱਕ ਪਾਸੇ ਹਵਾਈ ਪਟੜੀ 'ਤੇ ਟੈਕਨੀਕਲ ਏਰੀਆ ਹੈ ਤੇ ਦੂਜੇ ਪਾਸੇ ਫ਼ੈਮਿਲੀ ਕੁਆਰਟਰਜ਼ ਤੇ ਬੈਠਕਾਂ ਹਨ, ਜਿੱਥੇ ਏਅਰਮੈਨਾਂ ਦੀਆਂ ਮੈੱਸਾਂ ਵੀ ਹਨ। ਹੁਣ ਇਹ ਭਾਰਤ ਦਾ ਏਅਰ ਫੋਰਸ ਦਾ ਬਹੁਤ ਵੱਡਾ ਬੇਸ ਬਣ ਚੁੱਕਾ ਹੈ।

ਰਿਹਾਇਸ਼ ਏਰੀਏ ਦੇ ਉਪਰੋਂ ਕੰਡਿਆਲੀ ਤਾਰ ਲਾਈ ਹੋਈ ਹੈ। ਕਈ ਗੇਟ ਵੀ ਰੱਖੇ ਹੋਏ ਹਨ ਜੋ ਕਿ ਬੰਦ ਹੀ ਹਨ। ਪਰ ਛਿਪਦੇ ਵਾਲਾ ਪਾਸਾ, ਬੀ.ਐਸ.ਐਫ਼ ਯੂਨਿਟ ਵੱਲ ਖੁੱਲ੍ਹਦਾ ਹੈ ਤੇ ਉੱਥੇ ਹਮੇਸ਼ਾ ਸਿਪਾਹੀ ਤਾਇਨਾਤ ਰਹਿੰਦਾ ਹੈ। ਬੀ.ਐਸ.ਐਫ਼ ਦੀ ਤਾਰ ਦੇ ਨਾਲ ਹੀ ਬੜਾ ਸੁੰਦਰ ਹਾਕੀ ਦਾ ਗਰਾਊਂਡ ਲਗਦਾ ਸੀ। ਉਹ ਇਨ੍ਹਾਂ ਨੌਜਵਾਨਾਂ ਨੇ ਲਿੱਪ-ਪੋਚ ਕੇ ਥਾਲੀ ਵਰਗਾ ਪੱਧਰਾ ਕਰ ਰੱਖਿਆ ਸੀ। ਇਹ ਦੇਖ ਕਿਸੇ ਨੂੰ ਵੀ ਖ਼ਿਆਲ ਆ ਸਕਦਾ ਹੈ ਕਿ ਇੱਥੋਂ ਦਾ ਕਮਾਂਡਰ ਹਾਕੀ ਪ੍ਰੇਮੀ ਹੋਵੇਗਾ।

ਮੇਰੀ ਬਦਲੀ ਇੱਥੇ ਬੰਬਰ ਜਹਾਜ਼ਾਂ ਵਿਚ ਹੋ ਗਈ। ਮੈਂ ਇੱਥੇ ਪਹੁੰਚ ਕੇ ਆਪਣੀ ਯੂਨਿਟ ਵਿਚ ਹਾਕੀ ਗਰਾਊਂਡ ਭਾਲਦਾ ਰਿਹਾ। ਇੱਥੇ ਤਾਂ ਹਾਕੀ ਦਾ ਨਾਂ-ਥੇਹ ਵੀ ਨਹੀਂ ਸੀ। ਹਾਂ, ਬਾਸਕਿਟਬਾਲ ਦਾ ਗਰਾਊਂਡ ਸੀ ਤੇ ਪ੍ਰੈਕਟਿਸ ਵੀ ਹੋ ਰਹੀ ਸੀ। ਗੱਲ ਇਹ ਕਿ ਏਅਰ ਫੋਰਸ ਵਿਚ ਜਿਹੜੀ ਗੇਮ ਦਾ ਕੋਚ ਜਿੱਥੇ ਹੈ, ਉੱਥੇ ਉੱਭਰਦੇ ਖਿਡਾਰੀਆਂ ਦੀ ਬਦਲੀ ਕਰ ਦਿੰਦੇ ਹਨ ਤਾਂ ਕਿ ਤਕੜੀ ਟੀਮ ਬਣ ਸਕੇ। ਮੈਂ ਹਾਕੀ ਦਾ ਚੰਗਾ ਖਿਡਾਰੀ ਤਾਂ ਨਹੀਂ ਸਾਂ, ਸਿਖਾਂਦਰੂ ਹੀ ਸੀ। ਸਕੂਲ ਵਿਚ ਹੀ ਮੇਰੇ ਤੇ ਹਾਕੀ ਦਾ ਭੂਤ ਸਵਾਰ ਸੀ। ਇਸ ਭੂਤ ਨੇ ਮੈਨੂੰ ਕਿਤੇ ਵੀ ਸ਼ਾਮ ਨੂੰ ਗਰਾਊਂਡ ਦਾ ਨਾਗਾ ਨਹੀਂ ਪਾਉਣ ਦਿੱਤਾ। ਦੂਜੇ ਪਾਸੇ ਬੀ.ਐਸ.ਐਫ਼ ਦਾ ਹਾਕੀ ਦਾ ਗਰਾਊਂਡ ਦੇਖ ਕੇ ਮੇਰੇ ਅੰਦਰ ਲੂਰ੍ਹੀਆਂ ਉੱਠਦੀਆਂ ਬਈ ਕਦੋਂ ਮੈਂ ਇਸ ਗਰਾਊਂਡ ਵਿਚ ਪੈਰ ਪਾਵਾਂ? ਨਵਾਂ-ਨਵਾਂ ਅਠਾਰਾਂ ਸਾਲ ਦਾ ਮੁੰਡਾ, ਜੀਹਦੇ ਮੂੰਹ 'ਚ ਤੇ ਅਜੇ ਤਾਜ਼ੀ ਟਿੱਡੇ ਦੇ ਲੂਆਂ ਜਿੰਨੀ ਵੀ ਦਾੜ੍ਹੀ ਨਹੀਂ ਉਤਰੀ ਸੀ।

ਨੇਕ ਨੀਅਤਾਂ ਨੂੰ ਮੁਰਾਦਾਂ ਹੁੰਦੀਆਂ ਨੇ। ਹਰ ਰੋਜ਼ ਇੱਕ ਅਫ਼ਸਰ ਦੀ ਔਰਡਲੀ ਅਫ਼ਸਰ ਵਜੋਂ ਡਿਊਟੀ ਲਾਈ ਜਾਂਦੀ ਹੈ। ਸਮਝੋ ਉਹ ਸਾਰੇ ਏਅਰਫੀਲਡ ਦਾ ਕਮਾਂਡਰ ਹੁੰਦਾ। ਕੰਮ ਵਾਲੇ ਘੰਟਿਆਂ ਤੋਂ ਬਾਅਦ ਉਸ ਦੀ ਜ਼ਿੰਮੇਵਾਰੀ ਵੱਡੀ ਹੁੰਦੀ ਹੈ। ਉਸ ਦੀ ਜੀਪ ਘੁੰਮਦੀ ਰਹਿੰਦੀ ਐ, ਖ਼ਾਸ ਕਰ ਕੇ ਫੈਂਸਿੰਗ ਦੇ ਗੇਟਾਂ ਉਪਰ ਜਾਣਾ ਹੀ ਪੈਂਦਾ। ਮੈਂ ਬੀ.ਐ.ਐਫ਼. ਦੇ ਗੇਟ 'ਤੇ ਖੜ੍ਹਾ ਦੇਖ ਰਿਹਾ ਸਾਂ, ਪਿੱਛੋਂ ਜੀਪ ਆਈ ਤੇ ਮੇਰੇ ਕੋਲ ਰੋਕ ਕੇ ਅਫ਼ਸਰ ਨੇ ਅੰਗਰੇਜ਼ੀ ਵਿਚ ਪੁੱਛਿਆ, 'ਐਥੇ ਖੜ੍ਹਾ ਕੀ ਦੇਖ ਰਿਹਾ ਏਂ?' ਮੈਂ ਦੇਖਿਆ ਆਰਡਲੀ ਅਫ਼ਸਰ ਸਾਡੇ ਸੁਕਾਰਡਨ ਦਾ ਹੀ ਸਪੋਰਟਸ ਅਫ਼ਸਰ ਸੀ, ਉਸ ਨੇ ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਫਿਰ ਪੁੱਛਿਆ, 'ਜਵਾਨ, ਤੂੰ ਹਾਕੀ ਖੇਡਦਾ ਏਂ?' ਮੈਂ ਕਿਹਾ, 'ਯੈਸ ਸਰ।' ਉਸਨੇ ਕਿਹਾ ਜੰਪ ਇਨ ਜੀਪ। ਮੈਂ ਡਰ ਗਿਆ ਸਾਂ ਕਿ ਹੁਣ ਗਾਰਡ ਰੂਮ ਦੀ ਪੁਲਸ ਕੋਲ ਪੇਸ਼ੀ ਹੋਵੇਗੀ। ਮੈਂ ਹੈਰਾਨ ਹੋ ਗਿਆ ਜਦ ਉਸ ਨੇ ਗਾਰਡ ਨੂੰ ਗੇਟ ਖੋਲ੍ਹਣ ਦਾ ਹੁਕਮ ਦਿੱਤਾ।

ਸਾਡੀ ਜੀਪ ਗਰਾਉਂਡ ਦੀ ਸਾਈਡ 'ਤੇ ਜਾ ਕੇ ਰੁਕ ਗਈ। ਪ੍ਰੈਕਟਿਸ ਅਜੇ ਸ਼ੁਰੂ ਹੀ ਹੋਣੀ ਸੀ। ਉਨ੍ਹਾਂ ਨੂੰ ਵਾਰਮਅੱਪ ਕਰਵਾ ਰਿਹਾ ਸੀਨੀਅਰ ਜਾਪਦਾ ਖਿਡਾਰੀ ਸਾਡੇ ਕੋਲ ਆ ਕੇ ਕਹਿਣ ਲੱਗਾ, 'ਜੀ ਆਇਆਂ ਨੂੰ। ਤੁਸੀਂ ਮੇਰੀ ਯੂਨਿਟ ਵਿਚ ਆਏ ਹੋ। ਦੱਸੋ, ਕੀ ਸੇਵਾ ਕਰ ਸਕਦਾ ਹਾਂ?' ਸਾਡੇ ਅਫ਼ਸਰ ਨੇ ਉਸ ਨੂੰ ਸਲੂਟ ਮਾਰਿਆ। ਮੈਂ ਜਾਣਿਆ ਕਿ ਉਹ ਓਥੋਂ ਦਾ ਓ.ਸੀ. ਹੀ ਹੋਵੇਗਾ। ਸਾਡੇ ਅਫ਼ਸਰ ਨੇ ਉਸ ਨੂੰ ਕਿਹਾ, 'ਸਰ, ਇਹ ਸਾਡਾ ਏਅਰਮੈਨ ਹਾਕੀ ਖਿਡਾਰੀ ਹੈ। ਜੇ ਤੁਹਾਡੇ ਗਰਾਊਂਡ ਵਿਚ ਆ ਜਾਇਆ ਕਰੇ ਤਾਂ ਬੜੀ ਮਿਹਰਬਾਨੀ ਹੋਵੇਗੀ। ਕਿਰਪਾ ਕਰਕੇ ਇਹਦਾ ਪਾਸ ਬਣਾ ਦਿਉ।'

ਸਾਡੇ ਉੱਥੇ ਖੜ੍ਹੇ-ਖੜ੍ਹੇ ਹੀ ਇੱਕ ਜਵਾਨ ਮੇਰੇ ਲਈ ਪਾਸ ਲੈ ਆਇਆ।

ਬੱਸ ਉਸ ਦਿਨ 'ਤੋਂ ਮੇਰਾ ਨਿੱਤਨੇਮ ਹੀ ਬਣ ਗਿਆ। ਹਰ ਰੋਜ਼ ਸ਼ਾਮ ਨੂੰ ਮੈਂ ਇੱਕ ਪੂਲੀ ਜਿਹੀ 'ਤੇ ਬੈਠ ਉਡੀਕਦਾ ਰਹਿੰਦਾ ਕਿ ਕਦੋਂ ਕੋਈ ਗਰਾਊਂਡ ਵਿਚ ਆਵੇ ਤੇ ਮੈਂ ਅੰਦਰ ਜਾ ਸਕਾਂ। ਕਈ ਦਿਨ ਤਾਂ ਉਨ੍ਹਾਂ ਦੇ ਕੋਚ ਨੇ ਮੇਰੇ ਵੱਲ ਧਿਆਨ ਨਾ ਦਿੱਤਾ, ਜਿਵੇਂ ਮੈਂ ਮੈਦਾਨ ਵਿਚ ਹੀ ਨਾ ਹੋਵਾਂ। ਫਿਰ ਇੱਕ ਦਿਨ ਉਸ ਨੇ ਮੈਨੂੰ ਬੜੇ ਮੋਹ ਨਾਲ ਮੋਢੇ 'ਤੇ ਹੱਥ ਰੱਖਦਿਆਂ ਕਿਹਾ ਕਿ ਤੂੰ ਇਸ ਪੁਜੀਸ਼ਨ 'ਤੇ ਖੇਡ। ਪਾਰਖੂ ਅੱਖ ਹੁੰਦੀ ਏ ਕੋਚਾਂ ਦੀ, ਤੇ ਹੋਣੀ ਵੀ ਚਾਹੀਦੀ ਹੈ।

ਜੁਆਨਾਂ ਦੇ ਰਿਹਾਇਸ਼ੀ ਮਕਾਨ ਵੀ ਨੇੜੇ ਸਨ। ਕਈ ਕੁੜੀਆਂ ਵੀ ਪ੍ਰੈਕਟਿਸ ਦੇਖਣ ਆ ਜਾਂਦੀਆਂ। ਕਈਆਂ ਕੋਲ ਹਾਕੀਆਂ ਵੀ ਹੁੰਦੀਆਂ। ਸਾਡੇ ਮਗਰੋਂ ਉਹ ਸਿੱਖਦਿਆਂ ਹੋਣੀਆਂ ਹਾਕੀ। ਸਕੂਲ 'ਚ ਖੇਡਦੀਆਂ ਹੋਣ। ਕੋਚ ਨੇ ਮੇਰੀ ਪੁਜੀਸ਼ਨ ਬਦਲ ਕੇ ਸਾਈਡ ਲਾਈਨ 'ਤੇ ਕਰ ਦਿੱਤੀ। ਮੈਂ ਦੋ ਤਿੰਨ ਦਿਨ ਤੋਂ ਨੋਟ ਕਰ ਰਿਹਾ ਸਾਂ ਕਿ ਅਫ਼ਸਰਾਂ ਵਾਲੀਆਂ ਕੁਰਸੀਆਂ 'ਤੇ ਇੱਕ ਕੁੜੀ ਰੋਜ਼ ਆ ਕੇ ਬੈਠਦੀ ਹੈ। ਉਮਰ ਵਿਚ ਵੀ ਮੈਥੋਂ ਵੱਡੀ ਤੇ ਚੰਗੀ ਖਿਡਾਰਨ ਵੀ ਲਗਦੀ ਸੀ। ਪਰ ਉਸ ਦੀ ਤੋਰ ਅਤੇ ਚਿਹਰੇ 'ਤੋਂ ਉਹ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਜਾਪਦੀ ਸੀ। ਆਮ ਕਰਕੇ ਖਿਡਾਰੀ ਹੀ ਪ੍ਰੈਕਟਿਸ ਦੇਖਦੇ ਹਨ। ਉਸ ਦੇ ਉੱਥੇ ਬੈਠਣ ਤੇ ਤੱਕਣ ਨਾਲ ਮੈਨੂੰ ਅਜੀਬ ਜਿਹਾ ਮਹਿਸੂਸ ਹੁੰਦਾ। ਇੰਝ ਲੱਗੇ ਉਹ ਮੈਨੂੰ ਹੀ ਦੇਖ ਰਹੀ ਹੈ। ਜਦੋਂ ਕਿਸੇ ਖਿਡਾਰੀ ਨੂੰ ਇਹ ਮਹਿਸੂਸ ਹੋਵੇ ਕਿ ਕੋਈ ਉਸਦਾ ਆਪਣਾ ਜਾਂ ਸ਼ੁਭਚਿੰਤਕ ਉਸ ਨੂੰ ਦੇਖ ਰਿਹਾ ਹੈ ਤਾਂ ਉਸਦਾ ਹੌਸਲਾ ਦੁੱਗਣਾ ਹੋ ਜਾਂਦਾ ਹੈ।

ਇੱਕ ਦਿਨ ਕੋਚ ਨੇ ਗੇਮ ਤੋਂ ਪਹਿਲਾਂ ਟੀਮ ਨੂੰ ਕਿਹਾ, 'ਆਪਣਾ ਬੀ.ਐਸ.ਐਫ਼ ਦਾ ਇੱਕ ਵੱਡਾ ਟੂਰਨਾਮੈਂਟ ਆ ਗਿਆ ਹੈ, ਅਗਲੇ ਮਹੀਨੇ ਅੱਜ ਤੋਂ ਵਾਧੂ ਖ਼ੁਰਾਕ ਮਿਲੇਗੀ। ਆਪਾਂ ਜਾਨ ਮਾਰਨੀ ਹੈ ਤੇ ਜਿੱਤਣਾ ਵੀ ਹੈ।' ਫਿਰ ਮੇਰੇ ਵੱਲ ਤੱਕ ਕੇ ਕਿਹਾ, 'ਤੂੰ ਸਾਡੇ ਨਾਲ ਹੀ ਪ੍ਰੈਕਟਿਸ ਕਰਦਾ ਰਹੀਂ।' ਫਿਰ ਉਹ ਮੈਨੂੰ ਲਗਾਤਾਰ ਦੋ ਘੰਟੇ ਸਖ਼ਤ ਸਰੀਰਕ ਸਿਖਲਾਈ ਦੇਣ ਲੱਗਿਆ। ਕਮਾਂਡਰ ਖ਼ੁਦ ਗੇਮ ਦੇਖਦਾ। ਉਸ ਦੇ ਨਾਲ ਹੀ ਉਹ ਲੜਕੀ ਵੀ ਬੈਠੀ ਹੁੰਦੀ।

ਇਕ ਦਿਨ ਉਸ ਲੜਕੀ ਨੇ ਚਲਦੀ ਗੇਮ 'ਚ ਪਤਾ ਨਹੀਂ ਮੇਰੀ ਕੀ ਗਲਤੀ ਫੜੀ ਹੋਵੇਗੀ, ਚੇਅਰ ਤੋਂ ਉੱਠ ਕੇ ਮੇਰੇ ਕੋਲ ਆ ਕੇ ਹਾਕੀ ਫੜੀ ਤੇ ਕੋਚ ਤੋਂ ਬਾਲ ਮੰਗੀ। ਸਾਰੇ ਖਿਡਾਰੀਆਂ ਦਾ ਧਿਆਨ ਮੇਰੇ ਵੱਲ ਹੋ ਗਿਆ। ਉਸ ਲੜਕੀ ਨੇ ਮੇਰੇ ਵੱਲ ਇਸ਼ਾਰਾ ਕਰਕੇ ਕਿਹਾ, 'ਤੇਰੇ ਨਾਲ ਦਸ ਹੋਰ ਵੀ ਹੈਗੇ ਆ, ਪਾਸ ਕਿਉਂ ਨਹੀਂ ਦਿੰਦਾ। ਬਾਲ ਫੇਰ ਆ ਜਾਏਗੀ ਤੇਰੇ ਕੋਲ।' ਮੈਂ ਨੀਵੀਂ ਪਾ ਕੇ 'ਸੌਰੀ' ਕਿਹਾ ਤੇ ਹਾਕੀ ਫੜ ਲਈ।

ਇਸ ਤਰ੍ਹਾਂ ਮਹੀਨਾ ਵੀ ਲੰਘ ਗਿਆ। ਉਨ੍ਹਾਂ ਦੀ ਟੀਮ ਚਲੀ ਗਈ, ਕੈਂਪ ਲੱਗਾ ਸੀ ਕਿਤੇ। ਮੇਰੇ ਲਈ ਬੜਾ ਸੰਤਾਪ ਖੜ੍ਹਾ ਹੋ ਗਿਆ। ਬੈਰਕਾਂ ਵਿਚ ਦਿਲ ਨਾ ਲੱਗਦਾ। ਮੈਂ ਨਵਾਂ ਰਾਹ ਲੱਭ ਲਿਆ। ਚਾਰ ਵਜੇ ਟਰੈਕ ਸੂਟ ਪਾਉਂਦਾ ਤੇ ਜੰਗਲ ਵੱਲ ਹੋ ਲੈਂਦਾ। ਮੈਂ ਵੀ ਉਧਰ ਜੰਗਲ ਨੂੰ ਬੀ.ਐਸ.ਐਫ਼. ਦੇ ਗੇਟ ਲੰਘ ਕੇ ਫੈਂਸਿੰਗ ਦੇ ਰਾਹ ਪੈ ਜਾਂਦਾ। ਮੈਂ ਹਾਕੀ ਵਿਚ ਕੁਝ ਕਰਨਾ ਚਾਹੁੰਦਾ ਸੀ, ਆਪਣਾ ਨਾਮ ਚਮਕਾਉਣਾ ਚਾਹੁੰਦਾ ਸੀ। ਖੇਡ ਪ੍ਰੇਮ ਵੀ ਤਾਂ ਇੱਕ ਜਾਦੂ ਹੁੰਦਾ ਹੈ, ਜੋ ਬੰਦੇ ਨੂੰ ਵਲ ਲੈਂਦਾ ਹੈ।

ਮੇਰੇ ਸਾਹ ਸੁੱਕ ਗਏ ਜਦੋਂ ਫੈਂਸਿੰਗ ਦੇ ਨਾਲ ਅਫ਼ਸਰਾਂ ਦੇ ਕੁਆਟਰਾਂ ਕੋਲ ਬਣੇ ਛੋਟੇ ਗੇਟ ਕੋਲ ਉਹ ਸਰਦਾਰ ਕਮਾਂਡਰ ਤੇ ਉਹੀ ਲੜਕੀ ਖੜ੍ਹੇ ਦੇਖੇ। ਮੈਂ ਕੋਲ ਦੀ ਲੰਘਣ ਵੇਲੇ 'ਗੁੱਡ ਈਵਨਿੰਗ ਸਰ' ਕਿਹਾ। ਮੈਂ ਡਰ ਵੀ ਰਿਹਾ ਸੀ ਕਿ ਅਫ਼ਸਰ ਕਹੇਗਾ ਕਿ ਤੁਸੀਂ ਵਰਜਿਤ ਏਰੀਏ ਵਿਚ ਕਿਉਂ ਫਿਰ ਰਹੇ ਹੋ? ਇਹ ਏਰੀਆ ਤੁਹਾਡੇ ਲਈ 'ਆਊਟ ਆਫ਼ ਬਾਊਂਡ' ਹੈ। ਪਰ ਮੈਂ ਹੈਰਾਨ ਰਹਿ ਗਿਆ ਜਦ ਉਸ ਨੇ ਅੰਗਰੇਜ਼ੀ ਵਿਚ ਪੁੱਛਿਆ, 'ਕਿੱਥੇ ਤੱਕ ਜਾਣਾ ਹੁੰਨਾ' ਮੈਂ ਅੰਗਰੇਜ਼ੀ ਵਿਚ ਹੀ ਜਵਾਬ ਦਿੱਤਾ, 'ਬਹੁਤੀ ਦੂਰ ਨਹੀਂ ਜਾਂਦਾ. ਇੱਥੇ ਹੀ ਕਈ ਗੇੜੇ ਲਾ ਲੈਨਾਂ।' ਫਿਰ ਉਸ ਨੇ ਲੜਕੀ ਵੱਲ ਇਸ਼ਾਰਾ ਕਰ ਕੇ ਕਿਹਾ, 'ਇਹ ਤੇਰੇ ਨਾਲ ਜਾਇਆ ਕਰੇਗੀ। ਜੰਗਲ ਵੱਲ ਨਹੀਂ ਜਾਣਾ। ਇੱਥੇ ਭੈੜੇ ਅਨਸਰ ਫਿਰਦੇ ਰਹਿੰਦੇ ਹਨ। ਫਿਰ ਵੀ ਫ਼ਿਕਰ ਦੀ ਕੋਈ ਗੱਲ ਨਹੀਂ।'

ਅਗਲੇ ਤਿੰਨ ਦਿਨ ਅਸੀਂ ਬਹੁਤ ਘੱਟ ਬੋਲੇ। ਉਹ ਆਪਣੀ ਚਾਲ ਚਲਦੀ ਰਹਿੰਦੀ ਤੇ ਮੈਂ ਆਪਣਾ ਸਟੈਮਿਨਾ ਵਧਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਜਦ ਅਸੀਂ ਵਾਪਸ ਗੇਟ ਕੋਲ ਆਉਂਦੇ ਤਾਂ ਉਹ ਬਿਨਾਂ ਮੇਰੇ ਵੱਲ ਦੇਖੇ ਓ.ਕੇ. ਕਹਿ ਕੇ ਅੰਦਰ ਚਲੀ ਜਾਂਦੀ। ਹੌਲੀ-ਹੌਲੀ ਸਾਡੀ ਝਿਜਕ ਖੁੱਲ੍ਹ ਗਈ। ਹੁਣ ਉਹ ਮੈਨੂੰ ਪੰਜਾਬੀ ਵਿਚ 'ਓਏ ਮੁੰਡਿਆ' ਤੇ ਅੰਗਰੇਜ਼ੀ ਵਿਚ 'ਯੂ ਚੈਂਪ' ਕਹਿ ਕੇ ਕੋਈ ਨਾ ਕੋਈ ਕਸਰਤ ਕਰ ਕੇ ਦਿਖਾਉਂਦੀ। ਇੱਕ ਵਾਰ ਕਸਰਤ ਕਰਾਉਂਦੀ ਨੇ ਕੋਚ ਵਾਂਗ ਜਦੋਂ ਇਹ ਆਖਿਆ , 'ਦੇਖ ਬੁਆਇ, ਤੂੰ ਆਪਣੇ ਸਰੀਰ ਨੂੰ ਲੋਹਾ ਬਣਾ ਲੈ। ਮੈਂ ਤੇਰੇ ਸਰੀਰ 'ਚੋਂ ਪਸੀਨੇ ਦਾ ਤੁਪਕਾ-ਤੁਪਕਾ ਬਾਹਰ ਦੇਖਣਾ ਚਾਹੁੰਦੀ ਹਾਂ। ਤੇਰੇ ਵਿਚ ਕੁਝ ਕਰਨ ਦੀ ਸਮਰੱਥਾ ਅਤੇ ਲਗਨ ਹੈ।' ਮੈਂ ਅੱਖਾਂ ਨੀਵੀਆਂ ਕਰ ਲਈਆਂ ਤੇ ਇਹੀ ਉਹ ਸਮਾਂ ਸੀ ਜਦੋਂ ਮੈਨੂੰ ਅਹਿਸਾਸ ਹੋਇਆ ਕਿ ਇਹ ਕੁੜੀ ਨਹੀਂ ਦੇਵੀ ਹੈ ਜੋ ਇੱਥੇ ਉਤਰ ਕੇ ਮੇਰਾ ਸਿਦਕ ਦੇਖ ਕੇ ਕਹਿ ਰਹੀ ਹੈ।

ਮੈਂ ਉਸ ਵਿਚੋਂ ਇੱਕ ਗੁਰੂ ਦੇਖਣ ਲੱਗਾ। ਦਿਨੋ-ਦਿਨ ਮੇਰਾ ਸਟੈਮਿਨਾ ਵਧਦਾ ਜਾ ਰਿਹਾ ਸੀ। ਉਹ ਵੀ ਹੁਣ ਦੌੜਣ ਲੱਗ ਗਈ ਸੀ। ਕੁੱਝ ਹੀ ਦਿਨਾਂ ਵਿਚ ਉਸ ਦੀ ਸਿਹਤ ਵਿਚ ਸੁਧਾਰ ਹੋਣ ਲੱਗਿਆ ਸੀ। ਉਸ ਅੰਦਰੋਂ ਯੂਨੀਵਰਸਿਟੀ ਦੀ ਹਾਕੀ ਖਿਡਾਰਨ ਫਿਰ ਜਾਗ ਪਈ ਲਗਦੀ ਸੀ। ਕਦੇ ਕਦੇ ਉਹਦੇ ਮੰਮੀ ਡੈਡੀ ਵੀ ਉਧਰ ਆ ਜਾਂਦੇ ਤੇ ਸਾਡੇ ਕੋਲ ਦੀ ਮੁਸਕਰਾ ਕੇ ਲੰਘ ਜਾਂਦੇ।

ਇਕ੍ਹਤਰ ਦੀ ਲੜਾਈ ਲੱਗ ਗਈ। ਸਾਡਾ ਸੁਕੈਡਰਨ ਆਗਰੇ ਚਲਾ ਗਿਆ। ਬੀ.ਐਸ. ਐਫ਼ ਪਤਾ ਨਹੀਂ ਕਿਹੜੀ ਬਾਰਡਰ 'ਤੇ ਚਲੀ ਗਈ। ਇੱਕ ਵਾਰ ਸਭ ਕੁਝ ਖ਼ਤਮ ਹੋ ਗਿਆ ਲੱਗਿਆ। ਮੈਂ ਵੀਹ ਸਾਲ ਨੌਕਰੀ ਕਰ ਕੇ ਏਅਰਫੋਰਸ ਵਿਚੋਂ ਹਾਕੀ ਦਾ ਕੋਚ ਬਣ ਕੇ ਨਿਕਲਿਆ। ਪਿੰਡ ਆਇਆ, ਥੋੜ੍ਹਾ ਸਮਾਂ ਲੰਘਿਆ, ਸਿੱਖਿਆ ਵਿਭਾਗ ਵੱਲੋਂ ਕੋਚ ਦੀ ਨੌਕਰੀ ਮਿਲ ਗਈ। ਸਾਡੇ ਪਿੰਡ ਦੇ ਨੇੜੇ ਹੀ ਪਿੰਡ ਲੋਪੋ ਵਿਖੇ ਹਾਕੀ ਦਾ ਕੇਂਦਰ ਸੀ। ਅਸੀਂ ਪੰਜਾਬ ਦੀ ਸਿਰਕੱਢਵੀਂ ਟੀਮ ਤਿਆਰ ਕਰ ਲਈ। ਸਟਾਫ਼ ਅਤੇ ਇਲਾਕੇ ਦੇ ਲੋਕਾਂ ਦਾ ਬਹੁਤ ਸਹਿਯੋਗ ਮਿਲਿਆ। ਇਸੇ ਲਈ ਹੀ ਤਾਂ ਸਾਡੀ ਟੀਮ ਦੇ ਕਈ ਖਿਡਾਰੀ ਪੰਜਾਬ ਦੀ ਟੀਮ ਵਿਚ ਖੇਡਦੇ ਸਨ।

ਇੰਟਰ ਸਕੂਲ ਮੁਕਾਬਲੇ ਲੋਪੋ ਹੀ ਹੋਏ। ਸਾਡੀ ਟੀਮ ਪਹਿਲੇ ਨੰਬਰ 'ਤੇ ਆਈ। ਪ੍ਰਿੰਸੀਪਲ ਮੈਡਮ ਨੇ ਮੈਨੂੰ ਬੁਲਾ ਕੇ ਕਿਹਾ, 'ਇਨਾਮ ਵੰਡ ਲਈ ਸੰਸਾਰਪੁਰ ਤੋਂ ਇੱਕ ਰਿਟਾਇਰਡ ਕਰਨਲ ਸਾਹਿਬ ਆ ਰਹੇ ਹਨ। ਮੈਂ ਚਾਹੁੰਦੀ ਹਾਂ, ਤੁਸੀਂ ਸਵਾਗਤੀ ਕਮੇਟੀ ਵਿਚ ਹੋਵੋ।'

ਕਰਨਲ ਸਾਹਿਬ ਦਾ ਚਿਹਰਾ ਦੇਖ ਕੇ ਮੇਰੇ ਚੇਤਿਆਂ ਵਿਚ ਖਲਬਲੀ ਮੱਚਣ ਲੱਗੀ। ਵਾਰ ਵਾਰ ਯਾਦ ਕਰਨ ਦੀ ਕੋਸ਼ਿਸ਼ ਕੀਤੀ। ਚਾਹ-ਪੀਣ ਲੱਗਿਆਂ ਸਾਹਿਬ ਕੋਲ ਜਾ ਕੇ ਪੁੱਛ ਹੀ ਲਿਆ, 'ਸਰ, ਤੁਸੀਂ ਗੋਰਖਪੁਰ ਵੀ ਸੀ?'

ਉਸ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਿਹਾ, ਤੈਥੋਂ ਇਹੀ ਆਸ ਰੱਖੀ ਜਾ ਸਕਦੀ ਹੈ। ਤੇਰੀ ਟੀਮ ਬਹੁਤ ਵਧੀਆ ਹੈ। ਮੁਬਾਰਕਾਂ! ਮੈਂ ਤੈਨੂੰ ਪਛਾਣ ਲਿਆ ਸੀ। ਦੇਖ ਰਿਹਾ ਸਾਂ ਕਿ ਤੂੰ ਪਛਾਣਦਾ ਕਿ ਨਹੀਂ? ਫਿਰ ਉਸ ਨੇ ਮੈਨੂੰ ਮੈਡਮ ਕੋਲ ਲਿਜਾ ਕੇ ਕਿਹਾ, 'ਕੀ ਤੁਹਾਨੂੰ ਯਾਦ ਹੈ, ਇਹ ਉਹੀ ਮੁੰਡਾ ਹੈ, ਜਿਹੜਾ ਆਪਣੀ ਪਾਸੀ ਨਾਲ ਦੌੜਣ ਜਾਂਦਾ ਸੀ। ਉਮੀਦ ਹੈ ਤੈਨੂੰ ਯਾਦ ਆ ਗਿਆ ਹੋਣਾ।' ਮੈਂ ਸਤਿਕਾਰ ਨਾਲ ਝੁਕਿਆ ਹੀ ਸਾਂ, ਉਨ੍ਹਾਂ ਮੇਰੇ ਮੋਢੇ ਫੜ ਲਏ। ਇਸ ਤੋਂ ਪਹਿਲਾਂ ਕਿ ਮੈਂ ਕੁਝ ਪੁੱਛਦਾ, ਮੇਰੇ ਮੂੰਹ ਵੱਲ ਦੇਖ ਕੇ ਕਿਹਾ, 'ਪਾਸੀ ਇਜ਼ ਨੋ ਮੋਰ! ਸ਼ੀ ਲੈਫ਼ਟ ਅੱਸ ਟਵੰਟੀ ਯੀਅਰਜ਼ ਅਗੋ।' ਮੈਂ ਜਜ਼ਬਾਤ ਰੋਕ ਕੇ ਕਿਹਾ, 'ਸਰ! ਇਹ ਸਾਡੀ ਟੀਮ ਦੀ ਜਿੱਤ ਪਾਸੀ ਦੀ ਜਿੱਤ ਹੈ। ਉਹ ਦੇਵੀ ਸੀ, ਮੈਨੂੰ ਕੋਚ ਬਣਾਉਣ ਵਾਲੀ। ਪਾਸੀ ਦੇ ਬੋਲ ਮੈਂ ਕਦੇ ਨਹੀਂ ਭੁਲਾ ਸਕਿਆ, 'ਮੈਂ ਤੇਰੇ ਸਰੀਰ 'ਚੋਂ ਪਸੀਨੇ ਦਾ ਤੁਪਕਾ-ਤੁਪਕਾ ਬਾਹਰ ਦੇਖਣਾ ਚਾਹੁੰਦੀ ਹਾਂ!' ਦੋਨਾਂ ਨੇ ਮੇਰੇ ਮੋਢਿਆਂ 'ਤੇ ਹੱਥ ਰੱਖੇ ਹੋਏ ਸਨ ਪਰ ਮੈਡਮ ਦੀਆਂ ਅੱਖਾਂ 'ਚੋਂ ਅੱਥਰੂ ਰੁਕਣ ਦਾ ਨਾਮ ਨਹੀਂ ਸਨ ਲੈ ਰਹੇ।

---

## ਸੋਨੇ ਨਾਲੋਂ ਵੀ ਮਹਿੰਗੀ ਹੈ ਸਪਰਮ ਵ੍ਹੇਲ ਦੀ ਉਲਟੀ (ਐਂਬਰਗਰਿਸ)

ਐਂਬਰਗਰਿਸ ਮੋਮ ਵਰਗਾ ਇੱਕ ਠੋਸ ਗੂੜ੍ਹੇ ਭੂਰੇ ਰੰਗ ਦਾ ਪਦਾਰਥ ਹੁੰਦਾ ਹੈ ਜੋ ਸਪਰਮ ਵ੍ਹੇਲ ਪ੍ਰਜਾਤੀ ਦੀਆਂ ਕੁਝ ਕੁ ਵ੍ਹੇਲਾਂ (ਕਰੀਬ 2%) ਦੀ ਪਾਚਨ ਪ੍ਰਣਾਲੀ ਵਿਚ ਬਣਦਾ ਹੈ। ਇਸ ਦਾ ਭਾਰ ਕੁਝ ਕਿੱਲੋ ਤੋਂ ਲੈ ਕੇ ਦੋ ਕੁਇੰਟਲ ਤੱਕ ਵੀ ਹੋ ਸਕਦਾ ਹੈ ਕਿਉਂਕਿ ਸਪਰਮ ਵ੍ਹੇਲ ਬਹੁਤ ਹੀ ਵੱਡਾ ਜਾਨਵਰ (ਲੰਬਾਈ ਕਰੀਬ 55 ਫੁੱਟ) ਹੈ। ਬਹੁਤ ਹੀ ਕਿਸਮਤ ਵਾਲੇ ਲੋਕਾਂ ਨੂੰ ਇਹ ਸਮੁੰਦਰ ਵਿਚ ਤੈਰਦਾ ਜਾਂ ਸਮੁੰਦਰੀ ਤੱਟਾਂ 'ਤੇ ਪਿਆ ਮਿਲਦਾ ਹੈ। ਸ਼ੁਰੂ ਵਿਚ ਇਹ ਬਦਬੂਦਾਰ ਹੁੰਦਾ ਹੈ ਪਰ ਮਹੀਨਿਆਂ ਜਾਂ ਸਾਲਾਂਬੱਧੀ ਸਮੁੰਦਰ ਵਿਚ ਤੈਰਦੇ ਰਹਿਣ ਤੋਂ ਬਾਅਦ ਲੂਣੇ ਪਾਣੀ ਨਾਲ ਰਿਐਕਸ਼ਨ ਹੋਣ 'ਤੇ ਇਸ ਦੀ ਬਦਬੂ ਖਤਮ ਹੋ ਜਾਂਦੀ ਹੈ। ਇਸ ਵਿਚ ਐਂਬਰੋਕਸਾਈਡ ਅਤੇ ਐਂਬਰੀਨੋਲ ਨਾਮਕ ਕੈਮੀਕਲ ਬਣ ਜਾਂਦੇ ਹਨ ਤੇ ਇਹ ਇੱਕ ਅਲੌਕਿਕ ਕਿਸਮ ਦੀ ਖੁਸ਼ਬੂ ਦੇਣ ਲੱਗ ਪੈਂਦਾ ਹੈ। ਜਿੰਨੀ ਦੇਰ ਜ਼ਿਆਦਾ ਇਹ ਸਮੁੰਦਰ ਵਿਚ ਰਹਿੰਦਾ ਹੈ, ਉਨੀ ਹੀ ਇਸ ਦੀ ਖੁਸ਼ਬੂ ਵਧੀਆ ਹੋ ਜਾਂਦੀ ਹੈ। ਸੰਸਾਰ ਦੀਆਂ ਚੋਟੀ ਦੀਆਂ ਕਾਸਮੈਟਿਕ ਕੰਪਨੀਆਂ ਇਸ ਨੂੰ ਅਤਿ ਮਹਿੰਗੇ ਪ੍ਰਫਿਊਮ ਬਣਾਉਣ ਲਈ ਬੇਸ ਵਜੋਂ ਵਰਤਦੀਆਂ ਹਨ ਕਿਉਂਕਿ ਇਸ ਨਾਲ ਤਿਆਰ ਕੀਤਾ ਗਿਆ ਪ੍ਰਫਿਊਮ ਬਹੁਤ ਸਮੇਂ ਤੱਕ ਟਿਕਿਆ ਰਹਿੰਦਾ ਹੈ। ਭਾਰਤ ਵਿਚ ਇਸ ਦੇ ਵਪਾਰ 'ਤੇ ਪਾਬੰਦੀ ਹੈ ਤੇ ਕਾਲੇ ਬਜ਼ਾਰ ਵਿਚ ਇੱਕ ਕਿੱਲੋ ਐਂਬਰਗਰਿਸ ਦੀ ਕੀਮਤ ਇੱਕ ਕਰੋੜ ਨਾਲੋਂ ਵੀ ਵੱਧ ਹੈ।

ਐਂਬਰਗਰਿਸ ਸ਼ਿਕਾਰ ਦਾ ਮਾਸ ਹਜ਼ਮ ਕਰਨ ਲਈ ਸਪਰਮ ਵ੍ਹੇਲ ਦੇ ਪਿੱਤੇ ਦੁਆਰਾ ਅੰਤੜੀਆਂ ਵਿਚ ਛੱਡੇ ਗਏ ਰਸਾਂ ਤੋਂ ਬਣਦਾ ਹੈ। ਸਪਰਮ ਵ੍ਹੇਲ ਬਹੁਤ ਹੀ ਮਾਹਰ ਸ਼ਿਕਾਰੀ ਜਾਨਵਰ ਹੈ ਤੇ ਆਪਣੇ ਵੱਡੇ ਅਕਾਰ ਕਾਰਨ ਇਹ ਵੱਡੀ ਮਾਤਰਾ ਵਿਚ ਸਮੁੰਦਰੀ ਜੀਵਾਂ ਦਾ ਸ਼ਿਕਾਰ ਕਰਦੀ ਹੈ। ਵਿਸ਼ਾਲਕਾਈ ਆਕਟੋਪਸ ਇਸ ਦਾ ਮਨਭਾਉਂਦਾ ਸ਼ਿਕਾਰ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਸ਼ਿਕਾਰ ਦੀਆਂ ਹੱਡੀਆਂ ਅਤੇ ਹੋਰ ਤਿੱਖੇ ਅੰਗਾਂ ਤੋਂ ਵ੍ਹੇਲ ਦੀਆਂ ਅੰਤੜੀਆਂ ਨੂੰ ਬਚਾਉਣ ਖਾਤਰ ਪਿੱਤੇ ਵਲੋਂ ਛੱਡੇ ਗਏ ਰਸ ਇਨ੍ਹਾਂ ਦੁਆਲੇ ਜੰਮ ਜਾਂਦੇ ਹਨ ਤਾਂ ਜੋ ਇਹ ਅਸਾਨੀ ਨਾਲ ਸਰੀਰ ਤੋਂ ਬਾਹਰ ਨਿਕਲ ਜਾਣ। ਆਮ ਤੌਰ 'ਤੇ ਐਂਬਰਗਰਿਸ ਮਲ ਮੂਤਰ ਦੇ ਨਾਲ ਹੀ ਪਾਚਨ ਪ੍ਰਣਾਲੀ ਵਿਚੋਂ ਬਾਹਰ ਨਿਕਲ ਜਾਂਦਾ ਹੈ, ਪਰ ਕਈ ਵਾਰ ਇਹ ਗੋਲਾ ਜ਼ਿਆਦਾ ਵੱਡਾ ਹੋ ਜਾਵੇ ਤਾਂ ਵ੍ਹੇਲ ਇਸ ਨੂੰ ਮੂੰਹ ਰਾਹੀਂ ਬਾਹਰ ਸੁੱਟ ਦਿੰਦੀ ਹੈ। ਸਪਰਮ ਵ੍ਹੇਲ ਦੇ ਪੇਟ ਵਿਚ ਐਂਬਰਗਰਿਸ ਬਣਨ ਲਈ 5 ਤੋਂ 10 ਸਾਲ ਲੱਗਦੇ ਹਨ ਜਿਸ ਕਾਰਨ ਕਈ ਵਾਰ ਸਾਲਾਂ ਬਾਅਦ ਇੱਕ ਦੋ ਹੀ ਐਂਬਰਗਰਿਸ ਮਿਲਦੇ ਹਨ।

ਇਸ ਨੂੰ ਮਰਦਾਨਾ ਸ਼ਕਤੀ ਵਧਾਉਣ ਵਾਲਾ ਸਮਝਿਆ ਜਾਂਦਾ ਹੈ ਜਿਸ ਕਾਰਨ ਪ੍ਰਾਚੀਨ ਕਾਲ ਤੋਂ ਰਾਜਿਆਂ, ਮਹਾਰਾਜਿਆਂ ਅਤੇ ਧਨਾਢਾਂ ਵੱਲੋਂ ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤੋਂ ਵਿਚ ਲਿਆਂਦਾ ਜਾਂਦਾ ਰਿਹਾ ਹੈ। ਇੰਗਲੈਂਡ ਦੇ ਸ਼ਾਹੀ ਮਹਿਲਾਂ ਵਿਚ ਇਸ ਨੂੰ ਅੰਡਿਆਂ ਨਾਲ ਪਕਾ ਕੇ ਇੱਕ ਖਾਸ ਡਿਸ਼ ਤਿਆਰ ਕੀਤੀ ਜਾਂਦੀ ਸੀ ਜੋ ਰਾਜੇ ਚਾਰਲਸ ਦੂਸਰੇ (ਰਾਜ ਕਾਲ 1649 ਤੋਂ 1685 ਈਸਵੀ) ਨੂੰ ਬਹੁਤ ਪਸੰਦ ਸੀ ਪਰ ਜ਼ਿਆਦਾਤਰ ਯੂਰਪੀਨ ਰਾਜੇ ਇਸ ਨੂੰ ਸ਼ਰਾਬ ਨਾਲ ਮਿਲਾ ਕੇ ਪੀਂਦੇ ਸਨ। ਮਿਸਰ ਵਿਚ ਇਸ ਦੀ ਵਰਤੋਂ ਅਗਰਬੱਤੀ, ਕੌਫੀ, ਚੌਕਲੇਟ ਅਤੇ ਸਿਗਰਟਾਂ ਨੂੰ ਖੁਸ਼ਬੂਦਾਰ ਬਣਾਉਣ ਲਈ ਕੀਤੀ ਜਾਂਦੀ ਸੀ। ਜਦੋਂ ਯੂਰਪ ਵਿਚ ਬਲੈਕ ਡੈੱਥ ਨਾਮਕ ਪਲੇਗ (1346 ਤੋਂ 1353 ਈਸਵੀ, ਜਿਸ ਕਾਰਨ ਯੂਰਪ ਦੀ ਕਰੀਬ ਅੱਧੀ ਅਬਾਦੀ ਖਤਮ ਹੋ ਗਈ ਸੀ) ਫੈਲਿਆ ਸੀ ਤਾਂ ਇਹ ਮੰਨਿਆ ਜਾਂਦਾ ਸੀ ਕਿ ਜੇ ਐਂਬਰਗਰਿਸ ਨੂੰ ਜੇਬ ਵਿਚ ਰੱਖਿਆ ਜਾਵੇ ਤਾਂ ਇਸ ਮਹਾਂਮਾਰੀ ਤੋਂ ਬਚਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਨੂੰ ਚੇਚਕ, ਕੋਹੜ, ਟੀ.ਬੀ. ਅਤੇ ਦਮਾ ਆਦਿ ਗੰਭੀਰ ਬਿਮਾਰੀਆਂ ਦੀਆਂ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਸੀ।

ਇਸ ਵੇਲੇ ਐਂਬਰਗਰਿਸ ਦੇ ਵਪਾਰ 'ਤੇ ਆਸਟਰੇਲੀਆ, ਅਮਰੀਕਾ ਅਤੇ ਭਾਰਤ ਆਦਿ ਦੇਸ਼ਾਂ ਵਿਚ ਪਾਬੰਦੀ ਹੈ ਪਰ ਇੰਗਲੈਂਡ, ਫਰਾਂਸ, ਸਵਿਟਜ਼ਰਲੈਂਡ ਅਤੇ ਮਾਲਦੀਵਸ ਆਦਿ ਦੇਸ਼ਾਂ ਵਿਚ ਖੁੱਲ੍ਹ ਹੈ। ਇਸ 'ਤੇ ਪਾਬੰਦੀ ਲਗਾਉਣ ਦਾ ਮੁੱਖ ਕਾਰਨ ਇਹ ਹੈ ਕਿ 18ਵੀਂ ਅਤੇ 19ਵੀਂ ਸਦੀ ਵਿਚ ਚਰਬੀ, ਹੱਡੀਆਂ, ਮਾਸ ਅਤੇ ਐਂਬਰਗਰਿਸ ਪ੍ਰਾਪਤ ਕਰਨ ਲਈ ਸਪਰਮ ਵ੍ਹੇਲ ਸਮੇਤ ਵ੍ਹੇਲ ਮੱਛੀਆਂ ਦਾ ਸ਼ਿਕਾਰ ਐਨਾ ਵਧ ਗਿਆ ਸੀ ਕਿ ਇੱਕ ਸਾਲ ਵਿਚ 50000 ਤੱਕ ਵ੍ਹੇਲਾਂ ਮਾਰ ਦਿੱਤੀਆਂ ਜਾਂਦੀਆਂ ਸਨ। ਇਸ ਕਾਰਨ ਵ੍ਹੇਲਾਂ ਦੀ ਪ੍ਰਜਾਤੀ ਦੇ ਲੁਪਤ ਹੋਣ ਦਾ ਖਤਰਾ ਪੈਦਾ ਹੋ ਗਿਆ ਸੀ। ਇਸ ਖਤਰੇ ਨੂੰ ਭਾਂਪ ਕੇ ਫਿਕਰਮੰਦ ਦੇਸ਼ਾਂ ਨੇ 1982 ਵਿਚ ਇੰਟਰਨੈਸ਼ਨਲ ਵ੍ਹੇਲਿੰਗ ਕਮਿਸ਼ਨ ਦੀ ਸਥਾਪਨਾ ਕੀਤੀ ਤੇ ਇੱਕ ਨਿਸ਼ਚਿਤ ਮਾਤਰਾ ਤੋਂ ਵੱਧ ਵ੍ਹੇਲਾਂ ਦੇ ਸ਼ਿਕਾਰ 'ਤੇ ਪਾਬੰਦੀ ਲਗਾ ਦਿੱਤੀ ਗਈ। ਪਰ ਆਧੁਨਿਕ ਕਾਸਮੈਟਿਕ ਇੰਡਸਟਰੀ ਨੇ ਇਸ ਦਾ ਹੱਲ ਲੱਭ ਲਿਆ ਹੈ ਤੇ ਹੁਣ ਐਂਬਰਗਰਿਸ ਦੀ ਜਗ੍ਹਾ ਪ੍ਰੋਫਿਊਮ ਵਿਚ ਸਿੰਥੈਟਿਕ ਐਂਬਰੋਕਸਾਈਡ ਦੀ ਵਰਤੋਂ ਕੀਤੀ ਜਾ ਰਹੀ ਹੈ। ਐਂਬਰਗਰਿਸ ਸਭ ਤੋਂ ਜ਼ਿਆਦਾ ਦੱਖਣੀ ਅਫਰੀਕਾ, ਬਰਾਜ਼ੀਲ, ਮੈਡਗਾਸਕਰ, ਵੈਸਟ ਇੰਡੀਜ਼, ਮਾਲਦੀਵਜ਼, ਚੀਨ, ਜਪਾਨ, ਭਾਰਤ, ਆਸਟਰੇਲੀਆ, ਨਿਊਜ਼ੀਲੈਂਡ, ਬਹਾਮਾਸ ਅਤੇ ਮੱਲਾਕਾ ਟਾਪੂਆਂ ਦੇ ਸਮੁੰਦਰੀ ਤੱਟਾਂ 'ਤੇ ਮਿਲਦਾ ਹੈ। 2021 ਵਿਚ ਬਹਾਮਾਸ ਦੇ ਇੱਕ ਮਛੇਰੇ ਨੂੰ 127 ਕਿੱਲੋ ਦਾ ਐਂਬਰਗਰਿਸ ਮਿਲਿਆ ਸੀ ਜਿਸ ਦੀ ਕੀਮਤ 15 ਲੱਖ ਅਮਰੀਕਨ ਡਾਲਰ (ਤਕਰੀਬਨ 13 ਕਰੋੜ ਰੁਪਏ) ਮਿਥੀ ਗਈ ਸੀ।

*-ਬਲਰਾਜ ਸਿੰਘ ਸਿੱਧੂ*
*ਫੋਨ: 9501-100062*

# ਵੋਟ-ਸ਼ਕਤੀ ਦੇ ਅਦਭੁਤ ਜਲਵੇ: ਇਕ ਸਰਵੇਖਣ

ਭਾਰਤ ਸਮੇਤ ਦੁਨੀਆ ਦੇ ਵੋਟਰਾਂ ਦੀ ਤਾਕਤ ਨੇ ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਵੱਡੇ ਦੇਸ਼ਾਂ ਦੀ ਤਾਕਤ ਬਦਲ ਦਿੱਤੀ। ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਅਮਰੀਕਾ, ਫਰਾਂਸ, ਬਰਤਾਨੀਆ, ਈਰਾਨ ਅਤੇ ਦੱਖਣੀ ਅਫ਼ਰੀਕਾ ਵਿੱਚ ਪਿਛਲੇ ਦਿਨਾਂ ਵਿੱਚ ਹੋਈਆਂ ਚੋਣਾਂ ਦੌਰਾਨ ਵੋਟਰਾਂ ਨੇ ਆਪਣਾ ਅਦਭੁਤ ਜਲਵਾ ਦਿਖਾਇਆ ਹੈ।

ਵੋਟਰ ਹੀ ਸਿਆਸਤਦਾਨਾਂ ਦੀ ਕਿਸਮਤ ਦੇ ਨਿਰਮਾਤਾ ਹੁੰਦੇ ਹਨ- ਹਰ ਵੋਟਰ ਨੂੰ ਪੂਰੀ ਤਰ੍ਹਾਂ ਨਾਲ ਚੌਕਸ ਰਹਿ ਕੇ ਆਪਣੀ ਵੋਟ ਦਾ ਇਸਤੇਮਾਲ ਕਰਨਾ ਜ਼ਰੂਰੀ ਹੈ।ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਦੀਆ ਵਲੋਂ ਆਪਣੇ ਸਰਵੇਖਣ ਦੇ ਆਧਾਰ ਤੇ ਤਿਆਰ ਕੀਤੀ ਗਈ ਰਿਪੋਰਟ ਅਨੁਸਾਰ ਅੱਜ ਵਿਸ਼ਵ ਪੱਧਰ 'ਤੇ ਪੂਰੀ ਦੁਨੀਆ 'ਚ ਵੋਟਰਾਂ ਦਾ ਦਰਜਾ ਤੇਜ਼ੀ ਨਾਲ ਵੱਧ ਰਿਹਾ ਹੈ, ਕਿਉਂਕਿ ਲੋਕਤੰਤਰ ਦੇ ਵਧਦੇ ਰੁਝਾਨ 'ਚ ਵੋਟਰਾਂ ਦੀ ਸ਼ਕਤੀ ਇੰਨੀ ਚੌੜੀ ਹੋ ਗਈ ਹੈ ਕਿ ਉਹ ਕਿਸੇ ਵੀ ਨੇਤਾ, ਨੇਤਾ, ਨੇਤਾ ਨੂੰ ਆਪਣੇ ਸਿਰ 'ਤੇ ਬਿਠਾ ਸਕਦੇ ਹਨ, ਉਹ ਜ਼ਿਮੀਂਦਾਰ ਵੀ

**ਅਨੁਭਵੀ ਜਲੰਧਰੀ**

ਬਣਾ ਸਕਦੇ ਹਨ, ਰਾਜੇ ਤੋਂ ਪੈਸਾ ਕਮਾ ਸਕਦੇ ਹਨ, ਅੱਜ ਅਸੀਂ ਇਸ ਵਿਸ਼ੇ 'ਤੇ ਗੱਲ ਕਰ ਰਹੇ ਹਾਂ ਕਿਉਂਕਿ ਅਸੀਂ 8 ਫਰਵਰੀ ਨੂੰ ਰਾਜਧਾਨੀ ਦਿੱਲੀ 'ਚ ਚੋਣਾਂ ਹੋਈਆਂ ਅਤੇ 5 ਫਰਵਰੀ ਨੂੰ ਭਾਰਤ ਦੀ ਰਾਜਧਾਨੀ ਦਿੱਲੀ 'ਚ ਚੋਣਾਂ ਹੋਈਆਂ ਸਨ।ਜਿਵੇਂ ਕਿ 2025 ਦੇ ਨਤੀਜਿਆਂ ਵਿਚ ਦੇਖਿਆ ਗਿਆ ਹੈ, ਇਸ ਵਾਰ ਵੋਟਰਾਂ ਨੇ 27 ਸਾਲਾਂ ਬਾਅਦ ਭਾਜਪਾ ਨੂੰ ਵੋਟ ਦਿੱਤੀ ਅਤੇ 'ਆਪ' ਪਾਰਟੀ 11 ਸਾਲਾਂ ਤੋਂ ਸੱਤਾ ਵਿਚ ਹੈ।ਨੇ ਈਰਾਨ ਤੋਂ ਤਾਜ ਖੋਹ ਲਿਆ, ਨਾ ਸਿਰਫ ਰੱਦ ਸਗੋਂ ਉਸ ਪਾਰਟੀ ਦੇ ਉੱਚ ਲੀਡਰਸ਼ਿਪ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ, ਹਾਲਾਂਕਿ ਕੁਝ ਮਹੀਨੇ ਪਹਿਲਾਂ ਅਜਿਹਾ ਹੀ ਨਜ਼ਾਰਾ ਦੁਨੀਆ ਦੇ ਹੋਰ ਵਿਕਸਤ ਵੱਡੇ ਦੇਸ਼ਾਂ ਵਿੱਚ ਦੇਖਣ ਨੂੰ ਮਿਲਿਆ ਸੀ, ਜਿਸ ਵਿੱਚ ਅਸੀਂ ਹਾਲ ਹੀ ਵਿੱਚ 20 ਜਨਵਰੀ 2025 ਨੂੰ ਟਰੰਪ ਨੂੰ ਸਹੁੰ ਚੁੱਕਦੇ ਹੋਏ ਦੇਖਿਆ ਸੀ, ਇਸ ਤੋਂ ਪਹਿਲਾਂ ਕਿਸੇ ਵੀ ਪਾਰਟੀ ਨੂੰ 50 ਫੀਸਦੀ ਬਹੁਮਤ ਨਾ ਮਿਲਣ ਕਾਰਨ ਈਰਾਨ ਦੀਆਂ ਅਗਲੀਆਂ 42 ਜੁਲਾਈ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ 50 ਫੀਸਦੀ ਬਹੁਮਤ ਨਾ ਮਿਲਣ ਕਾਰਨ 2025 ਦੀਆਂ ਚੋਣਾਂ ਹੋਣੀਆਂ ਸਨ। ਇਸ ਦੇ ਨਾਲ ਹੀ ਫਰਾਂਸ ਵਿਚ ਰਾਸ਼ਟਰਪਤੀ ਮੈਕਰੋ ਦੀ ਪਾਰਟੀ ਵੀ ਪਛੜ ਕੇ ਤੀਜੇ ਸਥਾਨ 'ਤੇ ਆ ਗਈ, ਜਿਸ ਵਿਚ 7 ਜੁਲਾਈ 2024 ਨੂੰ ਦੂਜੇ ਦੌਰ ਦੀਆਂ ਚੋਣਾਂ ਹੋਈਆਂ। ਇਸੇ ਤਰ੍ਹਾਂ ਦੱਖਣੀ ਅਫਰੀਕਾ ਵਿੱਚ ਵੀ 30 ਸਾਲਾਂ ਵਿੱਚ ਪਹਿਲੀ ਵਾਰ ਨੈਲਸਨ ਮੰਡੇਲਾ ਦੀ ਪਾਰਟੀ ਅਫਰੀਕਨ ਨੈਸ਼ਨਲ ਕਾਂਗਰਸ ਨੂੰ ਸੰਸਦੀ ਚੋਣਾਂ ਵਿੱਚ ਬਹੁਮਤ ਨਹੀਂ ਮਿਲਿਆ ਹੈ। ਸਿਰਫ 40 ਪ੍ਰਤੀਸ਼ਤ ਵੋਟਾਂ ਪ੍ਰਾਪਤ ਹੋਈਆਂ ਸਨ, ਇਸ ਲਈ 1 ਜੁਲਾਈ, 2024 ਨੂੰ, ਨੇਤਾ ਰਾਮਾਫੋਸਾ ਨੇ ਦੁਬਾਰਾ ਚੁਣੇ ਜਾਣ ਲਈ ਗਠਜੋੜ ਦਾ ਸਹਾਰਾ ਲਿਆ।ਦੂਜੇ ਪਾਸੇ ਬਰਤਾਨੀਆ ਵਿੱਚ ਭਾਰਤੀ ਮੂਲ ਦੇ ਪੀਐਮ ਰਿਸ਼ੀ ਸੁਨਕ ਨੂੰ ਵੀ ਵੋਟਰਾਂ ਵੱਲੋਂ ਹਾਰ ਦਿਖਾਈ ਗਈ, ਜਦੋਂ ਕਿ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਅਮਰੀਕਾ ਵਿੱਚ ਸਾਬਕਾ ਰਾਸ਼ਟਰਪਤੀ ਟਰੰਪ ਨੇ 5 ਨਵੰਬਰ 2024 ਨੂੰ ਬਹੁਮਤ ਹਾਸਲ ਕੀਤਾ ਅਤੇ 20 ਜਨਵਰੀ 2025 ਨੂੰ ਸਹੁੰ ਚੁੱਕੀ ਅਤੇ ਹੁਣ 8 ਜਨਵਰੀ 2025 ਨੂੰ ਆਏ ਨਤੀਜਿਆਂ ਵਿੱਚ ਭਾਜਪਾ ਨੂੰ ਬਹੁਮਤ ਮਿਲਿਆ ਹੈ, ਜਿਸ ਬਾਰੇ ਅੱਜ ਅਸੀਂ ਮੀਡੀਆ ਦੀ ਮਦਦ ਨਾਲ ਇਸ ਸੀਟ ਦੇ 48 ਲੇਖਾਂ ਰਾਹੀਂ ਜਾਣਕਾਰੀ ਦੇਵਾਂਗੇ।ਭਾਰਤ ਦੇ ਵੋਟਰਾਂ ਦੀ ਤਾਕਤ ਨੇ ਦਿੱਲੀ ਸਮੇਤ ਵੱਡੇ ਦੇਸ਼ਾਂ ਦੀ ਤਾਕਤ ਬਦਲ ਦਿੱਤੀ ਹੈ, ਵੋਟਰ ਹੀ ਸਿਆਸਤਦਾਨਾਂ ਦੀ ਕਿਸਮਤ ਦੇ ਨਿਰਮਾਤਾ ਹਨ, ਹਰ ਵੋਟਰ ਨੂੰ ਪੂਰੀ ਤਰ੍ਹਾਂ ਚੌਕਸ ਰਹਿ ਕੇ ਆਪਣੀ ਵੋਟ ਦਾ ਇਸਤੇਮਾਲ ਕਰਨਾ ਜ਼ਰੂਰੀ ਹੈ।

ਦੋਸਤੋ, ਜੇਕਰ ਅਸੀਂ 8 ਫਰਵਰੀ 2025 ਨੂੰ ਦਿੱਲੀ ਵਿਧਾਨ ਸਭਾ ਚੋਣ ਨਤੀਜਿਆਂ ਦੀ ਗੱਲ ਕਰੀਏ ਤਾਂ ਰਾਜਧਾਨੀ ਵਿੱਚ ਸਖ਼ਤ ਸੁਰੱਖਿਆ ਪ੍ਰਬੰਧਾਂ ਵਿਚਕਾਰ ਸਵੇਰੇ 8 ਵਜੇ ਵੋਟਾਂ ਦੀ ਗਿਣਤੀ ਸ਼ੁਰੂ ਹੋ ਗਈ ਸੀ।70 ਸੀਟਾਂ ਲਈ 699 ਉਮੀਦਵਾਰ ਚੋਣ ਮੈਦਾਨ ਵਿੱਚ ਸਨ।ਚੋਣ ਨਤੀਜਿਆਂ 'ਚ ਭਾਜਪਾ ਨੇ 48 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ।ਆਮ ਆਦਮੀ ਪਾਰਟੀ ਨੇ 22 ਸੀਟਾਂ ਜਿੱਤੀਆਂ, ਜਦਕਿ ਕਾਂਗਰਸ ਦਾ ਖਾਤਾ ਵੀ ਨਹੀਂ ਖੁੱਲ੍ਹਿਆ।5 ਫਰਵਰੀ ਨੂੰ 13 ਹਜ਼ਾਰ ਤੋਂ ਵੱਧ ਬੂਥਾਂ ਤੇ ਕੁੱਲ 60.54 ਫੀਸਦੀ ਵੋਟਿੰਗ ਹੋਈ ਸੀ, ਤੁਹਾਨੂੰ ਦੱਸ ਦੇਈਏ ਕਿ ਅਰਵਿੰਦ ਕੇਜਰੀਵਾਲ ਨੇ 2013 ਦੀਆਂ ਵਿਧਾਨ ਸਭਾ ਚੋਣਾਂ 'ਚ ਇਸ ਸੀਟ ਤੋਂਲਗਾਤਾਰ ਤਿੰਨ ਵਾਰ ਨੁਮਾਇੰਦਗੀ ਕਰਨ ਵਾਲੀ ਮਰਹੂਮ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਹਰਾ ਕੇ ਸੱਤਾ ਹਾਸਲ ਕੀਤੀ ਸੀ।ਉਹ ਲਗਾਤਾਰ ਤਿੰਨ ਵਾਰ ਇਸ ਵਿਧਾਨ ਸਭਾ ਦੀ ਨੁਮਾਇੰਦਗੀ ਕਰਦੇ ਰਹੇ ਆਮ ਆਦਮੀ ਪਾਰਟੀ ਨੂੰ ਇੱਥੇ ਵੱਡਾ ਝਟਕਾ ਲੱਗਾ ਹੈ।ਸਾਬਕਾ ਮੁੱਖ ਮੰਤਰੀ ਅਤੇ 'ਆਪ' ਉਮੀਦਵਾਰ ਅਰਵਿੰਦ ਕੇਜਰੀਵਾਲ ਨਵੀਂ ਦਿੱਲੀ ਸੀਟ ਤੋਂ ਹਾਰ ਗਏ ਹਨ।ਭਾਜਪਾ ਉਮੀਦਵਾਰ ਪ੍ਰਵੇਸ਼ ਵਰਮਾ ਨੇ ਜਿੱਤ ਦਰਜ ਕੀਤੀ ਹੈ।ਇਸ ਸੀਟ ਤੋਂ ਕਾਂਗਰਸ ਨੇ ਸੰਦੀਪ ਦੀਕਸ਼ਿਤ ਨੂੰ ਉਮੀਦਵਾਰ ਬਣਾਇਆ ਸੀ।ਪ੍ਰਵੇਸ਼ ਵਰਮਾ ਨੇ ਕਾਲਕਾਜੀ ਸੀਟ ਤੋਂ ਕੇਜਰੀਵਾਲ ਨੂੰ 4089 ਵੋਟਾਂ ਨਾਲ ਹਰਾਇਆ ਹੈ।ਉਨ੍ਹਾਂ ਨੇ ਭਾਜਪਾ ਉਮੀਦਵਾਰ ਰਮੇਸ਼ ਬਿਧੂੜੀ ਨੂੰ 3521 ਵੋਟਾਂ ਨਾਲ ਹਰਾਇਆ ਹੈ।ਤੁਹਾਨੂੰ ਦੱਸ ਦੇਈਏ ਕਿ ਕਾਲਕਾਜੀ ਸੀਟ ਸਭ ਤੋਂ ਮਸ਼ਹੂਰ ਸੀਟਾਂ ਵਿੱਚੋਂ ਇੱਕ ਹੈ।ਇਸ ਵਾਰ ਆਮ ਆਦਮੀ ਪਾਰਟੀ ਨੇ ਕਾਲਕਾਜੀ ਸੀਟ ਤੋਂ ਮੁੱਖ ਮੰਤਰੀ ਆਤਿਸ਼ੀ ਨੂੰ ਟਿਕਟ ਦਿੱਤੀ ਹੈ।ਜਦਕਿ ਕਾਂਗਰਸ ਨੇ ਸਾਬਕਾ ਵਿਧਾਇਕ ਅਲਕਾ ਲਾਂਬਾ ਨੂੰ ਮੈਦਾਨ ਵਿੱਚ ਉਤਾਰਿਆ ਹੈ।ਇਨ੍ਹਾਂ ਚਿਹਰਿਆਂ ਕਾਰਨ ਕਾਲਕਾਜੀ ਸੀਟ ਇਕ ਵਾਰ ਫਿਰ ਹਾਟ ਸੀਟ ਬਣ ਗਈ ਹੈ।ਜਦਕਿ ਭਾਜਪਾ ਨੇ ਇੱਥੋਂ ਰਮੇਸ਼ ਬਿਧੂੜੀ ਨੂੰ ਟਿਕਟ ਦਿੱਤੀ।ਕਾਲਕਾ ਸੀਟ ਤੋਂ ਉਮੀਦਵਾਰ ਬਣਾਏ ਗਏ ਬਿਧੂੜੀ ਆਪਣੇ ਬਿਆਨਾਂ ਕਾਰਨ ਵਿਵਾਦਾਂ 'ਚ ਬਣੇ ਹੋਏ ਹਨ, 'ਆਪ' ਉਮੀਦਵਾਰ ਮਨੀਸ਼ ਸਿਸੋਦੀਆ ਜੰਗਪੁਰਾ ਸੀਟ ਤੋਂ 675 ਵੋਟਾਂ ਨਾਲ ਹਾਰ ਗਏ ਹਨ।ਇੱਥੇ ਭਾਜਪਾ ਉਮੀਦਵਾਰ ਤਰਵਿੰਦਰ ਸਿੰਘ ਮਰਵਾਹ ਜੇਤੂ ਰਹੇ ਹਨ।ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਆਗੂ ਅਤੇ ਜੰਗਪੁਰਾ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਮਨੀਸ਼ ਸਿਸੋਦੀਆ ਨੇ ਕਿਹਾ,ਜੰਗਪੁਰਾ ਦੇ ਲੋਕਾਂ ਨੇ ਬਹੁਤ ਪਿਆਰ ਦਿੱਤਾ ਪਰ ਅਸੀਂ 600 ਦੇ ਕਰੀਬ ਵੋਟਾਂ ਨਾਲ ਪਛੜ ਗਏ।ਅਸੀਂ ਜਿੱਤੇ ਉਮੀਦਵਾਰਾਂ ਨੂੰ ਵਧਾਈ ਦਿੰਦੇ ਹਾਂ। ਉਮੀਦ ਕਰਦੇ ਹਾਂ ਕਿ ਉਹ ਜੰਗਪੁਰਾ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਗੇ।ਆਗਾਮੀ ਸੀਟ ਤੋਂ ਭਾਜਪਾ ਦੇ ਕਪਿਲ ਮਿਸ਼ਰਾ ਨੇ ਕਰਾਮਾਗੜੀ ਪਾਰਟੀ ਨੂੰ ਹਰਾਇਆ ਹੈ ਆਮ ਆਦਮੀ ਨੂੰ 3355 ਵੋਟਾਂ ਪਾਰਟੀ ਦੇ ਉਮੀਦਵਾਰ ਸੌਰਭ ਭਾਰਦਵਾਜ ਨੇ ਉਸ ਨੂੰ 3188 ਵੋਟਾਂ ਨਾਲ ਹਰਾਇਆ ਹੈ, ਭਾਜਪਾ ਪਿਛਲੀਆਂ ਚੋਣਾਂ (2020) ਦੇ ਮੁਕਾਬਲੇ 9% ਤੋਂ ਵੱਧ ਸੱਤਾ ਵਿੱਚ ਵਾਪਸ ਆਈ ਹੈ, ਹਾਲਾਂਕਿ ਕਾਂਗਰਸ 10% ਤੋਂ ਵੱਧ ਹਾਰ ਗਈ ਹੈ।ਭਾਜਪਾ ਦੀ ਚੋਣ ਜਿੱਤ ਦੇ ਪਿੱਛੇ ਇੱਕ ਰਣਨੀਤੀ ਕਾਰ ਹੈ ਜੋ ਚੋਣਾਂ ਅਤੇ ਇਸਦੇ ਨਤੀਜਿਆਂ ਲਈ ਜ਼ਿੰਮੇਵਾਰ ਹੈ, ਪਰ ਸਭ ਤੋਂ ਤਾਕਤਵਰ ਵੋਟਰ ਹੈ ਜੋ ਸੱਟੇਬਾਜ਼ੀ ਦਾ ਤਾਜ ਪਹਿਨ ਸਕਦਾ ਹੈ ਅਤੇ ਉਸਨੂੰ ਝਟਕੇ ਨਾਲ ਉਤਾਰ ਵੀ ਸਕਦਾ ਹੈ।



ਦੋਸਤੋ, ਜੇਕਰ ਅਸੀਂ ਫਰਾਂਸ ਦੀਆਂ ਮੌਜੂਦਾ ਸੰਸਦੀ ਚੋਣਾਂ ਦੀ ਗੱਲ ਕਰੀਏ ਤਾਂ ਪਹਿਲੇ ਪੜਾਅ ਦੀਆਂ ਚੋਣਾਂ ਤੋਂ ਬਾਅਦ, ਮੈਕਰੋਨ ਇਸ ਸਮੇਂ ਫਰਾਂਸ ਦੇ ਰਾਸ਼ਟਰਪਤੀ ਹਨ ਅਤੇ 2027 ਤੱਕ ਉਸੇ ਅਹੁਦੇ 'ਤੇ ਰਹਿਣਗੇ। ਹਾਲਾਂਕਿ ਦੇਸ਼ ਦੇ ਸੰਵਿਧਾਨ ਦੇ ਤਹਿਤ ਉਹ ਤੀਜੀ ਵਾਰ ਇਸ ਅਹੁਦੇ ਲਈ ਚੋਣ ਨਹੀਂ ਲੜ ਸਕਦੇ ਹਨ ਅਤੇ ਰਾਸ਼ਟਰਪਤੀ ਵਜੋਂ ਉਨ੍ਹਾਂ ਦਾ ਕਾਰਜਕਾਲ ਇਸ ਨਾਲ ਖਤਮ ਹੋ ਜਾਵੇਗਾ।ਪਰ ਪਾਰਲੀਮਾਨੀ ਚੋਣਾਂ ਵਿੱਚ ਹਾਰ ਉਨ੍ਹਾਂ ਦੀ ਪਾਰਟੀ ਲਈ ਵੱਡਾ ਝਟਕਾ ਸਾਬਤ ਹੋਈ।

ਦੋਸਤੋ, ਜੇਕਰ 4 ਜੁਲਾਈ 2024 ਨੂੰ ਬ੍ਰਿਟੇਨ ਵਿੱਚ ਹੋਈ ਵੋਟਿੰਗ ਦੀ ਗੱਲ ਕਰੀਏ ਤਾਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ।ਪਿਛਲੇ ਪ੍ਰਧਾਨ ਮੰਤਰੀ ਨੂੰ ਵੀ ਉਨ੍ਹਾਂ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਤੋਂ ਸੱਤਾ ਗੁਆਉਣੀ ਪਈ ਸੀ,ਜੋ 14 ਸਾਲਾਂ ਤੋਂ ਸੱਤਾ 'ਚ ਸੀ। ਸੁਨਕ ਨੇ ਅਕਤੂਬਰ 2022 ਵਿੱਚ ਲਿਜ਼ ਟਰਸ ਦੇ ਅਸਤੀਫੇ ਤੋਂ ਬਾਅਦ ਅੱਠ ਸਾਲਾਂ ਵਿੱਚ ਪੰਜਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਸੀ, ਜੋ ਸਿਰਫ 44 ਦਿਨਾਂ ਲਈ ਸੱਤਾ ਵਿੱਚ ਸੀ।

ਦੋਸਤੋ, ਜੇਕਰ ਅਸੀਂ 5 ਨਵੰਬਰ, 2024 ਨੂੰ ਅਮਰੀਕਾ ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਦੀ ਗੱਲ ਕਰੀਏ, ਤਾਂ ਦੁਨੀਆ 20 ਜਨਵਰੀ, 2025 ਨੂੰ ਦੂਜੀ ਵਾਰ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਨੂੰ ਦੇਖਣ ਲਈ ਤਿਆਰ ਹੈ। ਅਮਰੀਕੀ ਕਾਂਗਰਸ ਵੱਲੋਂ ਟਰੰਪ ਦੀ ਚੋਣ ਜਿੱਤ ਨੂੰ ਪ੍ਰਮਾਣਿਤ ਕੀਤੇ ਜਾਣ ਤੋਂ ਲਗਭਗ ਦੋ ਹਫ਼ਤਿਆਂ ਬਾਅਦ ਰਸਮੀ ਰਸਮ 20 ਜਨਵਰੀ ਨੂੰ ਹੋਣੀ ਹੈ।ਟਰੰਪ-ਵੈਂਸ ਉਦਘਾਟਨ ਕਮੇਟੀ ਨੇ ਆਉਣ ਵਾਲੇ ਰਾਸ਼ਟਰਪਤੀ ਦੇ 'ਦੋਸਤ' ਪ੍ਰਧਾਨ ਮੰਤਰੀ ਮੋਦੀ ਨੂੰ ਸੱਦਾ ਦਿੱਤਾ ਹੈ।ਜ਼ਿਕਰਯੋਗ ਹੈ ਕਿ ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਵਿੱਚ ਵਿਦੇਸ਼ ਮੰਤਰੀ ਡਾ.ਐਸ ਜੈਸ਼ੰਕਰ ਨੇ ਭਾਰਤ ਸਰਕਾਰ ਦੀ ਨੁਮਾਇੰਦਗੀ ਕੀਤੀ। ਇਸ ਦੌਰੇ ਦੌਰਾਨ ਜੈਸ਼ੰਕਰ ਨੇ ਆਉਣ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨੁਮਾਇੰਦਿਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਦੂਜੀ ਵਾਰ ਰਾਸ਼ਟਰਪਤੀ ਚੋਣ ਜਿੱਤ ਕੇ ਇਤਿਹਾਸ ਰਚਿਆ ਹੈ। 20 ਜਨਵਰੀ 2025 ਨੂੰ ਚਾਰਜ ਸੰਭਾਲਿਆ। ਡੋਨਾਲਡ ਟਰੰਪ ਨੂੰ 50.9 ਫੀਸਦੀ ਵੋਟਾਂ ਮਿਲੀਆਂ। ਜਦੋਂ ਕਿ ਇਲੈਕਟੋਰਲ ਕਾਲਜ ਵਿੱਚ ਕਮਲਾ ਹੈਰਿਸ ਨੂੰ 47.6 ਫੀਸਦੀ ਵੋਟਾਂ ਮਿਲੀਆਂ ਹਨ,ਜਦਕਿ ਟਰੰਪ ਨੂੰ 295 ਅਤੇ ਕਮਲਾ ਹੈਰਿਸ ਨੂੰ 226 ਵੋਟਾਂ ਮਿਲੀਆਂ ਹਨ। ਅਮਰੀਕਾ ਵਿੱਚ ਰਾਸ਼ਟਰਪਤੀ ਲਈ ਬਹੁਮਤ ਦਾ ਅੰਕੜਾ 270 ਸੀ।

ਇਸ ਲਈ ਜੇਕਰ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰੀਏ ਅਤੇ ਇਸ ਦਾ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗੇਗਾ ਕਿ ਭਾਰਤ ਸਮੇਤ ਦੁਨੀਆ ਭਰ ਦੇ ਵੋਟਰਾਂ ਨੇ ਦਿੱਲੀ ਸਮੇਤ ਅਮਰੀਕਾ, ਫਰਾਂਸ, ਬ੍ਰਿਟੇਨ, ਇਰਾਨ, ਦੱਖਣੀ ਅਫਰੀਕਾ ਦੀਆਂ ਚੋਣਾਂ ਵਿੱਚ ਆਪਣੀ ਤਾਕਤ ਦਾ ਨੁਹਾਰ ਬਦਲ ਦਿੱਤਾ ਹੈ, ਜਿਸ ਵਿੱਚ ਵੋਟਰ ਹੀ ਸਿਆਸਤਦਾਨਾਂ ਦੀ ਕਿਸਮਤ ਦੇ ਨਿਰਮਾਤਾ ਹਨ-ਹਰ ਵੋਟਰ ਨੂੰ ਆਪਣੀ ਵੋਟ ਦਾ ਭਰਪੂਰ ਇਸਤੇਮਾਲ ਕਰਨਾ ਜ਼ਰੂਰੀ ਹੈ।

**ਜਾਈਆਂ ਖੇਡ ਮੈਦਾਨ ਦੀਆਂ - 6**

# ਖੇਡ ਪਰਿਵਾਰ ਦੀ ਵਾਰਸ ਟਰੈਪ ਨਿਸ਼ਾਨੇਬਾਜ਼ ਰਾਜੇਸ਼ਵਰੀ ਕੁਮਾਰੀ

ਪੈਰਿਸ ਵਿਖੇ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਭਾਰਤ ਦੇ 117 ਖਿਡਾਰੀਆਂ ਵਿੱਚ 20 ਖਿਡਾਰੀ ਪੰਜਾਬੀ ਸ਼ਾਮਲ ਸਨ। ਇਨ੍ਹਾਂ ਵਿੱਚ ਸ਼ਾਮਲ ਰਾਜੇਸ਼ਵਰੀ ਕੁਮਾਰੀ ਨੇ ਟਰੈਪ ਨਿਸ਼ਾਨੇਬਾਜ਼ ਵਿੱਚ ਹਿੱਸਾ ਲਿਆ। ਰਾਜੇਸ਼ਵਰੀ ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਮੈਂਬਰ ਹੈ ਅਤੇ ਖੇਡਾਂ ਦੀ ਗੁੜ੍ਹਤੀ ਉਸ ਨੂੰ ਪਰਿਵਾਰ ਵਿੱਚੋਂ ਮਿਲੀ ਹੈ। ਰਾਜੇਸ਼ਵਰੀ ਦੇ ਪਿਤਾ ਰਾਜਾ ਰਣਧੀਰ ਸਿੰਘ ਛੇ ਵਾਰ ਓਲੰਪਿਕਸ ਵਿੱਚ



**ਨਵਦੀਪ ਸਿੰਘ ਗਿੱਲ**
**ਫੋਨ: 97800-36216**

ਹਿੱਸਾ ਲੈ ਚੁੱਕੇ ਹਨ ਅਤੇ ਭਾਰਤ ਦੇ ਪਹਿਲੇ ਨਿਸ਼ਾਨੇਬਾਜ਼ ਹਨ ਜਿਨ੍ਹਾਂ ਏਸ਼ਿਆਈ ਖੇਡਾਂ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ ਹੈ।

ਹੁਣ ਰਾਜੇਸ਼ਵਰੀ ਦੇ ਓਲੰਪੀਅਨ ਬਣਨ ਨਾਲ ਰਾਜਾ ਰਣਧੀਰ ਸਿੰਘ ਤੇ ਰਾਜੇਸ਼ਵਰੀ ਭਾਰਤੀ ਖੇਡ ਜਗਤ ਵਿੱਚ ਪਿਓ-ਧੀ ਦੀ ਪਹਿਲੀ ਜੋੜੀ ਬਣ ਗਈ ਜੋ ਓਲੰਪਿਕ ਖੇਡਾਂ ਵਿੱਚ ਖੇਡੀ ਹੋਵੇ। ਇਸ ਤੋਂ ਪਹਿਲਾਂ ਵਾਲੀਬਾਲ ਖਿਡਾਰੀ ਪੀ ਵੀ ਰਾਮੰਨਾ ਤੇ ਬੈਡਮਿੰਟਨ ਖਿਡਾਰਨ ਪੀ ਵੀ ਸਿੰਧੂ ਏਸ਼ਿਆਈ ਖੇਡਾਂ ਦੀ ਤਮਗ਼ਾ ਜੇਤੂ ਪਿਓ-ਧੀ ਦੀ ਜੋੜੀ ਸੀ। ਸਿੰਧੂ ਨੇ ਓਲੰਪਿਕਸ ਵਿੱਚ ਵੀ ਤਮਗ਼ਾ ਜਿੱਤਿਆ ਹੈ ਪਰ ਰਾਮੰਨਾ ਨੇ ਓਲੰਪਿਕ ਖੇਡਾਂ ਵਿੱਚ ਹਿੱਸਾ ਨਹੀਂ ਲਿਆ। ਰਣਧੀਰ ਸਿੰਘ ਵਾਂਗ ਰਾਜੇਸ਼ਵਰੀ ਨੇ ਵੀ ਏਸ਼ਿਆਈ ਖੇਡਾਂ ਵਿੱਚ ਤਮਗ਼ਾ ਜਿੱਤਿਆ ਹੈ।

ਰਾਜੇਸ਼ਵਰੀ ਦਾ ਜਨਮ 10 ਦਸੰਬਰ 1991 ਨੂੰ ਹੋਇਆ। ਰਾਜੇਸ਼ਵਰੀ ਦੇ ਪਿਤਾ ਰਾਜਾ ਰਣਧੀਰ ਸਿੰਘ ਜਿੱਥੇ ਅਰਜੁਨਾ ਐਵਾਰਡੀ ਨਿਸ਼ਾਨੇਬਾਜ਼ ਸਨ ਉਥੇ ਉਸ ਦੇ ਦਾਦਾ ਰਾਜਾ ਭਲਿੰਦਰਾ ਸਿੰਘ ਭਾਰਤੀ ਖੇਡਾਂ ਦੇ ਉੱਘੇ ਪ੍ਰਸ਼ਾਸਕ ਹੋਏ। ਰਾਜਾ ਭਲਿੰਦਰਾ ਸਿੰਘ ਤੋਂ ਬਾਅਦ ਰਾਜਾ ਰਣਧੀਰ ਸਿੰਘ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ ਅਤੇ ਓਲੰਪਿਲ ਕੌਂਸਲ



ਆਫ਼ ਏਸ਼ੀਆ ਦੀ ਅਗਵਾਈ ਕੀਤੀ ਹੈ।ਰਾਜੇਸ਼ਵਰੀ ਨੇ ਖੇਡਾਂ ਵਿੱਚ ਨਿਸ਼ਾਨੇਬਾਜ਼ੀ ਖੇਡ ਚੁਣੀ ਅਤੇ ਈਵੈਂਟ ਵੀ ਆਪਣੇ ਪਿਤਾ ਵਾਲਾ ਟਰੈਪ ਚੁਣਿਆ।

ਰਾਜੇਸ਼ਵਰੀ ਨੇ 2013 ਵਿੱਚ 22 ਵਰ੍ਹਿਆਂ ਦੀ ਉਮਰੇ ਖੇਡ ਸ਼ੁਰੂ ਕੀਤੀ। ਖੇਡ ਸ਼ੁਰੂ ਕਰਨ ਦੇ ਪਹਿਲੇ ਹੀ ਸਾਲ 2014 ਵਿੱਚ ਉਸ ਨੇ ਪਟਿਆਲਾ ਵਿਖੇ ਹੋਈ ਨੈਸ਼ਨਲ ਸ਼ਾਟਗੰਨ ਚੈਂਪੀਅਨਸ਼ਿਪ ਵਿੱਚ ਸ਼੍ਰੇਅਸੀ ਸਿੰਘ ਨੂੰ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ। ਸ਼੍ਰੇਅਸੀ ਬਾਅਦ ਵਿੱਚ ਰਾਸ਼ਟਰਮੰਡਲ ਖੇਡਾਂ ਦੀ ਚੈਂਪੀਅਨ ਬਣੀ ਅਤੇ ਉਹ ਹੁਣ ਬਿਹਾਰ ਤੋਂ ਵਿਧਾਇਕਾ ਵੀ ਹੈ ਅਤੇ ਪੈਰਿਸ ਓਲੰਪਿਕ ਖੇਡਾਂ ਵਿੱਚ ਵੀ ਹਿੱਸਾ ਲੈ ਰਹੀ ਹੈ। 2015 ਵਿੱਚ ਰਾਜੇਸ਼ਵਰੀ ਨੇ ਨਵੀਂ ਦਿੱਲੀ ਵਿਖੇ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ। 2019 ਵਿੱਚ 63ਵੀਂ ਨੈਸ਼ਨਲ ਸ਼ਾਟਗੰਨ ਸ਼ੂਟਿੰਗ ਚੈਂਪੀਅਨਸ਼ਿਪ ਦੌਰਾਨ ਰਾਜੇਸ਼ਵਰੀ ਨੇ ਕੁਆਲੀਫਿਕੇਸ਼ਨ ਰਾਊਂਡ ਵਿੱਚ 125 ਵਿੱਚੋਂ 118 ਸਕੋਰ ਬਣਾ ਕੇ ਰਾਸ਼ਟਰੀ ਰਿਕਾਰਡ ਬਣਾਇਆ ਅਤੇ ਫਾਈਨਲ ਵਿੱਚ ਚਾਂਦੀ ਦਾ ਤਗਮਾ ਜਿੱਤਿਆ।

ਰਾਜੇਸ਼ਵਰੀ ਨੇ ਆਪਣੀ ਪਹਿਲੀ ਕੌਮਾਂਤਰੀ ਪ੍ਰਾਪਤੀ 2021 ਵਿੱਚ ਹਾਸਲ ਕੀਤੀ ਜਦੋਂ ਉਸ ਨੇ ਨਵੀਂ ਦਿੱਲੀ ਵਿੱਚ ਏਸ਼ੀਅਨ ਆਨਲਾਈਨ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ



ਸੋਨ ਤਮਗਾ ਜਿੱਤਿਆ। ਇਸੇ ਸਾਲ ਰਾਜੇਸ਼ਵਰੀ



ਨੇ ਸਾਥੀ ਖਿਡਾਰਨਾਂ ਕੀਰਤੀ ਗੁਪਤਾ ਅਤੇ ਮਨੀਸ਼ਾ ਕੀਰ ਨਾਲ ਮਿਲ ਕੇ ਕਾਹਿਰਾ (ਮਿਸਰ) ਵਿਖੇ ਹੋਏ ਵਿਸ਼ਵ ਕੱਪ ਵਿੱਚ ਟੀਮ ਟਰੈਪ ਈਵੈਂਟ ਵਿੱਚ ਚਾਂਦੀ ਦਾ ਤਗਮਾ ਜਿੱਤਿਆ।

2022 ਵਿੱਚ ਰਾਜੇਸ਼ਵਰੀ ਕੁਮਾਰੀ ਨੇ ਦੋ ਵਾਰ ਦੀ ਓਲੰਪਿਕ ਚੈਂਪੀਅਨ ਚੈੱਕ ਗਣਰਾਜ ਦੀ ਡੇਵਿਡ ਕੋਸਟੇਲੇਕੀ ਤੋਂ ਕੋਚਿੰਗ ਸ਼ੁਰੂ ਕੀਤੀ। ਮਾਰਚ 2023 ਵਿੱਚ ਦੋਹਾ ਵਿਸ਼ਵ ਕੱਪ ਰਾਜੇਸ਼ਵਰੀ ਦਾ ਪ੍ਰਦਰਸ਼ਨ ਚੰਗਾ ਨਹੀਂ ਰਿਹਾ ਅਤੇ ਉਹ 46ਵੇਂ ਸਥਾਨ ਉਤੇ ਰਹੀ। ਅਗਲੇ ਮਹੀਨੇ ਅਪਰੈਲ ਵਿੱਚ ਰਾਜੇਸ਼ਵਰੀ ਨੇ ਨਵੀਂ ਦਿੱਲੀ ਵਿੱਚ ਹੋਏ ਨੈਸ਼ਨਲ ਸ਼ਾਟਗੰਨ ਟਰਾਇਲ ਜਿੱਤਦਿਆਂ ਕਾਹਿਰਾ ਵਿਖੇ ਹੋਏ ਵਿਸ਼ਵ ਕੱਪ ਵਿੱਚ ਹਿੱਸਾ ਲਿਆ ਅਤੇ 14ਵੀਂ ਪੁਜ਼ੀਸ਼ਨ ਹਾਸਲ ਕੀਤੀ।ਅਗਸਤ ਮਹੀਨੇ ਬਾਕੂ (ਅਜ਼ਰਬਾਈਜਾਨ) ਵਿਖੇ ਹੋਈ ਵਿਸ਼ਵ ਚੈਂਪੀਅਨਸ਼ਿਪ ਵਿੱਚ ਪੰਜਵਾਂ ਸਥਾਨ ਹਾਸਲ ਕਰਕੇ ਪੈਰਿਸ ਓਲੰਪਿਕਸ ਦਾ ਕੋਟਾ ਹਾਸਲ ਕੀਤਾ। ਓਲੰਪਿਕਸ ਕੁਆਲੀਫਾਈ ਹੋਣ ਤੋਂ ਬਾਅਦ ਬੁਲੰਦ ਹੌਂਸਲਿਆਂ ਨਾਲ ਹਾਂਗਜ਼ੂ ਵਿਖੇ ਏਸ਼ਿਆਈ ਖੇਡਾਂ ਵਿੱਚ ਉੱਤਰੀ ਜਿੱਥੇ ਉਸ ਨੇ ਮਹਿਲਾ ਟਰੈਪ ਟੀਮ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ।ਸਾਲ ਦੇ ਅਖੀਰ ਵਿੱਚ ਗੋਆ ਵਿਖੇ ਹੋਈਆਂ ਰਾਸ਼ਟਰੀ ਖੇਡਾਂ ਵਿੱਚ ਸੋਨ ਤਮਗਾ ਜਿੱਤਿਆ।

ਰਾਜੇਸ਼ਵਰੀ ਨਿਸ਼ਾਨੇਬਾਜ਼ ਹੋਣ ਦੇ ਨਾਲ ਫੈਸ਼ਨ ਡਿਜ਼ਾਇਨਰ ਵੀ ਹੈ।ਉਨ੍ਹਾਂ ਦੇ ਬਰਾਂਡ ਦੀਆਂ ਪੁਸ਼ਾਕਾਂ ਬਾਲੀਵੁੱਡ ਅਭਿਨੇਤਰੀਆਂ ਪਹਿਨਦੀਆਂ ਹਨ।ਉਹ ਆਪਣੇ ਬਚਪਨ ਦੇ ਦੋਸਤ ਸੌਰਭ ਅੱਗਰਵਾਲ ਦੇ ਨਾਲ ਮਿਲ ਕੇ ਪਟਿਆਲਾ ਦੀ ਹਸਤ ਕਲਾ ਦੇ ਕੱਪੜੇ ਤਿਆਰ ਕਰਦੇ ਹਨ। ਰਾਜੇਸ਼ਵਰੀ ਦਾ ਵਿਆਹ 2013 ਵਿੱਚ ਮਹਿਤਾਬ ਸਿੰਘ ਨਾਲ ਹੋਇਆ।

-0-

# ਫ਼ਿਲਮ ਲੋਕ



## ਅਕਸ਼ੈ ਕੁਮਾਰ ਦੀ ਡੁੱਬਦੀ ਬੇੜੀ ਪਾਰ ਲਗਾਏਗੀ ਤੱਬੂ

ਏਕਤਾ ਕਪੂਰ ਅਤੇ ਅਕਸ਼ੈ ਕੁਮਾਰ ਦੇ ਪ੍ਰੋਡਕਸ਼ਨ ਹਾਊਸ ਕੌਪ ਆਫ ਗੁੰਡਾ ਫ਼ਿਲਮਜ਼ ਦੇ ਬੈਨਰ ਹੇਠ ਸ਼ੁਰੂ ਹੋਣ ਜਾ ਰਹੀ ਫ਼ਿਲਮ 'ਭੂਤ ਬੰਗਲਾ' ਜ਼ਰੀਏ ਅਕਸ਼ੈ ਕੁਮਾਰ ਅਤੇ ਪ੍ਰਿਆਦਰਸ਼ਨ ਦੀ ਜੋੜੀ 'ਖੱਟਾ ਮਿੱਠਾ' ਦੇ ਪੂਰੇ 14 ਸਾਲ ਬਾਅਦ ਵੱਡੇ ਪਰਦੇ 'ਤੇ ਵਾਪਸੀ ਕਰ ਰਹੀ ਹੈ। ਡਰਾਉਣੀ ਕਾਮੇਡੀ ਫ਼ਿਲਮ 'ਭੂਤ ਬੰਗਲਾ' ਵਿਚ ਤੱਬੂ ਦਾ ਦਾਖ਼ਲਾ ਵੀ ਹੋ ਚੁੱਕਿਆ ਹੈ। ਕਰੀਨਾ ਕਪੂਰ ਅਤੇ ਕ੍ਰਿਤੀ ਸੈਨਨ ਦੇ ਨਾਲ ਫ਼ਿਲਮ 'ਕਰੂ' ਵਿਚ ਨਜ਼ਰ ਆਉਣ ਵਾਲੀ ਤੱਬੂ 'ਭੂਤ ਭੰਗਲਾ' ਵਿਚ ਆਪਣੇ ਕਾਮੇਡੀ ਅੰਦਾਜ਼ ਵਿਚ ਅਕਸ਼ੈ ਕੁਮਾਰ ਨੂੰ ਸਪੋਰਟ ਕਰਦੀ ਦਿਸੇਗੀ।

ਮੰਨਿਆ ਜਾ ਰਿਹਾ ਹੈ ਕਿ ਫ਼ਿਲਮ ਵਿਚ ਤੱਬੂ ਦੇ ਦਾਖ਼ਲੇ ਬਾਅਦ ਫ਼ਿਲਮ ਦੇ ਹਿੱਟ ਹੋਣ ਦੀ ਸੰਭਾਵਨਾ ਕਾਫ਼ੀ ਵਧ ਚੁੱਕੀ ਹੈ। 'ਭੂਤ ਬੰਗਲਾ' ਦੀ ਸ਼ੂਟਿੰਗ ਹਾਲ ਹੀ ਵਿਚ ਰਾਜ ਸਥਾਨ ਦੇ ਜੈਪੁਰ ਵਿਚ ਸ਼ੁਰੂ ਹੋ ਚੁੱਕੀ ਹੈ। ਇਸ ਫ਼ਿਲਮ ਨੂੰ ਅਗਲੇ ਸਾਲ 2 ਅਪ੍ਰੈਲ ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਕੀਤਾ ਜਾਵੇਗਾ। ਲੰਮੇ ਸਮੇਂ ਤੋਂ ਇਕ ਹਿਣ ਨੂੰ ਤਰਸ ਰਹੇ ਆ ਕੁਮਾਰ ਲਈ ਤੱਬੂ ਹਮੇਸ਼ਾ ਆਕਰਸ਼ਣ ਰਹੀ ਹੈ। ਅਕਸ਼ੈ ਕੁਮਾਰ ਅਤੇ ਤੱਬੂ ਪਹਿਲੀ ਵਾਰ ਫ਼ਿਲਮ 'ਤੂ ਚੋਰ ਮੈਂ ਸਿਪਾਹੀ' ਵਿਚ ਨਜ਼ਰ ਆਏ ਸਨ। ਟਿਕਟ ਖਿੜਕੀ ਅਨੁਸਾਰ ਉਸ ਦੌਰ ਵਿਚ ਮਹਿਜ਼ 4 ਕਰੋੜ ਰੁਪਏ ਦੇ ਬਜਟ ਵਿਚ ਬਣੀ ਇਸ ਫ਼ਿਲਮ ਨੇ ਦੁਨੀਆ ਭਰ ਵਿਚ 11 ਕਰੋੜ ਰੁਪਏ ਕਮਾਏ ਸਨ।

ਇਸ ਤੋਂ ਬਾਅਦ ਦੋਵਾਂ ਦੀ ਇਕੱਠਿਆਂ ਦੀ ਫ਼ਿਲਮ 'ਹੇਰਾ ਫੇਰੀ' ਨਾ ਸਿਰਫ਼ ਸੁਪਰ ਹਿਟ ਰਹੀ, ਸਗੋਂ ਇਸ ਫ਼ਿਲਮ ਨੂੰ ਅੱਜ ਵੀ ਬੈਸਟ ਕਾਮੇਡੀ ਫ਼ਿਲਮਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਅਕਸ਼ੈ ਕੁਮਾਰ ਦੀ ਫ਼ਿਲਮ 'ਫਿਰ ਹੇਰਾ ਫੇਰੀ' ਵਿਚ ਤੱਬੂ ਮਹਿਜ਼ ਇਕ ਦ੍ਰਿਸ਼ ਵਿਚ ਸੀ ਪਰ ਇਹ ਫ਼ਿਲਮ ਵੀ ਸੁਪਰਹਿਟ ਰਹੀ ਸੀ।

ਹੁਣ 'ਭੂਤ ਬੰਗਲਾ' ਇਨ੍ਹਾਂ ਦੋਵਾਂ ਦੀ ਇਕੱਠਿਆਂ ਆਉਣ ਵਾਲੀ ਚੌਥੀ ਫ਼ਿਲਮ ਹੋਣ ਵਾਲੀ ਹੈ। ਦੋਵਾਂ ਦੀਆਂ ਇਕੱਠਿਆਂ ਵਾਲੀਆਂ ਫ਼ਿਲਮਾਂ ਦੀ ਕਾਮਯਾਬੀ ਦਾ 100 ਫ਼ੀਸਦੀ ਰਿਕਾਰਡ ਦੇਖ ਕੇ ਉਮੀਦ ਕੀਤੀ ਜਾ ਰਹੀ ਹੈ ਕਿ ਤੱਬੂ ਫ਼ਿਲਮ 'ਭੂਤ ਬੰਗਲਾ' ਜ਼ਰੀਏ ਅਕਸ਼ੈ ਕੁਮਾਰ ਦੀ ਡੁੱਬਦੀ ਬੇੜੀ ਪਾਰ ਲਗਾ ਦੇਵੇਗੀ। ਉਂਝ ਵੀ ਇਹ ਫ਼ਿਲਮ ਅਕਸ਼ੈ ਕੁਮਾਰ ਨੂੰ ਉਸ ਦੀ ਕਾਮੇਡੀ ਟਾਈਮਿੰਗ ਦਿਖਾਉਣ ਦਾ ਪੂਰਾ ਮੌਕਾ ਦੇਣ ਵਾਲੀ ਹੈ, ਜਿਸ ਲਈ ਉਹ ਮਸ਼ਹੂਰ ਰਹੇ ਹਨ। ਜਾਣਕਾਰਾਂ ਦਾ ਮੰਨਣਾ ਹੈ ਕਿ 'ਭੂਤ ਬੰਗਲਾ' ਅਗਲੇ ਸਾਲ ਦੀਆਂ ਬਿਹਤਰੀਨ ਫ਼ਿਲਮਾਂ ਦੀ ਸੂਚੀ ਵਿਚ ਸ਼ਾਮਿਲ ਹੋ ਸਕਦੀ ਹੈ।



## ਦੀਪਿਕਾ ਪਾਦੂਕੋਨ ਆਪਣੇ ਪਿਤਾ 'ਤੇ ਫ਼ਿਲਮ ਬਣਾਏਗੀ





ਦੀਪਿਕਾ ਪਾਦੂਕੋਨ ਬਹੁਤ ਛੇਤੀ ਆਪਣੇ ਪਿਤਾ ਬੈਡਮਿੰਟਨ ਖਿਡਾਰੀ ਪ੍ਰਕਾਸ਼ ਪਾਦੂਕੋਨ ਦੀ ਬਾਇਓਪਿਕ ਬਣਾਉਣ ਜਾ ਰਹੀ ਹੈ। ਕਾਫ਼ੀ ਸਮੇਂ ਤੋਂ ਦੀਪਿਕਾ ਇਸ 'ਤੇ ਕੰਮ ਕਰ ਰਹੀ ਹੈ। ਦੀਪਿਕਾ ਦਾ ਕਹਿਣਾ ਹੈ ਕਿ ਮੇਰੇ ਪਿਤਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਇਕ ਮੈਰਿਜ ਹਾਊਸ ਨੂੰ ਬੈਡਮਿੰਟਨ ਕੋਰਟ ਬਣਾ ਕੇ ਕੀਤੀ ਸੀ। ਜੇਕਰ ਉਸ ਦੇ ਕੋਲ ਅੱਜ ਵਰਗੀਆਂ ਸਹੂਲਤਾਂ ਹੁੰਦੀਆਂ ਤਾਂ ਉਸ ਦੀ ਕਹਾਣੀ ਕੁਝ ਹੋਰ ਹੀ ਹੁੰਦੀ। ਪਿਛਲੀ ਵਾਰ ਫ਼ਿਲਮ 'ਸਿੰਘਮ ਅਗੇਨ' ਵਿਚ ਨਜ਼ਰ ਆਉਣ ਵਾਲੀ ਅਦਾਕਾਰਾ ਦੀਪਿਕਾ ਨੇ ਅਦਾਕਾਰ ਰਣਵੀਰ ਸਿੰਘ ਨਾਲ 14 ਨਵੰਬਰ, 2018 ਨੂੰ ਵਿਆਹ ਕੀਤਾ ਸੀ। ਪਿਛਲੇ ਸਾਲ 8 ਸਤੰਬਰ ਨੂੰ ਦੋਵੇਂ ਬੇਟੀ ਦੁਆ ਦੇ ਮਾਪੇ ਬਣੇ ਸਨ। ਫਿਲਮ 'ਸਿੰਘਮ ਅਗੇਨ' ਵਿਚ ਦੀਪਿਕਾ ਨੇ ਸ਼ਕਤੀ ਸ਼ੈਟੀ ਦੀ ਭੂਮਿਕਾ ਅਦਾ ਕੀਤੀ ਸੀ । ਇਸ ਫ਼ਿਲਮ ਦੀ ਜ਼ਿਆਦਾਤਰ ਸ਼ੂਟਿੰਗ ਉਸ ਨੇ ਆਪਣੇ ਗਰਭ ਸਮੇਂ ਦੌਰਾਨ ਕੀਤੀ ਸੀ। ਮਾਂ ਬਣਨ ਤੋਂ ਬਾਅਦ ਹੁਣ ਦੀਪਿਕਾ ਛੇਤੀ ਹੀ ਫ਼ਿਲਮ 'ਕਲਕੀ 2898 ਏ.ਡੀ' ਦੇ ਵਿਸਥਾਰ 'ਕਲਕੀ 2898 ਏ.ਡੀ. ਪਾਰਟ-2' ਦੀ ਸ਼ੂਟਿੰਗ ਸ਼ੁਰੂ ਕਰੇਗੀ। ਇਸ ਤੋਂ ਇਲਾਵਾ ਸੰਜੈ ਲੀਲਾ ਭੰਸਾਲੀ ਵਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਫ਼ਿਲਮ 'ਲਵ ਐਂਡ ਵਾਰ' ਵਿਚ ਵੀ ਅਦਾਕਾਰਾ ਦੀਪਿਕਾ ਪਾਦੂਕੋਨ ਦਾ ਦਾਖ਼ਲਾ ਹੋ ਗਿਆ ਹੈ। ਇਸ ਫ਼ਿਲਮ ਵਿਚ ਆਲੀਆ ਭੱਟ ਇਕ ਕੈਬਰੇ ਡਾਂਸਰ ਦੀ ਭੂਮਿਕਾ ਵਿਚ ਹੈ। ਉਥੇ ਰਣਬੀਰ ਕਪੂਰ ਅਤੇ ਵਿੱਕੀ ਕੋਸ਼ਲ ਫ਼ਿਲਮ ਵਿਚ ਇੰਡੀਅਨ ਆਰਮਡ ਫੋਰਸ ਦੇ ਅਫ਼ਸਰਾਂ ਦੇ ਕਿਰਦਾਰ ਵਿਚ ਦਿਸਣਗੇ। ਇਹ ਫ਼ਿਲਮ ਅਗਲੇ ਸਾਲ 20 ਮਾਰਚ ਨੂੰ ਸਿਨੇਮਾ ਘਰਾਂ ਵਿਚ ਦਸਤਕ ਦੇਵੇਗੀ। ਦੀਪਿਕਾ ਵੱਡੇ ਪਰਦੇ 'ਤੇ ਗ਼ਜ਼ਬ ਦੀ ਖ਼ੂਬਸੂਰਤ ਨਜ਼ਰ ਆਉਂਦੀ ਹੈ। ਉਸ ਦੀਆਂ ਅੱਖਾਂ ਵਿਚ ਝਲਕਦੀ ਕਾਤਿਲਾਨਾ ਮੁਸਕਾਨ ਅਤੇ ਕਾਇਲ ਕਰ ਦੇਣ ਵਾਲੀਆਂ ਗੱਲ੍ਹਾਂ 'ਚ ਪੈਂਦੇ ਡਿੰਪਲ ਭਾਵ ਡੂੰਘ ਉਸ ਦੀ ਖ਼ੂਬਸੂਰਤੀ ਨੂੰ ਵੱਖਰਾ ਹੀ ਕਰ ਦਿੰਦੇ ਹਨ। ਅੱਜ ਦੇ ਦੌਰ ਵਿਚ ਉਹ ਇਕੱਲੋਤੀ ਇਸ ਤਰ੍ਹਾਂ ਦੀ ਅਦਾਕਾਰਾ ਹੈ, ਜੋ ਸਾੜ੍ਹੀ ਅਤੇ ਬਿਕਨੀ, ਦੋਵਾਂ ਵਿਚ ਖ਼ੂਬਸੂਰਤ ਨਜ਼ਰ ਆਉਂਦੀ ਹੈ। ਉਸ ਨੇ ਆਪਣੀ ਖ਼ੂਬਸੂਰਤੀ ਦੇ ਦਮ 'ਤੇ ਦੁਨੀਆ ਭਰ ਵਿਚ ਦਬਦਬਾ ਕਾਇਮ ਕਰਦੇ ਹੋਏ ਕਰੋੜਾਂ ਦੀਵਾਨੇ ਬਣਾਏ ਹਨ। ਦੀਪਿਕਾ ਅਤੇ ਰਣਵੀਰ ਸਿੰਘ ਦੇ ਵਿਆਹ ਨੂੰ 7 ਸਾਲ ਹੋ ਚੁੱਕੇ ਹਨ ਪਰ ਇਸ ਦੇ ਬਾਵਜੂਦ ਦੀਪਿਕਾ ਦਾ ਆਕਰਸ਼ਣ ਅੱਜ ਵੀ ਉਵੇਂ ਹੀ ਬਰਕਰਾਰ ਹੈ। ਬਾਲੀਵੁੱਡ ਦੀ ਉਹ ਪਹਿਲੀ ਇਸ ਤਰ੍ਹਾਂ ਦੀ ਅਦਾਕਾਰਾ ਹੈ, ਜਿਸ ਨੂੰ ਨਾ ਸਿਰਫ਼ ਵਿਆਹ ਤੋਂ ਬਾਅਦ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਕੰਮ ਮਿਲ ਰਿਹਾ ਹੈ, ਸਗੋਂ ਉਸ ਦੀ ਬ੍ਰਾਂਡ ਕੀਮਤ ਲਗਾਤਾਰ ਵਧਦੀ ਹੀ ਜਾ ਰਹੀ ਹੈ।

## 'ਭੂਤ ਬੰਗਲਾ' ਵਿਚ ਨਜ਼ਰ ਆਵੇਗੀ ਵਾਮਿਕਾ ਗੱਬੀ

ਹਿੰਦੀ, ਮਲਿਆਲਮ, ਤਾਮਿਲ ਅਤੇ ਤੇਲਗੂ ਫ਼ਿਲਮਾਂ ਵਿਚ ਕੰਮ ਕਰ ਚੁੱਕੀ ਚੰਡੀਗੜ੍ਹ ਦੀ ਅਦਾਕਾਰਾ ਵਾਮਿਕਾ ਗੱਬੀ ਹਾਲ ਹੀ ਵਿਚ ਵਰੁਣ ਧਵਨ ਨਾਲ ਫ਼ਿਲਮ 'ਬੇਬੀ ਜਾਨ' ਵਿਚ ਨਜ਼ਰ ਆਈ ਸੀ ਪਰ ਫ਼ਿਲਮ ਟਿਕਟ ਖਿੜਕੀ 'ਤੇ ਚੰਗਾ ਪ੍ਰਦਰਸ਼ਨ ਕਰਨ ਵਿਚ ਨਾਕਾਮ ਸਾਬਿਤ ਹੋਈ ਸੀ। ਇਸ ਦੇ ਬਾਵਜੂਦ ਵਾਮਿਕਾ ਦੇ ਹੱਥ ਇਕ ਹੋਰ ਫ਼ਿਲਮ 'ਜੀ-2' ਆ ਚੁੱਕੀ ਹੈ। ਇਸ ਵਿਚ ਉਹ ਅਦਿਵੀ ਸ਼ੇਸ਼ ਦੇ ਰੂਪ ਵਿਚ ਨਜ਼ਰ ਆਵੇਗੀ।

ਸ਼ਾਹਿਦ ਅਤੇ ਕਰੀਨਾ ਕਪੂਰ ਦੀ ਭੂਮਿਕਾ ਵਾਲੀ ਹਿੰਦੀ ਫ਼ਿਲਮ 'ਜਬ ਵੀ ਮੈਂਟ' ਵਿਚ ਇਕ ਛੋਟੀ ਜਿਹੀ ਭੂਮਿਕਾ ਨਾਲ ਬਾਲੀਵੁੱਡ ਵਿਚ ਸ਼ੁਰੂਆਤ ਕਰਨ ਵਾਲੀ ਅਦਾਕਾਰਾ ਵਾਮਿਕਾ ਪੰਜਾਬੀ ਫ਼ਿਲਮ ਸਨਅਤ ਦਾ ਹਰਮਨਪਿਆਰਾ ਚਿਹਰਾ ਹੈ। ਪੰਜਾਬੀ ਫਿਲਮਾਂ ਵਿਚ ਵਾਮਿਕਾ ਗੱਬੀ ਨੂੰ ਵੱਡੀ ਸਫ਼ਲਤਾ 'ਯੋ ਯੋ ਹਨੀ ਸਿੰਘ' ਅਤੇ ਅਮਰਿੰਦਰ ਗਿੱਲ ਦੇ ਨਾਲ 'ਰੂ ਮੇਰਾ 22 ਮੈਂ ਤੇਰਾ 22' ਤੋਂ ਮਿਲੀ, ਜਿਸ ਲਈ ਉਸ ਨੂੰ ਸਰਬੋਤਮ ਸਹਾਇਕ ਅਭਿਨੇਤਰੀ ਦੀ ਸ਼੍ਰੇਣੀ ਵਿਚ ਪੀ.ਟੀ.ਸੀ. ਪੰਜਾਬੀ ਫਿਲਮ ਐਵਾਰਡ ਲਈ ਨਾਮਜ਼ਦਗੀ ਮਿਲੀ ਸੀ।

ਉਸ ਨੇ 'ਇਸ਼ਕ ਬ੍ਰਾਂਡੀ', 'ਨਿੱਕਾ ਜ਼ੈਲਦਾਰ-2', 'ਪ੍ਰਾਹੁਣਾ', 'ਦਿਲ ਦੀਆਂ ਗੱਲਾਂ' ਅਤੇ 'ਨਿੱਕਾ ਜ਼ੈਲਦਾਰ-3' ਵਰਗੀਆਂ ਕਈ ਪੰਜਾਬੀ ਫ਼ਿਲਮਾਂ ਵਿਚ ਅਭਿਨੈ ਕੀਤਾ। ਵੈੱਬ ਸੀਰੀਜ਼ 'ਬਾਹੂਬਲੀ : ਦ ਬਿਗਿਨਿੰਗ' ਵਿਚ ਉਹ ਨਿਧੀ ਸਿੰਘ, ਪਰਮਾਨੈਂਟ ਰੂਮਮੇਟਸ, ਪਿਕਚਰਸ', 'ਮੈਂਸ ਵਰਲਡ' ਅਤੇ 'ਅਪਹਰਨ' ਵਰਗੀਆਂ ਸੀਰੀਜ਼ ਵਿਚ ਆਪਣੇ ਬਿਹਤਰੀਨ ਕੰਮ ਨਾਲ ਦਰਸ਼ਕਾਂ ਦਾ ਮਨੋਰੰਜਨ ਕਰ ਚੁੱਕੀ ਹੈ। ਵਾਮਿਕਾ ਗੱਬੀ ਨੇ ਕਬੀਰ ਖਾਨ ਦੀ ਫ਼ਿਲਮ '83' ਵਿਚ ਕ੍ਰਿਕਟਰ ਮਦਨ ਲਾਲ ਦੀ ਪਤਨੀ ਅਨੂੰ ਲਾਲ ਦਾ ਕਿਰਦਾਰ ਨਿਭਾਇਆ ਸੀ ।

ਪੰਜਾਬੀ ਫ਼ਿਲਮਾਂ ਦੀ ਤਰ੍ਹਾਂ ਦੱਖਣ ਦੀਆਂ ਫ਼ਿਲਮਾਂ ਵਿਚ ਵੀ ਵਾਮਿਕਾ ਨੂੰ ਦਰਸ਼ਕਾਂ ਦਾ ਭਰਪੂਰ ਪਿਆਰ ਮਿਲਿਆ ਹੈ। ਹੁਣ ਵਾਮਿਕਾ ਗੱਬੀ ਬਹੁਤ ਛੇਤੀ ਇਕ 1 ਹਾਲੀਵੁੱਡ ਫ਼ਿਲਮ ਵਿਚ ਨਜ਼ਰ ਆਵੇਗੀ। ਇਸ ਤੋਂ ਇਲਾਵਾ ਇਕ ਪੰਜਾਬੀ, ਦੋ ਤਾਮਿਲ, ਇਕ ਮਲਿਆਲਮ ਤੇ ਇਕ ਤੇਲਗੂ ਫ਼ਿਲਮ ਵੀ ਕਰ ਰਹੀ ਹੈ।

ਉਸ ਦੀ ਇਕ ਹਿੰਦੀ ਫ਼ਿਲਮ 'ਦਿਲ ਕਾ ਦਰਵਾਜ਼ਾ ਖੋਲ ਨਾ ਡਾਰਲਿੰਗ' ਦੀ ਸ਼ੂਟਿੰਗ ਚਲ ਰਹੀ ਹੈ। ਇਸ ਤੋਂ ਇਲਾਵਾ ਪ੍ਰਿਆਦਰਸ਼ਨ ਦੀ ਫ਼ਿਲਮ 'ਭੂਤ ਬੰਗਲਾ' ਲਈ ਵੀ ਉਸ ਨੂੰ ਕਾਸਟ ਕੀਤਾ ਜਾ ਚੁੱਕਾ ਹੈ।

-0-

## 'ਨਾਲੇ ਪੁੰਨ ਤੇ ਨਾਲੇ ਫਲੀਆਂ'

ਆਲੀਆ ਭੱਟ ਨੇ "ਨਾਲੇ ਪੁੰਨ 'ਤੇ ਨਾਲੇ ਫਲੀਆਂ" ਦੀ ਕਹਾਵਤ ਸੱਚ ਕਰ ਦਿਖਾਈ ਹੈ। ਉਹ ਰਣਬੀਰ ਕਪੂਰ ਤੇ ਨਿਰਦੇਸ਼ਕ ਅਯਾਨ ਮੁਖਰਜੀ ਨਾਲ ਪ੍ਰਯਾਗਰਾਜ ਕੁੰਭ ਮੇਲਾ ਦੇਖਣ ਪਹੁੰਚ ਗਈ। ਉਸ ਨੇ ਆਸਥਾ ਦੀ ਡੁੱਬਕੀ ਵੀ ਲਾਈ ਤੇ ਨਾਲ ਹੀ ਆਪਣੀ ਫ਼ਿਲਮ 'ਬ੍ਰਹਮਅਸਤਰ ਸ਼ਿਵਾ' ਦਾ ਪ੍ਰਚਾਰ ਵੀ ਕਰ ਲਿਆ। ਆਲੀਆ ਦੀ ਇਸ ਫ਼ਿਲਮ ਦਾ 'ਚਿੰਨ੍ਹ' ਡੇਢ ਸੋ ਡਰੋਨ ਦੀ ਮਦਦ ਨਾਲ ਇਥੇ ਪ੍ਰਯਾਗਰਾਜ 'ਚ ਲੋਕਾਂ ਨੂੰ ਦਿਖਾਇਆ ਗਿਆ। ਅਮਰ ਕੌਸ਼ਿਕ ਅੱਜਕਲ੍ਹ ਫ਼ਿਲਮ 'ਚਾਮੁੰਡਾ' ਕਰ ਰਹੇ ਹਨ ਪਰ ਸ਼ਾਹਰੁਖ ਖ਼ਾਨ ਨੇ ਇਹ ਫਿਲਮ ਕਰਨ ਤੋਂ ਨਾਂਹ ਕਰ ਦਿੱਤੀ ਹੈ ਤੇ ਆਲੀਆ ਭੱਟ ਜਿਹੜੀ ਇਸ ਫ਼ਿਲਮ ਦੀ ਨਾਇਕਾ ਸੀ, ਲਈ ਇਹ ਖ਼ਬਰ ਮਾੜੀ ਹੈ ਕਿਉਂਕਿ ਇਕ ਬਹੁਤ ਵੱਡੀ ਫ਼ਿਲਮ ਸ਼ਾਹਰੁਖ ਦੀ ਨਾਂਹ ਕਾਰਨ ਬੰਦ ਹੋਈ ਹੈ ਤੇ ਇਹ ਨਹੀਂ ਪਤਾ ਲੱਗਾ ਕਿ ਬਾਹਰੁਖ ਨੇ ਆਲੀਆ ਨਾਲ ਇਹ ਫ਼ਿਲਮ ਕਰਨ ਤੋਂ ਕਿਉਂ ਨਾਂਹ ਕੀਤੀ ਹੈ ? ਇਧਰ ਗੱਲ ਦੋਲਤ ਦੀ ਆਈ, ਤਾਂ ਆਲੀਆ ਨੇ ਆਪਣੀ ਧੀ ਰਾਹਾ ਕਪੂਰ ਲਈ ਸ਼ਾਹਰੁਖ ਦੇ ਬੰਗਲੇ ਤੋਂ ਵੀ ਵੱਡਾ ਬੰਗਲਾ



ਬਣਾ ਕੇ ਇਕ ਤਰ੍ਹਾਂ ਨਾਲ ਸ਼ਾਹਰੁਖ ਨੂੰ ਜਵਾਬ ਦਿੱਤਾ ਹੈ ਕਿ ਉਸ ਨਾਲ 'ਚਾਮੁੰਡਾ' ਨਹੀਂ ਕੀਤੀ ਤਾਂ ਕੀ ਹੋਇਆ, ਉਸ ਨੇ ਆਪਣੀ ਬੇਟੀ ਲਈ 250 ਕਰੋੜ ਦਾ ਬੰਗਲਾ ਬਣਾ ਲਿਆ ਹੈ। ਜਲਦੀ ਹੀ ਉਹ ਇਸ ਬੰਗਲੇ 'ਚ ਆ ਰਹੇ ਹਨ। 'ਲਵ ਐਂਡ ਵਾਰ' ਫਿਲਮ ਇਸ ਸਮੇਂ ਆਲੀਆ ਕਰ ਰਹੀ ਹੈ ਤੇ ਇਸ ਫ਼ਿਲਮ ਦੇ ਨਾਂਅ ਦੀ ਤਰ੍ਹਾਂ ਆਲੀਆ ਨੇ ਸ਼ਾਹਰੁਖ ਨੂੰ ਦੱਸ ਦਿੱਤਾ ਹੈ। ਕਿ ਪਿਆਰ ਤੇ ਜੰਗ 'ਚ ਸਭ ਜਾਇਜ਼ ਹੁੰਦਾ ਹੈ। ਆਲੀਆ ਦੀ ਬੇਟੀ ਰਾਹਾ ਲਈ ਬਣੇ ਇਸ ਬੰਗਲੇ ਦਾ ਨਾਂਅ ਰਣਬੀਰ ਦੀ ਦਾਦੀ ਕ੍ਰਿਸ਼ਨਾ ਰਾਜ ਕਪੂਰ ਦੇ ਨਾਂਅ 'ਤੇ ਰੱਖਿਆ ਗਿਆ ਹੈ। ਉਧਰ ਰਾਹਾ ਨੂੰ ਇਸ ਦੁਨੀਆ 'ਤੇ ਲਿਆਉਣ ਵਾਲੇ ਡਾ. ਸੁਨਾਵਾਲਾ ਇਸ ਦੁਨੀਆ 'ਚ ਨਹੀਂ ਰਹੇ ਤੇ ਆਲੀਆ ਭੱਟ ਨੇ ਇਕ ਜਜ਼ਬਾਤੀ ਸ਼ਰਧਾਂਜਲੀ ਉਨ੍ਹਾਂ ਨੂੰ ਦਿੱਤੀ ਹੈ। 'ਬ੍ਰਹਮਅਸਤਰ ਸ਼ਿਵਾ' ਨੂੰ ਕੁੰਭ ਦੇ ਮੇਲੇ 'ਚ ਪ੍ਰਚਾਰ ਕੇ, ਉਥੇ ਸ਼ਾਹੀ ਇਸ਼ਨਾਨ ਕਰਕੇ ਆਲੀਆ ਨੇ ਸ਼ਾਹਰੁਖ ਤੋਂ ਬਦਲਾ ਵੀ ਲਿਆ ਹੈ ਤੇ ਡਾਕਟਰ ਸੁਨਾਵਾਲਾ ਨੂੰ ਸ਼ਰਧਾਂਜਲੀ ਦੇ ਕੇ ਸਿਆਣੀ ਹੋਣ ਦਾ ਪ੍ਰਭਾਵ ਵੀ ਲੋਕਾਂ ਨੂੰ ਦਿੱਤਾ ਹੈ। ਆਲੀਆ ਲਈ ਚੰਗੀ ਖ਼ਬਰ ਇਹ ਵੀ ਹੈ ਕਿ ਉਸ ਦੀ ਮਾਨਸਿਕ ਤੌਰ 'ਤੇ ਬਿਮਾਰ ਭੈਣ ਸ਼ਾਹੀਨ ਭੱਟ ਤੰਦਰੁਸਤ ਹੋ ਗਈ ਹੈ।

# Reliable

*Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**